ਐਤਵਾਰ, 29 ਮਾਰਚ, 2026
16 ਚੇਤ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 74
ਅੰਕ/NO. : 297

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 29 MARCH, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

# ਸ਼ਹਿਬਾਜ਼ ਦੀ ਪੇਜ਼ਸ਼ਕੀਅਨ ਨਾਲ ਲੰਮੀ ਗੱਲਬਾਤ

## ਜੰਗ ਖਤਮ ਕਰਾਉਣ ਲਈ ਪਾਕਿਸਤਾਨ, ਤੁਰਕੀ, ਸਾਊਦੀ ਅਰਬ ਤੇ ਮਿਸਰ ਦੇ ਵਿਦੇਸ਼ ਮੰਤਰੀਆਂ ਦੀ ਇਸਲਾਮਾਬਾਦ 'ਚ ਮੀਟਿੰਗ ਅੱਜ

**ਇਸਲਾਮਾਬਾਦ** : ਮੱਧ ਪੂਰਬ ਵਿੱਚ ਵਧਦੇ ਤਣਾਅ ਦਰਮਿਆਨ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ਸ਼ਕੀਅਨ ਨਾਲ ਤਕਰੀਬਨ ਇੱਕ ਘੰਟਾ ਫੋਨ 'ਤੇ ਗੱਲਬਾਤ ਕੀਤੀ। ਮੀਡੀਆ ਰਿਪੋਰਟਾਂ ਅਨੁਸਾਰ ਇਸ ਲੰਮੀ ਗੱਲਬਾਤ ਦੌਰਾਨ ਦੋਵਾਂ ਆਗੂਆਂ ਨੇ ਖੇਤਰ ਵਿੱਚ ਸ਼ਾਂਤੀ ਬਹਾਲ ਕਰਨ ਦੇ ਤਰੀਕਿਆਂ ਅਤੇ ਮੌਜੂਦਾ ਹਾਲਾਤ 'ਤੇ ਚਰਚਾ ਕੀਤੀ। ਸ਼ਹਿਬਾਜ਼ ਸ਼ਰੀਫ਼ ਨੇ ਇਜ਼ਰਾਈਲ ਵੱਲੋਂ ਈਰਾਨ 'ਤੇ ਕੀਤੇ ਗਏ ਹਮਲਿਆਂ ਦੀ ਸਖਤ ਨਿਖੇਧੀ ਕੀਤੀ ਅਤੇ ਤਹਿਰਾਨ ਨਾਲ ਆਪਣੀ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੰਜ ਅਜਿਹੇ ਉਦੇਸ਼ ਦੱਸੇ ਹਨ, ਜੋ ਅਮਰੀਕਾ ਈਰਾਨ ਨਾਲ ਆਪਣੀ ਜੰਗ ਖਤਮ ਕਰਨ ਤੋਂ ਪਹਿਲਾਂ ਹਾਸਲ ਕਰਨਾ ਚਾਹੁੰਦਾ ਹੈ। ਹੁਣ ਸੰਘਰਸ਼ ਦੇ ਲਗਭਗ ਇੱਕ ਮਹੀਨੇ ਬਾਅਦ ਉਨ੍ਹਾ ਸੰਕੇਤ ਦਿੱਤਾ ਹੈ ਕਿ ਅਮਰੀਕਾ ਜਲਦੀ ਹੀ ਇਸ ਕਾਰਵਾਈ ਨੂੰ ਸਮਾਪਤ ਕਰ ਸਕਦਾ ਹੈ, ਭਾਵੇਂ ਕਿ ਉਨ੍ਹਾ ਦੇ ਕੁਝ ਮੁੱਖ ਉਦੇਸ਼ ਅਧੂਰੇ ਹਨ। ਇਸੇ ਦੌਰਾਨ ਅਮਰੀਕਾ ਤੇ ਈਰਾਨ ਵਿਚਾਲੇ ਮੀਟਿੰਗ ਕਰਾਉਣ ਦੀ ਸਬੀਲ ਘੜਨ ਲਈ ਪਾਕਿਸਤਾਨ, ਸਾਊਦੀ ਅਰਬ, ਤੁਰਕੀ ਤੇ ਮਿਸਰ ਦੇ ਵਿਦੇਸ਼ ਮੰਤਰੀ ਐਤਵਾਰ ਇੱਥੇ ਮੀਟਿੰਗ ਕਰਨਗੇ। ਪਾਕਿਸਤਾਨੀ ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਉਹ ਦੋ ਦਿਨ ਵਿਚਾਰ-ਵਟਾਂਦਰਾ ਕਰਨਗੇ। ਤੁਰਕੀ ਦੇ ਵਿਦੇਸ਼ ਮੰਤਰੀ ਹਕਾਨ ਫਿਦਾਨ ਨੇ ਕਿਹਾ ਕਿ ਉਹ ਟਕਰਾਅ ਖਤਮ ਕਰਾਉਣ ਦੇ ਤਰੀਕਾਕਾਰ 'ਤੇ ਵਿਚਾਰਾਂ ਕਰਨਗੇ।

## ਈਰਾਨ ਦੀ ਹਮਾਇਤ 'ਚ ਹੂਤੀਆਂ ਦੀ ਜੰਗ 'ਚ ਐਂਟਰੀ

**ਦੁਬਈ** : ਮੱਧ ਪੂਰਬ ਵਿੱਚ ਜਾਰੀ ਜੰਗ ਨੇ ਖਤਰਨਾਕ ਮੋੜ ਲੈ ਲਿਆ, ਜਦੋਂ ਯਮਨ ਦੇ ਹੂਤੀ ਵਿਦਰੋਹੀਆਂ ਨੇ ਪਹਿਲੀ ਵਾਰ ਇਜ਼ਰਾਈਲ ਵੱਲ ਮਿਜ਼ਾਈਲ ਦਾਗੀ।

ਇਸ ਹਮਲੇ ਤੋਂ ਬਾਅਦ ਇਜ਼ਰਾਈਲ ਦੇ ਮੁੱਖ ਪ੍ਰਮਾਣੂ ਖੋਜ ਕੇਂਦਰ ਦੇ ਨੇੜਲੇ ਇਲਾਕਿਆਂ ਅਤੇ ਬੀਰ ਸ਼ੇਬਾ ਵਿੱਚ ਸਾਰੀ ਰਾਤ ਖਤਰੇ ਦੇ ਸਾਇਰਨ ਗੂੰਜਦੇ ਰਹੇ।

ਦੂਜੇ ਪਾਸੇ, ਈਰਾਨ ਨੇ ਸਾਊਦੀ ਅਰਬ ਵਿੱਚ ਸਥਿਤ 'ਪ੍ਰਿੰਸ ਸੁਲਤਾਨ ਏਅਰ ਬੇਸ' ਨੂੰ ਨਿਸ਼ਾਨਾ ਬਣਾਇਆ ਹੈ, ਜਿਸ ਵਿੱਚ 10 ਅਮਰੀਕੀ ਸੈਨਿਕ ਜ਼ਖ਼ਮੀ ਹੋ ਗਏ ਹਨ।

# 109 ਨਵੇਂ ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਤ

## 400 ਹੋਰ ਖੋਲ੍ਹੇ ਜਾਣਗੇ : ਕੇਜਰੀਵਾਲ, ਸੁਖਬੀਰ ਨੂੰ ਤਾਂ ਬਾਦਲ ਨੇ ਵੀ ਮੁੱਖ ਮੰਤਰੀ ਨਹੀਂ ਬਣਾਇਆ ਸੀ : ਮਾਨ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਪੰਜਾਬ ਵਿੱਚ ਆਪਣੇ ਪ੍ਰਮੁੱਖ ਸਿਹਤ ਸੰਭਾਲ ਮਾਡਲ ਨੂੰ ਵੱਡਾ ਹੁਲਾਰਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਸਨਿੱਚਰਵਾਰ 109 ਨਵੇਂ ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਤ ਕੀਤੇ, ਜਿਸ ਨਾਲ ਰਾਜ ਵਿੱਚ ਅਜਿਹੇ ਕਲੀਨਿਕਾਂ ਦੀ ਕੁੱਲ ਗਿਣਤੀ ਚਾਰ ਸਾਲਾਂ ਦੇ ਅੰਦਰ 990 ਹੋ ਗਈ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਅਜਿਹੇ 400 ਹੋਰ ਕਲੀਨਿਕ ਵੀ ਖੋਲ੍ਹੇ ਜਾਣਗੇ। ਸਰਕਾਰ ਦੇ ਸਿਹਤ ਮਾਡਲ ਨੂੰ ਜਨਤਕ ਸਿਹਤ ਸੰਭਾਲ ਢਾਂਚੇ ਦੇ ਵੱਡੇ ਪੱਧਰ 'ਤੇ ਵਿਸਥਾਰ ਵਜੋਂ ਪੇਸ਼ ਕਰਦੇ ਕਰਦਿਆਂ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ ਕਲੀਨਿਕ 107 ਦਵਾਈਆਂ ਅਤੇ 47 ਡਾਇਗਨੋਸਟਿਕ ਟੈਸਟ ਪੂਰੀ ਤਰ੍ਹਾਂ ਮੁਫ਼ਤ ਪ੍ਰਦਾਨ ਕਰ ਰਹੇ ਹਨ। ਇਸ ਸਿਹਤ ਨੈੱਟਵਰਕ ਤਹਿਤ ਹੁਣ ਤੱਕ ਤਕਰੀਬਨ 5 ਕਰੋੜ ਓ ਪੀ ਡੀ ਵਿਜ਼ਿਟ ਦਰਜ ਕੀਤੀਆਂ ਗਈਆਂ ਹਨ।ਉਹਨਾ ਕਿਹਾ ਕਿ ਸਰਕਾਰ 65 ਲੱਖ ਪਰਵਾਰਾਂ ਨੂੰ ਸਿਹਤ ਕਾਰਡ ਜਾਰੀ ਕਰ ਰਹੀ ਹੈ, ਜਿਨ੍ਹਾਂ ਵਿੱਚੋਂ 30 ਲੱਖ ਕਾਰਡ ਪਹਿਲਾਂ ਹੀ ਬਣ ਚੁੱਕੇ ਹਨ ਅਤੇ 1.65 ਲੱਖ ਲੋਕਾਂ ਨੇ ਇਸ ਨਾਲ ਇਲਾਜ ਦਾ ਲਾਭ ਉਠਾਇਆ ਲਿਆ ਹੈ। ਆਪਣੇ ਵਿਰੁੱਧ ਦੋਸ਼ਾਂ ਅਤੇ ਕਾਨੂੰਨੀ ਕਾਰਵਾਈਆਂ ਦਾ ਹਵਾਲਾ ਦਿੰਦੇ ਦਿੰਦਿਆਂ ਉਨ੍ਹਾ ਕਿਹਾ ਕਿ ਸਾਡੀ ਪਾਰਟੀ ਦੀ 'ਕੰਮ ਦੀ ਰਾਜਨੀਤੀ' ਨੂੰ ਰੋਕਣ ਲਈ ਮੈਨੂੰ ਅਤੇ ਮੇਰੀ ਪਾਰਟੀ ਦੇ ਹੋਰ ਆਗੂਆਂ ਨੂੰ ਝੂਠੇ ਮਾਮਲਿਆਂ ਵਿੱਚ ਜੇਲ੍ਹ ਭੇਜਿਆ ਗਿਆ। ਉਨ੍ਹਾ ਕਿਹਾ ਕਿ ਅਦਾਲਤ ਨੂੰ ਉਨ੍ਹਾ ਵਿਰੁੱਧ ਕੋਈ ਸਬੂਤ ਨਹੀਂ ਮਿਲਿਆ ਅਤੇ ਅਦਾਲਤ ਦੇ ਫ਼ੈਸਲੇ ਨੇ ਉਨ੍ਹਾ ਦੀ ਕੱਟੜ ਇਮਾਨਦਾਰੀ ਨੂੰ ਕਾਇਮ ਰੱਖਿਆ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਦਿੱਲੀ ਨਾਲ ਤੁਲਨਾ ਕਰਦਿਆਂ ਪੰਜਾਬ ਦੇ ਵੋਟਰਾਂ ਨੂੰ ਭਾਜਪਾ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਸਾਵਧਾਨ ਕਰਦਿਆਂ ਕਿਹਾ ਕਿ ਜੇ ਭਾਜਪਾ ਦੀ ਸਰਕਾਰ ਆਉਂਦੀ ਹੈ ਤਾਂ ਉਹ ਦਿੱਲੀ ਵਾਂਗ ਮੁਫਤ ਬਿਜਲੀ, ਸਿਹਤ ਸੰਭਾਲ ਅਤੇ ਹੋਰ ਜਨਤਕ ਸੇਵਾਵਾਂ ਵਰਗੇ ਭਲਾਈ ਉਪਾਵਾਂ ਨੂੰ ਵਾਪਸ ਲੈ ਲਵੇਗੀ।



ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦੇ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਕਾਂਗਰਸ, ਭਾਜਪਾ ਤੇ ਅਕਾਲੀ ਦਲ ਨੇ ਰਾਜ ਕੀਤਾ, ਪਰ ਉਨ੍ਹਾਂ ਵੱਲੋਂ ਅਜਿਹਾ ਇੱਕ ਵੀ ਕਲੀਨਿਕ ਨਹੀਂ ਖੋਲ੍ਹਿਆ ਗਿਆ, ਜਿੱਥੇ ਲੋਕਾਂ ਨੂੰ ਅਜਿਹੀਆਂ ਸਹੂਲਤਾਂ ਅਤੇ ਗੁਣਵੱਤਾ ਵਾਲਾ ਇਲਾਜ ਮਿਲ ਸਕੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ—ਇਸ ਸਟੇਜ ਤੋਂ ਅਸੀਂ ਸਿੱਖਿਆ, ਸਿਹਤ, ਬਿਜਲੀ, ਖੇਤੀਬਾੜੀ ਅਤੇ ਹੋਰ ਖੇਤਰਾਂ ਬਾਰੇ ਗੱਲ ਕਰ ਰਹੇ ਹਾਂ, ਜਦੋਂ ਕਿ ਦੂਜੀਆਂ ਪਾਰਟੀਆਂ ਦੀਆਂ ਸਟੇਜਾਂ 'ਤੇ ਸਿਰਫ਼ ਸੱਤਾ ਹਥਿਆਉਣ ਦੇ ਦਾਅਵੇ ਕੀਤੇ ਜਾ ਰਹੇ ਹਨ। ਇਹ ਮੌਕਾਪ੍ਰਸਤ ਆਗੂ ਹੈਰਾਨ ਹ ਨ ,

• ਬਾਕੀ ਸਫ਼ਾ 2 'ਤੇ

## ਡਾਕੂ ਬਣ ਕੇ ਸਿਲੰਡਰ ਲੁੱਟਿਆ



**ਬਠਿੰਡਾ** : ਅਜੀਬੋ-ਗਰੀਬ ਪ੍ਰਦਰਸ਼ਨ ਕਰਨ ਲਈ ਮਸ਼ਹੂਰ ਸਾਬਕਾ ਕੌਂਸਲਰ ਵਿਜੇ ਕੁਮਾਰ ਸਨਿੱਚਰਵਾਰ ਡਾਕੂ ਦੇ ਭੇਸ ਵਿੱਚ ਗੈਸ ਸਿਲੰਡਰ ਲੁੱਟਣ ਲਈ ਘੁੰਮਦਾ ਰਿਹਾ। ਇਸ ਦੌਰਾਨ ਸਾਈਕਲ 'ਤੇ ਗੈਸ ਸਿਲੰਡਰ ਲੈ ਕੇ ਜਾ ਰਿਹਾ ਬੰਦਾ ਦਿੱਸ ਪਿਆ ਤੇ ਉਸ ਨੇ ਸ਼ਰੇਆਮ ਉਸ ਦਾ ਸਿਲੰਡਰ ਲੁੱਟ ਲਿਆ। ਵਿਜੇ ਨੇ ਕਿਹਾ ਕਿ ਉਹ ਵਾਰ-ਵਾਰ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਸਿਲੰਡਰ ਹਾਸਲ ਕਰਨ ਵਿੱਚ ਅਸਮਰੱਥ ਰਿਹਾ ਹੈ। ਉਸ ਦੀ ਪਤਨੀ ਚੁੱਲ੍ਹੇ 'ਤੇ ਰੋਟੀਆਂ ਪਕਾਉਣ ਲਈ ਮਜਬੂਰ ਹੈ। ਗੈਸ ਏਜੰਸੀ 'ਤੇ ਅਜੇ ਤੱਕ ਉਸ ਦੇ ਸਿਲੰਡਰ ਦੀ ਵਾਰੀ ਨਹੀਂ ਆਈ। ਇਸ ਲਈ ਉਸ ਨੇ ਸਿਲੰਡਰ ਲੁੱਟ ਲਿਆ।

## ਇੰਜਣ 'ਚ ਨੁਕਸ ਕਾਰਨ ਐਮਰਜੈਂਸੀ ਐਲਾਨੀ

**ਨਵੀਂ ਦਿੱਲੀ** : ਵਿਸ਼ਾਖਾਪਟਨਮ ਤੋਂ ਕੌਮੀ ਰਾਜਧਾਨੀ ਲਈ ਉਡਾਣ ਭਰ ਰਹੇ ਇੰਡੀਗੋ ਦੇ ਇੱਕ ਜਹਾਜ਼ ਦਾ ਇੰਜਣ ਹਵਾ ਵਿੱਚ ਫੇਲ੍ਹ ਹੋਣ ਦੀ ਰਿਪੋਰਟ ਤੋਂ ਬਾਅਦ ਸਨਿੱਚਰਵਾਰ ਸਵੇਰੇ ਦਿੱਲੀ ਹਵਾਈ ਅੱਡੇ 'ਤੇ ਪੂਰੀ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਗਿਆ ਜਹਾਜ਼, ਜਿਸ ਵਿੱਚ 161 ਵਿਅਕਤੀ ਸਵਾਰ ਸਨ, ਦੇ ਇੱਕ ਇੰਜਣ ਵਿੱਚ ਉਡਾਣ ਦੌਰਾਨ ਸਮੱਸਿਆ ਆ ਗਈ। ਸਵੇਰੇ 10:39 ਵਜੇ ਐਮਰਜੈਂਸੀ ਦਾ ਐਲਾਨ ਕੀਤਾ ਗਿਆ, ਜਦੋਂ ਜਹਾਜ਼ ਦਿੱਲੀ ਦੇ ਨੇੜੇ ਪਹੁੰਚ ਰਿਹਾ ਸੀ। ਜਹਾਜ਼ ਸਵੇਰੇ 10:54 ਵਜੇ ਸੁਰੱਖਿਅਤ ਉੱਤਰ ਗਿਆ।

## ਗੰਨਾ ਕਿਸਾਨਾਂ ਨੇ ਬਚਾਇਆ : ਮੋਦੀ

**ਗੌਤਮ ਬੁੱਧ ਨਗਰ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਨਿੱਚਰਵਾਰ ਨੋਟ ਕੀਤਾ ਕਿ ਪੈਟਰੋਲ ਵਿੱਚ ਇਥਾਨੋਲ ਦੀ ਮਿਲਾਵਟ (ਬਲੈਂਡਿੰਗ) ਨੇ ਭਾਰਤ ਨੂੰ ਕੱਚੇ ਤੇਲ ਦੀ ਦਰਾਮਦ 'ਤੇ ਆਪਣੀ ਨਿਰਭਰਤਾ ਘਟਾਉਣ ਵਿੱਚ ਮਦਦ ਕੀਤੀ ਹੈ। ਜੇ ਪੈਟਰੋਲ ਦੇ ਨਾਲ ਇਹ ਮਿਲਾਵਟ ਨਾ ਹੁੰਦੀ, ਤਾਂ ਸਾਨੂੰ ਵਿਦੇਸ਼ਾਂ ਤੋਂ 4.5 ਕਰੋੜ ਬੈਰਲ ਯਾਨੀ 700 ਕਰੋੜ ਲੀਟਰ ਦਰਾਮਦ ਕਰਨਾ ਪੈਣਾ ਸੀ।
ਜੇਵਰ ਵਿੱਚ ਨੋਇਡਾ ਇੰਟਰਨੈਸ਼ਨਲ ਏਅਰਪੋਰਟ ਦੇ ਪਹਿਲੇ ਪੜਾਅ ਦੇ ਉਦਘਾਟਨੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਪੈਟਰੋਲ ਵਿੱਚ 20 ਫੀਸਦੀ ਇਥਾਨੋਲ ਬਲੈਂਡਿੰਗ ਵਿੱਚ ਸਹਾਇਤਾ ਕਰਨ ਲਈ ਗੰਨਾ ਕਿਸਾਨਾਂ ਦਾ ਧੰਨਵਾਦ ਕੀਤਾ।

## ਸ਼ਬੀਰ ਸ਼ਾਹ ਦੀ ਮਨੀ ਲਾਂਡਰਿੰਗ ਕੇਸ 'ਚ ਵੀ ਜ਼ਮਾਨਤ

**ਨਵੀਂ ਦਿੱਲੀ** : ਕਸ਼ਮੀਰੀ ਆਗੂ ਸ਼ਬੀਰ ਸ਼ਾਹ ਨੂੰ ਦਿੱਲੀ ਦੀ ਪਟਿਆਲਾ ਹਾਊਸ ਕੋਰਟ ਨੇ ਸ਼ਨਿੱਚਰਵਾਰ ਮਨੀ ਲਾਂਡਰਿੰਗ ਕੇਸ ਵਿੱਚ ਜ਼ਮਾਨਤ ਦੇ ਦਿੱਤੀ। ਵਿਸ਼ੇਸ਼ ਜੱਜ (ਐੱਨ ਆਈ ਏ) ਪ੍ਰਸ਼ਾਂਤ ਸ਼ਰਮਾ ਨੇ ਦਹਿਸ਼ਤੀ ਕਾਰਵਾਈਆਂ ਲਈ ਫੰਡਿੰਗ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਵਿੱਚ ਸ਼ਬੀਰ ਸ਼ਾਹ ਨੂੰ ਜ਼ਮਾਨਤ ਦਿੱਤੀ। ਉਸਨੂੰ ਇਸ ਤੋਂ ਪਹਿਲਾਂ ਸੁਪਰੀਮ ਕੋਰਟ ਵੱਲੋਂ ਅੱਤਵਾਦੀ ਫੰਡਿੰਗ ਕੇਸ ਵਿੱਚ ਜ਼ਮਾਨਤ ਦਿੱਤੀ ਗਈ ਸੀ। ਸ਼ਬੀਰ ਸ਼ਾਹ ਨੂੰ 2019 ਵਿੱਚ ਐੱਨ ਆਈ ਏ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਤੋਂ ਬਾਅਦ ਈ ਡੀ ਨੇ ਵੀ ਮਨੀ ਲਾਂਡਰਿੰਗ ਦਾ ਮਾਮਲਾ ਦਰਜ ਕੀਤਾ ਸੀ। ਵਕੀਲ ਐੱਮ ਐੱਸ ਖਾਨ ਨੇ ਸ਼ਬੀਰ ਸ਼ਾਹ ਲਈ ਜ਼ਮਾਨਤ ਪਟੀਸ਼ਨ ਦਾਖਲ ਕਰਦਿਆਂ ਦਲੀਲ ਦਿੱਤੀ ਸੀ ਕਿ ਸੁਪਰੀਮ ਕੋਰਟ ਪਹਿਲਾਂ ਹੀ ਉਸਨੂੰ ਐੱਨ ਆਈ ਏ ਕੇਸ ਵਿੱਚ ਜ਼ਮਾਨਤ ਦੇ ਚੁੱਕੀ ਹੈ ਅਤੇ ਈ ਡੀ ਦਾ ਕੇਸ ਐੱਨ ਆਈ ਏ ਦੇ ਕੇਸ 'ਤੇ ਅਧਾਰਤ ਹੈ ਅਤੇ ਇਸ ਦੇ ਬਾਵਜੂਦ ਉਹ 2019 ਤੋਂ ਹਿਰਾਸਤ ਵਿੱਚ ਹੈ। ਜ਼ਮਾਨਤ ਮਿਲਣ ਮਗਰੋਂ ਖਾਨ ਨੇ ਕਿਹਾ ਕਿ ਸ਼ਬੀਰ ਸ਼ਾਹ ਸੋਮਵਾਰ ਨੂੰ ਆਪਣੇ ਜ਼ਮਾਨਤੀ ਬਾਂਡ ਜਮ੍ਹਾਂ ਕਰਾਉਣ ਤੋਂ ਬਾਅਦ ਤਿਹਾੜ ਜੇਲ੍ਹ ਤੋਂ ਬਾਹਰ ਆ ਸਕਦਾ ਹੈ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਗੈਰ-ਕਾਨੂੰਨੀ ਗਤੀਵਿਧੀਆਂ ਰੋਕੂ ਐਕਟ (ਯੂ ਏ ਪੀ ਏ) ਦੇ ਤਹਿਤ ਦਰਜ ਕੀਤੇ ਗਏ ਕਥਿਤ ਦਹਿਸ਼ਤੀ ਕਾਰਵਾਈਆਂ ਲਈ ਫੰਡਿਗ ਕੇਸ ਵਿੱਚ ਸ਼ਾਹ ਨੂੰ ਜ਼ਮਾਨਤ ਦਿੱਤੀ ਸੀ।

## ਮਾਨ ਵੱਲੋਂ ਕੇਂਦਰ ਤੋਂ ਤੇਲ ਦੀ ਨਿਰਵਿਘਨ ਸਪਲਾਈ ਦੀ ਮੰਗ

**ਚੰਡੀਗੜ੍ਹ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਖਾੜੀ ਦੇਸ਼ਾਂ ਵਿੱਚ ਜੰਗ ਕਰਕੇ ਪੂਰੀ ਦੁਨੀਆ ਵਿੱਚ ਤਣਾਅ ਬਣਿਆ ਹੋਇਆ ਹੈ, ਪਰ ਦੇਸ਼ 'ਚ ਲਾਕਡਾਊਨ ਲੱਗਣ ਦੀ ਕੋਈ ਸੰਭਾਵਨਾ ਨਹੀਂ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਕਿਹਾ ਕਿ ਵੀਰਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਦੇ ਮੁੱਖ ਮੰਤਰੀਆਂ ਨਾਲ ਕੀਤੀ ਮੀਟਿੰਗ ਵਿੱਚ ਵੱਖ-ਵੱਖ ਮੁੱਦਿਆਂ 'ਤੇ ਗੱਲਬਾਤ ਕੀਤੀ ਗਈ। ਉਨ੍ਹਾ ਕਿਹਾ ਕਿ ਪੰਜਾਬ ਵਿੱਚ ਮੌਜੂਦਾ ਸਮੇਂ ਗੈਸ ਸਿਲੰਡਰ ਦਾ ਛੇ ਦਿਨ, ਪੈਟਰੋਲ 12 ਦਿਨ ਅਤੇ ਡੀਜ਼ਲ ਦਾ 14 ਦਿਨ ਦਾ ਸਟਾਕ ਮੌਜੂਦ ਹੈ। ਇਸ ਲਈ ਕਿਸੇ ਨੂੰ ਵੀ ਘਬਰਾਉਣ ਦੀ ਲੋੜ ਨਹੀਂ ਅਤੇ ਨਾ ਹੀ ਕੁਝ ਸਟੋਰ ਕਰਨ ਦੀ ਲੋੜ ਹੈ। ਮੁੱਖ ਮੰਤਰੀ ਨੇ ਭਾਰਤ ਸਰਕਾਰ ਤੋਂ ਪੈਟਰੋਲ, ਡੀਜ਼ਲ ਤੇ ਡੀ ਏ ਪੀ ਦੀ ਵਧੀ ਹੋਈ ਅਤੇ ਨਿਰਵਿਘਨ ਸਪਲਾਈ ਤੁਰੰਤ ਯਕੀਨੀ ਬਣਾਉਣ ਦੀ ਮੰਗ ਕੀਤੀ। ਉਨ੍ਹਾ ਚੇਤਾਵਨੀ ਦਿੱਤੀ ਕਿ ਤੇਲ ਦੀ ਉਪਲੱਬਧਤਾ ਵਿੱਚ ਕਿਸੇ ਵੀ ਤਰ੍ਹਾਂ ਦਾ ਅੜਿੱਕਾ ਕੌਮੀ ਖੁਰਾਕ ਸੁਰੱਖਿਆ ਨੂੰ ਸਿੱਧੇ ਤੌਰ 'ਤੇ ਪ੍ਰਭਾਵਤ ਕਰ ਸਕਦਾ ਹੈ।

ਮਾਨ ਨੇ ਕਿਹਾ—ਕੇਂਦਰ ਸਰਕਾਰ ਨੂੰ ਪਹਿਲ ਦੇ ਆਧਾਰ 'ਤੇ ਡੀ ਏ ਪੀ ਖਾਦ ਦੀ ਨਿਯਮਤ ਸਪਲਾਈ ਯਕੀਨੀ ਬਣਾਉਣੀ ਚਾਹੀਦੀ ਹੈ, ਕਿਉਂਕਿ ਪੰਜਾਬ ਵਿੱਚ ਝੋਨੇ ਦੀ ਲੁਆਈ ਪਹਿਲੀ ਜੂਨ ਤੋਂ ਸ਼ੁਰੂ ਹੋ ਰਹੀ ਹੈ। ਪੇਂਡੂ ਖੇਤਰਾਂ ਵਿੱਚ ਐੱਲ ਪੀ ਜੀ ਰੀਫਿਲ ਲਈ 45 ਦਿਨਾਂ ਦੀ ਉਡੀਕ ਮਿਆਦ ਨੂੰ ਵੀ ਸ਼ਹਿਰੀ ਖੇਤਰਾਂ ਦੇ ਬਰਾਬਰ 25 ਦਿਨ ਤੱਕ ਘਟਾਉਣਾ ਚਾਹੀਦਾ ਹੈ।

ਮਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਵੱਖ-ਵੱਖ ਦੇਸ਼ਾਂ ਨਾਲ ਚੰਗੀ ਦੋਸਤੀ ਦੇ ਦਾਅਵੇ ਕਰਦੇ ਹਨ ਤਾਂ ਉਹ ਅਜਿਹੇ ਸਮੇਂ ਆਪਣੀ ਦੋਸਤੀ ਨੂੰ ਦੇਸ਼ ਦੇ 140 ਕਰੋੜ ਲੋਕਾਂ ਲਈ ਵਰਤਣ ਅਤੇ ਉਨ੍ਹਾਂ ਦੀਆਂ ਦਿੱਕਤਾਂ ਫੌਰੀ ਤੌਰ 'ਤੇ ਦੂਰ ਕਰਨ।

ਮਾਨ ਨੇ ਕਿਹਾ ਕਿ ਭਾਰਤ ਵਿਸ਼ਵ ਗੁਰੂ ਬਣਨ ਦੀਆਂ ਗੱਲਾਂ ਕਰ ਰਿਹਾ ਹੈ, ਪਰ ਅੱਜ ਵਿਸ਼ਵ ਚੇਲਾ ਬਣ ਕੇ ਰਹਿ ਗਿਆ ਹੈ, ਜਿਸ ਨੂੰ ਅਮਰੀਕਾ ਸਥਿਤ ਵ੍ਹਾਈਟ ਹਾਊਸ ਤੋਂ ਇੱਕ ਮਹੀਨੇ ਲਈ ਤੇਲ ਖਰੀਦਣ ਦੀਆਂ ਪ੍ਰਵਾਨਗੀਆਂ ਦਿੱਤੀਆਂ ਜਾ ਰਹੀਆਂ ਹਨ, ਜੋ ਕਿ ਗਲਤ ਹੈ। ਉਨ੍ਹਾ ਮੋਦੀ ਨੂੰ ਅਪੀਲ ਕੀਤੀ ਕਿ ਉਹ ਕੌਮਾਂਤਰੀ ਪੱਧਰ 'ਤੇ ਵੱਖ-ਵੱਖ ਮੁਲਕਾਂ ਦੇ ਆਗੂਆਂ ਨਾਲ ਗੱਲ ਕਰਨ, ਤਾਂ ਜੋ ਵੱਖ-ਵੱਖ ਦੇਸ਼ਾਂ ਵਿੱਚੋਂ ਭਾਰਤ ਆਉਣ ਵਾਲੇ ਸਮਾਨ ਦੀ ਸਪਲਾਈ ਪ੍ਰਭਾਵਤ ਨਾ ਹੋਵੇ।

## ਨੇਪਾਲ ਦਾ ਸਾਬਕਾ ਪ੍ਰਧਾਨ ਮੰਤਰੀ ਓਲੀ ਗ੍ਰਿਫ਼ਤਾਰ



**ਕਠਮੰਡੂ** : ਨੇਪਾਲ ਦੇ 74 ਸਾਲਾ ਸਾਬਕਾ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਨੂੰ ਸਨਿੱਚਰਵਾਰ ਹਿਰਾਸਤ ਵਿੱਚ ਲੈ ਲਿਆ ਗਿਆ। ਪੁਲਸ ਜਾਂਚ ਕਰ ਰਹੀ ਹੈ ਕਿ ਕੀ ਉਹ ਪਿਛਲੇ ਸਤੰਬਰ ਵਿੱਚ 'ਜੈੱਨ ਜ਼ੀ' ਪ੍ਰਦਰਸ਼ਨਾਂ ਦੌਰਾਨ ਦਰਜਨਾਂ ਮੌਤਾਂ ਨੂੰ ਰੋਕਣ ਵਿੱਚ ਅਣਗਹਿਲੀ ਦੇ ਦੋਸ਼ੀ ਸਨ। ਇਹ ਗ੍ਰਿਫ਼ਤਾਰੀ ਰੈਪਰ ਤੋਂ ਸਿਆਸਤਦਾਨ ਬਣੇ ਬਾਲੇਂਦਰ ਸ਼ਾਹ ਵੱਲੋਂ ਸ਼ੁੱਕਰਵਾਰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਇੱਕ ਦਿਨ ਬਾਅਦ ਕੀਤੀ ਗਈ ਹੈ।

## ਮੋਦੀ 'ਚ ਦੋਸਤ ਨੇਤਨਯਾਹੂ ਅੱਗੇ ਬੋਲਣ ਦੀ ਹਿੰਮਤ ਨਹੀਂ : ਕਾਂਗਰਸ

**ਨਵੀਂ ਦਿੱਲੀ** : ਕਾਂਗਰਸ ਨੇ ਸਨਿੱਚਰਵਾਰ ਦਾਅਵਾ ਕੀਤਾ ਕਿ ਇਜ਼ਰਾਈਲ ਪੱਛਮੀ ਏਸ਼ੀਆ ਦੀ ਜੰਗ ਦੀ ਆੜ ਵਿੱਚ ਆਪਣੇ 'ਗ੍ਰੇਟਰ ਇਜ਼ਰਾਈਲ' ਦੇ ਵਿਜ਼ਨ 'ਤੇ ਅੱਗੇ ਵਧ ਰਿਹਾ ਹੈ, ਜਿਸ ਨਾਲ ਫਲਸਤੀਨੀ ਰਾਜ ਦੀ ਕਿਸੇ ਵੀ ਉਮੀਦ ਨੂੰ ਖਤਮ ਕੀਤਾ ਜਾ ਰਿਹਾ ਹੈ। ਪਾਰਟੀ ਨੇ ਪੱਛਮੀ ਕੰਢੇ ਵਿੱਚ ਇਜ਼ਰਾਈਲ ਦੀਆਂ ਕਾਰਵਾਈਆਂ ਵਿਰੁੱਧ ਆਵਾਜ਼ ਨਾ ਉਠਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਖਤ ਨਿੰਦਾ ਕੀਤੀ ਹੈ।

ਕਾਂਗਰਸ ਦੇ ਜਨਰਲ ਸਕੱਤਰ (ਸੰਚਾਰ) ਜੈਰਾਮ ਰਮੇਸ਼ ਨੇ ਐੱਕਸ 'ਤੇ ਲਿਖਿਆ, 'ਪਿਛਲੇ ਚਾਰ ਹਫਤਿਆਂ ਵਿੱਚ, ਜਦੋਂ ਕਿ ਦੁਨੀਆ ਦੀ ਨਜ਼ਰ ਹਾਰਮੁਜ਼ ਜਲਡਮਰੂ ਅਤੇ ਖਾੜੀ ਦੇਸ਼ਾਂ ਦੇ ਊਰਜਾ ਬੁਨਿਆਦੀ ਢਾਂਚੇ 'ਤੇ ਟਿਕੀ ਹੋਈ ਹੈ, ਇਜ਼ਰਾਈਲ ਨੇ ਗਾਜ਼ਾ ਦੇ ਲੋਕਾਂ 'ਤੇ ਆਪਣੀ ਬੇਰਹਿਮੀ ਜਾਰੀ ਰੱਖੀ ਹੋਈ ਹੈ, ਦੱਖਣੀ ਲਿਬਨਾਨ ਵਿੱਚ ਆਪਣੇ ਲਈ ਇੱਕ ਵੱਡਾ ਬਫਰ ਜ਼ੋਨ ਬਣਾਉਣ ਲਈ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ ਹਨ ਅਤੇ ਪੱਛਮੀ ਕੰਢੇ ਦੇ ਆਪਣੇ ਕਬਜ਼ੇ ਨੂੰ ਪੱਕੇ ਕਬਜ਼ੇ ਵਿੱਚ ਬਦਲਣ ਲਈ ਨਿਰਣਾਇਕ ਕਦਮ ਚੁੱਕੇ ਹਨ।'

ਉਨ੍ਹਾ ਕਿਹਾ ਕਿ ਮੌਜੂਦਾ ਪੱਛਮੀ ਏਸ਼ੀਆ ਜੰਗ ਇਜ਼ਰਾਈਲ ਨੂੰ ਗ੍ਰੇਟਰ ਇਜ਼ਰਾਈਲ ਦੇ ਆਪਣੇ ਵਿਜ਼ਨ 'ਤੇ ਅੱਗੇ ਵਧਣ ਲਈ ਓਹਲਾ ਪ੍ਰਦਾਨ ਕਰ ਰਹੀ ਹੈ ਅਤੇ ਫਲਸਤੀਨੀ ਰਾਜ ਦੀ ਕਿਸੇ ਵੀ ਉਮੀਦ ਨੂੰ

• ਬਾਕੀ ਸਫ਼ਾ 2 'ਤੇ

## ਲਾਲ ਸਿੰਘ ਦਾ ਦੇਹਾਂਤ



**ਚੰਡੀਗੜ੍ਹ** : ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਲਾਲ ਸਿੰਘ ਦਾ ਸਨਿੱਚਰਵਾਰ ਸਵੇਰੇ ਚੰਡੀਗੜ੍ਹ ਦੇ ਮੈਕਸ ਹਸਪਤਾਲ ਵਿੱਚ ਦੇਹਾਂਤ ਹੋ ਗਿਆ। ਉਹ ਕਾਫੀ ਸਮੇਂ ਤੋਂ ਬਿਮਾਰ ਸਨ। ਉਨ੍ਹਾ ਆਪਣਾ ਸਿਆਸੀ ਸਫਰ 1980 ਦੇ ਦਹਾਕੇ ਵਿੱਚ ਕਾਂਗਰਸ ਨਾਲ ਸ਼ੁਰੂ ਕੀਤਾ ਸੀ। ਸੰਗਠਨ ਦੇ ਪੱਧਰ 'ਤੇ ਸਰਗਰਮ ਰਹਿੰਦਿਆਂ ਉਨ੍ਹਾ ਪਟਿਆਲਾ ਖੇਤਰ ਵਿੱਚ ਮਜ਼ਬੂਤ ਪਕੜ ਬਣਾਈ ਅਤੇ ਹੌਲੀ-ਹੌਲੀ ਇੱਕ ਪ੍ਰਭਾਵਸ਼ਾਲੀ ਆਗੂ ਵਜੋਂ ਉਭਰੇ। ਉਹ 1992 ਵਿੱਚ ਪਹਿਲੀ ਵਾਰ ਪਟਿਆਲਾ ਦਿਹਾਤੀ ਤੋਂ ਵਿਧਾਇਕ ਚੁਣੇ ਗਏ। ਇਸ ਤੋਂ ਬਾਅਦ 2002, 2007 ਤੇ 2012 ਵਿੱਚ ਵੀ ਜਿੱਤ ਦਰਜ ਕੀਤੀ। ਉਨ੍ਹਾ ਕੈਬਨਿਟ ਮੰਤਰੀ ਵਜੋਂ ਖੁਰਾਕ ਅਤੇ ਸਪਲਾਈ ਸਮੇਤ ਕਈ ਅਹਿਮ ਵਿਭਾਗਾਂ ਦੀ ਜ਼ਿੰਮੇਵਾਰੀ ਨਿਭਾਈ।

## ਏ ਆਈ ਨਾਲ ਤਿਆਰ ਜਾਲ੍ਹੀ ਫੈਸਲੇ ਦੁਨੀਆ-ਭਰ ਲਈ ਖਤਰਾ

**ਨਵੀਂ ਦਿੱਲੀ** : ਏ ਆਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਨਾਲ ਤਿਆਰ ਕੀਤੇ ਗਏ ਜਾਲ੍ਹੀ ਫੈਸਲਿਆਂ ਕਾਰਨ ਅਦਾਲਤਾਂ ਲਈ ਖੜ੍ਹੀਆਂ ਹੋ ਰਹੀ ਸਮੱਸਿਆਵਾਂ ਉੱਤੇ ਚਿੰਤਾ ਪ੍ਰਗਟ ਕਰਦਿਆਂ ਸੁਪਰੀਮ ਕੋਰਟ ਨੇ ਮੁਕੱਦਮਾ ਲੜਨ ਵਾਲਿਆਂ ਨੂੰ ਇਸ ਪ੍ਰਤੀ ਸਾਵਧਾਨ ਰਹਿਣ ਲਈ ਕਿਹਾ ਹੈ। ਜਸਟਿਸ ਰਾਜੇਸ਼ ਬਿੰਦਲ ਅਤੇ ਜਸਟਿਸ ਵਿਜੇ ਬਿਸ਼ਨੋਈ ਦੀ ਬੈਂਚ ਨੇ ਕਿਹਾ, 'ਸੱਚਾਈ ਇਹ ਹੈ ਕਿ ਇਹ ਖਤਰਾ (ਏ ਆਈ ਵੱਲੋਂ ਤਿਆਰ ਕੀਤੇ ਗਏ ਜਾਲ੍ਹੀ ਫੈਸਲਿਆਂ ਦਾ) ਹੁਣ ਸਾਰੀਆਂ ਅਦਾਲਤਾਂ ਵਿੱਚ ਫੈਲ ਗਿਆ ਹੈ, ਨਾ ਕੇਵਲ ਭਾਰਤ ਵਿੱਚ, ਸਗੋਂ ਦੁਨੀਆ-ਭਰ ਵਿੱਚ। ਸਾਰਿਆਂ ਨੂੰ ਇਸ ਬਾਰੇ ਸਾਵਧਾਨ ਰਹਿਣ ਦੀ ਲੋੜ ਹੈ।'

ਬੈਂਚ 'ਹਾਰਟ ਐਂਡ ਸੋਲ ਐਂਟਰਟੇਨਮੈਂਟ ਲਿਮਟਿਡ' ਦੇ ਡਾਇਰੈਕਟਰ ਵੱਲੋਂ ਦਾਖਲ ਇੱਕ ਵਿਸ਼ੇਸ਼ ਲੀਵ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ, ਜਿਸ ਵਿੱਚ ਬੰਬੇ ਹਾਈ ਕੋਰਟ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਨੂੰ ਹਟਾਉਣ ਦੀ ਮੰਗ ਕੀਤੀ ਗਈ ਸੀ। ਇਹ ਟਿੱਪਣੀਆਂ ਉਸ ਸਮੇਂ ਕੀਤੀਆਂ ਗਈਆਂ ਸਨ, ਜਦੋਂ ਪਟੀਸ਼ਨਰ ਨੇ ਮਹਾਰਾਸ਼ਟਰ ਰੈਂਟ ਕੰਟਰੋਲ ਐਕਟ ਦੇ ਇੱਕ ਕੇਸ ਵਿੱਚ ਏ ਆਈ ਦੀ ਵਰਤੋਂ ਕਰਕੇ ਤਿਆਰ ਕੀਤੇ ਗਏ ਇੱਕ ਅਜਿਹੇ ਫੈਸਲੇ ਦਾ ਹਵਾਲਾ ਦਿੱਤਾ ਸੀ, ਜੋ ਅਸਲ ਵਿੱਚ ਮੌਜੂਦ ਹੀ ਨਹੀਂ ਸੀ।

ਬੰਬੇ ਹਾਈ ਕੋਰਟ ਨੇ 7 ਜਨਵਰੀ ਨੂੰ ਕਿਹਾ ਸੀ ਕਿ ਪਟੀਸ਼ਨਰ ਦੀਆਂ ਦਲੀਲਾਂ ਚੈਟ ਜੀ ਪੀ ਟੀ ਦੀ ਵਰਤੋਂ ਕਰਕੇ ਤਿਆਰ ਕੀਤੀਆਂ ਗਈਆਂ ਸਨ, ਜਿਸ ਵਿੱਚ ਇੱਕ ਅਜਿਹਾ ਫੈਸਲਾ ਵੀ ਸ਼ਾਮਲ ਸੀ, ਜੋ ਮੌਜੂਦ ਹੀ ਨਹੀਂ ਸੀ ਅਤੇ ਹਾਈ ਕੋਰਟ ਤੇ ਉਸ ਦੇ ਕਲਰਕ ਉਸ ਕੇਸ ਦੇ ਫੈਸਲੇ ਨੂੰ ਕਾਫੀ ਮੁਸ਼ੱਕਤ ਦੇ ਬਾਵਜੂਦ ਲੱਭਣ ਵਿੱਚ ਅਸਮਰਥ ਰਹੇ। ਹਾਈ ਕੋਰਟ ਨੇ ਪਟੀਸ਼ਨਰ 'ਤੇ 50,000 ਰੁਪਏ ਦਾ ਜੁਰਮਾਨਾ ਲਗਾਇਆ ਸੀ ਅਤੇ ਉਸ ਨੂੰ ਇਹ ਰਕਮ 'ਬੰਬੇ ਹਾਈ ਕੋਰਟ ਇੰਪਲਾਈਜ਼ ਮੈਡੀਕਲ ਫੰਡ' ਵਿੱਚ ਜਮ੍ਹਾਂ ਕਰਾਉਣ ਦੇ ਨਿਰਦੇਸ਼ ਦਿੱਤੇ ਸਨ।

ਹਾਈ ਕੋਰਟ ਨੇ ਸਖਤ ਸ਼ਬਦਾਂ ਵਿੱਚ ਕਿਹਾ ਸੀ ਕਿ ਅਦਾਲਤ ਵਿੱਚ ਫਾਲਤੂ ਦਸਤਾਵੇਜ਼ਾਂ ਦਾ ਢੇਰ ਲਗਾਉਣਾ ਅਤੇ ਗੈਰ-ਮੌਜੂਦ ਸਮੱਗਰੀ ਪੇਸ਼ ਕਰਨਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅਜਿਹੀਆਂ ਗਲਤ ਜਾਣਕਾਰੀਆਂ ਦੇਣਾ ਇਨਸਾਫ ਕਰਨ ਵਿੱਚ ਮਦਦ ਨਹੀਂ ਕਰਦਾ, ਸਗੋਂ ਕੇਸ ਨੂੰ ਫਾਲਤੂ ਵਿੱਚ ਲਟਕਾਉਣ ਅਤੇ ਦੇਰੀ ਕਰਨ ਦਾ ਕੰਮ ਕਰਦਾ ਹੈ। ਅਜਿਹੀਆਂ ਹਰਕਤਾਂ ਕਰਨ ਵਾਲਿਆਂ ਨੂੰ ਭਾਰੀ ਜੁਰਮਾਨਾ ਭਰਨਾ ਪਵੇਗਾ ਅਤੇ ਜੇ ਕੋਈ ਵਕੀਲ ਇਸ ਵਿੱਚ ਸ਼ਾਮਲ ਪਾਇਆ ਗਿਆ, ਤਾਂ ਉਸ ਵਿਰੁੱਧ ਬਾਰ ਕੌਂਸਲ ਰਾਹੀਂ ਸਖਤ ਕਾਰਵਾਈ ਕੀਤੀ ਜਾ ਸਕਦੀ ਹੈ।

ਵੀਡੀਓ ਕਾਨਫਰੰਸ ਰਾਹੀਂ ਸੁਪਰੀਮ ਕੋਰਟ ਵਿੱਚ ਪੇਸ਼ ਹੋਏ ਕੰਪਨੀ ਦੇ ਡਾਇਰੈਕਟਰ ਨੇ ਕਿਹਾ ਕਿ ਉਹ ਕੇਵਲ ਬੰਬੇ ਹਾਈ ਕੋਰਟ ਦੇ ਫੈਸਲੇ ਦੇ ਪੈਰਾ ਨੰਬਰ 22 ਵਿੱਚ ਦਿੱਤੀਆਂ ਗਈਆਂ ਟਿੱਪਣੀਆਂ ਨੂੰ ਹਟਾਉਣਾ ਚਾਹੁੰਦੇ ਹਨ। ਇਹ ਟਿੱਪਣੀਆਂ ਉਸ ਗੈਰ-ਮੌਜੂਦ ਫੈਸਲੇ ਦੇ ਹਵਾਲੇ ਨਾਲ ਜੁੜੀਆਂ ਸਨ, ਜੋ ਕੇਸ ਦੌਰਾਨ ਪੇਸ਼ ਕੀਤਾ ਗਿਆ ਸੀ। ਉਸ ਵੱਲੋਂ ਦਿੱਤੀਆਂ ਗਈਆਂ ਸਫਾਈਆਂ ਉੱਤੇ ਜ਼ਿਆਦਾ ਧਿਆਨ ਨਾ ਦਿੰਦਿਆਂ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਆਦੇਸ਼ ਦੇ ਪੈਰ੍ਹੇ ਵਿੱਚ ਕੀਤੀਆਂ ਟਿੱਪਣੀਆਂ ਨੂੰ ਹਟਾ ਦਿੱਤਾ ਅਤੇ ਕਿਹਾ ਕਿ ਇਹ ((ਏ ਆਈ ਵੱਲੋਂ ਤਿਆਰ ਕੀਤੇ ਗਏ ਫੈਸਲੇ) ਭਾਰਤ ਦੀ ਹੀ ਨਹੀਂ, ਬਲਕਿ ਆਲਮੀ ਸਮੱਸਿਆ ਹੈ ਅਤੇ ਹਰ ਕਿਸੇ ਨੂੰ ਇਸ ਬਾਰੇ ਸਾਵਧਾਨ ਰਹਿਣ ਦੀ ਲੋੜ ਹੈ।

ਆਂਧਰਾ ਪ੍ਰਦੇਸ਼ ਦੀ ਇੱਕ ਟਰਾਇਲ ਕੋਰਟ ਵਿੱਚ ਵੀ ਏ ਆਈ ਵੱਲੋਂ ਤਿਆਰ ਕੀਤੇ ਗਏ ਨਕਲੀ ਫੈਸਲੇ ਪੇਸ਼ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਸੀ। ਇਸ ਗੰਭੀਰ ਸਮੱਸਿਆ ਨੂੰ ਦੇਖਦੇ ਹੋਏ, ਸੁਪਰੀਮ ਕੋਰਟ ਨੇ 2 ਮਾਰਚ ਨੂੰ ਅਟਾਰਨੀ ਜਨਰਲ ਆਰ ਵੈਂਕਟਰਮਨੀ, ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਅਤੇ ਬਾਰ ਕੌਂਸਲ ਆਫ ਇੰਡੀਆ ਨੂੰ ਇਸ ਸਮੱਸਿਆ ਨਾਲ ਨਜਿੱਠਣ ਦੇ ਤਰੀਕੇ ਲੱਭਣ ਲਈ ਨੋਟਿਸ ਜਾਰੀ ਕੀਤਾ ਸੀ। ਉੱਥੇ ਹੀ 20 ਜਨਵਰੀ ਨੂੰ ਸੁਪਰੀਮ ਕੋਰਟ ਨੇ ਪਤੀ-ਪਤਨੀ ਦੇ ਝਗੜਿਆਂ ਵਿੱਚ ਏ ਆਈ ਰਾਹੀਂ ਤਿਆਰ ਕੀਤੇ ਗਏ ਨਕਲੀ ਸਬੂਤਾਂ ਦੀ ਵਰਤੋਂ 'ਤੇ ਚਿੰਤਾ ਜਤਾਈ ਸੀ। ਅਦਾਲਤ ਨੇ ਕਿਹਾ ਸੀ ਕਿ ਅੱਜਕੱਲ੍ਹ ਜੋੜੇ ਇੱਕ-ਦੂਜੇ ਨੂੰ ਸਬਕ ਸਿਖਾਉਣ ਲਈ ਤਕਨਾਲੋਜੀ ਦੀ ਗਲਤ ਵਰਤੋਂ ਕਰਕੇ ਝੂਠੇ ਇਲਜ਼ਾਮ ਅਤੇ ਨਕਲੀ ਸਬੂਤ ਤਿਆਰ ਕਰ ਰਹੇ ਹਨ। ਦਿੱਲੀ ਦੇ ਇੱਕ ਜੋੜੇ ਦਾ ਤਲਾਕ ਮਨਜ਼ੂਰ ਕਰਦਿਆਂ ਅਦਾਲਤ ਨੇ ਟਿੱਪਣੀ ਕੀਤੀ, 'ਅੱਜ ਦੇ ਸਮੇਂ ਵਿੱਚ ਝੂਠੇ ਇਲਜ਼ਾਮ ਲਗਾਉਣਾ ਆਮ ਹੋ ਗਿਆ ਹੈ। ਏ ਆਈ ਦੇ ਯੁੱਗ ਵਿੱਚ ਸਬੂਤ ਸਿਰਫ ਇਕੱਠੇ ਹੀ ਨਹੀਂ ਕੀਤੇ ਜਾਂਦੇ, ਸਗੋਂ ਆਪਣੀ ਮਰਜ਼ੀ ਮੁਤਾਬਕ ਘੜੇ ਵੀ ਜਾਂਦੇ ਹਨ, ਤਾਂ ਜੋ ਦੂਜੀ ਧਿਰ ਨੂੰ ਨੀਵਾਂ ਦਿਖਾਇਆ ਜਾ ਸਕੇ।'

## ਭਾਰਤ ਸਭ ਤੋਂ ਵੱਧ ਜਣੇਪਾ ਮੌਤਾਂ ਵਾਲੇ ਦੇਸ਼ਾਂ 'ਚ ਸ਼ਾਮਲ

**ਨਵੀਂ ਦਿੱਲੀ** : 'ਦਿ ਲੈਂਸੇਟ ਓਬਸਟੈਟ੍ਰਿਕਸ, ਗਾਇਨੀਕੋਲੋਜੀ ਐਂਡ ਵੂਮੈਨਜ਼ ਹੈਲਥ' ਜਰਨਲ ਵਿੱਚ ਪ੍ਰਕਾਸ਼ਤ ਇੱਕ ਨਵੇਂ ਵਿਸ਼ਵ ਪੱਧਰੀ ਵਿਸ਼ਲੇਸ਼ਣ ਅਨੁਸਾਰ ਭਾਰਤ 2023 ਵਿੱਚ 24,700 ਜਣੇਪਾ ਮੌਤਾਂ ਦੇ ਨਾਲ ਦੱਖਣੀ ਏਸ਼ੀਆ ਅਤੇ ਉਪ-ਸਹਾਰਾ ਅਫਰੀਕਾ ਦੇ ਉਨ੍ਹਾਂ ਦੇਸ਼ਾਂ ਵਿੱਚ ਸ਼ਾਮਲ ਸੀ, ਜਿੱਥੇ ਜਣੇਪਾ ਮੌਤਾਂ ਦੀ ਗਿਣਤੀ ਸਭ ਤੋਂ ਵੱਧ ਸੀ। ਇਹ ਗਿਣਤੀ ਪ੍ਰਤੀ ਇੱਕ ਲੱਖ ਜੀਵਤ ਜਨਮਾਂ ਪਿੱਛੇ 116 ਦੀ ਮੌਤ ਦਰ (ਮੈਟਰਨਲ ਮੋਰਟੈਲਿਟੀ ਰੇਸ਼ੋ) ਦੇ ਬਰਾਬਰ ਹੈ। ਅੰਦਾਜ਼ੇ ਦੱਸਦੇ ਹਨ ਕਿ ਉਸੇ ਸਾਲ ਪਾਕਿਸਤਾਨ ਵਿੱਚ ਕੁੱਲ 10,300 ਜਣੇਪਾ ਮੌਤਾਂ ਹੋਈਆਂ, ਜਦੋਂ ਕਿ ਅਫਰੀਕੀ ਦੇਸ਼ਾਂ ਇਥੋਪੀਆ ਅਤੇ ਨਾਇਜੀਰੀਆ ਵਿੱਚ ਕ੍ਰਮਵਾਰ 11,900 ਅਤੇ 32,900 ਜਣੇਪਾ ਮੌਤਾਂ ਹੋਈਆਂ। ਵਾਸ਼ਿੰਗਟਨ ਯੂਨੀਵਰਸਿਟੀ ਦੇ ਇੰਸਟੀਚਿਊਟ ਫਾਰ ਹੈਲਥ ਮੈਟ੍ਰਿਕਸ ਐਂਡ ਇਵੈਲੂਏਸ਼ਨ ਦੇ ਖੋਜਕਰਤਾਵਾਂ ਅਤੇ ਵਿਸ਼ਵਵਿਆਪੀ ਸਹਿਯੋਗੀਆਂ ਦੀ ਅਗਵਾਈ ਵਾਲੀ ਟੀਮ ਨੇ ਨੋਟ ਕੀਤਾ ਕਿ ਹਾਲਾਂਕਿ ਪਿਛਲੇ ਤਿੰਨ ਦਹਾਕਿਆਂ ਵਿੱਚ ਜਣੇਪਾ ਮੌਤਾਂ ਵਿੱਚ ਕਮੀ ਆਈ ਹੈ, ਪਰ ਹਾਲ ਹੀ ਦੇ ਸਾਲਾਂ ਵਿੱਚ ਰਫਤਾਰ ਮੱਠੀ ਪੈ ਗਈ ਹੈ ਅਤੇ ਵੱਖ-ਵੱਖ ਦੇਸ਼ਾਂ ਵਿੱਚ ਅਸਮਾਨ ਰਹੀ ਹੈ।

ਖੋਜਕਰਤਾਵਾਂ ਨੇ ਅੰਦਾਜ਼ਾ ਲਗਾਇਆ ਹੈ ਕਿ ਦੁਨੀਆ ਨੇ 2023 ਵਿੱਚ ਕੁੱਲ 2.4 ਲੱਖ ਜਣੇਪਾ ਮੌਤਾਂ ਦੇਖੀਆਂ। ਟੀਮ ਨੇ ਕਿਹਾ ਕਿ 204 ਦੇਸ਼ਾਂ ਅਤੇ ਖੇਤਰਾਂ ਵਿੱਚੋਂ 104 ਨੇ ਅਜੇ ਤੱਕ ਪ੍ਰਤੀ ਇੱਕ ਲੱਖ ਜੀਵਤ ਜਨਮਾਂ ਪਿੱਛੇ 70 ਤੋਂ ਘੱਟ ਜੱਚਾ ਦੀ ਮੌਤ ਦਰ ਦੇ ਟਿਕਾਊ ਵਿਕਾਸ ਟੀਚੇ ਨੂੰ ਪੂਰਾ ਕਰਨਾ ਹੈ, ਦੋਂ ਕਿ ਜਣੇਪਾ ਮੌਤਾਂ ਦੇ ਮੁੱਖ ਕਾਰਨ ਸਥਾਨ ਦੇ ਅਨੁਸਾਰ ਵੱਖੋ-ਵੱਖਰੇ ਪਾਏ ਗਏ, ਪਰ ਵਿਸ਼ਵ ਪੱਧਰ 'ਤੇ ਮੌਤਾਂ ਦੇ ਸਭ ਤੋਂ ਵੱਡੇ ਹਿੱਸੇ ਲਈ 'ਮੈਟਰਨਲ ਹੈਮਰੇਜ' (ਖੂਨ ਦਾ ਜ਼ਿਆਦਾ ਵਗਣਾ) ਅਤੇ ਗਰਭ ਅਵਸਥਾ ਦੇ ਹਾਈਪਰਟੈਂਸਿਵ ਵਿਕਾਰ ਜ਼ਿੰਮੇਵਾਰ ਸਨ। ਖੋਜਕਰਤਾਵਾਂ ਨੇ ਕਿਹਾ ਕਿ ਜਣੇਪੇ ਤੋਂ ਪਹਿਲਾਂ ਦੀ ਦੇਖਭਾਲ, ਸੁਰੱਖਿਅਤ ਜਣੇਪਾ ਸੇਵਾਵਾਂ, ਐਮਰਜੈਂਸੀ ਪ੍ਰਸੂਤਾ ਦੇਖਭਾਲ ਅਤੇ ਜਣੇਪੇ ਤੋਂ ਬਾਅਦ ਦੀ ਫਾਲੋ-ਅੱਪ ਤੱਕ ਬਿਹਤਰ ਪਹੁੰਚ ਮੌਤ ਦਰ ਨੂੰ ਕਾਫੀ ਹੱਦ ਤੱਕ ਘਟਾ ਸਕਦੀ ਹੈ, ਖਾਸ ਕਰਕੇ ਉਨ੍ਹਾਂ ਦੇਸ਼ਾਂ ਵਿੱਚ ਜਿੱਥੇ ਬੋਝ ਸਭ ਤੋਂ ਵੱਧ ਹੈ।

ਕੋਵਿਡ-19 ਦੀ ਲਾਗ ਕਾਰਨ ਵੀ ਮਹਾਂਮਾਰੀ ਦੇ ਸ਼ੁਰੂ ਵਿੱਚ ਜਣੇਪਾ ਮੌਤ ਦਰ ਵਿੱਚ ਵਾਧਾ ਹੋਇਆ ਸੀ।

## ਅੱਜ-ਨਾਮਾ

ਵਿੱਚ ਬੰਗਾਲ ਦੇ ਪਿਆ ਘਸਮਾਨ ਤਕੜਾ,
ਸਭ ਦਾ ਚੋਣ ਲਈ ਲੱਗਿਆ ਜ਼ੋਰ ਮੀਆਂ।
ਹੁੰਦੀਆਂ ਰੈਲੀਆਂ ਦੀ ਪਈ ਆ ਲੜੀ ਬੱਝੀ,
ਗਲੀ-ਬਾਜ਼ਾਰ ਪਿਆ ਗੂੰਜਦਾ ਸ਼ੋਰ ਮੀਆਂ।
ਹਰ ਕੋਈ ਦੂਜੇ 'ਤੇ ਸੁੱਟਦਾ ਪਿਆ ਚਿੱਕੜ,
ਲੱਗ ਰਹੇ ਦੂਸ਼ਣ ਹਨ ਨਵੇਂ ਨਕੋਰ ਮੀਆਂ।
ਜੀਹਨੂੰ ਪੁੱਛੀਦਾ, ਕਹਿੰਦਾ ਈ ਜਿੱਤ ਸਾਡੀ,
ਗਿਣਤੀ ਹੁੰਦੀ ਬੱਸ ਟੂ-ਥਰੀ-ਫੋਰ ਮੀਆਂ।
ਰਾਜਸੀ ਲੋਕਾਂ ਦੀ ਖੇਡ ਆ ਤਖਤ ਖਾਤਰ,
ਕਿਸੇ ਦੀ ਹੁੰਦੀ ਰਹੇ ਜਿੱਤ ਨਸੀਬ ਮੀਆਂ।
ਟੱਕਰ ਏਹੋ ਜਿਹੀ ਤਕੜੀ ਤੋਂ ਡਰੇ ਵੋਟਰ,
ਵਿਚਾਲੇ ਵਿਲ੍ਹਕ ਰਹੇ ਲੋਕ ਗਰੀਬ ਮੀਆਂ।

-ਤੀਸ ਮਾਰ ਖਾਂ

## ਸ਼੍ਰੋਮਣੀ ਕਮੇਟੀ ਦੇ ਬਜਟ 'ਚ 7.28 ਫੀਸਦੀ ਦਾ ਵਾਧਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿੱਤੀ ਵਰ੍ਹੇ 2026-27 ਲਈ 1487 ਕਰੋੜ 41 ਲੱਖ ਦਾ ਬਜਟ ਸ਼ਨੀਵਾਰ ਹਾਜ਼ਰ ਮੈਂਬਰਾਂ ਵੱਲੋਂ ਜੈਕਾਰਿਆਂ ਦੀ ਗੂੰਜ ਵਿੱਚ ਪਾਸ ਕੀਤਾ ਗਿਆ।ਬਜਟ ਅਜਲਾਸ ਦੀ ਪ੍ਰਧਾਨਗੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ, ਜਦਕਿ ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਨੇ ਬਜਟ ਪੇਸ਼ ਕੀਤਾ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਉਚੇਚੇ ਤੌਰ 'ਤੇ ਮੌਜੂਦ ਸਨ।

1487 ਕਰੋੜ 41 ਲੱਖ ਰੁਪਏ ਦੇ ਬਜਟ ਵਿੱਚ ਪਿਛਲੇ ਸਾਲ ਨਾਲੋਂ 7.28 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਐਡਵੋਕੇਟ ਧਾਮੀ ਨੇ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਇਸ ਸਾਲ ਧਰਮ ਪ੍ਰਚਾਰ ਕਮੇਟੀ ਦਾ ਬਜਟ 120 ਕਰੋੜ ਰੁਪਏ, ਜਦਕਿ ਗੁਰਦੁਆਰਾ ਸਾਹਿਬਾਨ ਦਾ ਬਜਟ 1127 ਕਰੋੜ 34 ਲੱਖ ਰੁਪਏ ਹੈ। ਇਸੇ ਤਰ੍ਹਾਂ



ਜਨਰਲ ਬੋਰਡ ਫੰਡ, ਟਰੱਸਟ ਫੰਡ, ਵਿਦਿਆ ਫੰਡ, ਖੇਡਾਂ, ਪ੍ਰਿੰਟਿੰਗ ਪ੍ਰੈੱਸਾਂ ਅਤੇ ਵਿਦਿਅਕ ਅਦਾਰਿਆਂ ਲਈ ਵਿਸ਼ੇਸ਼ ਰਾਸ਼ੀ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾ ਦੱਸਿਆ ਕਿ ਪੰਥਕ ਭਲਾਈ ਕਾਰਜਾਂ ਲਈ 7 ਕਰੋੜ 61 ਲੱਖ ਰੁਪਏ ਰੱਖੇ ਗਏ ਹਨ। ਇਸ ਤਹਿਤ ਨਿਹੰਗ ਸਿੰਘ ਜਥੇਬੰਦੀਆਂ ਦਾ ਬੰਧਾਨ, ਪੰਥਕ ਭਲਾਈ ਕਾਰਜਾਂ ਲਈ ਸਹਾਇਤਾ, ਜੇਲ੍ਹਾਂ ਵਿਚ ਬੰਦ ਸਿੰਘਾਂ ਦੇ ਕੇਸਾਂ ਦੀ ਪੈਰਵਾਈ ਅਤੇ ਵਕੀਲਾਂ ਦੀ ਫੀਸ, ਜੇਲ੍ਹਾਂ ਵਿਚ ਬੰਦ ਸਿੰਘਾਂ ਨੂੰ ਮਾਸਿਕ ਸਨਮਾਨ ਭੱਤਾ, ਸਿੱਖ ਧਰਮ ਲਈ ਕੁਰਬਾਨੀ ਕਰਨ ਵਾਲੇ ਸਿੰਘਾਂ ਦੇ ਪਰਵਾਰਾਂ ਨੂੰ ਪੈਨਸ਼ਨਾਂ, ਸ਼ਹੀਦ ਅਤੇ ਜ਼ਖ਼ਮੀ ਸਿੰਘਾਂ ਦੇ ਪਰਵਾਰਾਂ ਨੂੰ ਸਹਾਇਤਾ, ਧਰਮੀ ਫ਼ੌਜੀਆਂ, ਸਿਕਲੀਗਰ ਤੇ ਵਣਜਾਰੇ ਸਿੱਖਾਂ ਲਈ ਸਹਾਇਤਾ ਦੇ ਨਾਲ-ਨਾਲ ਪੰਥਕ ਸਮਾਜ ਸੇਵੀ ਜਥੇਬੰਦੀਆਂ ਅਤੇ ਪਿੰਡਾਂ ਦੇ ਗ੍ਰੰਥੀ ਸਿੰਘਾਂ ਰਾਹੀਂ ਸਿੱਖੀ ਪ੍ਰਚਾਰ ਕਰਵਾਉਣ ਲਈ ਸਹਾਇਤਾ ਸ਼ਾਮਲ ਹੈ। ਇਸੇ ਤਰ੍ਹਾਂ ਸਿੱਖ ਬੱਚਿਆਂ ਨੂੰ ਮੁਫਤ ਵਿਦਿਆ ਲਈ 12 ਕਰੋੜ 50 ਲੱਖ ਰੁਪਏ ਰਾਖਵੇਂ ਰੱਖੇ ਹਨ।

ਬਜਟ ਅਜਲਾਸ ਦੌਰਾਨ ਕਈ ਅਹਿਮ ਮਤਿਆਂ ਨੂੰ ਪ੍ਰਵਾਨਗੀ ਦਿੱਤੀ ਗਈ। ਇਨ੍ਹਾਂ ਵਿਚ ਸਿੱਖਾਂ ਦੀ ਮੌਲਿਕ ਤੇ ਅੱਡਰੀ ਪਛਾਣ ਨੂੰ ਰਲੱਗਡ ਕਰਨ ਦੀਆਂ ਹੋ ਰਹੀਆਂ ਕੋਸ਼ਿਸ਼ਾਂ ਪ੍ਰਤੀ ਗੰਭੀਰ

• ਬਾਕੀ ਸਫ਼ਾ 2 'ਤੇ

## ਗ਼ਦਰ ਪਾਰਟੀ ਸਥਾਪਨਾ ਦਿਵਸ ਸਮਾਗਮ 21 ਅਪ੍ਰੈਲ ਨੂੰ

**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਦੀ ਸਨਿੱਚਰਵਾਰ ਹੋਈ ਮੀਟਿੰਗ ਨੇ ਫੈਸਲਾ ਲਿਆ ਕਿ ਹਰ ਸਾਲ ਦੀ ਤਰ੍ਹਾਂ ਗ਼ਦਰ ਪਾਰਟੀ ਦਾ ਸਥਾਪਨਾ ਦਿਹਾੜਾ 21 ਅਪ੍ਰੈਲ (ਮੰਗਲਵਾਰ) ਸਵੇਰੇ 11 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਅੰਦਰ ਬਣੇ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਮਨਾਇਆ ਜਾਏਗਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਸ ਸਮਾਗਮ 'ਚ ਝੰਡਾ ਲਹਿਰਾਉਣ ਦੀ ਰਸਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਪ੍ਰੋ. ਗੋਪਾਲ ਸਿੰਘ ਬੁੱਟਰ ਅਦਾ ਕਰਨ ਉਪਰੰਤ ਸਮਾਗਮ ਨੂੰ ਸੰਬੋਧਨ ਕਰਨਗੇ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਮੰਗਤ ਰਾਮ ਪਾਸਲਾ ਸਮਾਗਮ ਦੇ ਮੁੱਖ ਵਕਤਾ ਹੋਣਗੇ। ਉਹ 'ਇਰਾਨ ਉਪਰ ਅਮਰੀਕਾ-ਇਜ਼ਰਾਇਲ ਵੱਲੋਂ ਹਮਲਾ ਅਤੇ ਭਾਰਤੀ ਹਾਕਮ' ਵਿਸ਼ੇ ਉਪਰ ਕੁੰਜੀਵਤ ਭਾਸ਼ਣ ਦੇਣਗੇ। ਦੁਨੀਆਂ ਭਰ ਦੇ ਅਨਮੋਲ ਕੁਦਰਤੀ ਖਜ਼ਾਨੇ ਲੁੱਟਣ ਵਿਸ਼ੇਸ਼ ਕਰਕੇ ਤੇਲ ਭੰਡਾਰਾਂ ਉਪਰ ਮੁਕੰਮਲ ਕਬਜ਼ਾ ਕਰਨ, ਮੁਲਕਾਂ ਉਪਰ ਆਪਣਾ ਮੁਕੰਮਲ ਸਾਮਰਾਜੀ ਦਾਬਾ ਕਾਇਮ ਕਰਨ ਲਈ ਅਮਰੀਕੀ ਹਾਕਮ ਸੰਸਾਰ ਭਰ ਦੇ ਲੋਕਾਂ ਉਪਰ ਨਿਹੱਕੀ ਜੰਗ ਮੜ੍ਹ ਕੇ ਨਤੀਜੇ ਵਜੋਂ ਉਹਨਾਂ ਨੂੰ ਚੌਤਰਫ਼ੇ ਸੰਕਟਾਂ ਦੇ ਮੂੰਹ ਧੱਕ ਰਹੇ ਹਨ ਅਤੇ ਭਾਰਤੀ ਹਾਕਮ ਉਹਨਾਂ ਅੱਗੇ ਡੰਡੌਤ ਬੰਦਨਾ ਕਰ ਰਹੇ ਹਨ। ਇਸ ਹਾਲਾਤ ਨੂੰ ਮੁਖ਼ਾਤਬ ਹੋ ਰਹੇ ਇਸ ਸਮਾਗਮ ਦਾ ਮਕਸਦ ਇਸ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਲਈ ਲੋਕਾਂ ਨੂੰ ਜਾਗਰੂਕ ਕਰਨਾ ਹੋਏਗਾ। ਮੀਟਿੰਗ 'ਚ ਬੀਤੇ ਦਿਨੀਂ ਵਿਛੜੇ ਗਗਨਦੀਪ ਸਿੰਘ ਰੰਧਾਵਾ (ਕਮੇਟੀ ਮੈਂਬਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਦੇ ਭਾਣਜੇ), ਇਨਕਲਾਬੀ ਲਹਿਰ ਦੀ ਜਾਣੀ-ਪਛਾਣੀ ਸ਼ਖਸੀਅਤ ਰਣਜੀਤ ਲਹਿਰਾ, ਜਮਹੂਰੀ ਲਹਿਰ ਦੇ ਸੀਨੀਅਰ ਆਗੂ ਵਿਧੂ ਸ਼ੇਖ਼ਰ, ਤਰਕਸ਼ੀਲ ਲਹਿਰ ਦੇ ਆਗੂ ਅਵਤਾਰ ਬਾਈ ਕੈਨੇਡਾ, ਮੰਗਾ ਬਾਸੀ ਕਵੀ ਕੈਪਲੂਪਸ ਕੈਨੇਡਾ, ਉੱਘੇ ਭਾਸ਼ਾ ਵਿਗਿਆਨੀ ਡਾ. ਰਣਜੀਤ ਸਿੰਘ ਬਾਜਵਾ, ਕਰਜ਼ੇ ਮਾਰੇ ਪਿੰਡ ਹਰੀ ਨੌਂ ਦੇ ਦੋ ਸਕੇ ਭਰਾਵਾਂ ਜਸਵਿੰਦਰ ਸਿੰਘ ਅਤੇ ਜਸਕਰਨ ਸਿੰਘ ਵੱਲੋਂ ਗੱਡੀ ਅੱਗੇ ਛਾਲ ਮਾਰ ਕੇ ਇਸ ਦੁਨੀਆ ਨੂੰ ਅਲਵਿਦਾ ਕਹਿਣ ਦੀ ਹਿਰਦੇਵੇਦਕ ਮੌਤ ਉਪਰ ਉਹਨਾਂ ਸਭਨਾਂ ਦੇ ਪਰਵਾਰਾਂ, ਸਾਕ-ਸੰਬੰਧੀਆਂ ਅਤੇ ਸੰਗੀ-ਸਾਥੀਆਂ ਨਾਲ ਕਮੇਟੀ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

## ਦੇਵ ਸਮਾਜ ਕਾਲਜ ਫਾਰ ਵੂਮੈਨ ਵਿਖੇ ਰਾਸ਼ਟਰੀ ਵੈਬੀਨਾਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਦੇ ਪੋਸਟ ਗ੍ਰੈਜੂਏਟ ਇਤਿਹਾਸ ਵਿਭਾਗ ਵੱਲੋਂ ਉਕਤ ਵਿਸ਼ੇ 'ਤੇ ਇਕ ਰਾਸ਼ਟਰੀ ਵੈਬੀਨਾਰ ਦਾ ਆਯੋਜਨ ਕੀਤਾ ਗਿਆ। ਇਹ ਵੈਬੀਨਾਰ ਬੀਤੇ ਦਿਨ 11 ਵਜੇ ਭਾਰਤੀ ਗਿਆਨ ਪ੍ਰਨਾਲੀ ਤੇ ਆਈ.ਕਿਊ.ਏ.ਸੀ. ਦੇ ਅਧੀਨ ਆਯੋਜਿਤ ਕੀਤਾ ਗਿਆ। ਇਸ ਮੌਕੇ ਮੁੱਖ ਵਕਤਾ ਵਜੋਂ ਡਾ. ਸ਼ਸ਼ੀ ਭੂਸ਼ਣ ਦੇਵ ਸਹਾਇਕ ਪ੍ਰੋਫੈਸਰ, ਵੀਰ ਕੁੰਵਰ ਸਿੰਘ ਯੂਨੀਵਰਸਿਟੀ, ਬਿਹਾਰ ਨੇ ਆਪਣੇ ਵਖਿਆਨ ਵਿੱਚ ਸਮ੍ਰਿਤੀ, ਆਘਾਤ ਤੇ ਵੰਡ ਦੀਆਂ ਕਹਾਣੀਆਂ ਦੇ ਆਪਸੀ ਸਬੰਧਾਂ ਦਾ ਗਹਿਰਾ ਵਿਸ਼ਲੇਸ਼ਣ ਪੇਸ਼ ਕੀਤਾ। ਉਨ੍ਹਾਂ ਭਾਰਤੀ ਗਿਆਨ ਪ੍ਰੰਪਰਾ ਦੇ ਵਿਸ਼ਾਲ ਪ੍ਰਸੰਗ ਵਿੱਚ ਇਨ੍ਹਾਂ ਵਿਸ਼ਿਆਂ ਦੀ ਮਹੱਤਤਾ 'ਤੇ ਵੀ ਰੋਸ਼ਨੀ ਪਾਈ। ਪ੍ਰੋਗਰਾਮ ਦੀ ਸਫਲਤਾ 'ਤੇ ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੇ ਪ੍ਰੋਗਰਾਮ ਦੇ ਸੰਯੋਜਕ ਡਾ. ਅਮਿਤ ਕੁਮਾਰ ਸਿੰਘ ਵਿਭਾਗ ਮੁਖੀ, ਪੋਸਟ ਗ੍ਰੇਜੂਏਟ ਇਤਿਹਾਸ ਵਿਭਾਗ, ਸਹਿ-ਸੰਯੋਜਕ ਡਾ. ਰਾਜ ਕੁਮਾਰ ਤੇ ਰੁਚੀ ਕੱਕੜ ਵੱਲੋਂ ਕੀਤੇ ਗਏ ਸੁਚਾਰੂ ਸੰਚਾਲਨ ਤੇ ਵਿਦਿਆਰਥੀਆਂ ਦੀ ਭਾਗੀਦਾਰੀ ਦੀ ਸ਼ਲਾਘਾ ਕੀਤੀ।

## ਵਿਧਾਇਕ ਗੁਰਲਾਲ ਘਨੌਰ ਨੇ ਸ਼ਰਧਾਲੂਆਂ ਦੀ ਬੱਸ ਕੀਤਾ ਰਵਾਨਾ



**ਰਾਜਪੁਰਾ (ਰਮੇਸ਼ ਕਟਾਰੀਆ)**-ਹਲਕਾ ਘਨੌਰ ਦੇ ਵਿਧਾਇਕ ਗੁਰਲਾਲ ਸਿੰਘ ਨੇ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਦੇ ਤਹਿਤ ਪਿੰਡ ਬਡੌਲੀ ਗੁੱਜਰਾਂ ਤੋਂ ਸ਼ਰਧਾਲੂਆਂ ਦੀ ਬੱਸ ਨੂੰ ਰਵਾਨਾ ਕੀਤਾ। ਸ੍ਰੀ ਘਨੌਰ ਨੇ ਦੱਸਿਆ ਕਿ ਇਹ ਬੱਸ ਯਾਤਰੀਆਂ ਨੂੰ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਰ ਭਗਵਾਨ ਵਾਲਮੀਕਿ ਤੀਰਥ ਸਥਲ, ਜਲ੍ਹਿਆਂਵਾਲਾ ਬਾਗ, ਪਾਰਟੀਸ਼ਨ ਮਿਊਜ਼ੀਅਮ, ਵਾਹਘਾ ਬਾਰਡਰ ਤੇ ਅੰਮ੍ਰਿਤਸਰ ਦੇ ਹੋਰ ਧਾਰਮਿਕ ਸਥਾਨਾਂ ਦੀ ਯਾਤਰਾ ਕਰਵਾਏਗੀ।ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਲੋਕਾਂ ਦੀ ਸੇਵਾ ਲਈ ਸਹੀ ਮਾਅਨਿਆਂ ਵਿੱਚ ਵਿਲੱਖਣ ਉਪਰਾਲਾ ਕੀਤਾ ਹੈ।ਉਨ੍ਹਾਂ ਕਿਹਾ ਕਿ ਇਸ ਯੋਜਨਾ ਹੇਠ ਤੀਰਥ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਦੀ ਚੋਣ ਡਰਾਅ ਰਾਹੀਂ ਕਰਕੇ ਪੂਰਨ ਪਾਰਦਰਸ਼ਤਾ ਅਪਣਾਈ ਗਈ ਹੈ।ਗੁਰਲਾਲ ਘਨੌਰ ਨੇ ਕਿਹਾ ਕਿ ਆਪ ਸਰਕਾਰ ਨੇ ਸਮਾਜਿਕ ਤੇ ਧਾਰਮਿਕ ਸਾਂਝ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਨ ਲਈ ਪੰਜਾਬ ਵਾਸੀਆਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਉਣ ਦਾ ਇਹ ਨਿਮਾਣਾ ਉਪਰਾਲਾ ਕੀਤਾ ਹੈ।ਇਸ ਮੌਕੇ ਤੀਰਥ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਨੇ ਪੰਜਾਬ ਸਰਕਾਰ ਤੇ ਵਿਧਾਇਕ ਗੁਰਲਾਲ ਘਨੌਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਲਈ ਜੀਵਨ ਭਰ ਦੀ ਯਾਦਗਾਰ ਯਾਤਰਾ ਹੋਵੇਗੀ।

## ਵਿਧਾਇਕ ਵੱਲੋਂ ਦੀਨਾ ਸਾਹਿਬ ਗਰਿੱਡ ਦੇ ਨਵੇਂ ਬਰੇਕਰ ਦਾ ਉਦਘਾਟਨ



**ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)**-ਹਲਕਾ ਨਿਹਾਲ ਸਿੰਘ ਵਾਲਾ ਦੇ ਇਤਿਹਾਸਕ ਪਿੰਡ ਦੀਨਾ ਸਾਹਿਬ ਵਿੱਚ ਬਣੇ ਗਰਿੱਡ ਵਿੱਚ 8 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਲਗਾਏ ਗਏ ਬਰੇਕਰ ਦਾ ਉਦਘਾਟਨ ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਵੱਲੋਂ ਪਿੰਡ ਵਾਸੀਆਂ ਦੀ ਹਾਜ਼ਰੀ ਵਿੱਚ ਕੀਤਾ ਗਿਆ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਅੰਮ੍ਰਿਤਪਾਲ ਸਿੰਘ ਖਾਲਸਾ ਦੀਨਾ ਸਾਹਿਬ ਨੇ ਸਾਡੇ ਪ੍ਰਤੀਨਿਧੀ ਨਾਲ ਗੱਲਬਾਤ ਦੌਰਾਨ ਕੀਤਾ।ਖਾਲਸਾ ਨੇ ਦੱਸਿਆ ਕਿ ਸਾਡੇ ਪਿੰਡ ਵਿੱਚ 2001 ਤੋਂ ਗਰਿੱਡ ਲੱਗਿਆ ਹੋਇਆ ਸੀ, ਜਿਸ ਵਾਸਤੇ ਜ਼ਮੀਨ ਵੀ ਪੰਚਾਇਤ ਵੱਲੋਂ ਦਾਨ ਵਿੱਚ ਦਿੱਤੀ ਸੀ, ਪਰ 25 ਸਾਲ ਬੀਤ ਜਾਣ ਦੇ ਬਾਵਜੂਦ ਸਾਡਾ ਪਿੰਡ ਅਰਬਨ ਬਿਜਲੀ ਦੀ ਮਿਲਣ ਵਾਲੀ ਸਹੂਲਤ ਤੋਂ ਵਾਂਝਾ ਸੀ, ਪਰ ਪੰਜਾਬ ਦੀ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਤੇ ਹਲਕਾ ਵਿਧਾਇਕ ਮਨਜੀਤ ਸਿੰਘ ਜੀ ਬਿਲਾਸਪੁਰ ਦੇ ਯਤਨਾਂ ਸਦਕਾ ਅੱਜ 25 ਸਾਲਾਂ ਬਾਅਦ ਸਾਡੇ ਪਿੰਡ ਦੀਨਾ ਸਾਹਿਬ ਨੂੰ ਵੱਖਰੀ 24 ਘੰਟੇ (ਅਰਬਨ) ਸਪਲਾਈ ਮਿਲਣੀ ਚਾਲੂ ਹੋਈ ਹੈ।ਇਸ ਬ੍ਰੇਕਰ ਨੂੰ ਲਗਾਉਣ ਵਾਸਤੇ ਤਕਰੀਬਨ 8 ਲੱਖ ਰੁਪਏ ਦੀ ਲਾਗਤ ਆਈ ਹੈ।ਅਖੀਰ ਵਿੱਚ ਖਾਲਸਾ ਨੇ ਆਪਣੇ ਪਿੰਡ ਦੀ ਤਰਫੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਦਾ ਧੰਨਵਾਦ ਕੀਤਾ। ਇਸ ਮੌਕੇ ਐਕਸੀਅਨ ਬਾਘਾ ਪੁਰਾਣਾ ਜਸਵੀਰ ਸਿੰਘ, ਐਕਸੀਅਨ ਵਿਸ਼ਾਲ ਮੁਰਾਦੀਆਂ, ਐੱਸ ਡੀ ਓ ਕ੍ਰਿਪਾਲ ਸਿੰਘ ਪੱਤੋ ਹੀਰਾ ਸਿੰਘ, ਐੱਸ ਡੀ ਓ ਬਿਲਾਸਪੁਰ ਰਮੇਸ਼ ਕੁਮਾਰ ਤੇ ਸਰਪੰਚ ਰਣਜੀਤ ਸਿੰਘ, ਸੁਖਵਿੰਦਰ ਸਿੰਘ ਬਰਾੜ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## ਅਦਾਰਾ ਪਰਵਾਜ਼ ਦੀ ਜ਼ਿਲ੍ਹਾ ਇਕਾਈ ਦਾ ਗਠਨ



**ਸੰਗਰੂਰ (ਪ੍ਰਵੀਨ ਸਿੰਘ)**-ਅਦਾਰਾ ਪਰਵਾਜ਼ ਦੀ ਇਕ ਮੀਟਿੰਗ ਨਾਵਲਕਾਰ ਸੁਖਵਿੰਦਰ ਪੱਪੀ ਦੀ ਅਗਵਾਈ ਵਿੱਚ ਗਦਰ ਮੈਮੋਰੀਅਲ ਭਵਨ ਵਿਖੇ ਹੋਈ। ਇਸ ਮੀਟਿੰਗ ਵਿੱਚ ਸੁੱਖ ਆਲਮ ਸੁਖਵਿੰਦਰ ਗਿਰ, ਕੁਲਵੰਤ ਖਨੌਰੀ, ਸੁਖਜੀਤ ਚੀਮਾ ਦੇ ਵਿੱਚ ਰਾਮਵੀਰ ਸਿੰਘ ਮੰਗਾ, ਬਿੱਕਰ ਸਿੰਘ, ਵਿਸ਼ਾਲ ਲੌਂਗੋਵਾਲ ਸ਼ਮੂਲੀਅਤ ਕੀਤੀ ਮੀਟਿੰਗ ਵਿੱਚ ਜ਼ਿਲ੍ਹਾ ਇਕਾਈ ਦੀ ਚੋਣ ਕੀਤੀ ਗਈ, ਜਿਸ ਵਿੱਚ ਸੁਖਜੀਤ ਚੀਮਾ ਨੂੰ ਜ਼ਿਲ੍ਹਾ ਪ੍ਰਧਾਨ, ਕੁਲਵੰਤ ਖਨੌਰੀ ਨੂੰ ਜ਼ਿਲ੍ਹਾ ਜਨਰਲ ਸਕੱਤਰ ਤੇ ਸੁਖ ਆਲਮ ਨੂੰ ਖਜ਼ਾਨਚੀ ਸਰਬਸੰਮਤੀ ਨਾਲ ਚੁਣ ਲਿਆ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਸੁਖਵਿੰਦਰ ਪੱਪੀ ਨੇ ਕਿਹਾ ਕਿ ਅਦਾਰਾ ਪਰਵਾਜ਼ ਇੱਕ ਵੱਡੇ ਮਿਸ਼ਨ ਨੂੰ ਲੈ ਕੇ ਚੱਲ ਰਿਹਾ ਹੈ।ਇਸ ਇਸ ਜਥੇਬੰਦੀ ਦਾ ਮਕਸਦ ਉਨ੍ਹਾਂ ਲੇਖਕਾਂ, ਕਲਾਕਾਰਾਂ, ਫਿਲਮਸਾਜ਼ਾਂ, ਗਾਇਕਾਂ, ਕਵੀਆਂ ਤੇ ਚਿੱਤਰਕਾਰਾਂ ਨੂੰ ਇੱਕ ਅਜਿਹੇ ਮੰਚ 'ਤੇ ਇਕੱਠਾ ਕਰਨਾ ਹੈ, ਜੋ ਮਨੁੱਖ ਦੇ ਹੱਕ ਦੀ ਗੱਲ ਕਰਨ।ਉਨ੍ਹਾਂ ਕਿਹਾ ਤਾਂ ਕਿ ਮਨੁੱਖ ਦੀ ਹੋਂਦ ਖਿਲਾਫ ਹੋ ਰਹੇ ਗੈਰ-ਮਨੁੱਖੀ ਕੰਮਾਂ ਦੇ ਪ੍ਰਤੀਕਰਮ ਵਜੋਂ ਸਾਹਿਤ ਸਿਰਜਣ ਪ੍ਰਕਿਰਿਆ ਨੂੰ ਤੇਜ਼ ਕੀਤਾ ਜਾ ਸਕੇ ਤੇ ਮਨੁੱਖ ਦੀ ਹੋਂਦ ਨੂੰ ਬਚਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿੱਚ ਅਦਾਰੇ ਵੱਲੋਂ ਇੱਕ ਵੱਡਾ ਫੰਕਸ਼ਨ ਕਰਵਾਇਆ ਜਾਵੇਗਾ, ਜਿਸ ਵਿੱਚ ਕਿਸੇ ਮਾਣਮੱਤੀ ਸ਼ਖ਼ਸੀਅਤ ਦਾ ਰੂਬਰੂ ਕੀਤਾ ਜਾਵੇਗਾ।ਇਸ ਮੌਕੇ ਅਰਵਿੰਦਰ ਕੌਰ ਕਾਕੜਾ ਤੇ ਅਜਮੇਰ ਸਿੱਧੂ ਵੱਲੋਂ ਸੰਪਾਦਿਤ ਕਾਵਿ ਸੰਗ੍ਰਹਿ 'ਮੈਂ ਗਾਜ਼ਾ ਕਹਿਨਾ' ਵੀ ਲੋਕ ਅਰਪਣ ਕੀਤਾ ਗਿਆ।

## ਵਪਾਰੀਆਂ ਤੇ ਪ੍ਰਸ਼ਾਸਨਕ ਅਧਿਕਾਰੀਆਂ ਨਾਲ ਅਹਿਮ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਟਰੇਡ ਕਮਿਸ਼ਨ ਹਲਕਾ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਕੁਲਵਿੰਦਰ ਕਾਂਡਾ ਦੀ ਅਗਵਾਈ ਹੇਠ ਸ੍ਰੀ ਮੁਕਤਸਰ ਸਾਹਿਬ ਵਿਖੇ ਵਪਾਰੀਆਂ ਤੇ ਪ੍ਰਸ਼ਾਸਨਕ ਅਧਿਕਾਰੀਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ।ਇਸ ਮੀਟਿੰਗ ਵਿੱਚ ਐੱਸ.ਡੀ.ਐੱਮ. ਸ੍ਰੀ ਗੁਰਕਿਰਨਦੀਪ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਮੀਟਿੰਗ ਦੌਰਾਨ ਵਪਾਰੀਆਂ ਨੂੰ ਦਰਪੇਸ਼ ਸਮੱਸਿਆਵਾਂ, ਉਨ੍ਹਾਂ ਦੇ ਹੱਲ ਤੇ ਵਪਾਰਕ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਚੇਅਰਮੈਨ ਕੁਲਵਿੰਦਰ ਕਾਂਡਾ ਨੇ ਵਪਾਰੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਪ੍ਰਸ਼ਾਸਨ ਦੇ ਸਹਿਯੋਗ ਨਾਲ ਜਲਦ ਤੋਂ ਜਲਦ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਪਾਰਕ ਵਰਗ ਦੀ ਭਲਾਈ ਲਈ ਸਰਕਾਰ ਵਚਨਬੱਧ ਹੈ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।ਇਸ ਮੌਕੇ ਬਲਕਾਰ ਸਿੰਘ ਸੈਕਟਰੀ ਮਾਰਕੀਟ ਕਮੇਟੀ ਸ੍ਰੀ ਮੁਕਤਸਰ ਸਾਹਿਬ, ਸ੍ਰੀ ਮਨਜਿੰਦਰ ਸਿੰਘ ਈ.ਟੀ.ਓ., ਖੇਤੀਬਾੜੀ ਵਿਭਾਗ ਤੋਂ ਰਾਜਵਿੰਦਰ ਸਿੰਘ, ਫੂਡ ਸੇਫਟੀ ਅਫਸਰ ਗਗਨਦੀਪ ਕੌਰ, ਟਿੰਕੂ ਜੈਨ ਲੇਬਰ ਇੰਸਪੈਕਟਰ, ਹਰਦੇਵ ਸਿੰਘ, ਧਰਮਿੰਦਰਜੀਤ ਸਿੰਘ ਐੱਸਡੀਓ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਅਤੇ ਵਪਾਰੀ ਹਾਜ਼ਰ ਸਨ।

## ਬਾਬਾ ਮੋਨੀ ਜੀ ਕਾਲਜ 'ਚ ਦੰਦਾਂ ਦਾ ਕੈਂਪ ਲਗਾਇਆ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਬਾਬਾ ਮੋਨੀ ਜੀ ਮਹਾਰਾਜ ਗਰੁੱਪ ਆਫ਼ ਕਾਲਜਿਜ਼ ਲਹਿਰਾ ਮੁਹੱਬਤ (ਬਠਿੰਡਾ) ਵਿਖੇ ਆਦੇਸ਼ ਯੂਨੀਵਰਸਿਟੀ ਦੇ ਪਬਲਿਕ ਹੈਲਥ ਡੈਂਟਿਸਟਰੀ ਵਿਭਾਗ ਵੱਲੋਂ ਦੰਦਾਂ ਦਾ ਚੈੱਕਅਪ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਡਾਕਟਰਾਂ ਦੀ ਟੀਮ ਨੇ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਮੁਫ਼ਤ ਸਿਹਤ ਸੰਬੰਧੀ ਜਾਣਕਾਰੀ ਦਿੱਤੀ। ਕੈਂਪ ਦੌਰਾਨ ਵਿਦਿਆਰਥੀਆਂ ਨੂੰ ਮੌਖਿਕ ਸਿਹਤ ਬਾਰੇ ਜਾਗਰੂਕ ਕੀਤਾ ਗਿਆ ਤੇ ਦੰਦਾਂ ਦੀ ਸਫ਼ਾਈ ਨਾਲ ਸਬੰਧਤ ਸਹੀ ਤਰੀਕਿਆਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਡਾ. ਹਰਸ਼ ਨੇ ਕਿਹਾ ਕਿ ਅਜਿਹੇ ਕੈਂਪ ਸਿਹਤ ਸੰਬੰਧੀ ਜਾਗਰੂਕਤਾ ਲਈ ਬਹੁਤ ਹੀ ਜ਼ਰੂਰੀ ਹਨ ਤੇ ਸਮਾਜ ਵਿੱਚ ਨਿਯਮਤ ਤੌਰ 'ਤੇ ਇਸ ਤਰ੍ਹਾਂ ਦੇ ਕੈਂਪ ਲਗਵਾਉਣੇ ਚਾਹੀਦੇ ਹਨ। ਕਾਲਜ ਦੇ ਪ੍ਰਿੰਸੀਪਲ ਡਾ. ਰਜਨੀ ਚੌਧਰੀ ਨੇ ਡਾਕਟਰਾਂ ਦੀ ਟੀਮ ਦਾ ਧੰਨਵਾਦ ਕੀਤਾ ਤੇ ਵਿਦਿਆਰਥੀਆਂ ਨੂੰ ਕੈਂਪ ਵਿੱਚ ਭਾਗ ਲੈਣ ਲਈ ਉਤਸ਼ਾਹਤ ਕੀਤਾ।

## ਕੌਮੀ ਸ਼ਹੀਦਾਂ ਨੂੰ ਸਮਰਪਤ ਨਾਟਕ ਮੇਲੇ 3 ਨੂੰ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਲੋਕ ਚੇਤਨਾ ਕਲਾ ਤੇ ਸਾਹਿਤ ਮੰਚ ਦੇ ਸਹਿ-ਸੰਯੋਜਕ ਸੋਹਨ ਸਿੰਘ ਰੰਧਾਵਾ ਨੇ ਦੱਸਿਆ ਕਿ ਆਜ਼ਾਦੀ ਅੰਦੋਲਨ ਦੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹਾਦਤ ਨੂੰ ਸਮਰਪਤ ਅਤੇ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਦੀ ਯਾਦ ਵਿੱਚ ਨਾਟਕ ਮੇਲੇ 3 ਅਪ੍ਰੈਲ ਨੂੰ ਦਿਨ ਵਿੱਚ ਪਿੰਡ ਦੇਸੂ ਮਲਕਾਨਾ ਤੇ ਰਾਤ ਨੂੰ ਪਿੰਡ ਬੀਰੂਵਾਲਾ ਗੁੜ੍ਹਾ ਵਿੱਚ ਕਰਵਾਏ ਜਾ ਰਹੇ ਹਨ। ਇਹ ਜਾਣਕਾਰੀ ਦਿੰਦਿਆਂ ਸੋਹਨ ਸਿੰਘ ਰੰਧਾਵਾ ਨੇ ਦੱਸਿਆ ਕਿ ਆਜ਼ਾਦੀ ਅੰਦੋਲਨ ਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨਾ ਤੇ ਉਨ੍ਹਾਂ ਦੇ ਵਿਚਾਰਾਂ ਅਤੇ ਸਮਝ ਨੂੰ ਨੌਜਵਾਨਾਂ ਵਿੱਚ ਲੈ ਕੇ ਜਾਣਾ ਅੱਜ ਦਾ ਬਹੁਤ ਮਹੱਤਵਪੂਰਨ ਕੰਮ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਫਿਰਕੂ ਦੌਰ ਵਿੱਚ ਅਮਰ ਸ਼ਹੀਦਾਂ ਦੇ ਵਿਚਾਰਾਂ ਨੂੰ ਦਰਕਿਨਾਰ ਕੀਤਾ ਜਾ ਰਿਹਾ ਹੈ। ਤਰਕਸ਼ੀਲ ਆਗੂ ਅਜਾਇਬ ਸਿੰਘ ਜਲਾਲਆਣਾ ਦਾ ਕਹਿਣਾ ਸੀ ਕਿ ਸਾਡਾ ਯਤਨ ਹੈ ਕਿ ਸ਼ਹੀਦਾਂ ਦੇ ਵਿਚਾਰਾਂ ਨੂੰ ਨਾਟਕਾਂ ਤੇ ਸੈਮੀਨਾਰਾਂ ਰਾਹੀਂ ਆਮ ਲੋਕਾਂ ਤੱਕ ਪਹੁੰਚਾਇਆ ਜਾਵੇ। ਉਨ੍ਹਾਂ ਦੱਸਿਆ ਕਿ ਇਹ ਪ੍ਰੋਗਰਾਮ 3 ਅਪ੍ਰੈਲ ਨੂੰ ਦਿਨ ਵਿੱਚ ਸਿਰਸਾ ਜ਼ਿਲ੍ਹੇ ਦੇ ਪਿੰਡ ਦੇਸੂ ਮਲਕਾਨਾ ਤੇ ਰਾਤ ਨੂੰ ਪਿੰਡ ਬੀਰੂਵਾਲਾ ਗੁੜ੍ਹਾ ਵਿੱਚ ਕੀਤੇ ਜਾਣਗੇ। ਇਸ ਪ੍ਰੋਗਰਾਮ ਵਿੱਚ ਪੰਜਾਬੀ ਨਾਟਕਾਂ ਦੇ ਬਾਬਾ ਬੋਹੜ ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ ਦੀ ਨਾਟਕ ਟੀਮ ਦੇ ਵਾਰਿਸ ਚੰਡੀਗੜ੍ਹ ਸਕੂਲ ਆਫ ਡਰਾਮਾ ਦੇ ਕਲਾਕਾਰ ਤੇ ਟੀਮ ਨਿਰਦੇਸ਼ਕ ਇਕੱਤਰ ਸਿੰਘ ਵੱਲੋਂ ਨਸ਼ਿਆਂ, ਸੰਪਰਦਾਇਕਤਾ ਤੇ ਸ਼ਹੀਦਾਂ ਨਾਲ ਸੰਬੰਧਤ ਨਾਟਕ ਅਤੇ ਕੋਰੀਓਗਰਾਫੀਆਂ ਦਾ ਮੰਚਨ ਕੀਤਾ ਜਾਵੇਗਾ। ਇਸ ਦੌਰਾਨ ਪੁਸਤਕ ਪ੍ਰਦਰਸ਼ਨੀਆਂ ਵੀ ਹੋਣਗੀਆਂ ਤੇ ਬੁਲਾਰੇ ਕੌਮੀ ਸ਼ਹੀਦਾਂ ਦੇ ਵਿਚਾਰਾਂ ਤੇ ਜੀਵਨ ਉਦੇਸ਼ਾਂ ਬਾਰੇ ਵਿਚਾਰ ਰੱਖਣਗੇ।

# ਸਪੀਕਰ ਸੰਧਵਾਂ ਵੱਲੋਂ ਖੇਡ ਸਟੇਡੀਅਮ ਦੇ ਕੰਮ ਦਾ ਨਿਰੀਖਣ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਸਪੀਕਰ ਪੰਜਾਬ ਵਿਧਾਨ ਸਭਾ ਸ. ਕੁਲਤਾਰ ਸਿੰਘ ਸੰਧਵਾਂ ਵੱਲੋਂ ਪਿੰਡ ਪੱਕਾ ਵਿਖੇ ਲਗਭਗ 54 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਜਾ ਰਹੇ ਖੇਡ ਸਟੇਡੀਅਮ ਦੇ ਚੱਲ ਰਹੇ ਕੰਮਾਂ ਦਾ ਨਿਰੀਖਣ ਕੀਤਾ ਗਿਆ।ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਕੰਮ ਨੂੰ ਸਮੇਂ ਸਿਰ ਤੇ ਉੱਚ ਗੁਣਵੱਤਾ ਨਾਲ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।ਇਸ ਮੌਕੇ ਗੱਲਬਾਤ ਕਰਦਿਆਂ ਸਪੀਕਰ ਸ੍. ਸੰਧਵਾਂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਰਾਜ ਵਿੱਚ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਜਿਸ ਨਾਲ ਪੰਜਾਬ ਤਰੱਕੀ ਦੀਆਂ ਨਵੀਆਂ ਮੰਜ਼ਿਲਾਂ ਵੱਲ ਵਧ ਰਿਹਾ ਹੈ।ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਖੇਡ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ।ਉਨ੍ਹਾਂ ਹੋਰ ਦੱਸਿਆ ਕਿ ਪਿੰਡ ਪੱਕਾ ਤੋਂ ਇਲਾਵਾ ਹਲਕਾ ਕੋਟਕਪੂਰਾ ਵਿੱਚ 27 ਹੋਰ ਖੇਡ ਸਟੇਡੀਅਮ ਤਿਆਰ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿੱਚ ਆਧੁਨਿਕ ਸੁਵਿਧਾਵਾਂ ਜਿਵੇਂ ਕਿ ਲਾਈਟਾਂ, ਪਾਣੀ ਦੀਆਂ ਪਾਈਪਾਂ, ਬਾਥਰੂਮ ਤੇ ਹੋਰ ਜ਼ਰੂਰੀ ਸਹੂਲਤਾਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ।ਸਪੀਕਰ ਸ੍. ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਰ ਵਰਗ ਦੀ ਭਲਾਈ ਲਈ ਵੱਖ-ਵੱਖ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਦੇ ਤਹਿਤ ਲੋਕਾਂ ਨੂੰ ਮੁਫਤ ਬਿਜਲੀ, ਮੁਫਤ ਸਿਹਤ ਸਹੂਲਤਾਂ, ਬੱਸ ਕਿਰਾਏ ਵਿੱਚ ਰਾਹਤ, ਸਰਕਾਰੀ ਸਕੂਲਾਂ ਵਿੱਚ ਮੁਫਤ ਸਿੱਖਿਆ ਤੇ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਵਰਗੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਇਨ੍ਹਾਂ ਯੋਜਨਾਵਾਂ ਨਾਲ ਲੋਕਾਂ ਨੂੰ ਹਰ ਮਹੀਨੇ ਲਗਭਗ 14 ਹਜ਼ਾਰ ਰੁਪਏ ਤੱਕ ਦਾ ਸਿੱਧਾ ਲਾਭ ਮਿਲ ਰਿਹਾ ਹੈ।ਇਸ ਮੌਕੇ ਸ੍. ਮਨਪ੍ਰੀਤ ਸਿੰਘ ਧਾਲੀਵਾਲ ਪੀ.ਆਰ.ਓ, ਸ. ਸੁਖਵੰਤ ਸਿੰਘ ਪੱਕਾ, ਸ੍ਰੀ ਗੈਰੀ ਵੜਿੰਗ, ਸਰਪੰਚ ਗੁਰਸੇਵਕ ਸਿੰਘ, ਬੱਬੂ ਸੇਖੋਂ, ਸੀਪਾ ਸਰਾਂ, ਪ੍ਰਗਟ ਸਿੰਘ, ਲਵਪ੍ਰੀਤ ਸ਼ਰਮਾ, ਗੁਰਮੀਤ ਸਿੰਘ, ਨਿਸ਼ਾਨ ਸਿੰਘ, ਨਿਰਮਲ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## ਡਾ. ਦਾਰਾ ਸਿੰਘ ਨੇ ਮੁੱਖ ਖੇਤੀਬਾੜੀ ਅਫਸਰ ਦਾ ਅਹੁਦਾ ਸੰਭਾਲਿਆ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ, ਪੰਜਾਬ ਦੇ ਡਿਪਟੀ ਡਾਇਰੈਕਟਰ ਡਾ. ਦਾਰਾ ਸਿੰਘ ਨੇ ਮੁੱਖ ਖੇਤੀਬਾੜੀ ਅਫਸਰ ਪਟਿਆਲਾ ਵਜੋਂ ਅਹੁਦਾ ਸੰਭਾਲ ਲਿਆ ਹੈ।ਇਸ ਤੋਂ ਪਹਿਲਾਂ ਡਾ. ਦਾਰਾ ਸਿੰਘ ਜ਼ਿਲ੍ਹਾ ਸਿਖਲਾਈ ਅਫਸਰ ਸ਼ਹੀਦ ਭਗਤ ਸਿੰਘ ਨਗਰ ਵਿਖੇ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ ਤੇ ਹੁਣ ਤੱਕ ਪਿਛਲੇ 26 ਸਾਲਾਂ ਤੋਂ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਿੱਚ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰਦਿਆਂ ਕਿਸਾਨਾਂ ਨੂੰ ਖੇਤੀਬਾੜੀ ਸਬੰਧੀ ਨਵੀਨਤਮ ਜਾਣਕਾਰੀ ਦੇ ਕੇ ਖੇਤੀ ਨੂੰ ਲਾਹੇਵੰਦ ਕਿੱਤਾ ਬਣਾਉਣ ਵਿਚ ਆਪਣਾ ਯੋਗਦਾਨ ਦੇ ਚੁੱਕੇ ਹਨ।ਮੁੱਖ ਖੇਤੀਬਾੜੀ ਅਫਸਰ ਪਟਿਆਲਾ ਡਾ. ਦਾਰਾ ਸਿੰਘ ਨੇ ਕਿਸਾਨ ਹਿੱਤ ਵਿਚ ਝੋਨੇ ਦੀ ਸਿੱਧੀ ਬਿਜਾਈ, ਫਸਲੀ ਵਿਭਿੰਨਤਾ ਤੇ ਖਾਦਾਂ ਦੀ ਵਰਤੋਂ ਘੱਟ ਕਰਨ ਦੀ ਅਪੀਲ ਕੀਤੀ ਤੇ ਕਿਹਾ ਕਿ ਕਿਸਾਨ ਬਲਾਕ ਪੱਧਰ 'ਤੇ ਸਥਿਤ ਖੇਤੀਬਾੜੀ ਦਫਤਰਾਂ ਵਿੱਚ ਪਹੁੰਚ ਕਰਕੇ ਆਪਣੀ ਕਿਸਾਨ ਆਈ ਡੀ ਬਣਾਉਣ ਤਾਂ ਜੋ ਭਵਿੱਖ ਵਿੱਚ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਵਾਂ ਦਾ ਲਾਭ ਪ੍ਰਾਪਤ ਕਰ ਸਕਣ।ਇਸ ਮੌਕੇ ਜ਼ਿਲ੍ਹੇ ਦੇ ਵੱਖ-ਵੱਖ ਬਲਾਕ ਖੇਤੀਬਾੜੀ ਅਫਸਰ, ਖੇਤੀਬਾੜੀ ਵਿਕਾਸ ਅਫਸਰ, ਖੇਤੀਬਾੜੀ ਵਿਸਥਾਰ ਅਫਸਰ, ਖੇਤੀਬਾੜੀ ਉਪ-ਨਿਰੀਖਕ ਤੇ ਵੱਖ-ਵੱਖ ਵਿੰਗਾਂ ਦੇ ਇੰਚਾਰਜ ਸਾਹਿਬਾਨ ਹਾਜ਼ਰ ਸਨ।

## ਝਾੜ ਸਾਹਿਬ ਕਾਲਜ ਦੀਆਂ ਵਿਦਿਆਰਥਣਾਂ ਯੂਨੀਵਰਸਿਟੀ ਦੀ ਮੈਰਿਟ ਵਿੱਚ



**ਸਮਰਾਲਾ (ਸੁਰਜੀਤ ਸਿੰਘ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਦਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨਿਆ ਬੀ ਐੱਸ ਸੀ ਫੈਸ਼ਨ ਡਿਜ਼ਾਇਨਿੰਗ ਸਮੈਸਟਰ ਤੀਜਾ ਤੇ ਪੰਜਵਾਂ ਦਾ ਨਤੀਜਾ ਸੌ ਫੀਸਦੀ ਰਿਹਾ।ਸਮੈਸਟਰ ਤੀਜੇ ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ ਯੂਨੀਵਰਸਿਟੀ ਪੱਧਰ 'ਤੇ ਤੀਜਾ ਸਥਾਨ ਹਾਸਲ ਕੀਤਾ ਤੇ ਸਮੈਸਟਰ ਪੰਜਵੇਂ ਦੀ ਵਿਦਿਆਰਥਣ ਰਾਜਦੀਪ ਕੌਰ ਨੇ ਯੂਨੀਵਰਸਿਟੀ ਪੱਧਰ 'ਤੇ ਦੂਜਾ ਸਥਾਨ ਪ੍ਰਾਪਤ ਕੀਤਾ।ਸਮੈਸਟਰ ਤੀਜੇ ਵਿੱਚ ਜਸਪ੍ਰੀਤ ਕੌਰ ਨੇ 97.33 ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਖੁਸ਼ਪ੍ਰੀਤ ਕੌਰ ਨੇ 94.83 ਫੀਸਦੀ ਨਾਲ ਦੂਜਾ ਸਥਾਨ ਤੇ ਪੁਨੀਤ ਕੌਰ ਨੇ 94.16 ਫੀਸਦੀ ਅੰਕ ਲੈ ਕੇ ਕਾਲਜ ਵਿੱਚ ਤੀਜਾ ਸਥਾਨ ਹਾਸਲ ਕੀਤਾ।ਸਮੈਸਟਰ ਪੰਜਵੇਂ ਵਿੱਚ ਰਾਜਦੀਪ ਕੌਰ ਨੇ 96.06 ਫੀਸਦੀ ਨਾਲ ਪਹਿਲਾ ਸਥਾਨ, ਗੁਰਲੀਨ ਕੌਰ ਨੇ 92.7 ਫੀਸਦੀ ਨਾਲ ਦੂਜਾ ਸਥਾਨ ਤੇ ਨਵਜੋਤ ਕੌਰ ਨੇ 88.3 ਫੀਸਦੀ ਅੰਕ ਲੈ ਕੇ ਕਾਲਜ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਤੋਂ ਇਲਾਵਾ ਸਮੈਸਟਰ ਪਹਿਲੇ ਵਿੱਚ ਜਸਪ੍ਰੀਤ ਕੌਰ ਨੇ ਯੂਨੀਵਰਸਿਟੀ ਪੱਧਰ 'ਤੇ ਤੀਜਾ ਸਥਾਨ ਤੇ ਮਹਿਕਪ੍ਰੀਤ ਕੌਰ ਨੇ ਵੀ ਤੀਜਾ ਸਥਾਨ ਹਾਸਲ ਕੀਤਾ।ਸਮੈਸਟਰ ਦੂਜੇ ਵਿੱਚ ਅਮਨਦੀਪ ਕੌਰ ਨੇ ਯੂਨੀਵਰਸਿਟੀ ਪੱਧਰ 'ਤੇ ਪੰਜਵਾਂ ਸਥਾਨ ਹਾਸਲ ਕੀਤਾ।ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ, ਉਨ੍ਹਾਂ ਦੇ ਮਾਤਾ-ਪਿਤਾ ਤੇ ਅਧਿਆਪਕਾਂ ਸੁਸ਼੍ਰੀ ਹਰਪ੍ਰੀਤ ਕੌਰ ਤੇ ਸੁਸ਼੍ਰੀ ਸੁਖਨਪ੍ਰੀਤ ਕੌਰ ਨੂੰ ਵਧਾਈ ਦਿੱਤੀ।ਫੈਸ਼ਨ ਡਿਜ਼ਾਇਨਿੰਗ ਕੋਰਸ ਵਿਦਿਆਰਥਣਾਂ ਨੂੰ ਆਤਮਨਿਰਭਰ ਬਣਾਉਣ ਲਈ ਬਹੁਤ ਮਦਦਗਾਰ ਸਾਬਿਤ ਹੋ ਰਿਹਾ ਹੈ।

# ਸਤਨਾਮ ਸਿੰਘ ਭੰਡਾਰੀ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀ



**ਜਗਰਾਉਂ (ਸੰਜੀਵ ਅਰੋੜਾ)**

ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀ ਗੇਟ ਦੇ ਪ੍ਰਧਾਨ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਤੇ ਸੀਨੀਅਰ ਅਕਾਲੀ ਆਗੂ ਦੀਪਇੰਦਰ ਸਿੰਘ ਭੰਡਾਰੀ ਦੇ ਸਤਿਕਾਰਯੋਗ ਚਾਚਾ ਜੀ ਸਵ: ਸਤਨਾਮ ਸਿੰਘ ਭੰਡਾਰੀ, ਜਿਨ੍ਹਾਂ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ। ਉਨ੍ਹਾਂ ਨਮਿਤ ਰੱਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਤੇ ਅੰਤਿਮ ਅਰਦਾਸ ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀ ਗੇਟ ਵਿਖੇ ਹੋਈ, ਜਿੱਥੇ ਵੱਡੀ ਗਿਣਤੀ 'ਚ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਰਾਜਨੀਤੀ ਪਾਰਟੀਆਂ, ਸਮਾਜ ਸੇਵੀ ਤੇ ਧਾਰਮਿਕ ਸੰਸਥਾਵਾਂ ਵੱਲੋਂ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਨੂੰ ਪੱਗ ਭੇਟ ਕੀਤੀ ਗਈ। ਇਸ ਮੌਕੇ ਅਕਾਲੀ ਦਲ ਦੀ ਕੋਰ ਕਮੇਟੀ ਮੈਂਬਰ ਐੱਸ. ਆਰ. ਕਲੇਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਭੰਡਾਰੀ ਪਰਵਾਰ ਜਿੱਥੇ ਰਾਜਨੀਤੀ 'ਚ ਵਿਚਰ ਰਿਹਾ ਹੈ, ਉਥੇ ਧਾਰਮਿਕ ਕਾਰਜਾਂ 'ਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦਾ ਹੈ। ਉਨ੍ਹਾਂ ਕਿਹਾ ਕਿ ਸਵ: ਸਤਨਾਮ ਸਿੰਘ ਭੰਡਾਰੀ ਧਾਰਮਿਕ ਵਿਚਾਰਾਂ ਦੇ ਧਾਰਨੀ ਸਨ, ਜਿਨ੍ਹਾਂ ਨੇ ਹਮੇਸ਼ਾ ਕਿਰਤ ਕੀਤੀ ਤੇ ਆਪਣੇ ਪਰਵਾਰ ਦਾ ਪਾਲਣ ਪੋਸ਼ਣ ਕੀਤਾ। ਸਟੇਜ ਦੀ ਭੂਮਿਕਾ ਅਪਾਰ ਸਿੰਘ ਤੇ ਇੰਦਰਪਾਲ ਸਿੰਘ ਵਛੇਰ ਨੇ ਨਿਭਾਈ।

ਇਸ ਮੌਕੇ ਸਾਬਕਾ ਚੇਅਰਮੈਨ ਕੰਵਲਜੀਤ ਸਿੰਘ ਮੱਲ੍ਹਾ, ਅਕਾਲੀ ਦਲ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਚੰਦ ਸਿੰਘ ਡੱਲਾ, ਸਰਪੰਚ ਬਿੰਦਰ ਮਨੀਲਾ, ਪ੍ਰੋ: ਸੁਖਵਿੰਦਰ ਸਿੰਘ, ਸਾਬਕਾ ਪ੍ਰਧਾਨ ਜਤਿੰਦਰਪਾਲ ਰਾਣਾ, ਸੁਖਵਿੰਦਰ ਸਿੰਘ ਲੋਕ ਨਾਥ ਚੈਨਲ, ਪਹਿਰੇਦਾਰ ਅਖ਼ਬਾਰ ਦੇ ਮੁੱਖ ਸੰਪਾਦਕ ਰਿਸ਼ਬਦੀਪ ਸਿੰਘ ਹੇਰਾਂ, ਸਰਪੰਚ ਜਸਵੀਰ ਸਿੰਘ ਦੇਹੜਕਾ, ਕਾਰਜ ਸਾਧਕ ਅਫ਼ਸਰ ਅਮਰਿੰਦਰ ਸਿੰਘ, ਰਾਜੇਸ਼ਇੰਦਰ ਸਿੰਘ ਸਿੱਧੂ, ਹਰਦੇਵ ਸਿੰਘ ਬੌਬੀ, ਕਾਰਜਕਾਰੀ ਪ੍ਰਧਾਨ ਕੰਵਰਪਾਲ ਸਿੰਘ, ਕੌਂਸਲਰ ਸਤੀਸ਼ ਕੁਮਾਰ ਪੱਪੂ, ਅਜੀਤ ਸਿੰਘ ਠੁਕਰਾਲ, ਸੁਖਵਿੰਦਰ ਸਿੰਘ ਭਸੀਣ, ਕਰਮਜੀਤ ਸਿੰਘ ਕੈਂਥ, ਸਾਜਨ ਮਲਹੋਤਰਾ, ਤਿਰਲੋਕ ਸਿੰਘ ਸਿਡਾਨਾ, ਵਰਿੰਦਰ ਸਿੰਘ ਕਲੇਰ, ਰਵਿੰਦਰ ਕੁਮਾਰ ਸੱਭਰਵਾਲ, ਸਰਪ੍ਰੀਤ ਸਿੰਘ ਕਾਉਂਕੇ, ਪਰਮਜੀਤ ਸਿੰਘ ਪੰਮਾ, ਸਰਪੰਚ ਸ਼ਿਵਰਾਜ ਸਿੰਘ, ਐਡਵੋਕੇਟ ਮਹਿੰਦਰ ਸਿੰਘ ਸਿੱਧਵਾਂ, ਲੋਕ ਸੇਵਾ ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਜਸਪਾਲ ਸਿੰਘ ਛਾਬੜਾ ਆਦਿ ਤੋਂ ਇਲਾਵਾ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਆਗੂ ਤੇ ਸ਼ਹਿਰ ਵਾਸੀ ਵੱਡੀ ਗਿਣਤੀ 'ਚ ਹਾਜ਼ਰ ਸਨ।

## ਦੇਸ਼ ਭਗਤ ਯਾਦਗਾਰ ਵਿਖੇ ਵਿਚਾਰ ਚਰਚਾ ਅੱਜ

**ਲੌਂਗੋਵਾਲ (ਪ੍ਰਦੀਪ ਸੱਪਲ)**-ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਵਸ ਤੇ ਸਥਾਨਕ ਲਾਇਬ੍ਰੇਰੀ ਵਿਖੇ 'ਸ਼ਹੀਦ ਏ ਆਜ਼ਮ ਭਗਤ ਸਿੰਘ ਤੇ ਸਾਥੀਆਂ ਦੀ ਵਿਚਾਰਧਾਰਾ' 'ਤੇ ਵਿਚਾਰ ਚਰਚਾ ਦਾ ਆਯੋਜਨ 29 ਮਾਰਚ ਨੂੰ 10 ਵਜੇ ਹੋਵੇਗਾ। ਸੰਸਥਾ ਸਕੱਤਰ ਜੁਝਾਰ ਲੌਂਗੋਵਾਲ ਤੇ ਪ੍ਰਧਾਨ ਬਲਬੀਰ ਲੌਂਗੋਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਿਚਾਰ ਚਰਚਾ ਦਾ ਮਕਸਦ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੇ ਅਸਲੋਂ ਰੂਬਰੂ ਹੋਣਾ ਹੈ।ਅਸਲ ਉਹ ਕਿਸ ਤਰ੍ਹਾਂ ਦੇ ਸਮਾਜ ਦੀ ਕਲਪਨਾ ਕਰਦੇ ਸਨ, ਜਿਸ ਲਈ ਉਹ ਭਰ ਜਵਾਨੀ ਵਿੱਚ ਆਪਣੇ ਲੋਕਾਂ ਲਈ ਬ੍ਰਿਟਿਸ਼ ਬਸਤੀਵਾਦੀ ਰਾਜ ਦੇ ਖਾਤਮੇ ਲਈ ਪੂਰੇ ਵਿਸ਼ਵ ਨੂੰ ਇੱਕ ਜਮਾਤੀ ਸੁਨੇਹਾ ਦੇ ਕੇ ਗਏ।ਇਸ ਮੌਕੇ ਸੰਸਥਾ ਮੀਤ ਪ੍ਰਧਾਨ ਰਣਜੀਤ ਸਿੰਘ, ਖਜ਼ਾਨਚੀ ਅਨਿਲ ਸ਼ਰਮਾ, ਮਾ. ਚੰਦਰ ਸ਼ੇਖਰ, ਕਮਲਜੀਤ ਵਿੱਕੀ, ਗੁਰਮੇਲ ਸਿੰਘ ਤੇ ਗੁਰਜੀਤ ਸਿੰਘ ਹਾਜ਼ਰ ਸਨ।

## ਨੌਜਵਾਨਾਂ ਲਈ 3100 ਨਵੇਂ ਖੇਡ ਗਰਾਊਂਡ ਬਣਾਏ ਜਾ ਰਹੇ : ਚੇਅਰਮੈਨ ਜੱਸੀ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇੰਪਰੂਵਮੈਂਟ ਟਰੱਸਟ ਨਾਭਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਹਲਕੇ ਦੇ ਪਿੰਡ ਉੱਪਲਾਂ ਵਿਖੇ ਯੁਵਕ ਸੇਵਾਵਾਂ ਕਲੱਬ ਵੱਲੋਂ ਕਰਵਾਏ ਗਏ 7ਵੇਂ ਵਾਲੀਬਾਲ ਟੂਰਨਾਮੈਂਟ ਦੌਰਾਨ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਮੌਕੇ ਕੀਤਾ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਨੌਜਵਾਨਾਂ ਦੇ ਖੇਡਣ ਲਈ ਪੰਜਾਬ ਅੰਦਰ ਪਹਿਲੇ ਪੜਾਅ ਅਧੀਨ 3100 ਨਵੇਂ ਖੇਡ ਗਰਾਊਂਡ ਬਣਾਉਣ ਦਾ ਕੰਮ ਜ਼ੋਰਾਂ 'ਤੇ ਚੱਲ ਰਿਹਾ ਹੈ ਤਾਂ ਜੋ ਨੌਜਵਾਨ ਇਨ੍ਹਾਂ ਗਰਾਊਂਡਾਂ ਵਿੱਚ ਜਾ ਕੇ ਆਪਣੀ ਖੇਡ ਦੀ ਪ੍ਰੈਕਟਿਸ ਕਰਕੇ ਅੱਗੇ ਖੇਡਾਂ ਵਿੱਚ ਪੂਰੀ ਤਿਆਰੀ ਦੇ ਨਾਲ ਭਾਗ ਲੈ ਸਕਣ।ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਨਾਭਾ ਹਲਕੇ ਵਿੱਚ ਬਣਾਏ ਜਾ ਰਹੇ 27 ਨਵੇਂ ਖੇਡ ਮੈਦਾਨ ਜ਼ਲਦ ਹੀ ਤਿਆਰ ਕਰਕੇ ਨੌਜਵਾਨਾਂ ਦੇ ਸਪੁਰਦ ਕੀਤੇ ਜਾਣਗੇ, ਜੋ ਨੌਜਵਾਨਾਂ ਨੂੰ ਨਸ਼ਿਆਂ ਤੇ ਸਮਾਜਿਕ ਬੁਰਾਈਆਂ ਤੋਂ ਬਚਾਉਣ ਤੇ ਨਰੋਈ ਸਿਹਤ ਬਣਾਉਣ ਲਈ ਵਰਦਾਨ ਸਾਬਿਤ ਹੋਣਗੇ।ਇਸ ਮੌਕੇ ਪ੍ਰਬੰਧਕ ਨੌਜਵਾਨਾਂ ਵੱਲੋਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਯੂਥ ਆਗੂ ਲਾਡੀ ਖਹਿਰਾ, ਪਰਮਿੰਦਰ ਸਿੰਘ ਭੰਗੂ, ਰਾਜਿੰਦਰ ਸਿੰਘ ਸਰਪੰਚ ਗੁਰਦਿੱਤਪੁਰਾ, ਜਗਜੀਵਨ ਸਿੰਘ ਸਰਪੰਚ ਸੁੱਖੇਵਾਲ, ਕਲੱਬ ਅਹੁਦੇਦਾਰ ਮਨਿੰਦਰ ਸਿੰਘ, ਸ਼ਗਨਦੀਪ ਸਿੰਘ, ਲਵਪ੍ਰੀਤ ਸਿੰਘ, ਪ੍ਰਿੰਸ ਉੱਪਲਾਂ, ਲਾਲੀ ਉੱਪਲਾਂ, ਅਰਸ਼ ਉੱਪਲਾਂ, ਨਵੀ ਉੱਪਲਾਂ, ਲਾਡੀ ਉੱਪਲਾਂ, ਜਸਵਿੰਦਰ ਸਿੰਘ ਨੰਬਰਦਾਰ ਤੇ ਰਿੰਕੂ ਉੱਪਲਾਂ ਆਦਿ ਸਮੇਤ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀ ਤੇ ਖਿਡਾਰੀ ਮੌਜੂਦ ਸਨ।

# ਕੇਂਦਰੀ ਸਿਹਤ ਮੰਤਰੀ ਨੱਢਾ ਨਾਲ ਕੇਂਦਰੀ ਜਾਇੰਟ ਐਕਸ਼ਨ ਕਮੇਟੀ ਦੀ ਮੀਟਿੰਗ

**ਬੇਸਿਕ ਹੈਲਥ ਪ੍ਰੋਵਾਈਡਰਜ਼ ਵਜੋਂ ਸਿਖਲਾਈ ਦੇਣ ਦਾ ਮਿਲਿਆ ਭਰੋਸਾ : ਗੋਇਲ**



**ਮੋਗਾ (ਇਕਬਾਲ ਸਿੰਘ ਖਹਿਰਾ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਦੇ ਸੂਬਾਈ ਪ੍ਰਧਾਨ ਧੰਨਾ ਮੱਲ ਗੋਇਲ ਤੇ ਸਕੱਤਰ ਗੁਰਮੇਲ ਸਿੰਘ ਮਾਛੀਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 25 ਮਾਰਚ ਨੂੰ ਦੇਸ਼ ਭਰ ਦੇ ਤਜਰਬੇਕਾਰ ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦੀਆਂ ਮੰਗਾਂ ਸਬੰਧੀ ਸਾਂਝੀ ਐਕਸ਼ਨ ਕਮੇਟੀ ਦੀ ਅਗਵਾਈ ਚ ਇੱਕ ਵਫ਼ਦ ਕੇਂਦਰੀ ਸਿਹਤ ਮੰਤਰੀ ਜਗਤ ਪ੍ਰਕਾਸ਼ ਨੱਢਾ ਨੂੰ ਨਿਰਧਾਰਿਤ ਮੀਟਿੰਗ ਅਨੁਸਾਰ ਪਾਰਲੀਮੈਂਟ ਹਾਊਸ ਨਵੀਂ ਦਿੱਲੀ ਵਿਖੇ ਮਿਲਿਆ।ਇਸ ਵਿਸ਼ੇਸ਼ ਮੀਟਿੰਗ ਦੌਰਾਨ ਐਕਸ਼ਨ ਕਮੇਟੀ ਦੀਆਂ ਮੁੱਖ ਮੰਗਾਂ 'ਤੇ ਵੱਖ ਵੱਖ ਨੁਕਤਿਆਂ ਮੁਤਾਬਿਕ ਵਿਸਤਾਰਪੂਰਵਕ ਚਰਚਾ ਹੋਈ। ਐਕਸ਼ਨ ਕਮੇਟੀ ਨੇ ਪ੍ਰੈਕਟੀਸ਼ਨਰਜ਼ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਚਰਚਾ ਕਰਦਿਆਂ ਸਰਕਾਰੀ ਤੌਰ ਤੇ ਸਿਹਤ ਸੇਵਾਵਾਂ ਦੇ ਖੇਤਰ ਚ ਚੱਲ ਰਹੀਆਂ ਸੁਵਿਧਾਵਾਂ ਪਲਸ ਪੋਲੀਓ, ਪਰਿਵਾਰ ਨਿਯੋਜਨ, ਵੈਕਸੀਨੇਸ਼ਨ, ਜੱਚਾ-ਬੱਚਾ ਦੀ ਸਿਹਤ ਸੰਭਾਲ ਆਦਿ ਪ੍ਰੋਗਰਾਮਾ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਵਿਸ਼ੇਸ਼ ਉਪਰਾਲਿਆਂ ਦੌਰਾਨ ਸਹਿਯੋਗ ਬਾਰੇ ਮੰਤਰੀ ਸਾਹਿਬ ਨੂੰ ਜਾਣੂ ਕਰਵਾਇਆ ਗਿਆ।ਇਸ ਤੋਂ ਇਲਾਵਾ ਦੇਸ਼ ਦੀ ਵੱਡੀ ਵਸੋਂ ਲਈ ਵਸੀਲਿਆਂ ਦੀ ਅਣਹੋਂਦ ਅਤੇ ਵੱਡੀ ਗਿਣਤੀ ਲੋਕਾਂ ਦੀ ਆਰਥਿਕ ਸਥਿਤੀ ਪ੍ਰਤੀਕੂਲ ਹੋਣ ਕਾਰਨ ਬੇਸਿਕ ਸਿਹਤ ਸੇਵਾਵਾਂ ਦੀ ਭਰਪਾਈ ਕਰਨ ਦੇ ਯਤਨਾਂ ਅਤੇ ਪ੍ਰਾਈਵੇਟ ਮਹਿੰਗੀਆਂ ਸਿਹਤ ਸੇਵਾਵਾਂ ਲੈਣ ਤੋਂ ਅਸਮੱਰਥ ਵੱਡੀ ਅਬਾਦੀ ਦੀ ਲੋੜ ਦੇ ਹਾਣੀ ਇਸ ਕਿੱਤੇ ਨਾਲ ਜੁੜੇ ਲੱਖਾਂ ਦੀ ਗਿਣਤੀ ਲੋਕਾਂ ਦੇ ਭਵਿੱਖ ਨੂੰ ਧਿਆਨ ਹਿੱਤ ਰੱਖਦਿਆਂ ਸਿਹਤ ਸੇਵਾਵਾਂ ਦੇ ਖੇਤਰ 'ਚ ਬਣੇ ਐਨ ਐਮ ਸੀ 2019 ਕਾਨੂੰਨ 'ਚ ਸੋਧ ਕਰਕੇ ਕਮਿਊਨਟੀ ਹੈਲਥ ਪ੍ਰੋਵਾਇਡਰ ਵਜੋਂ ਸਿਖਲਾਈ ਤੇ ਮਾਨਤਾ ਦੀ ਮੁੱਖ ਮੰਗ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਉਕਤ ਨੂੰ ਵੀ ਹੈਲਥ ਪ੍ਰੋਵਾਇਡਰਜ਼ ਵਜੋਂ ਟ੍ਰੇਨਿੰਗ ਦੇ ਕੇ ਮਾਨਤਾ ਦੇਣ ਦੀ ਖੇਚਲ ਕੀਤੀ ਜਾਵੇ।ਆਗੂਆਂ ਨੇ ਦੱਸਿਆ ਕਿ ਮੀਟਿੰਗ ਬਹੁਤ ਹੀ ਖੁਸ਼ ਗਵਾਰ ਤੇ ਸੁਖਾਵੇਂ ਮਾਹੌਲ ਵਿੱਚ ਹੋਈ।ਮੀਟਿੰਗ 'ਚ ਕੇਂਦਰੀ ਸਿਹਤ ਮੰਤਰੀ ਦੇ ਨਾਲ ਕੇਂਦਰ ਦੇ ਸਿਵਲ ਐਵੀਏਸ਼ਨ ਮੰਤਰੀ ਕਿਨਜਾਰਾਪੂ ਰਾਮ ਮੋਹਨ ਨਾਇਡੂ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ ਤੇ ਜਲਦੀ ਉਪਰੋਕਤ ਮੰਗਾਂ ਪੂਰੀਆਂ ਕਰਨ ਦਾ ਭਰੋਸਾ ਵੀ ਦਿੱਤਾ ਗਿਆ।ਇਸ ਸਮੇਂ ਆਂਧਰਾ, ਤੇਲੰਗਾਨਾ, ਪੰਜਾਬ, ਬਿਹਾਰ, ਹਰਿਆਣਾ, ਗੁਜਰਾਤ, ਉਤਰ ਪ੍ਰਦੇਸ਼, ਰਾਜਸਥਾਨ, ਮੱਧ ਪ੍ਰਦੇਸ਼ ਆਦਿ ਰਾਜਾਂ ਦੇ ਆਲ ਇੰਡੀਆ ਬੇਸਿਕ ਹੈਲਥ ਪ੍ਰੋਵਾਇਡਰਜ਼ ਐਸੋਸੀਏਸ਼ਨ ਦੇ ਅਹੁਦੇਦਾਰਾਂ 'ਚੋਂ ਪ੍ਰਧਾਨ ਟੀ ਡੀ ਜਨਾਰਦਨ, ਚੇਅਰਮੈਨ ਡਾ. ਜੀ ਕੇ ਗੋਬਿੰਦਾ ਰੈਡੀ, ਵਾਇਸ ਚੇਅਰਮੈਨ, ਵਾਇਸ ਚੇਅਰਮੈਨ ਆਂਸੂ ਤਿਵਾੜੀ, ਕਨਵੀਨਰ ਵੀ.ਬੀ.ਟੀ. ਰਾਜੂ, ਵਾਇਸ ਚੇਅਰਮੈਨ ਸੀ ਐੱਸ ਰਾਉ, ਵਾਇਸ ਚੇਅਰਮੈਨ ਓ ਪੀ ਮਿਸ਼ਰਾ, ਬਾਲਾ ਸ੍ਰੀਨਿਵਾਸੁ ਰਾਉ, ਪੁਲਗਮ ਮੋਹਨ, ਯੂ ਬਾਲਾ ਥਾਮੀ ਰਾਜੂ, ਸੁਧਾਕਰ ਆਦਿ ਵਫ਼ਦ 'ਚ ਹਾਜ਼ਰ ਸਨ।ਇਸ ਮੌਕੇ ਆਗੂਆਂ ਨੇ ਸਿਹਤ ਮੰਤਰੀ ਤੇ ਸਿਵਲ ਐਵੀਏਸ਼ਨ ਮੰਤਰੀ ਦਾ ਧੰਨਵਾਦ ਕਰਦਿਆਂ ਉਮੀਦ ਪ੍ਰਗਟਾਈ ਕਿ ਐਕਸ਼ਨ ਕਮੇਟੀ ਦੀਆਂ ਮੰਗਾਂ ਮੰਤਰੀ ਸਾਹਿਬਾਨਾਂ ਵੱਲੋਂ ਜਲਦੀ ਪੂਰੀਆਂ ਕੀਤੀਆਂ ਜਾਣਗੀਆਂ।

## ਮੰਡੀ ਅਰਨੀਵਾਲਾ 'ਚ ਐੱਲ ਪੀ ਜੀ ਗੈਸ ਦੀ ਚੈਕਿੰਗ



**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਮੰਡੀ ਅਰਨੀਵਾਲਾ ਵਿੱਚ ਖੁਰਾਕ ਤੇ ਸਪਲਾਈ ਵਿਭਾਗ ਵੱਲੋਂ ਵਪਾਰਕ ਅਦਾਰਿਆਂ 'ਤੇ ਐੱਲ ਪੀ ਜੀ ਗੈਸ ਸਿਲੰਡਰਾਂ ਦੀ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ।ਇਹ ਚੈਕਿੰਗ ਖੁਰਾਕ ਤੇ ਸਪਲਾਈ ਵਿਭਾਗ ਅਫਸਰ ਫਾਜ਼ਿਲਕਾ ਰਵਿੰਦਰ ਸਿੰਘ ਬਰਾੜ ਦੀ ਅਗਵਾਈ ਹੇਠ ਕੀਤੀ ਗਈ।ਇਸ ਦੌਰਾਨ ਉਨ੍ਹਾਂ ਦੀ ਟੀਮ ਵਿੱਚ ਇੰਸਪੈਕਟਰ ਸੰਦੀਪ ਕੁਮਾਰ ਛਾਬੜਾ, ਇੰਸਪੈਕਟਰ ਗਗਨਦੀਪ ਗਾਂਧੀ, ਇੰਸਪੈਕਟਰ ਰਾਜਵਿੰਦਰ ਪਾਲ ਸਿੰਘ ਤੇ ਇੰਸਪੈਕਟਰ ਗੁਰਵਿੰਦਰ ਸਿੰਘ ਵੀ ਮੌਜੂਦ ਰਹੇ।ਚੈਕਿੰਗ ਦਾ ਮੁੱਖ ਮਕਸਦ ਵਪਾਰਕ ਸਥਾਨਾਂ 'ਤੇ ਘਰੇਲੂ ਐੱਲ ਪੀ ਜੀ ਸਿਲੰਡਰਾਂ ਦੀ ਗੈਰਕਾਨੂੰਨੀ ਵਰਤੋਂ ਨੂੰ ਰੋਕਣਾ ਸੀ।ਇਸ ਮੁਹਿੰਮ ਦੌਰਾਨ ਦੋ ਅਜਿਹੇ ਮਾਮਲੇ ਸਾਹਮਣੇ ਆਏ, ਜਿੱਥੇ ਕਮਰਸ਼ੀਅਲ ਵਰਤੋਂ ਲਈ ਘਰੇਲੂ ਸਿਲੰਡਰ ਵਰਤੇ ਜਾ ਰਹੇ ਸਨ।ਵਿਭਾਗ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਦੋ ਸਿਲੰਡਰ ਜ਼ਬਤ ਕਰ ਲਏ ਗਏ। ਅਧਿਕਾਰੀਆਂ ਨੇ ਦੱਸਿਆ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਚੈਕਿੰਗ ਮੁਹਿੰਮਾਂ ਜਾਰੀ ਰਹਿਣਗੀਆਂ ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਵਪਾਰੀਆਂ ਨੂੰ ਅਪੀਲ ਕੀਤੀ ਕਿ ਉਹ ਕਾਨੂੰਨੀ ਨਿਯਮਾਂ ਦੀ ਪਾਲਣਾ ਕਰਨ ਤੇ ਸਿਰਫ਼ ਕਮਰਸ਼ੀਅਲ ਵਰਤੋਂ ਲਈ ਮਨਜ਼ੂਰਸ਼ੁਦਾ ਸਿਲੰਡਰਾਂ ਦੀ ਹੀ ਵਰਤੋਂ ਕਰਨ।

## ਯੂਰੀਆ ਤੇ ਡੀ ਏ ਪੀ ਦੀ ਉਪਲੱਬਧਤਾ ਸੰਬੰਧੀ ਡੀਲਰਾਂ ਨਾਲ ਮੀਟਿੰਗ

**ਬਠਿੰਡਾ (ਬਖਤੌਰ ਢਿੱਲੋਂ)**-ਬਲਾਕ ਬਠਿੰਡਾ ਦੇ ਪੈਸਟੀਸਾਈਡਜ਼ ਐਸੋਸੀਏਸ਼ਨ ਬਠਿੰਡਾ ਦੇ ਸਮੂਹ ਡੀਲਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਮੁੱਖ ਖੇਤੀਬਾੜੀ ਅਫ਼ਸਰ ਸ੍ਰੀ ਹਰਬੰਸ ਸਿੰਘ ਬਠਿੰਡਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਹਾਇਕ ਪੌਦਾ ਸੁਰੱਖਿਆ ਅਫ਼ਸਰ ਸ੍ਰੀ ਦਵਿੰਦਰ ਸਿੰਘ ਤੇ ਖੇਤੀਬਾੜੀ ਅਫ਼ਸਰ ਬਲਾਕ ਬਠਿੰਡਾ ਸ੍ਰੀ ਹਰਜਸ ਸ਼ਰਮਾ ਤੇ ਬਲਾਕ ਦੀ ਸਮੁੱਚੀ ਟੀਮ ਵੀ ਸ਼ਾਮਲ ਸੀ। ਮੀਟਿੰਗ ਵਿੱਚ ਯੂਰੀਆ ਤੇ ਡੀ ਏ ਪੀ ਦੀ ਉਪਲੱਬਧਤਾ ਸੰਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਦੌਰਾਨ ਡੀਲਰਾਂ ਨੂੰ ਖਾਦ, ਬੀਜ ਤੇ ਪੈਸਟੀਸਾਈਡ ਦੀ ਵਿਕਰੀ ਤੇ ਸਟਾਕ ਕਰਨ ਸੰਬੰਧੀ ਹਰ ਪਹਿਲੂ ਨੂੰ ਧਿਆਨ ਰੱਖਣ ਦੀ ਹਦਾਇਤ ਕੀਤੀ ਗਈ, ਤਾਂ ਜੋ ਖਾਦਾਂ ਦੇ ਸਟਾਕ ਵਿੱਚ ਹੋ ਰਹੀ ਕਾਲਾਬਜ਼ਾਰੀ ਤੇ ਟੈਗਿੰਗ ਨੂੰ ਸਖ਼ਤੀ ਨਾਲ ਰੋਕਿਆ ਜਾ ਸਕੇ। ਮੁੱਖ ਖੇਤੀਬਾੜੀ ਅਫ਼ਸਰ ਨੇ ਕਿਹਾ ਕਿ ਕਿਸਾਨਾਂ ਨੂੰ ਸਹੀ ਵੰਡ ਕੀਤੀ ਜਾਵੇ ਤਾਂ ਜੋ ਕਿਸੇ ਨੂੰ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਯੂਰੀਆ ਤੇ ਡੀ ਏ ਪੀ ਦੀ ਘਾਟ ਨਹੀਂ ਹੈ, ਇਸ ਸੰਬੰਧੀ ਚੱਲ ਰਹੀਆਂ ਅਫ਼ਵਾਹਾਂ 'ਤੇ ਵਿਸ਼ਵਾਸ ਨਾ ਕਰਨ। ਖੇਤੀਬਾੜੀ ਵਿਭਾਗ ਵੱਲੋਂ ਇਸ ਮਾਮਲੇ 'ਤੇ ਪੂਰਾ ਧਿਆਨ ਦਿੱਤਾ ਜਾ ਰਿਹਾ ਹੈ।

## ਸਫਾ 1 ਦੇ ਬਾਕੀ...

### 109 ਨਵੇਂ ਆਮ ਆਦਮੀ ...

ਕਿਉਂਕਿ ਲੋਕ ਉਨ੍ਹਾਂ ਨੂੰ ਜਵਾਬ ਨਹੀਂ ਦੇ ਰਹੇ। ਉਨ੍ਹਾਂ ਦਾ ਏਜੰਡਾ ਲੋਕਾਂ ਦੀ ਭਲਾਈ ਲਈ ਨਹੀਂ, ਸਗੋਂ ਉਨ੍ਹਾਂ ਦੇ ਆਪਣੇ ਪਰਵਾਰਾਂ ਦੀ ਭਲਾਈ ਤੱਕ ਸੀਮਤ ਹੈ। ਸੁਖਬੀਰ ਬਾਦਲ ਸੂਬੇ ਨੂੰ ਲੁੱਟਣ ਲਈ ਸਮੈਕ ਆਰਗੇਨਾਈਜ਼ੇਸ਼ਨ ਆਫ਼ ਇੰਡੀਆ ਦੇ ਆਗੂਆਂ ਨੂੰ ਸਰਪ੍ਰਸਤੀ ਦੇ ਰਹੇ ਹਨ ਅਤੇ ਇਹ ਸਵੀਕਾਰਯੋਗ ਨਹੀਂ।

ਪਿਛਲੀਆਂ ਸਰਕਾਰਾਂ ਬਾਰੇ ਗੱਲ ਕਰਦਿਆਂ ਉਨ੍ਹਾ ਕਿਹਾ, 'ਪ੍ਰਕਾਸ਼ ਸਿੰਘ ਬਾਦਲ ਨੇ ਵੀ ਸੁਖਬੀਰ ਨੂੰ ਸੂਬੇ ਦਾ ਮੁਖੀ ਨਹੀਂ ਬਣਾਇਆ, ਕਿਉਂਕਿ ਉਹ ਜਾਣਦੇ ਸਨ ਕਿ ਉਹ ਪੰਜਾਬ ਨੂੰ ਤਬਾਹ ਕਰ ਦੇਣਗੇ। ਅਕਾਲੀ ਪਾਰਟੀ ਨੂੰ ਕਦੇ ਸ਼ਹੀਦਾਂ ਦੀ ਪਾਰਟੀ ਵਜੋਂ ਜਾਣਿਆ ਜਾਂਦਾ ਸੀ, ਪਰ ਬਾਦਲ ਪਰਵਾਰ ਨੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਸੁੱਟ ਕੇ ਸਾਡੀਆਂ ਪੀੜ੍ਹੀਆਂ ਨੂੰ ਬਰਬਾਦ ਕਰ ਦਿੱਤਾ। ਉਨ੍ਹਾਂ ਆਪਣੇ ਨਿੱਜੀ ਹਿੱਤਾਂ ਲਈ ਸ਼੍ਰੋਮਣੀ ਕਮੇਟੀ ਅਤੇ ਗੁਰਦੁਆਰਿਆਂ ਦੀ ਗੋਲਕ ਦੇ ਪੈਸੇ ਦੀ ਦੁਰਵਰਤੋਂ ਕੀਤੀ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ, ਕੈਬਨਿਟ ਮੰਤਰੀ ਅਮਨ ਅਰੋੜਾ, ਡਾ. ਬਲਬੀਰ ਸਿੰਘ, ਤਰੁਨਪ੍ਰੀਤ ਸਿੰਘ ਸੌਂਦ, ਬਰਿੰਦਰ ਗੋਇਲ, ਗੁਰਮੀਤ ਸਿੰਘ ਖੁੱਡੀਆਂ, ਡਾ. ਰਵਜੋਤ, ਹਰਭਜਨ ਸਿੰਘ ਈ ਟੀ ਓ, ਮੋਹਿੰਦਰ ਭਗਤ ਤੇ ਹੋਰ ਪਤਵੰਤੇ ਮੌਜੂਦ ਸਨ।

### ਸ਼੍ਰੋਮਣੀ ਕਮੇਟੀ ਦੇ ...

ਚਿੰਤਾ ਪ੍ਰਗਟ ਕਰਦਿਆਂ ਅਜਿਹੀਆਂ ਚਾਲਾਂ ਵਿਰੁੱਧ ਇਕਜੁਟ ਹੋਣ ਦੀ ਅਪੀਲ ਕਰਨ, ਪੰਜਾਬ ਸਰਕਾਰ ਵੱਲੋਂ ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025 ਦੇ ਸੰਬੰਧ ਵਿਚ ਅਪਣਾਈ ਜਾ ਰਹੀ ਪਹੁੰਚ ਅਤੇ ਮੁੱਖ ਮੰਤਰੀ ਵੱਲੋਂ ਦਿੱਤੇ ਜਾ ਰਹੇ ਬਿਆਨਾਂ ਨਾਲ ਪੈਦਾ ਹੋ ਰਹੇ ਭਰਮ, ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ, ਏ ਆਈ ਦੀ ਹੋਰ ਰਹੀ ਦੁਰਵਰਤੋਂ 'ਤੇ ਫਿਕਰਮੰਦੀ ਪ੍ਰਗਟ ਕਰਨ ਦੇ ਨਾਲ-ਨਾਲ ਵੱਖ-ਵੱਖ ਸੂਬਿਆਂ ਵਿਚ ਪ੍ਰੀਖਿਆਵਾਂ ਦੌਰਾਨ ਸਿੱਖ ਵਿਦਿਆਰਥੀਆਂ ਨੂੰ ਕਕਾਰ ਉਤਾਰਨ ਲਈ ਮਜਬੂਰ ਕਰਨ, ਪੰਜਾਬ ਵਿਚ ਨੌਜਵਾਨਾਂ ਦੇ ਵਧ ਰਹੇ ਪੁਲਸ ਮੁਕਾਬਲਿਆਂ 'ਤੇ ਫ਼ਿਰਕਮੰਦੀ ਪ੍ਰਗਟ ਕਰਨ, ਗੁਰਦੁਆਰਾ ਕਰਤਾਰਪੁਰ ਸਾਹਿਬ ਪਾਕਿਸਤਾਨ ਦਾ ਲਾਂਘਾ ਮੁੜ ਖੋਲ੍ਹਣ ਅਤੇ ਵਿਦੇਸ਼ਾਂ ਅੰਦਰ ਸਿੱਖਾਂ ਦੀਆਂ ਸਮੱਸਿਆਵਾਂ ਨੂੰ ਨਜਿੱਠਣ ਲਈ ਭਾਰਤ ਸਰਕਾਰ ਨੂੰ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਅਪੀਲ ਸਮੇਤ ਹੋਰ ਮਤੇ ਸ਼ਾਮਲ ਹਨ।

### ਮੋਦੀ 'ਚ ਦੋਸਤ ਨੇਤਨਯਾਹੂ ...

ਵੀ ਖਤਮ ਕਰ ਰਹੀ ਹੈ। ਰਮੇਸ਼ ਨੇ ਕਿਹਾ, 'ਈਰਾਨ 'ਤੇ ਅਮਰੀਕਾ-ਇਜ਼ਰਾਈਲ ਦੀ ਬੰਬਾਰੀ ਮੋਦੀ ਦੇ ਇਜ਼ਰਾਈਲ ਛੱਡਣ ਦੇ ਸਿਰਫ ਦੋ ਦਿਨ ਬਾਅਦ ਸ਼ੁਰੂ ਹੋਈ ਸੀ। ਜੋ ਗੱਲ ਸਮਝ ਨਹੀਂ ਆ ਰਹੀ ਉਹ ਇਹ ਹੈ ਕਿ ਉਨ੍ਹਾ ਦੇ ਉੱਥੇ ਪਹੁੰਚਣ ਤੋਂ ਕੁਝ ਦਿਨ ਪਹਿਲਾਂ ਹੀ ਇਜ਼ਰਾਈਲੀ ਕੈਬਨਿਟ ਨੇ 1967 ਤੋਂ ਬਾਅਦ ਪਹਿਲੀ ਵਾਰ ਕਬਜ਼ੇ ਵਾਲੇ ਪੱਛਮੀ ਕੰਢੇ ਦੇ ਲਗਭਗ ਅੱਧੇ ਹਿੱਸੇ ਵਿੱਚ ਜ਼ਮੀਨ ਰਜਿਸਟ੍ਰੇਸ਼ਨ ਨੂੰ ਮਨਜ਼ੂਰੀ ਦਿੱਤੀ ਸੀ। ਇਸ ਨਾਲ ਲੱਖਾਂ ਫਲਸਤੀਨੀਆਂ ਦੀ ਬੇਦਖਲੀ ਹੋਵੇਗੀ, ਪਰ ਮੋਦੀ ਵਿੱਚ ਆਪਣੇ ਚੰਗੇ ਦੋਸਤ ਬੈਂਜਾਮਿਨ ਨੇਤਨਯਾਹੂ ਦੇ ਸਾਹਮਣੇ ਆਵਾਜ਼ ਉਠਾਉਣ ਅਤੇ ਸੱਚ ਬੋਲਣ ਦੀ ਹਿੰਮਤ ਨਹੀਂ ਹੈ।' ਕਾਂਗਰਸ ਨੇ ਪਿਛਲੇ ਮਹੀਨੇ ਪ੍ਰਧਾਨ ਮੰਤਰੀ ਮੋਦੀ ਦੀ ਇਜ਼ਰਾਈਲ ਯਾਤਰਾ ਦੀ ਵੀ ਸਖ਼ਤ ਆਲੋਚਨਾ ਕੀਤੀ ਸੀ, ਕਿਉਂਕਿ ਉਹ ਦੇਸ਼ ਗਾਜ਼ਾ ਵਿੱਚ ਨਾਗਰਿਕਾਂ 'ਤੇ ਬੇਰਹਿਮੀ ਨਾਲ ਹਮਲੇ ਜਾਰੀ ਰੱਖ ਰਿਹਾ ਸੀ।

ਰਮੇਸ਼ ਨੇ ਕਿਹਾ ਕਿ ਮੋਦੀ ਸਰਕਾਰ ਨੇ ਫਲਸਤੀਨੀਆਂ ਦੇ ਮਕਸਦ ਪ੍ਰਤੀ ਆਪਣੀ ਵਚਨਬੱਧਤਾ 'ਤੇ ਸਿਰਫ ਸਿਆਸੀ ਅਤੇ ਪਖੰਡ ਭਰੇ ਬਿਆਨ ਦਿੱਤੇ ਹਨ, ਪਰ ਅਸਲ ਵਿੱਚ ਉਨ੍ਹਾਂ ਨੂੰ ਬੇਸਹਾਰਾ ਛੱਡ ਦਿੱਤਾ ਹੈ। ਰਮੇਸ਼ ਨੇ ਪਿਛਲੇ ਮਹੀਨੇ ਕਿਹਾ ਸੀ ਕਿ ਕਬਜ਼ੇ ਵਾਲੇ ਪੱਛਮੀ ਕੰਢੇ ਵਿੱਚ ਹਜ਼ਾਰਾਂ ਫਲਸਤੀਨੀਆਂ ਦੀ ਬੇਦਖਲੀ ਅਤੇ ਉਜਾੜਾ ਤੇਜ਼ ਹੋ ਗਿਆ ਹੈ ਅਤੇ ਦੁਨੀਆ ਭਰ ਵਿੱਚ ਇਸ ਦੀ ਨਿੰਦਾ ਹੋ ਰਹੀ ਹੈ।

## ਸੜਕ ਹਾਦਸੇ 'ਚ ਔਰਤ ਦੀ ਮੌਤ, ਇੱਕ ਫੱਟੜ

**ਧੂਰੀ (ਮਨੋਹਰ ਸਿੰਘ ਸੱਗੂ/ਮੋਹਿਤ ਗਰਗ)**-ਸਥਾਨਕ ਸ਼ਹਿਰ ਦੇ ਸੰਗਰੂਰ ਬਾਈਪਾਸ ਨੇੜੇ ਵਾਪਰੇ ਸੜਕ ਹਾਦਸੇ 'ਚ ਇੱਕ ਔਰਤ ਦੀ ਮੌਤ ਹੋ ਗਈ, ਜਦੋਂ ਕਿ ਇੱਕ ਵਿਅਕਤੀ ਫੱਟੜ ਹੋ ਗਿਆ।ਹਾਦਸੇ ਬਾਰੇ ਮਿਲੀ ਜਾਣਕਾਰੀ ਅਨੁਸਾਰ ਧੂਰੀ ਤੋਂ ਪਿੰਡ ਬੇਨੜਾ ਨੂੰ ਜਾ ਰਹੇ ਮੋਟਰਸਾਈਕਲ ਸਵਾਰ ਪਿੱਛੋਂ ਆ ਰਹੇ ਟਿੱਪਰ ਦੀ ਫੇਟ ਦਾ ਸ਼ਿਕਾਰ ਹੋ ਗਏ।ਹਾਦਸੇ ਦੌਰਾਨ ਮੋਟਰਸਾਈਕਲ ਦੇ ਪਿੱਛੇ ਬੈਠੀ ਔਰਤ ਮਨਜੀਤ ਕੌਰ ਦੀ ਮੌਤ ਹੋ ਗਈ, ਜਦੋਂ ਕਿ ਮੋਟਰਸਾਈਕਲ ਚਲਾ ਰਿਹਾ ਅਮਨਦੀਪ ਸਿੰਘ ਫੱਟੜ ਹੋ ਗਿਆ, ਜਿਸ ਨੂੰ ਇਲਾਜ ਲਈ ਸਥਾਨਕ ਸਿਵਲ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮੁਢਲੀ ਡਾਕਟਰੀ ਸਹਾਇਤਾ ਦੇਣ ਤੋਂ ਬਾਅਦ ਛੁੱਟੀ ਦੇ ਦਿੱਤੀ।ਥਾਣਾ ਸਿਟੀ ਧੂਰੀ ਦੇ ਸਹਾਇਕ ਥਾਣੇਦਾਰ ਕਰਮਜੀਤ ਸਿੰਘ ਨੇ ਹਾਦਸੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਫੱਟੜ ਅਮਨਦੀਪ ਸਿੰਘ ਦੇ ਬਿਆਨ ਦੇ ਆਧਾਰ 'ਤੇ ਹਾਦਸੇ ਸਬੰਧੀ ਮੁਕੱਦਮਾ ਦਰਜ ਕਰ ਲਿਆ ਹੈ।

## ਕਿਸਾਨ ਆਗੂ ਭਜਨ ਸਿੰਘ ਢੱਡਰੀਆਂ ਦਾ ਦਿਹਾਂਤ

**ਲੌਂਗੋਵਾਲ (ਪ੍ਰਦੀਪ ਸੱਪਲ)**



ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸੰਗਰੂਰ ਦੇ ਸੀਨੀਅਰ ਮੀਤ ਪ੍ਰਧਾਨ ਸਾਥੀ ਭਜਨ ਸਿੰਘ ਢੱਡਰੀਆਂ ਦਾ ਬੀਤੇ ਦਿਨ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ।ਉਨ੍ਹਾਂ ਦੇ ਪਿੰਡ ਢੱਡਰੀਆਂ ਵਿਖੇ ਅੰਤਿਮ ਸੰਸਕਾਰ ਮੌਕੇ ਵੱਡੀ ਗਿਣਤੀ ਵਿੱਚ ਕਿਸਾਨ ਜਥੇਬੰਦੀਆਂ ਦੇ ਆਗੂਆਂ ਤੇ ਸਬੰਧੀਆਂ ਨੇ ਸ਼ਿਰਕਤ ਕੀਤੀ।

## ਸਰਸ ਮੇਲੇ ਦੀ ਸਫਲਤਾ 'ਚ ਯੋਗਦਾਨ ਪਾਉਣ ਵਾਲੇ ਅਧਿਕਾਰੀ ਤੇ ਕਰਮਚਾਰੀ ਸਨਮਾਨਤ



**ਮਾਨਸਾ (ਆਤਮਾ ਸਿੰਘ ਪਮਾਰ)**-ਅਨਾਜ ਮੰਡੀ ਵਿਖੇ ਲਗਾਏ ਗਏ 10 ਰੋਜ਼ਾ ਸਰਸ ਮੇਲੇ ਦੀ ਸ਼ਾਨਦਾਰ ਸਫਲਤਾ ਤੋਂ ਬਾਅਦ ਡਿਪਟੀ ਕਮਿਸ਼ਨਰ ਮਾਨਸਾ ਸ਼੍ਰੀਮਤੀ ਨਵਜੋਤ ਕੌਰ ਆਈ ਏ ਐੱਸ ਵੱਲੋਂ ਮੇਲੇ ਦੌਰਾਨ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਸਨਮਾਨ ਸਮਾਰੋਹ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਅਨੁਪ੍ਰਿਤਾ ਜੌਹਲ ਤੇ ਮੁੱਖ ਮੰਤਰੀ ਫੀਲਡ ਅਫ਼ਸਰ ਗੁਰਲੀਨ ਕੌਰ ਮੌਜੂਦ ਸਨ।ਇਸ ਮੌਕੇ ਡਿਪਟੀ ਕਮਿਸ਼ਨਰ ਨਵਜੋਤ ਕੌਰ ਨੇ ਕਿਹਾ ਕਿ ਇਸ ਦਸ ਰੋਜ਼ਾ ਮੇਲੇ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ 'ਚ ਜ਼ਿਲ੍ਹਾ ਪ੍ਰਸ਼ਾਸਨ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਦਿਨ-ਰਾਤ ਇੱਕ ਕਰਕੇ ਕੰਮ ਕੀਤਾ।ਉਨ੍ਹਾਂ ਕਿਹਾ ਕਿ ਟੀਮ ਵਰਕ ਤੇ ਸਖ਼ਤ ਮਿਹਨਤ ਸਦਕਾ ਹੀ ਮਾਨਸਾ ਨਿਵਾਸੀਆਂ ਨੂੰ ਇੱਕ ਯਾਦਗਾਰੀ ਮੇਲਾ ਦੇਖਣ ਦਾ ਸੁਭਾਗ ਪ੍ਰਾਪਤ ਹੋਇਆ।ਉਨ੍ਹਾਂ ਕਿਹਾ ਕਿ ਅਧਿਕਾਰੀਆਂ ਤੇ ਕਰਮਚਾਰੀਆਂ ਦਾ ਸਨਮਾਨ ਕਰਨਾ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਲਈ ਜ਼ਰੂਰੀ ਹੈ ਤਾਂ ਜੋ ਉਹ ਭਵਿੱਖ ਵਿੱਚ ਵੀ ਸਰਕਾਰੀ ਸੇਵਾਵਾਂ ਤੇ ਜਨਤਕ ਕੰਮਾਂ ਨੂੰ ਪੂਰੀ ਇਮਾਨਦਾਰੀ ਤੇ ਜੋਸ਼ ਨਾਲ ਨਿਭਾਉਂਦੇ ਰਹਿਣ। ਡੀ ਸੀ ਵੱਲੋਂ ਵੱਖ-ਵੱਖ ਡਿਊਟੀਆਂ 'ਤੇ ਤਾਇਨਾਤ ਅਧਿਕਾਰੀਆਂ ਨੂੰ ਯਾਦਗਾਰੀ ਚਿੰਨ੍ਹ ਤੇ ਪ੍ਰਸ਼ੰਸਾ ਪੱਤਰ ਵੀ ਭੇਟ ਕੀਤੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਸ਼ਾਸਨਕ ਅਧਿਕਾਰੀ ਤੇ ਸਨਮਾਨ ਪ੍ਰਾਪਤ ਕਰਨ ਵਾਲੇ ਕਰਮਚਾਰੀ ਵੀ ਹਾਜ਼ਰ ਸਨ।

## ਹੋਲੀ ਹਾਰਟ ਦੀ ਵਿਦਿਆਰਥਣ ਦਾ ਗੁਰਬਾਣੀ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਲਈ ਇਹ ਬਹੁਤ ਹੀ ਗੌਰਵਮਈ ਪਲ ਹੈ ਕਿ ਸਕੂਲ ਦੀ ਇੱਕ ਨੰਨ੍ਹੀ ਵਿਦਿਆਰਥਣ ਨੇ ਗੁਰਬਾਣੀ ਦੇ ਮੁਕਾਬਲੇ ਵਿੱਚ ਭਾਗ ਲੈ ਕੇ ਆਪਣੀ ਕਾਬਲੀਅਤ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੂਜਾ ਸਥਾਨ ਹਾਸਲ ਕੀਤਾ।ਇਸ ਉਪਲਬਧੀ ਨਾਲ ਨਾ ਸਿਰਫ ਵਿਦਿਆਰਥਣ ਨੇ ਆਪਣੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ ਹੈ, ਸਗੋਂ ਸਕੂਲ ਦੀ ਸ਼ਾਨ ਵਿੱਚ ਵੀ ਵਾਧਾ ਕੀਤਾ ਹੈ।ਇਹ ਮੁਕਾਬਲਾ ਬਹੁਤ ਹੀ ਉੱਚ ਪੱਧਰ ਦਾ ਸੀ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ।ਇਸ ਦੌਰਾਨ ਹੋਲੀ ਹਾਰਟ ਸਕੂਲ ਦੀ ਵਿਦਿਆਰਥਣ ਨੇ ਗੁਰਬਾਣੀ ਦੀ ਸੁਚੱਜੀ ਉਚਾਰਣ, ਭਾਵਨਾ ਤੇ ਵਿਸ਼ਵਾਸ ਨਾਲ ਪ੍ਰਸਤੁਤੀ ਕਰਕੇ ਜੱਜਾਂ ਨੂੰ ਪ੍ਰਭਾਵਿਤ ਕੀਤਾ ਤੇ ਦੂਜਾ ਸਥਾਨ ਪ੍ਰਾਪਤ ਕੀਤਾ।ਸਕੂਲ ਦੇ ਪ੍ਰਿੰਸੀਪਲ ਮੈਡਮ ਤੇ ਸਮੂਹ ਸਟਾਫ ਵੱਲੋਂ ਵਿਦਿਆਰਥਣ ਨੂੰ ਇਸ ਉਪਲਬਧੀ ਲਈ ਦਿਲੋਂ ਵਧਾਈ ਦਿੱਤੀ ਗਈ। ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਕਿਹਾ ਕਿ ਉਹ ਅੱਗੇ ਵੀ ਇਸ ਤਰ੍ਹਾਂ ਬੱਚਿਆਂ ਨੂੰ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਦੇ ਰਹਿਣਗੇ, ਤਾਂ ਜੋ ਉਨ੍ਹਾਂ ਦਾ ਸਰਵਪੱਖੀ ਵਿਕਾਸ ਹੋ ਸਕੇ ਤੇ ਉਹ ਭਵਿੱਖ ਵਿੱਚ ਹੋਰ ਵੱਡੀਆਂ ਉਪਲਬਧੀਆਂ ਹਾਸਲ ਕਰ ਸਕਣ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

# ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਬੱਸ ਰਵਾਨਾ



ਬਟਾਲਾ, (ਡਾ. ਮਲਵਿੰਦਰ ਸਿੰਘ)- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਨਹਿਰੂ ਬਟਾਲਾ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸ਼ਰਧਾਲੂਆਂ ਦੀ ਬੱਸ ਰਵਾਨਾ ਹੋਈ।ਇਸ ਮੌਕੇ ਚੇਅਰਮੈਨ ਮਾਨਿਕ ਮਹਿਤਾ, ਦਵਿੰਦਰ ਸਿੰਘ, ਅੰਕੁਸ਼ ਮਹਿਤਾ, ਜਸਪਾਲ ਸਿੰਘ, ਹਰਮਨ ਸਿੰਘ ਅਤੇ ਬਲਜਿੰਦਰ ਸਿੰਘ ਮੌਜੂਦ ਸਨ।ਤਿੰਨ ਦਿਨਾ ਯਾਤਰਾ ਦੌਰਾਨ ਸ਼ਰਧਾਲੂਆਂ ਨੂੰ ਸ੍ਰੀ ਆਨੰਦਪੁਰ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਵਿਰਾਸਤ -ਏ-ਖਾਲਸਾ, ਸ੍ਰੀ ਕੀਰਤਪੁਰ ਸਾਹਿਬ ਅਤੇ ਮਾਤਾ ਨੈਣਾ ਦੇਵੀ ਦੇ ਦਰਸ਼ਨ ਕਰਵਾਏ ਜਾਣਗੇ।ਬੱਸ ਨੂੰ ਰਵਾਨਾ ਕਰਨ ਉਪਰੰਤ ਗੱਲਬਾਤ ਕਰਦਿਆਂ ਚੇਅਰਮੈਨ ਮਾਨਿਕ ਮਹਿਤਾ ਨੇ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਵੱਲੋਂ ਉਨ੍ਹਾਂ ਦੀ ਡਿਊਟੀ ਲਗਾਈ ਗਈ ਸੀ। ਉਨ੍ਹਾਂ ਨਹਿਰੂ ਗੇਟ ਤੋਂ ਸ਼ਰਧਾਲੂਆਂ ਦੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਉਨ੍ਹਾਂ ਕਿਹਾ ਕਿ ਇਸ ਯੋਜਨਾ ਨਾਲ ਨਾ ਸਿਰਫ਼ ਲੋਕਾਂ ਦੀਆਂ ਆਸਥਾਵਾਂ ਨੂੰ ਮਜ਼ਬੂਤੀ ਮਿਲੀ ਹੈ, ਬਲਕਿ ਸਮਾਜ ਵਿੱਚ ਏਕਤਾ ਅਤੇ ਸਾਂਝ ਨੂੰ ਵੀ ਹੋਰ ਮਜ਼ਬੂਤ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪਵਿੱਤਰ ਅਸਥਾਨਾਂ ਦੀ ਮੁਫ਼ਤ ਯਾਤਰਾ ਦੀ ਸਹੂਲਤ ਦੇ ਕੇ ਪੰਜਾਬੀਆਂ ਵਿੱਚ ਸਮਾਜਿਕ ਅਤੇ ਧਾਰਮਿਕ ਸਦਭਾਵਨਾ ਨੂੰ ਮਜ਼ਬੂਤ ਕਰਨ ਲਈ ਇੱਕ ਵਿਸ਼ੇਸ਼ ਪਹਿਲਕਦਮੀ ਕੀਤੀ ਗਈ ਹੈ।ਉਨ੍ਹਾਂ ਇਹ ਮੁੱਖ ਮੰਤਰੀ ਤੀਰਥ ਯਾਤਰਾ ਨੂੰ ਲੈ ਕੇ ਸਮਾਜ ਦੇ ਹਰ ਵਰਗ ਵਿੱਚ ਖੁਸ਼ੀ ਪਾਈ ਜਾ ਰਹੀ ਹੈ।ਇਸ ਮੌਕੇ ਯਾਤਰਾ 'ਤੇ ਜਾ ਰਹੇ ਸ਼ਰਧਾਲੂਆਂ ਨੇ ਮੁੱਖ ਮੰਤਰੀ ਪੰਜਾਬ ਅਤੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿ ਮੁੱਖ ਮੰਤਰੀ ਤੀਰਥ ਯੋਜਨਾ ਨਾਲ ਲੋਕਾਂ ਵਿੱਚ ਖੁਸ਼ੀ ਵਰਗਾ ਮਾਹੌਲ ਹੈ ਅਤੇ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਬਹੁਤ ਉਤਸ਼ਾਹਿਤ ਹਨ।

## ਸ਼ੈਰੀ ਕਲਸੀ ਵੱਲੋਂ ਮੁਹੱਲਾ ਕਲੀਨਿਕ ਦਾ ਉਦਘਾਟਨ



ਬਟਾਲਾ, (ਡਾ. ਮਲਵਿੰਦਰ ਸਿੰਘ)- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਵੱਲੋਂ ਨਹਿਰੂ ਗੇਟ ਪੁਰਾਣੀ ਸਬਜ਼ੀ ਮੰਡੀ ਦੇ ਸਾਹਮਣੇ ਮੁਹੱਲਾ ਕਲੀਨਿਕ ਦਾ ਉਦਘਾਟਨ ਕੀਤਾ ਗਿਆ।ਆਮ ਆਦਮੀ ਕਲੀਨਿਕ ਨੂੰ ਲੋਕ ਸਮਰਪਿਤ ਕਰਨ ਲਈ ਕਰਵਾਏ ਸਮਾਗਮ ਵਿੱਚ ਵਿਧਾਇਕ ਸ਼ੈਰੀ ਕਲਸੀ ਦੇ ਭਰਾ ਅੰਮ੍ਰਿਤ ਕਲਸੀ, ਐੱਸਐੱਮਓ ਬਟਾਲਾ ਮਨਿੰਦਰਜੀਤ ਸਿੰਘ, ਬਲਬੀਰ ਸਿੰਘ ਬਿੱਟੂ, ਚੇਅਰਮੈਨ ਚਰਨਜੀਤ ਸਿੰਘ ਪਾਰੋਵਾਲ, ਸੁਭਾਸ਼ ਮਹਿਤਾ, ਅੰਕੁਸ਼ ਮਹਿਤਾ, ਗੁਰਪ੍ਰੀਤ ਸਿੰਘ ਰਾਜੂ, ਵਿੱਕੀ ਚੌਹਾਨ, ਹਨੀ ਚੌਹਾਨ, ਵਰੁਣ ਸ਼ਰਮਾ, ਅਮਿਤ ਸੋਢੀ ਅਤੇ ਮੁਹੱਲਾ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ।ਇਸ ਮੌਕੇ ਅੰਮ੍ਰਿਤ ਕਲਸੀ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਆਪਣੀ ਕਾਰਗੁਜ਼ਾਰੀ 'ਤੇ ਖਰ੍ਹੇ ਉਤਰ ਰਹੇ ਹਨ ਅਤੇ ਆਮ ਆਦਮੀ ਕਲੀਨਿਕਾਂ 'ਤੇ ਡਾਕਟਰੀ ਸਲਾਹ ਦੇ ਨਾਲ-ਨਾਲ ਟੈਸਟ ਤੇ ਦਵਾਈਆਂ ਆਦਿ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਚਾਰ ਸਾਲ ਦੇ ਕਾਰਜਕਾਲ ਅੰਦਰ ਸਿਹਤ, ਸਿੱਖਿਆ, ਬਿਜਲੀ ਸਮੇਤ ਵੱਖ-ਵੱਖ ਖੇਤਰਾਂ ਵਿੱਚ ਇਤਿਹਾਸਕ ਫੈਸਲੇ ਲਏ ਹਨ।ਸੂਬੇ ਦੇ 90 ਫੀਸਦੀ ਲੋਕਾਂ ਦੇ ਬਿੱਲ ਜ਼ੀਰੋ ਆ ਰਹੇ ਹਨ।ਕਰੀਬ 65,000 ਤੋਂ ਵੱਧ ਸਰਕਾਰੀ ਨੌਕਰੀਆਂ ਮੈਰਿਟ ਦੇ ਆਧਾਰ 'ਤੇ ਪ੍ਰਦਾਨ ਕੀਤੀਆਂ ਗਈਆਂ ਹਨ।

## ਇੰਡੈਵਰ ਕਾਰ-ਮੋਟਰਸਾਈਕਲ ਹਾਦਸੇ ਦੌਰਾਨ ਪਤੀ-ਪਤਨੀ ਦੀ ਮੌਤ



ਧਾਰੀਵਾਲ, (ਮਨਦੀਪ ਵਿੱਕੀ) ਸ਼ਹਿਰ ਧਾਰੀਵਾਲ ਦੇ ਬਾਹਰਵਾਰ ਪਿੰਡ ਬਿਧੀਪੁਰ ਨੇੜੇ ਨੈਸ਼ਨਲ ਹਾਈਵੇ (ਪਠਾਨਕੋਟ-ਅੰਮ੍ਰਿਤਸਰ) ਉਪਰ ਇਕ ਇੰਡੈਵਰ ਕਾਰ ਅਤੇ ਮੋਟਰਸਾਈਕਲ ਹਾਦਸੇ ਦੌਰਾਨ ਮੋਟਰਸਾਈਕਲ ਸਵਾਰ ਪਤੀ ਪਤਨੀ ਦੀ ਮੌਕੇ 'ਤੇ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਸਤਨਾਮ ਸਿੰਘ (65) ਅਤੇ ਪਰਮਜੀਤ ਕੌਰ (62) ਦੋਵੇਂ ਪਤੀ ਪਤਨੀ ਵਾਸੀ ਪਿੰਡ ਮੂਲਿਆਂਵਾਲ (ਨੇੜੇ ਬਿਧੀਪੁਰ ਫਾਟਕ), ਥਾਣਾ ਸੇਖਵਾਂ ਵਜੋਂ ਹੋਈ। ਹਾਦਸਾਗ੍ਰਸਤ ਵਾਹਨ ਬੁਰੀ ਤਰ੍ਹਾਂ ਨੁਕਸਾਨੇ ਗਏ। ਦੱਸਣਯੋਗ ਹੈ ਕਿ ਮ੍ਰਿਤਕ (ਪਤੀ ਪਤਨੀ), ਉੱਘੇ ਲੇਖਕ ਪ੍ਰਸਿੱਧ ਸ਼ਾਇਰ ਸੁਲੱਖਣ ਸਰਹੱਦੀ ਅਤੇ ਲੇਖਕ ਮੱਖਣ ਕੁਹਾੜ ਦੇ ਰਿਸ਼ਤੇਦਾਰ ਸਨ। ਹਾਦਸੇ ਦੀ ਸੂਚਨਾ ਮਿਲਦੇ ਹੀ ਸਬੰਧਿਤ ਥਾਣਾ ਸੇਖਵਾਂ ਦੀ ਪੁਲਸ ਚੌਕੀ ਨੌਸ਼ਹਿਰਾ ਮੱਝਾ ਸਿੰਘ ਦੇ ਇੰਚਾਰਜ ਏਐੱਸਆਈ ਬਲਜੀਤ ਸਿੰਘ ਨੇ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚ ਕੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਬਟਾਲਾ ਵਿਖੇ ਭੇਜ ਦਿੱਤਾ ਅਤੇ ਵਾਹਨਾਂ ਨੂੰ ਕਬਜ਼ੇ ਵਿੱਚ ਲੈ ਲਿਆ। ਮ੍ਰਿਤਕਾਂ ਦੇ ਪੁੱਤਰ ਹਿਤਕਾਰ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਮੇਰੇ ਫੁੱਫੜ ਮਹਿੰਗਾ ਸਿੰਘ ਪਿੰਡ ਅਰਜੁਨਪੁਰ ਦੀ ਸਿਹਤ ਅਚਾਨਕ ਢਿੱਲੀ ਹੋਈ ਸੀ ਤਾਂ ਅਸੀ ਉਨ੍ਹਾਂ ਦਾ ਪਤਾ ਲੈਣ ਲਈ 27 ਮਾਰਚ ਨੂੰ ਮੇਰੇ ਪਿਤਾ ਸਤਨਾਮ ਸਿੰਘ ਅਤੇ ਮਾਤਾ ਪਰਮਜੀਤ ਕੌਰ ਜੋ ਸਪਲੈਂਡਰ ਮੋਟਰਸਾਈਕਲ ਨੰਬਰੀ ਪੀ ਬੀ 81-2205 'ਤੇ ਸਵਾਰ ਹੋ ਕੇ ਅਤੇ ਮੈਂ (ਹਿੱਤਕਾਰ ਸਿੰਘ) ਅਤੇ ਮੇਰੇ ਚਾਚਾ ਮੇਜਰ ਸਿੰਘ ਉਸ ਦੇ ਮੋਟਰਸਾਈਕਲ 'ਤੇ ਸਵਾਰ ਹੋ ਆਪਣੇ ਮਾਤਾ ਪਿਤਾ ਦੇ ਪਿੱਛੇ ਪਿੱਛੇ ਜਾ ਰਹੇ ਸੀ, ਜਦੋਂ ਮੇਰੇ ਮਾਤਾ ਪਿਤਾ ਪਿੰਡ ਬਿਧੀਪੁਰ ਤੋਂ ਪਿੰਡ ਸਿੱਧਵਾਂ ਨੂੰ ਜਾਂਦੇ ਸਮੇਂ ਨੈਸ਼ਨਲ ਹਾਈਵੇ ਕੱਟ ਕਰਾਸ ਕਰਕੇ ਦਿਨ ਦੇ ਕਰੀਬ 12 ਵਜੇ ਨੌਸ਼ਹਿਰਾ ਮੱਝਾ ਸਿੰਘ ਨੂੰ ਜਾ ਰਹੇ ਸੀ ਕਿ ਇੱਕ ਇੰਡੈਵਰ ਗੱਡੀ ਨੰਬਰੀ ਪੀ-ਬੀ 10 ਐਫ ਯੂ 3555 ਬੜੀ ਤੇਜ਼ ਰਫਤਾਰ ਨਾਲ ਗੁਰਦਾਸਪੁਰ ਸਾਈਡ ਤੋਂ ਆਈ ਤੇ ਮੇਰੇ ਮਾਤਾ ਪਿਤਾ ਦੇ ਮੋਟਰਸਾਈਕਲ ਦੇ ਪਿੱਛੇ ਮਾਰ ਦਿੱਤੀ। ਇਸ ਹਾਦਸੇ ਦੌਰਾਨ ਮੇਰੇ ਮਾਤਾ ਪਿਤਾ ਪੱਕੀ ਸੜਕ 'ਤੇ ਡਿੱਗ ਪਏ ਜਿਨ੍ਹਾਂ ਦੀ ਗੰਭੀਰ ਸੱਟਾਂ ਲੱਗਣ ਨਾਲ ਮੌਕੇ 'ਤੇ ਹੀ ਮੌਤ ਹੋ ਗਈ। ਉਸਨੂੰ ਬਾਅਦ ਵਿੱਚ ਪਤਾ ਲੱਗਾ ਕਿ ਇੰਡੈਵਰ ਗੱਡੀ ਨੂੰ ਤਮਨਪ੍ਰੀਤ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਭਲਿਆਲਾ ਥਾਣਾ ਹਰਿਆਣਾ, ਜ਼ਿਲ੍ਹਾ ਹੁਸ਼ਿਆਰਪੁਰ ਚਲਾ ਰਹਾ ਸੀ। ਪੁਲਸ ਚੌਕੀ ਨੌਸ਼ਹਿਰਾ ਮੱਝਾ ਸਿੰਘ ਦੇ ਇੰਚਾਰਜ ਏਐੱਸਆਈ ਬਲਜੀਤ ਸਿੰਘ ਨੇ ਮ੍ਰਿਤਕਾਂ ਦੇ ਪੁੱਤਰ ਹਿਤਕਾਰ ਸਿੰਘ ਦੇ ਬਿਆਨਾਂ ਅਨੁਸਾਰ ਇੰਡੈਵਰ ਕਾਰ ਦੇ ਚਾਲਕ ਤਮਨਪ੍ਰੀਤ ਸਿੰਘ ਵਿਰੁੱਧ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਐੱਮ. ਏ. ਇਤਿਹਾਸ ਦਾ ਸ਼ਾਨਦਾਰ ਨਤੀਜਾ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਕਾਲਜ ਮਹਿਤਾ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਵੱਲੋਂ ਐਲਾਨੇ ਗਏ ਐੱਮ. ਏ. ਇਤਿਹਾਸ (ਤੀਜਾ



ਸਮੈਸਟਰ) ਦੇ ਨਤੀਜੇ 100% ਰਹੇ ਜਿਸ ਵਿੱਚ ਸੰਦੀਪ ਕੌਰ, ਹਰਪ੍ਰੀਤ ਕੌਰ, ਨਵਨੀਤ ਕੌਰ ਨੇ ਪਹਿਲਾ, ਸ਼ਰਨਜੀਤ ਕੌਰ ਨੇ ਦੂਜਾ, ਮਨਦੀਪ ਕੌਰ, ਕਿਰਨਦੀਪ ਕੌਰ, ਮਨਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਿਲ ਕਰਕੇ ਆਪਣੇ ਮਾਪਿਆਂ ਅਤੇ ਕਾਲਜ ਦਾ ਮਾਣ ਵਧਾਇਆ।ਇਸ ਤੋਂ ਇਲਾਵਾ ਜਸ਼ਨਪ੍ਰੀਤ ਕੌਰ, ਪ੍ਰੇਮਜੀਤ ਸਿੰਘ ਤੇ ਯਾਦਵੀਰ ਕੌਰ ਨੇ ਵੀ ਵਧੀਆ ਅੰਕ ਪ੍ਰਾਪਤ ਕੀਤੇ।ਇਸ ਮੌਕੇ ਪ੍ਰਿੰ. ਗੁਰਦੀਪ ਸਿੰਘ ਜਲਾਲ ਉਸਮਾ ਨੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਕਿਹਾ ਕਿ ਇਸ ਸਾਲ ਸਾਡੇ ਕਾਲਜ ਨੇ ਅਕਾਦਮਿਕ ਖੇਤਰ ਵਿੱਚ ਨਵੀਆਂ ਉਚਾਈਆਂ ਨੂੰ ਛੂਹਿਆ ਹੈ।ਉਨ੍ਹਾਂ ਵਿਦਿਆਰਥੀਆ ਦੇ ਉਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਕਿਹਾ ਕਿ ਸੰਸਥਾ ਹਮੇਸ਼ਾ ਇਸੇ ਯਤਨ ਵਿੱਚ ਰਹਿੰਦੀ ਹੈ ਕਿ ਵਿਦਿਆਰਥੀਆਂ ਨੂੰ ਅਜਿਹੀ ਵਿਦਿਅਕ ਸਿਖਲਾਈ ਦਿੱਤੀ ਜਾਵੇ, ਜਿਸ ਨਾਲ ਉਹ ਵਰਤਮਾਨ ਸਮੇਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਕਾਬਲ ਬਣ ਸਕਣ ਅਤੇ ਆਧੁਨਿਕ ਮੁਕਾਬਲੇ ਵਾਲੇ ਯੁੱਗ ਵਿੱਚ ਆਪਣੀ ਨਿਵੇਕਲੀ ਪਹਿਚਾਣ ਬਣਾ ਸਕਣ। ਇਸ ਮੌਕੇ ਪ੍ਰਿੰ. ਗੁਰਦੀਪ ਸਿੰਘ ਜਲਾਲ ਉਸਮਾ, ਪ੍ਰਿੰ. ਹਰਸ਼ਦੀਪ ਸਿੰਘ ਰੰਧਾਵਾ, ਡਾ. ਜਤਿੰਦਰ ਸ਼ਰਮਾ, ਕੁਲਦੀਪ ਕੌਰ, ਸੁਖਦੇਵ ਸਿੰਘ, ਮਨਜੀਤ ਕੌਰ, ਗੁਰਵਿੰਦਰ ਕੌਰ, ਨਵਨੀਤ ਕੌਰ, ਸੰਦੀਪ ਕੌਰ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

## ਮੈਡੀਕਲ ਸਟੋਰ 'ਤੇ ਚਲੀਆਂ ਗੋਲੀਆਂ, ਇੱਕ ਜ਼ਖਮੀ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਥਾਣਾ ਵਲਟੋਹਾ ਅਧੀਨ ਪੈਂਦੇ ਕਸਬਾ ਅਮਰਕੋਟ 'ਚ ਅਣਪਛਾਤੇ ਹਮਲਾਵਰ ਮੈਡੀਕਲ ਸਟੋਰ 'ਤੇ ਗੋਲੀਆਂ ਚਲਾ ਕੇ ਫ਼ਰਾਰ ਹੋ ਗਏ।ਹਮਲੇ 'ਚ ਮੈਡੀਕਲ ਸਟੋਰ ਮਾਲਕ ਦਾ ਪੁੱਤਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ।ਜਾਣਕਾਰੀ ਅਨੁਸਾਰ ਹਮਲਾਵਰਾਂ ਨੇ ਚਾਰ ਰੌਂਦ ਫਾਇਰ ਕੀਤੇ।ਕਥਿਤ ਤੌਰ 'ਤੇ ਮੈਡੀਕਲ ਸਟੋਰ ਮਾਲਕ ਨੂੰ ਬੀਤੇ ਚਾਰ ਕੁ ਮਹੀਨਿਆਂ ਤੋਂ ਫਿਰੌਤੀ ਲਈ ਧਮਕੀਆਂ ਮਿਲ ਰਹੀਆਂ ਸਨ।ਸੂਚਨਾ ਮਿਲਣ 'ਤੇ ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਬ-ਡਵੀਜ਼ਨ ਭਿੱਖੀਵਿੰਡ ਤੋਂ ਡੀਐੱਸਪੀ ਪ੍ਰੀਤ ਇੰਦਰ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਦੋਸ਼ੀਆਂ ਦੀ ਪਹਿਚਾਣ ਲਈ ਟੀਮਾਂ ਤਾਇਨਾਤ ਕਰ ਦਿੱਤੀਆਂ ਗਈਆਂ ਹਨ ਤੇ ਜਲਦ ਹੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਖੇਤਰੀ ਖੋਜ ਕੇਂਦਰ ਗੁਰਦਾਸਪੁਰ ਵਿਖੇ ਲੱਗਾ ਵਿਸ਼ਾਲ ਕਿਸਾਨ ਮੇਲਾ

**ਪੀ ਏ ਯੂ ਦੇ ਵੱਖ-ਵੱਖ ਵਿਸ਼ਾ ਮਾਹਿਰਾਂ ਨੇ ਕਿਸਾਨਾਂ ਨਾਲ ਕੀਤੀਆਂ ਅਹਿਮ ਵਿਚਾਰਾਂ**

ਗੁਰਦਾਸਪੁਰ, (ਜਨਕ ਮਹਾਜਨ)- ਖੇਤਰੀ ਖੋਜ ਕੇਂਦਰ ਗੁਰਦਾਸਪੁਰ ਵਿਖੇ ਕਿਸਾਨ ਮੇਲਾ ਲਗਾਇਆ ਗਿਆ। ਮੇਲੇ ਦੇ ਮੁੱਖ ਮਹਿਮਾਨ ਸਿਵਲ ਸਪਲਾਈ ਖਪਤਕਾਰ ਮਾਮਲੇ ਅਤੇ ਜੰਗਲਾਤ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਸਨ,



ਜਦਕਿ ਮੇਲੇ ਦੀ ਪ੍ਰਧਾਨਗੀ ਪੀਏਯੂ ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਕੀਤੀ। ਕਿਸਾਨ ਮੇਲੇ ਵਿਚ ਵਿਸ਼ੇਸ਼ ਮਹਿਮਾਨਾਂ ਵਜੋਂ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਸਾਬਕਾ ਚੇਅਰਮੈਨ ਰਮਨ ਬਹਿਲ, ਪੰਜਾਬ ਦੇ ਗੰਨਾ ਕਮਿਸ਼ਨਰ ਡਾ. ਅਮਰੀਕ ਸਿੰਘ ਅਤੇ ਸ਼ਮਸ਼ੇਰ ਸਿੰਘ ਹਲਕਾ ਇੰਚਾਰਜ ਦੀਨਾਨਗਰ ਹਾਜ਼ਰ ਸਨ। ਇਸ ਮੌਕੇ ਬੋਲਦਿਆਂ ਮੰਤਰੀ ਕਟਾਰੂਚੱਕ ਨੇ ਕਿਹਾ ਕਿ ਇਹ ਮੇਲਾ ਖੇਤੀ ਗਿਆਨ ਪ੍ਰਸਾਰ ਦਾ ਮੌਕਾ ਹੈ। ਉਨ੍ਹਾਂ ਯੂਨੀਵਰਸਿਟੀ ਮਾਹਿਰਾਂ ਦਾ ਧੰਨਵਾਦ ਕੀਤਾ ਜੋ ਆਪਣੇ ਗਿਆਨ ਨੂੰ ਖੇਤੀਕਾਰਾਂ ਨਾਲ ਸਾਂਝੇ ਕਰਦੇ ਹਨ। ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਇਸ ਮੌਕੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਇਹ ਮੇਲੇ ਕਿਸਾਨਾਂ ਤੋਂ ਮਾਹਿਰਾਂ ਦੇ ਸਿੱਖਣ ਅਤੇ ਉਨ੍ਹਾਂ ਨੂੰ ਸਿਖਾਉਣ ਦਾ ਮੌਕਾ ਵੀ ਹਨ। ਡਾ. ਗੋਸਲ ਨੇ ਕਿਹਾ ਕਿ ਇਨ੍ਹਾਂ ਮੇਲਿਆਂ ਦਾ ਉਦੇਸ਼ ਖੇਤੀ ਵਿਭਿੰਨਤਾ ਅਪਣਾਓ, ਵਡਮੁੱਲਾ ਵਾਤਾਵਰਣ ਬਚਾਓ ਰੱਖਿਆ ਗਿਆ ਹੈ। ਡਾ ਅਮਰੀਕ ਸਿੰਘ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਗੁਰਦਾਸਪੁਰ ਖੇਤਰ ਵਿਚ ਗੰਨੇ ਦੀ ਕਾਸ਼ਤ ਦੀਆਂ ਸਥਿਤੀਆਂ ਸਾਂਝੀਆਂ ਕੀਤੀਆਂ। ਡਾ. ਤੇਜਿੰਦਰ ਸਿੰਘ ਰਿਆੜ ਨੇ ਕਿਸਾਨਾਂ ਨੂੰ ਪ੍ਰਮਾਣਿਕ ਜਾਣਕਾਰੀ ਹਾਸਿਲ ਕਰਨ ਅਤੇ ਉਸਨੂੰ ਵਿਗਿਆਨਿਕ ਖੇਤੀ ਲਈ ਇਸਤੇਮਾਲ ਕਰਨ ਦੇ ਮੰਤਵ ਵਾਸਤੇ ਪੀ ਏ ਯੂ ਦੇ ਖੇਤੀ ਸਾਹਿਤ ਨਾਲ ਲਗਾਤਾਰ ਜੁੜਨ ਵਾਸਤੇ ਪ੍ਰੇਰਿਤ ਕੀਤਾ। ਪੀ ਏ ਯੂ ਦੇ ਵੱਖ ਵੱਖ ਵਿਸ਼ਿਆਂ ਨਾਲ ਸੰਬੰਧਿਤ ਮਾਹਿਰਾਂ ਨੇ ਕਿਸਾਨਾਂ ਨਾਲ ਸਵਾਲ ਜਵਾਬ ਸੈਸ਼ਨ ਦੌਰਾਨ ਬਹੁਤ ਸਾਰੇ ਮਸਲਿਆਂ ਬਾਰੇ ਵਿਚਾਰ ਕੀਤੀ।

## ਅੰਗਰੇਜ਼ ਸਿੰਘ ਬਾਕੀਪੁਰ ਤੇ ਅੰਦੋਲਨਾਂ ਦੌਰਾਨ ਹੋਏ ਹੋਰ ਸ਼ਹੀਦਾਂ ਦੀ ਯਾਦ 'ਚ ਸ਼ਹੀਦੀ ਪੁਰਬ ਅੱਜ

ਤਰਨ ਤਾਰਨ (ਪ੍ਰਿਤਪਾਲ ਸਿੰਘ)- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਅਤੇ ਸੂਬਾ ਆਗੂ ਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਰਕਾਰ ਵੱਲੋਂ ਗੋਲੀ ਮਾਰ ਕੇ ਸ਼ਹੀਦ ਕੀਤੇ ਅੰਗਰੇਜ਼ ਸਿੰਘ ਬਾਕੀਪੁਰ ਅਤੇ ਵੱਖ-ਵੱਖ ਅੰਦੋਲਨਾਂ ਦੌਰਾਨ ਹੋਏ ਸ਼ਹੀਦਾਂ ਦਾ ਸ਼ਹੀਦੀ ਪੁਰਬ ਪਿੰਡ ਬਾਕੀਪੁਰ ਵਿਖੇ



ਅੰਗਰੇਜ਼ ਸਿੰਘ ਬਾਕੀਪੁਰ ਦੀ ਸਮਾਧ 'ਤੇ 29 ਮਾਰਚ ਨੂੰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਮਨਾਇਆ ਜਾਏਗਾ।ਉਨ੍ਹਾਂ ਨੇ ਕਿਹਾ ਕਿ ਸ਼ਹੀਦ ਕੌਮ ਦੇ ਸਰਮਾਇਆ ਹੁੰਦੇ ਹਨ ।ਸਮੇਂ ਸਮੇਂ ਦੀਆਂ ਸਰਕਾਰਾਂ ਨੇ ਹੱਕ ਸੱਚ ਦੀ ਆਵਾਜ਼ ਚੁੱਕਣ ਵਾਲਿਆਂ 'ਤੇ ਵੱਡੇ ਜਬਰ ਢਾਹੇ ਹਨ।ਸਰਕਾਰਾਂ ਨੇ ਅੰਦੋਲਨ ਨੂੰ ਕੁਚਲਣ ਲਈ ਵੱਡੇ-ਵੱਡੇ ਹੱਥਕੰਡੇ ਅਪਣਾਏ।ਸ਼ਹੀਦਾਂ ਦੀਆਂ ਸ਼ਹਾਦਤਾਂ ਕਰਕੇ ਹੀ ਅਸੀਂ ਜ਼ਿੰਦਾ ਹਾਂ।ਤਿੰਨ ਖੇਤੀ ਕਾਨੂੰਨ ਵਾਪਸ ਕਰਾਉਣ ਲਈ ਲਗਭਗ 700 ਤੋਂ ਉਪਰ ਸ਼ਹੀਦਾਂ ਨੇ ਸ਼ਹਾਦਤਾਂ ਦਿੱਤੀਆਂ ਹਨ।ਸੈਂਕੜੇ ਕਿਸਾਨ ਜ਼ਖ਼ਮੀ ਹੋਏ। ਅਸੀਂ ਇਨ੍ਹਾਂ ਸ਼ਹੀਦਾਂ ਦੇ ਨਕਸ਼ੇ ਕਦਮ 'ਤੇ ਚੱਲਦੇ ਹੋਏ ਹੱਕ ਸੱਚ ਦੀ ਲੜਾਈ ਲੜਦੇ ਰਵਾਂਗੇ।ਕਿਸਾਨ ਆਗੂਆਂ ਨੇ ਕਿਹਾ ਕਿ ਕਿਸੇ ਵੀ ਹਾਲਤ ਵਿੱਚ ਸਰਕਾਰ ਦੇ ਮਨਸੂਬਿਆਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਏਗਾ।ਅਸੀਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਕਦੀ ਵੀ ਜ਼ਾਇਆ ਨਹੀਂ ਜਾਣ ਦੇਵਾਂਗੇ। ਉਨ੍ਹਾਂ ਕਿਹਾ 29 ਮਾਰਚ ਨੂੰ ਪਿੰਡ ਬਾਕੀਪੁਰ ਵਿਖੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਪਹਿਲੇ ਸ਼ਹੀਦ ਅੰਗਰੇਜ਼ ਸਿੰਘ ਬਾਕੀਪੁਰ ਦੀ ਸਮਾਧ 'ਤੇ ਵੱਡੀ ਪੱਧਰ 'ਤੇ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਉਨ੍ਹਾਂ ਦੀ ਬਰਸੀ ਨੂੰ ਮਨਾਇਆ ਜਾਏਗਾ।

## ਨਰਸਿੰਗ ਦੇ ਵਿਦਿਆਰਥੀਆਂ ਨੇ ਕੀਤਾ ਓਲਡ ਏਜ ਹੋਮ ਦਾ ਦੌਰਾ



ਛੇਹਰਟਾ, (ਮਨੋਜ ਕੁਮਾਰ): ਗੁਰੂ ਅਰਜਨ ਦੇਵ ਇੰਸਟੀਚਿਊਟ ਆਫ ਨਰਸਿੰਗ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਵਿਦਿਅਕ ਟੂਰ ਦਾ ਪ੍ਰਬੰਧ ਕੀਤਾ ਗਿਆ, ਜਿਸ ਦੌਰਾਨ ਵਿਦਿਆਰਥੀਆਂ ਨੂੰ ਗੁਰੂ ਰਾਮਦਾਸ ਓਲਡ ਏਜ ਹੋਮ ਲਿਜਾਇਆ ਗਿਆ। ਇਸ ਟੂਰ ਦਾ ਉਦੇਸ਼ ਵਿਦਿਆਰਥੀਆਂ ਨੂੰ ਬਜ਼ੁਰਗਾਂ ਦੀ ਦੇਖਭਾਲ ਦੀ ਵਿਹਾਰਕ ਸਮਝ ਪ੍ਰਦਾਨ ਕਰਨਾ ਅਤੇ ਉਨ੍ਹਾਂ ਵਿਚ ਸੇਵਾ ਤੇ ਮਨੁੱਖੀ ਸੰਵੇਦਨਸ਼ੀਲਤਾ ਦੀ ਭਾਵਨਾ ਪੈਦਾ ਕਰਨਾ ਸੀ। ਇਸ ਟੂਰ ਦੌਰਾਨ ਵਿਦਿਆਰਥੀਆਂ ਨੇ ਬਜ਼ੁਰਗਾਂ ਦੀ ਦੇਖਭਾਲ ਵਿਚ ਸ਼ਾਮਲ ਵੱਖ-ਵੱਖ ਪ੍ਰਕਿਰਿਆਵਾਂ ਨੂੰ ਨੇੜਿਓਂ ਦੇਖਿਆ ਤੇ ਸਮਝਿਆ। ਉਨ੍ਹਾਂ ਨੂੰ ਬੁੱਢਾਪੇ ਵਿਚ ਪੈਦਾ ਹੋਣ ਵਾਲੀਆਂ ਸਿਹਤ ਸਮੱਸਿਆਵਾਂ, ਮਾਨਸਿਕ ਸਥਿਤੀ ਤੇ ਦੇਖਭਾਲ ਦੇ ਜ਼ਰੂਰੀ ਪਹਿਲੂਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਅਨੁਭਵ ਨੇ ਵਿਦਿਆਰਥੀਆਂ ਨੂੰ ਨਾ ਸਿਰਫ਼ ਪੇਸ਼ੇਵਰ ਦ੍ਰਿਸ਼ਟੀਕੋਣ ਤੋਂ ਸਗੋਂ ਸਮਾਜਿਕ ਤੇ ਮਨੁੱਖਤਾਵਾਦੀ ਦ੍ਰਿਸ਼ਟੀਕੋਣ ਤੋਂ ਵੀ ਅਮੀਰ ਬਣਾਇਆ। ਸੰਸਥਾ ਦੇ ਡਾਇਰੈਕਟਰ ਰਾਧਿਕਾ ਚੁੱਘ ਨੇ ਕਿਹਾ ਕਿ ਅਜਿਹੇ ਵਿਦਿਅਕ ਟੂਰ ਵਿਦਿਆਰਥੀਆਂ ਲਈ ਬਹੁਤ ਮਹੱਤਵਪੂਰਨ ਹਨ, ਕਿਉਂਕਿ ਇਹ ਉਨ੍ਹਾਂ ਨੂੰ ਕਿਤਾਬੀ ਗਿਆਨ ਦੇ ਨਾਲ-ਨਾਲ ਸੇਵਾ ਤੇ ਜ਼ਿੰਮੇਵਾਰੀ ਦੇ ਅਸਲੀ ਅਨੁਭਵ ਪ੍ਰਦਾਨ ਕਰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਨਰਸਿੰਗ ਸਿਰਫ਼ ਇਕ ਪੇਸ਼ਾ ਨਹੀਂ, ਸਗੋਂ ਸੇਵਾ ਤੇ ਸਮਰਪਣ ਦਾ ਮਾਧਿਅਮ ਹੈ ਅਤੇ ਅਜਿਹੇ ਪ੍ਰੋਗਰਾਮ ਇਸ ਭਾਵਨਾ ਨੂੰ ਮਜ਼ਬੂਤ ਕਰਦੇ ਹਨ। ਸੰਸਥਾ ਨੇ ਗੁਰੂ ਰਾਮਦਾਸ ਓਲਡ ਏਜ ਹੋਮ ਦੇ ਪ੍ਰਬੰਧਕਾਂ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਨਾਲ ਇਸ ਯਾਤਰਾ ਨੂੰ ਸਫਲ ਬਣਾਇਆ ਗਿਆ। ਇਸ ਮੌਕੇ ਮੈਨੇਜਿੰਗ ਟਰੱਸਟੀ ਖੁਸ਼ਵਿੰਦਰ ਸਿੰਘ ਸੰਧੂ, ਇੰਚਾਰਜ ਬਲਵਿੰਦਰ ਸਿੰਘ, ਰੁਪਿੰਦਰ ਕੌਰ, ਪੂਨਮ ਤੇ ਸਮੁੱਚੇ ਸਟਾਫ਼ ਨੇ ਵਿਦਿਆਰਥੀਆਂ ਦਾ ਮਾਰਗਦਰਸ਼ਨ ਕੀਤਾ ਅਤੇ ਉਨ੍ਹਾਂ ਨੂੰ ਲੋੜੀਂਦੀ ਜਾਣਕਾਰੀ ਪ੍ਰਦਾਨ ਕੀਤੀ। ਇਸ ਮੌਕੇ ਸੰਸਥਾ ਦੇ ਸਟਾਫ਼ ਮੈਂਬਰ ਮੋਨਿਕਾ ਤਲਵਾੜ, ਹਰਸੁਮਿਤ ਕੌਰ, ਸਨੇਹਾ, ਅਰਸ਼ਪ੍ਰੀਤ ਤੇ ਸਵਿਤਾ ਸ਼ਰਮਾ ਵੀ ਮੌਜੂਦ ਸਨ।

## ਸਰਕਾਰ ਦਾ ਆਸ਼ਾ ਵਰਕਰਾਂ ਲਈ ਦੁੱਗਣੇ ਭੱਤਿਆਂ ਦਾ ਵਾਅਦਾ ਵ.ਫ਼ਾ ਨਹੀਂ ਹੋਇਆ



ਪੱਟੀ, (ਬਲਦੇਵ ਸਿੰਘ ਸੰਧੂ) ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਸਾਂਝਾ ਮੋਰਚਾ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਮਨਜਿੰਦਰ ਕੌਰ ਹਰੀਕੇ, ਵੀਰਪਾਲ ਕੌਰ ਭੱਗੂਪੁਰ, ਅਮਨਦੀਪ ਕੌਰ ਤਲਵੰਡੀ, ਸਰਬਜੀਤ ਕੌਰ ਘਰਿਆਲੀ, ਰਾਜਵਿੰਦਰ ਕੌਰ ਬੋਪਾਰਾਏ ਦੀ ਅਗਵਾਈ ਵਿਚ ਹਰੀਕੇ ਸਿਵਲ ਹਸਪਤਾਲ ਵਿਖੇ ਇਕੱਠੇ ਹੋ ਕੇ ਹਰੀਕੇ ਸ਼ਹਿਰ ਵਿਚ ਰੋਸ ਮਾਰਚ ਕੀਤਾ ਗਿਆ।ਪੰਜਾਬ ਸਰਕਾਰ ਦੇ ਸੰਯੁਕਤ ਪ੍ਰਮੁੱਖ ਸਕੱਤਰ ਮੈਡਮ ਮੋਨਿਕਾ ਬੱਬਰ ਦੇ 25 ਮਾਰਚ ਵਾਲੀ ਮੀਟਿੰਗ ਵਿੱਚ ਦਿੱਤੇ ਹੋਏ ਭਰੋਸੇ ਤੇ ਰੋਸ ਰੈਲੀਆਂ ਕਰਦੇ ਹੋਏ ਪ੍ਰੋਗਰਾਮ ਮੁਲਤਵੀ ਕੀਤਾ ਗਿਆ। 1 ਅਪ੍ਰੈਲ ਨੂੰ ਕਾਮਰੇਡ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਸਾਂਝੇ ਮੋਰਚੇ ਦੀ ਮੀਟਿੰਗ ਬੁਲਾ ਕੇ ਪੰਜਾਬ ਸਰਕਾਰ ਦੇ ਵਰਕਰਾਂ ਦੀਆਂ ਮੰਗਾਂ ਪ੍ਰਤੀ ਨਾਂਹ-ਪੱਖੀ ਹੁੰਗਾਰੇ ਖਿਲਾਫ ਧੂਰੀ ਹਲਕੇ ਵਿੱਚ ਪੱਕੇ ਮੋਰਚੇ ਲਗਾ ਕੇ ਵੱਡੇ ਐਕਸ਼ਨ ਉਲੀਕੇ ਜਾਣਗੇ।ਇਸ ਸਮੇਂ ਗੁਰਪ੍ਰੀਤ ਕੌਰ, ਊਸ਼ਾ ਰਾਣੀ, ਨਰਿੰਦਰ ਕੌਰ, ਪਰਮਜੀਤ ਕੌਰ, ਅਮਰੀਕ ਕੌਰ, ਜਸਬੀਰ ਕੌਰ, ਲਖਵਿੰਦਰ ਕੌਰ, ਸੋਮਾ ਚੂਸਲੇਵੜ, ਸ਼ਰਨਜੀਤ ਕੌਰ, ਰਾਜਬੀਰ ਕੌਰ, ਪਰਮਿੰਦਰ ਕੌਰ, ਰਮਨਦੀਪ ਕੌਰ, ਗੁਰਮੀਤ ਕੌਰ, ਰਾਜਵਿੰਦਰ ਕੌਰ ਬਰਵਾਲਾ, ਮਮਤਾ ਰਾਣੀ, ਕੁਲਵੰਤ ਕੌਰ, ਕੁਲਵਿੰਦਰ ਕੌਰ, ਰਾਜ ਕੌਰ, ਮਨਵਿੰਦਰ ਕੌਰ, ਕ੍ਰਿਸ਼ਨਾ, ਮਨਪ੍ਰੀਤ ਕੌਰ, ਸੁਖਵਿੰਦਰ ਕੌਰ, ਰਣਜੀਤ ਕੌਰ ਕੋਟਦਾਤਾ, ਰਾਜਬੀਰ ਸੁਪਰਵਾਈਜ਼ਰ, ਗੁਰਪ੍ਰੀਤ ਸੁਪਰਵਾਈਜ਼ਰ ਅਤੇ ਪੰਜਾਬ ਸੁਬਾਰਡੀਨੇਟ ਸਰਸਵਿਜ਼ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਕਾਰਜ ਸਿੰਘ ਕੈਰੋਂ ਹਾਜ਼ਰ ਸਨ।

## ਮਾਣਯੋਗ ਜੱਜ ਵਿਕਾਸ ਬਹਿਲ ਵੱਲੋਂ ਸੈਂਟਰਲ ਜੇਲ੍ਹ ਗੁਰਦਾਸਪੁਰ ਦਾ ਦੌਰਾ



ਗੁਰਦਾਸਪੁਰ (ਜਨਕ ਮਹਾਜਨ)- ਮਾਨਯੋਗ ਮਿਸਟਰ ਜਸਟਿਸ ਵਿਕਾਸ ਬਹਿਲ, ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ, ਪ੍ਰਬੰਧਕੀ ਜੱਜ ਸੈਸ਼ਨ ਡਵੀਜ਼ਨ ਗੁਰਦਾਸਪੁਰ ਵੱਲੋਂ ਸੈਂਟਰਲ ਜੇਲ੍ਹ ਗੁਰਦਾਸਪੁਰ ਦਾ ਦੌਰਾ ਕੀਤਾ ਗਿਆ। ਇਸ ਮੌਕੇ ਦਿਲਬਾਗ ਸਿੰਘ ਜੌਹਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਗੁਰਦਾਸਪੁਰ, ਆਦਿੱਤਿਆ ਉੱਪਲ ਡਿਪਟੀ ਕਮਿਸ਼ਨਰ ਗੁਰਦਾਸਪੁਰ, ਆਦਿੱਤਿਆ ਐੱਸਐੱਸਪੀ ਗੁਰਦਾਸਪੁਰ, ਹਰਪ੍ਰੀਤ ਸਿੰਘ ਸਿਵਲ ਜੱਜ (ਸ.ਡ.)/ਸੀ.ਜੇ.ਐੱਮ. ਸਹਿ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ, ਗੁਰਦਾਸਪਰ ਵੀ ਹਾਜ਼ਰ ਸਨ। ਮਾਨਯੋਗ ਜਸਟਿਸ ਵਿਕਾਸ ਬਹਿਲ ਵੱਲੋਂ ਜੇਲ੍ਹ ਵਿੱਚ ਬੰਦ ਕੈਦੀਆਂ ਅਤੇ ਹਵਾਲਾਤੀਆਂ ਦੀਆਂ ਮੁਸ਼ਕਿਲਾਂ ਸੁਣੀਆਂ ਗਈਆਂ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਲਈ ਤੁਰੰਤ ਸਮਰੱਥ ਅਧਿਕਾਰੀਆਂ ਨੂੰ ਹੁਕਮ ਦਿੱਤੇ ਗਏ। ਉਨ੍ਹਾਂ ਸੈਂਟਰਲ ਜੇਲ੍ਹ ਗੁਰਦਾਸਪੁਰ ਦੇ ਬੰਦੀਆਂ ਵੱਲੋਂ ਪੰਜਾਬ ਪਰੀਜ਼ਨ ਉਲੰਪਿਕ ਦੀਆਂ ਖੇਡਾਂ ਵਿੱਚੋਂ ਓਵਰਆਲ ਦੂਜਾ ਸਥਾਨ ਹਾਸਲ ਕਰਨ 'ਤੇ ਉਕਤ ਬੰਦੀਆਂ ਦੀ ਹੌਂਸਲਾ ਅਫਜ਼ਾਈ ਕੀਤੀ ਗਈ। ਉਨ੍ਹਾਂ ਕਿਹਾ ਕਿ ਉਹ ਆਪਣੇ ਨਾਲ ਦੇ ਸਾਥੀਆਂ ਨੂੰ ਵੀ ਖੇਡਾਂ ਖੇਡਣ ਲਈ ਪ੍ਰੇਰਿਤ ਕਰਨ। ਇਸ ਮੌਕੇ ਜੇਲ੍ਹ ਸੁਪਰਡੈਂਟ ਮੁਖਤਿਆਰ ਰਾਏ ਅਤੇ ਡਿਪਟੀ ਜੇਲ੍ਹ ਸੁਪਰਡੈਂਟ ਅੰਮ੍ਰਿਤਪਾਲ ਵੀ ਹਾਜ਼ਰ ਸਨ।

## ਸਰਕਾਰੀ ਪ੍ਰਾਇਮਰੀ ਸਕੂਲ ਝਬਾਲ ਕਲਾਂ ਦਾ ਨਤੀਜਾ ਰਿਹਾ ਸ਼ਾਨਦਾਰ

ਸਰਾਏ ਅਮਾਨਤ ਖਾਂ (ਮੱਖਣ ਮਨੋਜ)- ਪਿੰਡ ਝਬਾਲ ਕਲਾਂ ਸਰਕਾਰੀ ਪ੍ਰਾਇਮਰੀ ਸਕੂਲ ਲੜਕੀਆਂ ਦਾ ਇਸ ਸਾਲ ਦਾ ਸਾਲਾਨਾ ਨਤੀਜਾ ਤੇ ਇਨਾਮ ਵੰਡ ਸਮਾਗਮ ਬਹੁਤ ਸ਼ਾਨਦਾਰ ਰਿਹਾ।ਇਸ ਦੌਰਾਨ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਵਿਕਰਮ ਸਿੰਘ ਢਿੱਲੋਂ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਵਿਸ਼ੇਸ਼ ਸ਼ਿਰਕਤ ਕੀਤੀ ਤੇ ਉਨ੍ਹਾਂ ਨੇ ਇਸ ਸਕੂਲ ਦੇ ਬਹੁਤ ਮਿਹਨਤੀ ਹੁਸ਼ਿਆਰ ਬੱਚਿਆਂ ਨੇ ਪੜ੍ਹਾਈ ਵਿੱਚ ਮੱਲਾਂ ਮਾਰ ਕੇ ਪਹਿਲੇ, ਦੂਜੇ ਤੇ ਤੀਸਰੇ ਸਥਾਨ ਤੇ ਰਹਿਣ ਵਾਲੇ ਬੱਚਿਆਂ ਨੂੰ ਇਨਾਮ ਤਕਸੀਮ ਕੀਤੇ।ਉਨ੍ਹਾਂ ਨੇ ਇਨ੍ਹਾਂ ਬੱਚਿਆਂ ਨੂੰ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ



ਦਿੰਦਿਆਂ ਕਿਹਾ ਕਿ ਇਹ ਸਾਰਾ ਸਿਹਰਾ ਸਕੂਲ ਦੇ ਉਨ੍ਹਾਂ ਸਾਰੇ ਅਧਿਆਪਕ ਸਾਹਿਬਾਨ ਤੇ ਕਲਾਸ ਇੰਚਾਰਜਾਂ ਤੇ ਸਕੂਲ ਦੇ ਪ੍ਰਿੰਸੀਪਲ ਨੂੰ ਜਾਂਦਾ ਹੈ ਜਿਨ੍ਹਾਂ ਨੇ ਬੱਚਿਆਂ ਨੂੰ ਇੰਨੀ ਵਧੀਆ ਮਿਹਨਤ ਕਰਵਾਈ ਹੈ ਤੇ ਬੱਚਿਆਂ ਨੇ ਵੀ ਇਹ ਮਿਹਨਤ ਦਾ ਮੁੱਲ ਮੋੜਦਿਆ ਪੜ੍ਹਾਈ ਵਿੱਚ ਮੱਲਾਂ ਮਾਰ ਕੇ ਆਪਣੇ ਮਾਤਾ-ਪਿਤਾ ਦਾ ਨਾਂਅ ਰੌਸ਼ਨ ਕਰਕੇ ਸਕੂਲ ਦੇ ਨਾਂਅ ਨੂੰ ਵੀ ਚਾਰ ਚੰਦ ਲਗਾਏ ਹਨ।ਇਸ ਮੌਕੇ ਨੰਬਰਦਾਰ ਗੁਰਲਾਲ ਸਿੰਘ, ਬੀਓ ਰਜਿੰਦਰ ਸਿੰਘ, ਬੀਆਰਓ ਅਮਨਦੀਪ ਸਿੰਘ, ਮਨਦੀਪ ਕੌਰ, ਜਸਪ੍ਰੀਤ ਕੌਰ, ਰਜਨੀ, ਸੁਖਰਾਜ ਕੌਰ, ਸਿਮਰਨ ਕੌਰ, ਕੁਲਵੰਤ ਕੌਰ, ਗੁਰਵਿੰਦਰ ਕੌਰ ਆਦਿ ਹਾਜ਼ਰ ਸਨ।

## ਹਲਕਾ ਇੰਚਾਰਜ ਬਹਿਲ ਤੇ ਚੇਅਰਮੈਨ ਰਾਜੀਵ ਸ਼ਰਮਾ ਨੇ ਓਪਨ ਸਪੋਰਟਸ ਕਲੱਬ ਦਾ ਰੱਖਿਆ ਨੀਂਹ ਪੱਥਰ

ਗੁਰਦਾਸਪੁਰ, (ਜਨਕ ਮਹਾਜਨ)- ਨਵੇਂ ਬੱਸ ਅੱਡੇ ਦੇ ਪਿਛਲੇ ਪਾਸੇ ਨਗਰ ਸੁਧਾਰ ਟਰੱਸਟ ਵੱਲੋਂ ਓਪਨ ਸਪੋਰਟਸ ਕਲੱਬ ਦਾ ਨੀਂਹ ਪੱਥਰ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਰਮਨ ਬਹਿਲ



ਅਤੇ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਰਾਜੀਵ ਸ਼ਰਮਾ ਨੇ ਸਾਂਝੇ ਤੌਰ 'ਤੇ ਰੱਖਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਚੇਅਰਮੈਨ ਰਾਜੀਵ ਸ਼ਰਮਾ ਨੇ ਦੱਸਿਆ ਕਿ ਸਪੋਰਟਸ ਕਲੱਬ ਵਿਚ ਬਾਸਕਿਟਬਾਲ, ਕ੍ਰਿਕਟ ਅਤੇ ਬੈਡਮਿੰਟਨ ਆਦਿ ਗੇਮਾਂ ਖੇਡਣ ਦਾ ਪ੍ਰਬੰਧ ਕੀਤਾ ਜਾਵੇਗਾ। ਚੇਅਰਮੈਨ ਰਾਜੀਵ ਸ਼ਰਮਾ ਨੇ ਦੱਸਿਆ ਕਿ ਸ਼ਹਿਰ ਦੇ ਦੋਵੇਂ ਪਾਸੇ ਐਂਟਰੀ ਗੇਟ ਜਿਨ੍ਹਾਂ ਵਿਚੋਂ ਇਕ ਬੱਬਰੀ ਬਾਈਪਾਸ ਅਤੇ ਦੂਜਾ ਬਰਿਆਰ ਬਾਈਪਾਸ ਵਿਖੇ ਬਣਾਇਆ ਜਾਵੇਗਾ। ਸ਼ਹਿਰ ਅੰਦਰ ਵੜਦੇ ਸਮੇਂ 20 ਫੁੱਟ ਦਾ ਖੂਬਸੂਰਤ ਡਿਵਾਈਡਰ ਵੀ ਬਣਾਇਆ ਜਾਵੇਗਾ। ਟਰੈਫ਼ਿਕ ਲਾਈਟਾਂ ਲਗਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਸਪੋਰਟਸ ਕਲੱਬ ਬਣਾਉਣ 'ਤੇ 80 ਲੱਖ ਰੁਪਏ ਦੀ ਰਾਸ਼ੀ ਖਰਚ ਕੀਤੀ ਜਾਵੇਗੀ ਅਤੇ ਇਹ ਕੰਮ ਚਾਰ ਮਹੀਨਿਆਂ ਵਿਚ ਮੁਕੰਮਲ ਹੋਵੇਗਾ। ਇਸ ਮੌਕੇ ਰਮਨ ਬਹਿਲ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿਚ ਸ਼ਹਿਰ ਦੀ ਨੁਹਾਰ ਹੋਰ ਵੀ ਬਦਲ ਜਾਵੇਗੀ। ਰਾਜੀਵ ਸ਼ਰਮਾ ਨੇ ਦੱਸਿਆ ਕਿ ਸ਼ਹਿਰ ਦੀ ਸੁਰੱਖਿਆ ਨੂੰ ਵੇਖਦੇ ਹੋਏ ਸੀਸੀਟੀਵੀ ਕੈਮਰੇ ਵੀ ਲਗਾਏ ਜਾਣਗੇ। ਵਿਰੋਧੀਆਂ ਵੱਲੋਂ ਵਿਕਾਸ ਦੇ ਕੰਮ ਕਰਵਾਉਣ ਸਬੰਧੀ ਚੁੱਕੇ ਸਵਾਲਾਂ ਦੇ ਜਵਾਬ ਦਿੰਦਿਆਂ ਰਾਜੀਵ ਸ਼ਰਮਾ ਨੇ ਕਿਹਾ ਕਿ ਉਹ ਕਾਨੂੰਨ ਮੁਤਾਬਿਕ ਹੀ ਕੰਮ ਕਰਵਾ ਰਹੇ ਹਨ ਅਤੇ ਸਾਰੇ ਕੰਮ ਪਾਰਦਰਸ਼ੀ ਢੰਗ ਨਾਲ ਹੋ ਰਹੇ ਹਨ।

## ਕਾਮਰੇਡ ਅਰਜਨ ਸਿੰਘ ਮਸਤਾਨਾ ਦੀ 40ਵੀਂ ਬਰਸੀ ਮਨਾਈ

ਵਲਟੋਹਾ, ਝਬਾਲ (ਰਣਜੀਤ ਸਿੰਘ ਵਲਟੋਹਾ, ਹਰਜਿੰਦਰ ਸਿੰਘ ਸੋਨੀ)- ਭਾਰਤੀ ਕਮਿਊਨਿਸਟ ਪਾਰਟੀ ਅਤੇ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਕਾਮਰੇਡ ਬਲਦੇਵ ਸਿੰਘ ਘਰਿਆਲਾ, ਕਾਮਰੇਡ ਜਗਤਾਰ ਸਿੰਘ ਘਰਿਆਲਾ ਅਤੇ ਕਾਮਰੇਡ ਮੇਜਰ ਸਿੰਘ ਘਰਿਆਲਾ ਦੀ ਪ੍ਰਧਾਨਗੀ ਹੇਠ ਸ਼ਹੀਦ ਕਾਮਰੇਡ ਅਰਜਨ ਸਿੰਘ ਮਸਤਾਨਾ ਦੀ 40ਵੀਂ ਬਰਸੀ ਉਨ੍ਹਾਂ ਦੇ ਨਿਵਾਸ ਸਥਾਨ ਬਹਿਕ ਪਿੰਡ ਘਰਿਆਲਾ ਵਿਖੇ ਬੜੇ ਇਨਕਲਾਬੀ ਜੋਸ਼ ਨਾਲ ਮਨਾਈ ਗਈ।ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਵਰਕਿੰਗ ਪ੍ਰਧਾਨ ਕਾਮਰੇਡ ਮਹਾਂਵੀਰ ਸਿੰਘ ਗਿੱਲ ਅਤੇ ਸੂਬਾਈ ਪ੍ਰੈੱਸ ਸਕੱਤਰ ਕਾਮਰੇਡ ਬਲਕਾਰ ਸਿੰਘ ਵਲਟੋਹਾ ਨੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਾਮਰੇਡ ਅਰਜਨ ਸਿੰਘ ਮਸਤਾਨਾ ਦੀ ਸੰਘਰਸ਼ਾਂ ਭਰੀ ਜ਼ਿੰਦਗੀ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਕਾਮਰੇਡ ਮਸਤਾਨਾ ਇਕ ਸਿਰੜੀ ਕਮਿਊਨਿਸਟ ਤੇ ਕਿਸਾਨ ਆਗੂ ਸਨ।ਉਨ੍ਹਾਂ ਆਪਣੀ ਸਾਰੀ ਜ਼ਿੰਦਗੀ ਕਿਸਾਨਾਂ-ਮਜ਼ਦੂਰਾਂ, ਲੁੱਟੇ ਪੁੱਟੇ ਜਾਣ ਵਾਲੇ ਲੋਕਾਂ ਲੇਖੇ ਲਾਈ। ।ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਹੁੰਦਿਆਂ ਕਾਮਰੇਡ ਮਸਤਾਨਾ ਦੀ ਅਗਵਾਈ ਹੇਠ ਕਿਸਾਨੀ ਮੰਗਾਂ ਨੂੰ ਲੈ ਕੇ ਕਈ ਸੰਘਰਸ਼ ਲੜੇ ਅਤੇ ਜਿੱਤਾਂ ਪ੍ਰਾਪਤ ਕੀਤੀਆਂ।ਮਾੜੇ ਦੌਰ ਅੰਦਰ ਉਨ੍ਹਾਂ ਫੁੱਟ ਪਾਊ



**● ਮਜ਼ਦੂਰਾਂ, ਕਿਸਾਨਾਂ ਤੇ ਸਮਾਜਿਕ ਏਕਤਾ ਦੇ ਮੁੱਦਈ ਸਨ ਕਾਮਰੇਡ ਮਸਤਾਨਾ : ਦਵਿੰਦਰ ਸੋਹਲ**

ਅਨਸਰਾਂ ਵਿਰੁੱਧ ਡਟਵਾਂ ਸਟੈਂਡ ਲਿਆ, ਜਿਸ ਕਾਰਨ ਕਾਮਰੇਡ ਮਸਤਾਨਾ ਨੂੰ ਸ਼ਹੀਦ ਕੀਤਾ ਗਿਆ।27 ਮਾਰਚ 1986 ਦੀ ਸਵੇਰ ਨੂੰ ਦੋ ਬੁਜ਼ਦਿਲਾਂ ਨੇ ਪੁਲਸ ਦੀਆਂ ਵਰਦੀਆਂ ਵਿੱਚ ਆ ਕੇ ਮਸਤਾਨਾ ਨੂੰ ਸ਼ਹੀਦ ਕਰ ਦਿੱਤਾ ਸੀ।ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਦਵਿੰਦਰ ਸੋਹਲ ਨੇ ਕਿਹਾ ਕਿ ਕਾਮਰੇਡ ਅਰਜਨ ਸਿੰਘ ਮਸਤਾਨਾ ਹਮੇਸ਼ਾ ਮਿਹਨਤਕਸ਼ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਜੀਵੇ।ਉਨ੍ਹਾਂ ਕਿਹਾ ਕਿ ਕਾਮਰੇਡ ਮਸਤਾਨਾ ਦੀ ਸੋਚ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਹੈ ਕਿ ਮਜ਼ਦੂਰਾਂ, ਕਿਸਾਨਾਂ ਦੇ ਸੰਘਰਸ਼ਾਂ ਨੂੰ ਵੱਡੇ ਪੱਧਰ 'ਤੇ ਲਾਮਬੰਦ ਕੀਤਾ ਜਾਵੇ।ਇਸ ਮੌਕੇ ਸੀ ਪੀ ਆਈ ਦੇ ਬਲਾਕ ਸਕੱਤਰ ਕਾਰਜ ਸਿੰਘ ਕੈਰੋਂ, ਸਰਵ ਭਾਰਤ ਨੌਜਵਾਨ ਸਭਾ ਦੇ ਆਗੂ ਕਾਮਰੇਡ ਵਿਸ਼ਾਲ ਸਿੰਘ ਵਲਟੋਹਾ, ਕਿਸਾਨ ਸਭਾ ਦੇ ਸੂਬਾ ਕਮੇਟੀ ਮੈਂਬਰ ਕੇਵਲ ਸਿੰਘ ਕੰਬੋਕੇ,ਕਿਸਾਨ ਆਗੂ ਗੁਰਦਿਆਲ ਸਿੰਘ ਵਰਨਾਲਾ ਅਤੇ ਕਾਮਰੇਡ ਜਸਬੀਰ ਸਿੰਘ ਜੌਣੇਕੇ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਸ਼ਰਧਾਂਜਲੀ ਸਮਾਗਮ 'ਚ ਲਾਲ ਸਿੰਘ ਵਲਟੋਹਾ, ਬਿੱਕਰ ਸਿੰਘ, ਮੇਜਰ ਸਿੰਘ, ਸਕੱਤਰ ਸਿੰਘ, ਕੁਲਵਿੰਦਰ ਸਿੰਘ, ਕਾਰਜ ਸਿੰਘ, ਸੁਬੇਗ ਸਿੰਘ, ਪ੍ਰਗਟ ਸਿੰਘ, ਬਾਜ ਸਿੰਘ, ਬਖਸ਼ੀਸ਼ ਸਿੰਘ, ਨਿਸ਼ਾਨ ਸਿੰਘ, ਸਤਨਾਮ ਸਿੰਘ, ਅਜੀਤ ਸਿੰਘ, ਬੋਹੜ ਸਿੰਘ, ਪ੍ਰਤਾਪ ਸਿੰਘ, ਹਰਜਿੰਦਰ ਸਿੰਘ, ਗੁਰਨਾਮ ਸਿੰਘ, ਸਵਰਨ ਸਿੰਘ, ਗੁਰਮੀਤ ਸਿੰਘ, ਹਰੀ ਸਿੰਘ, ਡਾ. ਨਵਜੋਤ ਕੌਰ, ਰਾਜ ਕੌਰ ਅਤੇ ਅਮਰਜੀਤ ਕੌਰ ਆਦਿ ਮੌਜੂਦ ਸਨ।

## ਵਿਰਸਾ ਵਿਹਾਰ ਦੇ ਵਿਹੜੇ 'ਚ ਮਨਾਇਆ ਵਿਸ਼ਵ ਰੰਗਮੰਚ ਦਿਵਸ-2026

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਮੰਚ-ਰੰਗਮੰਚ ਅੰਮ੍ਰਿਤਸਰ ਵੱਲੋਂ ਨਾਰਥ ਜ਼ੋਨ ਕਲਚਰਲ ਸੈਂਟਰ ਪਟਿਆਲਾ, ਸੱਭਿਆਚਾਰਕ ਮਾਮਲੇ ਵਿਭਾਗ



ਭਾਰਤ ਸਰਕਾਰ, ਭਾਸ਼ਾ ਵਿਭਾਗ, ਪੰਜਾਬ ਅਤੇ ਵਿਰਸਾ ਵਿਹਾਰ ਸੁਸਾਇਟੀ ਦੇ ਵਿਸ਼ੇਸ਼ ਸਹਿਯੋਗ ਨਾਲ ਸ਼੍ਰੋਮਣੀ ਨਾਟਕਕਾਰ ਸਵ: ਜਤਿੰਦਰ ਬਰਾੜ ਦੀ ਯਾਦ ਵਿੱਚ 21 ਮਾਰਚ ਤੋਂ 30 ਮਾਰਚ ਤੱਕ ਚੱਲਣ ਵਾਲੇ 26ਵੇਂ ਰਾਸ਼ਟਰੀ ਰੰਗਮੰਚ ਉਤਸਵ ਦੇ ਸਤਵੇਂ ਦਿਨ ਮਨਿੰਦਰ ਕਾਂਗ ਦੁਆਰਾ ਲਿਖਿਆ ਅਤੇ ਕੇਵਲ ਧਾਲੀਵਾਲ ਦਾ ਨਿਰਦੇਸ਼ਤ ਕੀਤਾ ਨਾਟਕ 'ਭਾਰ' ਦਾ ਮੰਚਨ ਵਿਰਸਾ ਵਿਹਾਰ ਦੇ ਸ੍ਰ. ਕਰਤਾਰ ਸਿੰਘ ਦੁੱਗਲ ਆਡੀਟੋਰੀਅਮ 'ਚ ਸਫ਼ਲਤਾਪੂਰਵਕ ਕੀਤਾ ਗਿਆ।ਨਾਟਕ ਤੋਂ ਪਹਿਲਾਂ ਵਿਸ਼ਵ ਰੰਗਮੰਚ ਦਿਵਸ ਨੂੰ ਸਮਰਪਿਤ ਸ਼ਾਨਦਾਰ ਸਮਾਗਮ ਕੀਤਾ ਗਿਆ।ਸਭ ਤੋਂ ਪਹਿਲਾਂ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਨੇ ਇੰਟਰਨੈਸ਼ਨਲ ਥੀਏਟਰ ਇੰਸਟੀਚਿਊਟ ਆਈਟੀਆਈ ਵਿਸ਼ਵ ਪ੍ਰਦਰਸ਼ਨ ਕਲਾ ਸੰਗਠਨ ਦਾ ਵਿਸ਼ਵ ਰੰਗਮੰਚ ਦਿਵਸ 2026 ਸੁਨੇਹਾ ਵਿਲੇਮ ਡਾਫੋ, ਅਮਰੀਕਾ ਅਦਾਕਾਰ, ਥੀਏਟਰ ਨਿਰਮਾਤਾ ਵੱਲੋਂ ਲਿਖਿਆ ਸਥਾਨਕ ਕਲਾਕਾਰਾਂ ਨੂੰ ਪੜ੍ਹ ਕੇ ਸੁਣਾਇਆ।ਕੁਸ਼ਾਗਰ ਕਾਲੀਆ ਵੱਲੋਂ ਰੰਗਮੰਚ ਦਾ ਗੀਤਾ ਗਾਇਆ।ਇਸ ਤੋਂ ਬਾਅਦ 'ਭਾਰ' ਨਾਟਕ ਦਾ ਮੰਚਨ ਕੀਤਾ ਗਿਆ। ਇਸ ਨਾਟਕ ਵਿੱਚ ਸਾਜਨ ਕੋਹਿਨੂਰ ਨੇ ਦਮਦਾਰ ਅਦਾਕਾਰੀ ਪੇਸ਼ ਕੀਤੀ।ਨਾਟਕ ਦਾ ਰੋਸ਼ਨੀ ਪ੍ਰਭਾਵ ਅਕਾਸ਼ਦੀਪ ਤੇ ਯੁਵਨੀਸ਼ ਸ਼ਰਮਾ ਵੱਲੋਂ ਦਿੱਤਾ ਗਿਆ।ਨਾਟਕ ਤੋਂ ਬਾਅਦ ਵਿਸ਼ਵ ਰੰਗਮੰਚ ਦਿਵਸ ਨੂੰ ਸਮਰਪਿਤ ਸਾਡਾ ਨਾਟ ਘਰ ਦੀ ਟੀਮ ਵੱਲੋਂ ਬਾਲ ਨਾਟਕ ਤੇ ਐਕਸ਼ਨ ਗੀਤ ਪੇਸ਼ ਕੀਤੇ ਗਏ।ਸਮਾਗਮ ਵਿੱਚ ਪਹਿਲਾਂ ਜਤਿੰਦਰ ਬਰਾੜ ਯਾਦਗਾਰੀ ਸਨਮਾਨ ਪ੍ਰਸਿੱਧ ਨਾਟਕਕਾਰ ਡਾ. ਆਤਮਜੀਤ ਨੂੰ ਦਿੱਤਾ ਗਿਆ। ਰੰਗਮੰਚ ਦੇ ਖੇਤਰ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਉਣ ਵਾਲੇ 30 ਦੇ ਕਰੀਬ ਸਥਾਨਕ ਕਲਕਾਰਾਂ ਦਾ ਮਾਣ ਸਨਮਾਨ ਕੀਤਾ ਗਿਆ।ਇਸ ਮੌਕੇ ਵਿਰਸਾ ਵਿਹਾਰ ਦੇ ਸਕੱਤਰ ਰਮੇਸ਼ ਯਾਦਵ, ਡਾ. ਹਰਿਭਜਨ ਸਿੰਘ ਭਾਟੀਆ, ਨਾਟਕਕਾਰ ਜਗਦੀਸ਼ ਸਚਦੇਵਾ, ਅਦਾਕਾਰ ਹਰਦੀਪ ਗਿੱਲ, ਭੁਪਿੰਦਰ ਸਿੰਘ ਸੰਧੂ, ਹੀਰਾ ਰੰਧਾਵਾ, ਪਵਨਦੀਪ, ਜਸਵੰਤ ਸਿੰਘ ਜੱਸ, ਸੁਮੀਤ ਸਿੰਘ ਸਮੇਤ ਸਥਾਨਕ ਰੰਗਕਰਮੀ ਅਤੇ ਨਾਟ ਪ੍ਰੇਮੀ ਹਾਜ਼ਰ ਸਨ।

## ਈ ਐੱਸ ਆਈ ਡਿਸਪੈਂਸਰੀ ਧਾਰੀਵਾਲ 'ਚ ਫਿਰ ਚੋਰੀ

ਧਾਰੀਵਾਲ, (ਮਨਦੀਪ ਵਿੱਕੀ)- ਈ. ਐੱਸ. ਆਈ. ਡਿਸਪੈਂਸਰੀ ਧਾਰੀਵਾਲ ਵਿੱਚ ਤਸੱਲੀ ਨਾਲ ਚੋਰੀ ਕੀਤੀ ਗਈ। ਮੈਡੀਕਲ ਅਫਸਰ ਡਾ, ਮੁਨੀਸ਼ ਕੁਮਾਰ ਕਪੂਰ, ਮਨਪ੍ਰੀਤ ਸਿੰਘ, ਮੈਡਮ ਰਮਿੰਦਰ



ਦੇਵੀ ਸਮੇਤ ਸਮੁੱਚੇ ਸਟਾਫ ਨੇ ਦੱਸਿਆ ਕਿ ਬੀਤੀ ਰਾਤ ਚੋਰਾਂ ਵੱਲੋਂ ਈਐੱਸਆਈ ਡਿਸਪੈਂਸਰੀ ਦੀ ਕਾਫੀ ਭੰਨਤੋੜ ਕੀਤੀ, ਸਾਰੇ ਕਮਰਿਆਂ ਦੇ ਦਰਵਾਜ਼ੇ ਤੋੜੇ ਗਏ, ਵਾਸ਼ਵੇਸਨ ਤੋੜ ਕੇ ਟੂਟੀਆਂ ਉਤਾਰ ਕੇ ਲੈ ਗਏ।ਬਿਜਲੀ ਦੀ ਵਾਇਰਿੰਗ ਵੀ ਪੁੱਟ ਕੇ ਲੈ ਕੇ ਗਏ ਹਨ ਜਿਸ ਨਾਲ ਡਿਸਪੈਂਸਰੀ ਦੀ ਸਾਰੀ ਬਿਜਲੀ ਬੰਦ ਹੋ ਗਈ।ਉਨ੍ਹਾਂ ਨੇ ਦੱਸਿਆ ਕਿ ਚੋਰ ਸਟੋਰ ਰੂਮ ਵਿੱਚੋਂ ਕੰਮਪਿਊਟਰ, ਪ੍ਰਿੰਟਰ, ਪਾਣੀ ਵਾਲੇ ਪੁਰਾਣੇ ਵਾਟਰ ਕੂਲਰ ਦੀ ਮੋਟਰ, ਫਾਰਮੇਸੀ ਦੇ ਮੇਨ ਸਟੋਰ ਦਾ ਦਰਵਾਜ਼ਾ ਤੋੜ ਕੇ ਕਾਫੀ ਦਵਾਈਆਂ, ਟੀਕੇ , ਸਰਿੰਜਾਂ ਵੀ ਚੋਰੀ ਕਰ ਕੇ ਲੈ ਗਏ।ਉਨ੍ਹਾਂ ਨੇ ਦੱਸਿਆ ਕਿ ਚੋਰਾਂ ਵੱਲੋਂ ਲੱਖਾਂ ਰੁਪਏ ਦਾ ਨੁਕਸਾਨ ਕੀਤਾ ਗਿਆ।ਮੈਡੀਕਲ ਅਫਸਰ ਡਾ. ਮੁਨੀਸ਼ ਕੁਮਾਰ ਕਪੂਰ ਨੇ ਦੱਸਿਆ ਕਿ ਹੋਈ ਚੋਰੀ ਸਬੰਧੀ ਥਾਣਾ ਧਾਰੀਵਾਲ ਵਿਖੇ ਲਿਖਤੀ ਸੂਚਨਾ ਦਰਜ ਕਰਵਾ ਦਿੱਤੀ ਹੈ।ਇਸ ਮੌਕੇ ਫਾਰਮੇਸੀ ਅਫਸਰ ਮਨਮੋਹਨਜੀਤ ਸਿੰਘ, ਅਮਨ, ਪ੍ਰਿੰਸ, ਕੁੰਦਨ, ਸੁਖਵਿੰਦਰ ਕੌਰ, ਰੂਪਾ, ਨਮਿੰਦਰ ਕੌਰ, ਬਲਜੀਤ ਕੌਰ, ਹਰਪ੍ਰੀਤ ਕੌਰ, ਪ੍ਰਦੀਪ ਕੁਮਾਰ ਆਦਿ ਹਾਜ਼ਰ ਸਨ।

## ਲੇਖਕਾਂ ਤੇ ਵਿਦਵਾਨਾਂ ਵੱਲੋਂ ਅਟਾਰੀ-ਵਾਹਗਾ ਬਾਰਡਰ ਖੋਲ੍ਹਣ ਤੇ ਜੰਗਬੰਦੀ ਕਰਵਾਉਣ ਦੀ ਅਪੀਲ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਕਿਸਾਨ ਜਥੇਬੰਦੀਆਂ ਵੱਲੋਂ ਵਪਾਰ ਲਈ ਸਰਹੱਦਾਂ ਖੋਲ੍ਹਣ ਦੀ ਮੰਗ ਕਰਦਿਆਂ 28 ਮਾਰਚ ਨੂੰ ਅਟਾਰੀ ਵਾਹਗਾ ਬਾਰਡਰ 'ਤੇ ਇਸ ਸਬੰਧ ਵਿੱਚ ਵਿਸ਼ਾਲ ਰੈਲੀ ਰੱਖੀ ਗਈ ਹੈ।ਅਕਾਦਮੀ ਇਸ ਦਾ ਸਮਰਥਨ ਕਰਦਿਆਂ ਮੰਗ ਕੀਤੀ ਕਿ ਹੋਰ ਰਾਜਸੀ ਪਾਰਟੀਆਂ ਕਾਂਗਰਸ, ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਬਹੁਜਨ ਸਮਾਜ ਪਾਰਟੀ ਵੀ ਇਸਦਾ ਸਮਰਥਨ ਕਰਨ।ਫੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਅੰਮ੍ਰਿਤਸਰ ਇਕਾਈ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਵਿੱਚ ਪੰਜਾਬ ਦੀ ਆਰਥਿਕ ਤੇ ਸਮਾਜਿਕ ਖੁਸ਼ਹਾਲੀ ਲਈ ਵਪਾਰ ਲਈ ਸਰਹੱਦ ਦੀ ਰਸਤੇ ਖੋਲ੍ਹਣ ਦੀ ਮੰਗ ਕਰਦਿਆਂ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਕਿ ਪਾਕਿਸਤਾਨ, ਅਫਗਾਨਿਸਤਾਨ, ਇਰਾਨ ਅਤੇ ਮੱਧ ਏਸ਼ੀਆ ਨਾਲ ਜ਼ਮੀਨੀ ਰਸਤੇ ਵਪਾਰ ਮੁੜ ਸ਼ੁਰੂ ਕੀਤਾ ਜਾਵੇ।ਅਕਾਦਮੀ ਦੇ ਪ੍ਰਧਾਨ ਰਮੇਸ਼ ਯਾਦਵ ਨੇ ਪ੍ਰੈੱਸ ਨੂੰ ਦੱਸਿਆ ਕਿ ਜੇਕਰ ਭਾਰਤ ਅਤੇ ਪਾਕਿਸਤਾਨ ਦਰਮਿਆਨ ਵਪਾਰ ਤੇ ਰਸਤੇ ਖੁੱਲ੍ਹਦੇ ਹਨ ਤਾਂ ਮਹਿੰਗਾਈ ਘੱਟ ਹੋਵੇਗੀ।ਦੇਸ਼ ਦੀ ਜੀਡੀਪੀ ਵਿੱਚ ਵਾਧਾ ਹੋਵੇਗਾ ਤੇ ਕਿਸਾਨਾਂ ਤੇ ਵਪਾਰੀਆਂ ਤੇ ਮਜ਼ਦੂਰਾਂ ਦੀ ਆਰਥਿਕ ਤੇ ਸਮਾਜਿਕ ਹਾਲਤ ਵਿੱਚ ਸੁਧਾਰ ਹੋਵੇਗਾ।ਪ੍ਰਗਤੀਸ਼ੀਲ ਲੇਖਕ ਸੰਘ ਅੰਮ੍ਰਿਤਸਰ ਇਕਾਈ ਦੇ ਪ੍ਰਧਾਨ ਭੁਪਿੰਦਰ ਸਿੰਘ ਸੰਧੂ ਨੇ ਕਿਹਾ ਕਿ ਵਪਾਰ ਲਈ ਬਾਰਡਰ ਖੋਲਣ ਨਾਲ ਸਰਹੱਦੀ ਖੇਤਰਾਂ ਅਤੇ ਸਰਹੱਦ ਦੇ ਨਾਲ ਲੱਗਦੇ ਸ਼ਹਿਰਾਂ ਪਿੰਡਾਂ ਵਿੱਚ ਤਨਾਅ ਖਤਮ ਹੋਵੇਗਾ, ਦੋਹਾਂ ਦੇਸ਼ਾਂ ਦੇ ਮੁਲਕਾਂ ਵਿੱਚ ਖੁਸ਼ਹਾਲੀ ਆਵੇਗੀ ਤੇ ਸੁੱਖ ਸ਼ਾਂਤੀ ਦਾ ਮਾਹੌਲ ਕਾਇਮ ਹੋਵੇਗਾ।ਇਨ੍ਹਾਂ ਦੋਵਾਂ ਪ੍ਰਤੀਨਿਧੀਆਂ ਨੇ ਸੰਸਾਰ ਭਰ 'ਚੋਂ ਜੰਗ ਦਾ ਖਾਤਮਾ ਕੀਤੇ ਜਾਣ 'ਤੇ ਵੀ ਜ਼ੋਰ ਦਿੱਤਾ। ਰੂਸ, ਯੂਕਰੇਨ ਅਤੇ ਈਰਾਨ, ਅਮਰੀਕਾ, ਇਜ਼ਰਾਈਲ ਜੰਗ ਫੌਰਨ ਬੰਦ ਹੋਣੀ ਚਾਹੀਦੀ ਹਨ, ਕਿਉਂਕਿ ਇਨ੍ਹਾਂ ਜੰਗਾਂ ਦਾ ਮਨੁੱਖਾਂ ਜੀਵ ਜੰਤੂਆਂ ਫਸਲਾਂ ਅਤੇ ਇਨਸਾਨਾਂ, ਸੰਸਾਰ ਭਰ ਦੇ ਲੋਕਾਂ ਦੇ ਜਾਨ ਮਾਲ ਦਾ ਵੱਡਾ ਨੁਕਸਾਨ ਹੋ ਰਿਹਾ ਹੈ, ਇਹ ਜੰਗਾਂ ਬੰਦ ਕਰਵਾਉਣ ਲਈ ਭਾਰਤ ਸਰਕਾਰ ਨੂੰ ਅਪੀਲ ਕਰਦਿਆਂ ਸੰਸਾਰ ਅਮਨ ਦੀ ਕਾਮਨਾ ਕੀਤੀ।ਇਸ ਮੌਕੇ ਦਿਲਬਾਗ ਸਿੰਘ ਸਰਕਾਰੀਆ, ਹਰਜੀਤ ਸਿੰਘ ਸਰਕਾਰੀਆ, ਧਰਵਿੰਦਰ ਸਿੰਘ ਔਲਖ, ਕਮਲ ਗਿੱਲ, ਹਰੀਸ਼ ਸਾਬਰੀ, ਕਰਮਜੀਤ ਕੌਰ ਜੱਸਲ ਆਦਿ ਹਾਜ਼ਰ ਸਨ।

## ਕਰਨ ਬੁਰਜ ਵੱਲੋਂ ਪਿੰਡ ਖਾਰਾ 'ਚ ਕਾਂਗਰਸੀ ਵਰਕਰਾਂ ਦੀ ਲਾਮਬੰਦੀ ਮੀਟਿੰਗ



ਸਰਾਏ ਅਮਾਨਤ ਖਾਂ (ਮੱਖਣ ਮਨੋਜ)- ਕਾਂਗਰਸ ਹਾਈ ਕਮਾਂਡ ਦੇ ਆਦੇਸ਼ਾਂ ਤੇ ਆ ਰਹੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਨੂੰ ਲੈ ਕੇ ਕਾਂਗਰਸ ਦੇ ਹਲਕਾ ਇੰਚਾਰਜ ਕਰਨਬੀਰ ਸਿੰਘ ਬੁਰਜ ਨੇ ਹਲਕੇ ਦੇ ਪਿੰਡ ਖਾਰਾ ਵਿਖੇ ਸਾਬਕਾ ਸਰਪੰਚ ਉੱਤਮ ਸਿੰਘ ਦੇ ਗ੍ਰਹਿ ਵਿਖੇ ਕਾਂਗਰਸੀ ਵਰਕਰਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਕਾਂਗਰਸ ਦੀਆਂ ਨੀਤੀਆਂ ਤੋਂ ਜਾਣੂ ਕਰਵਾਇਆ ਉਥੇ ਵਿਰੋਧੀ ਪਾਰਟੀਆਂ ਵੱਲੋਂ ਜਨਤਾ ਨੂੰ ਝੂਠੇ ਸਬਜ਼ਬਾਗ ਵਿਖੇ ਗੁੰਮਰਾਹ ਕਰਨ ਦੀਆਂ ਤਾਲਾਂ ਤੋਂ ਸੁਚੇਤ ਰਹਿਣ ਲਈ ਕਿਹਾ।ਬੁਰਜ ਨੇ ਕਿਹਾ ਕਿ ਪੰਜਾਬ ਦੀ ਬਰਬਾਦੀ ਲਈ ਜਿਥੇ ਆਮ ਆਦਮੀ ਪਾਰਟੀ ਜ਼ਿੰਮੇਵਾਰ ਹੈ ਉਥੇ ਅਕਾਲੀ ਦਲ ਵੀ ਬਰਾਬਰ ਦਾ ਦੋਸ਼ੀ ਹੈ।ਇਸ ਸਮੇਂ ਸਾਬਕਾ ਸਰਪੰਚ ਉੱਤਮ ਸਿੰਘ, ਸਾਬਕਾ ਮੈਂਬਰ ਨੀਤਨ ਸ਼ਰਮਾ, ਗੁਰਮੀਤ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਜਸਬੀਰ ਸਿੰਘ, ਸਰਵਨ ਸਿੰਘ, ਪ੍ਰੀਤਮ ਸਿੰਘ, ਸੁਖਦੇਵ ਸਿੰਘ, ਰਾਜੂ ਮੈਂਬਰ, ਜਗਜੀਤ ਸਿੰਘ ਅਤੇ ਸੁਖਦੇਵ ਕੁਮਾਰ ਤੋਂ ਇਲਾਵਾ ਸਰਪੰਚ ਗੁਰਚਰਨ ਸਿੰਘ ਖੈਰਦੀ, ਸਾਬਕਾ ਸਰਪੰਚ ਸੁੱਚਾ ਸਿੰਘ ਖੈਰਦੀ, ਪਾਹੁਲ ਪ੍ਰੀਤ ਸਿੰਘ ਕਸੇਲ, ਮਲਕੀਤ ਸਿੰਘ ਗਹਿਰੀ, ਹਰਜੀਤ ਸਿੰਘ ਝਬਾਲ, ਸਵਿੰਦਰ ਸਿੰਘ ਕਾਕਾ ਦਿੱਲੀ ਵਾਲੇ, ਅਮਨਦੀਪ ਸਿੰਘ ਦਿੱਲੀ ਵਾਲੇ ਅਤੇ ਪਰਮਜੀਤ ਸਿੰਘ ਫੌਜੀ ਆਦਿ ਹਾਜ਼ਰ ਸਨ।

## ਸਬਜ਼ੀ ਮੰਡੀ ਵੱਲਾ 'ਚ ਕਿਸਾਨਾਂ ਦੀ ਹੁੰਦੀ ਹੈ ਖੱਜਲ-ਖੁਆਰੀ, ਨਿੱਤ ਲੱਗਦੀਆਂ ਹਨ ਨਾਜਾਇਜ਼ ਫੜ੍ਹੀਆਂ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਸਬਜ਼ੀ ਮੰਡੀ ਵੱਲਾ ਅੰਮ੍ਰਿਤਸਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਸਾਨ ਆਗੂ ਲਖਬੀਰ ਸਿੰਘ ਨਿਜ਼ਾਮਪੁਰ ਅਤੇ ਪ੍ਰਧਾਨ ਭੁਪਿੰਦਰ ਸਿੰਘ ਤੀਰਥਪੁਰਾ ਨੇ ਕਿਹਾ ਕਿ ਮਾਰਕੀਟ ਕਮੇਟੀ ਅੰਮ੍ਰਿਤਸਰ ਦੇ ਸਕੱਤਰ ਅਤੇ ਮੰਡੀ ਸੁਪਰਵਾਈਜ਼ਰ ਦੀ ਮਿਲੀਭੁਗਤ ਨਾਲ ਮੰਡੀ ਅੰਦਰ ਦਾਖਲ ਹੋਣ ਵਾਲੀਆਂ ਸੜਕਾਂ 'ਤੇ ਮੰਡੀ ਠੇਕੇਦਾਰ ਨੇ ਪੈਸੇ ਲੈ ਕੇ ਫੜ੍ਹੀਆਂ ਲਵਾਈਆਂ ਹੋਈਆਂ।ਮੰਡੀ ਦਾ ਠੇਕੇਦਾਰ ਇਨ੍ਹਾਂ ਕੋਲੋਂ ਰੋਜ਼ਾਨਾ ਉਗਰਾਹੀ ਕਰਦਾ ਹੈ।ਟਰੈਕਟਰ ਟਰਾਲੀਆਂ, ਆਟੋ, ਹਾਥੀ ਤੇ ਹੋਰ ਵਹੀਕਲ ਜਿਨ੍ਹਾਂ ਉੱਪਰ ਕਿਸਾਨ ਸਬਜ਼ੀਆਂ ਲੈ ਕੇ ਆਉਂਦਾ ਹੈ, ਦਾ ਲੰਘਣਾ ਮੁਸ਼ਕਲ ਬਣਿਆ ਹੋਇਆ। ਜਥੇਬੰਦੀ ਨੇ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਚਰਨਜੀਤ ਸਿੰਘ ਬੱਤਰਾ ਤੇ ਦੂਸਰੇ ਆੜ੍ਹਤੀਆਂ ਨੂੰ ਮੌਕੇ 'ਤੇ ਸੱਦਿਆ ਅਤੇ ਨਾਜਾਇਜ਼ ਕਬਜ਼ਿਆਂ ਨੂੰ ਖਾਲੀ ਕਰਵਾਉਣ ਲਈ ਕਿਹਾ।ਪਾਰਕਿੰਗ ਫੀਸ ਦੇ ਨਾਮ 'ਤੇ ਮਨਮਰਜ਼ੀ ਦੀ ਫੀਸ ਉਗਰਾਹੀ ਜਾ ਰਹੀ ਹੈ।ਜਿਹੜੀ ਰਸੀਦ ਦਿੱਤੀ ਜਾਂਦੀ ਹੈ ਉਸ ਉਪਰ ਕੋਈ ਰੇਟ ਨਹੀਂ ਲਿਖਿਆ ਜਾਂਦਾ ।ਇਥੋਂ ਤੱਕ ਕਿ ਇੱਕ ਗਰੀਬ ਵਿਅਕਤੀ ਜੋ ਮੰਡੀ ਅੰਦਰ ਸਾਈਕਲ ਉਪਰ



ਟਿਫਨ ਦੇਣ ਆਉਂਦਾ ਹੈ, ਉਸ ਕੋਲੋਂ ਵੀ 250 ਰੁਪਏ ਰੋਜ਼ਾਨਾ ਜਬਰੀ ਉਗਰਾਹੀ ਕੀਤੀ ਜਾਂਦੀ ਹੈ।ਇਸ ਲਈ ਜਥੇਬੰਦੀ ਦੇ ਆਗੂਆਂ ਨੇ ਸਪੱਸ਼ਟ ਐਲਾਨ ਕੀਤਾ ਕਿ ਜੇਕਰ ਮੰਡੀ ਬੋਰਡ, ਮਾਰਕੀਟ ਕਮੇਟੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਇਨ੍ਹਾਂ ਮਸਲਿਆਂ ਵੱਲ ਧਿਆਨ ਨਾ ਦਿੱਤਾ ਤਾਂ ਜਥੇਬੰਦੀ ਨੂੰ ਮਜਬੂਰਨ ਕੋਈ ਵੱਡਾ ਫੈਸਲਾ ਲੈਣਾ ਪਵੇਗਾ।

## ਸੂਬਾ ਆਗੂ ਸੁਖਦੇਵ ਸਿੰਘ ਭਾਗੋਕਾਵਾਂ ਦਾ ਅੰਤਿਮ ਸੰਸਕਾਰ

ਧਾਰੀਵਾਲ, (ਮਨਦੀਪ ਵਿੱਕੀ)- ਸੀਪੀਆਈਐੱਮਐੱਲ ਲਿਬਰੇਸ਼ਨ ਅਤੇ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਆਗੂ ਸੁਖਦੇਵ ਸਿੰਘ ਭਾਗੋਕਾਵਾਂ ਦਾ ਸੰਸਕਾਰ ਦਿੱਤਾ ਗਿਆ ਹੈ। ਉਨ੍ਹਾਂ (ਭਾਗੋਕਾਵਾਂ) ਦੀ ਬੀਤੇ ਦਿਨੀਂ 24 ਮਾਰਚ ਨੂੰ ਅੰਮ੍ਰਿਤਸਰ ਤੇ ਇਕ ਨਿੱਜੀ ਹਸਪਤਾਲ ਵਿੱਚ ਇਲਾਜ ਦੌਰਾਨ ਅਚਾਨਕ ਮੌਤ ਹੋ ਗਈ ਸੀ। ਸੂਬਾ ਆਗੂ ਸੁਖਦੇਵ ਸਿੰਘ ਭਾਗੋਕਾਵਾਂ ਦੀ ਮ੍ਰਿਤਕ ਦੇਹ ਉੱਪਰ ਲਿਬਰੇਸਨ ਵਲੋਂ ਲਾਲ ਝੰਡਾ ਅਤੇ ਕਿਸਾਨ ਜਥੇਬੰਦੀ ਵਲੋਂ ਹਰਾ ਝੰਡਾ ਪਾਇਆ। ਇਸ ਮੌਕੇ ਵੱਖ-ਵੱਖ ਕਿਸਾਨ, ਮਜ਼ਦੂਰ ਜਥੇਬੰਦੀਆਂ ਸਮੇਤ ਸੀਪੀਆਈ ਐੱਮਐੱਲ ਲਿਬਰੇਸਨ ਅਤੇ ਹੋਰ ਖੱਬੀਆਂ ਪਾਰਟੀਆਂ ਦੇ ਆਗੂਆਂ ਨੇ ਸਾਥੀ ਸੁਖਦੇਵ ਸਿੰਘ ਭਾਗੋਕਾਵਾਂ ਅਮਰ ਰਹੇ ਆਦਿ ਨਾਅਰੇ ਲਗਾਉਂਦਿਆਂ ਉਨ੍ਹਾਂ ਨੂੰ ਅੰਤਿਮ ਵਿਦਾਇਗੀ ਦਿੱਤੀ। ਇਸ ਮੌਕੇ ਲਿਬਰੇਸ਼ਨ ਪੰਜਾਬ ਦੇ ਇੰਚਾਰਜ ਪਰਸ਼ੋਤਮ ਸ਼ਰਮਾ, ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ, ਸੁਖਦਰਸਨ ਸਿੰਘ ਨੱਤ, ਪੰਜਾਬ ਕਿਸਾਨ ਯੂਨੀਅਨ ਸੂਬਾ ਪ੍ਰਧਾਨ ਰੁਲਦੂ ਸਿੰਘ



ਮਾਨਸਾ, ਕਿਸਾਨ ਆਗੂ ਅਸ਼ਵਨੀ ਕੁਮਾਰ ਲੱਖਣ ਕਲਾਂ, ਗੁਲਜ਼ਾਰ ਸਿੰਘ ਬਸੰਤਕੋਟ, ਬਲਬੀਰ ਸਿੰਘ ਕੱਤੋਵਾਲ, ਮੱਖਣ ਕੁਹਾੜ, ਮੰਗਲ ਧਰਮਕੋਟ, ਗੁਰਵਿੰਦਰ ਸਿੰਘ, ਸਤਿਬੀਰ ਸਿੰਘ ਸੁਲਤਾਨੀ, ਬਲਬੀਰ ਸਿੰਘ ਮੂਧਲ, ਅਸ਼ੋਕ ਮਹਾਜਨ,ਚਰਨਜੀਤ ਸਿੰਘ ਭਿੰਡਰ, ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਵਿਜੇ ਸੋਹਲ, ਸ਼ਿਵ ਕੁਮਾਰ, ਅਸ਼ੋਕ ਭਾਰਤੀ, ਕਾਮਰੇਡ ਗੁਲਜਾਰ ਸਿੰਘ ਭੁੰਬਲੀ, ਸ਼ਮਸ਼ੇਰ ਹੇਅਰ ਆਦਿ ਸਮੇਤ ਵੱਡੀ ਗਿਣਤੀ ਵਿੱਚ ਵੱਖ-ਵੱਖ ਕਿਸਾਨ, ਮਜ਼ਦੂਰ ਜਥੇਬੰਦੀਆਂ ਸਮੇਤ ਸੀਪੀਆਈ ਐੱਮਐੱਲ ਲਿਬਰੇਸ਼ਨ ਅਤੇ ਹੋਰ ਖੱਬੀਆਂ ਪਾਰਟੀਆਂ ਦੇ ਆਗੂਆਂ ਤੋਂ ਇਲਾਵਾ ਰਿਸ਼ਤੇਦਾਰ ਅਤੇ ਪਿੰਡ ਵਾਸੀ ਹਾਜ਼ਰ ਸਨ।

## ਸੁਪਰੀਮ ਕਾਨਵੈਂਟ ਸਕੂਲ ਦਾ ਨਤੀਜਾ ਸ਼ਾਨਦਾਰ




**ਹਠੂਰ (ਨਛੱਤਰ ਸੰਧੂ)**-ਸੁਪਰੀਮ ਕਾਨਵੈਂਟ ਸਕੂਲ ਬਿਲਾਸਪੁਰ ਦੁਆਰਾ ਵਿੱਦਿਅਕ ਵਰ੍ਹੇ 2025-26 ਦਾ ਨਤੀਜਾ ਐਲਾਨਿਆ ਗਿਆ।ਸਾਰੀਆਂ ਕਲਾਸਾਂ ਦਾ ਨਤੀਜਾ ਸ਼ਾਨਦਾਰ ਰਿਹਾ। ਸਕੂਲ ਪ੍ਰਧਾਨ ਚਰਨ ਸਿੰਘ, ਸਕੂਲ ਚੇਅਰਮੈਨ ਯੋਗਿੰਦਰ ਸ਼ਰਮਾਠ ਪ੍ਰਿੰਸੀਪਲ ਕੁੰਜੂਮੋਲ ਜੋਅ ਤੇ ਵਾਈਸ ਪ੍ਰਿੰਸੀਪਲ ਜਸਮੇਲ ਸਿੰਘ ਨੇ ਸਾਰੇ ਹੀ ਵਿਦਿਆਰਥੀਆਂ ਸਟਾਫ ਤੇ ਅਧਿਆਪਕਾਂ ਨੂੰ ਵਧਾਈ ਦਿੱਤੀ।ਕਲਾਸਾਂ ਵਿੱਚ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਕਲਾਸ ਯੂ.ਕੇ.ਜੀ ਦੀ ਗ੍ਰੈਜੂਏਸ਼ਨ ਸੈਰੇਮਨੀ ਵੀ ਆਯੋਜਤ ਕੀਤੀ ਗਈ।ਵਿੱਦਿਅਕ ਸੈਸ਼ਨ 2025-26 ਦੌਰਾਨ ਕਰਾਈਆਂ ਗਈਆਂ ਵੱਖ-ਵੱਖ ਗਤੀਵਿਧੀਆਂ ਵਿੱਚ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਉਚੇਚੇ ਤੌਰ 'ਤੇ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।

## ਅਸ਼ੋਕ ਕੁਮਾਰ ਪ੍ਰਜਾਪਤ ਦਾ ਦੇਹਾਂਤ, ਪਰਵਾਰ ਨਾਲ ਦੁੱਖ ਪ੍ਰਗਟ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਅਸ਼ੋਕ ਕੁਮਾਰ ਪ੍ਰਜਾਪਤ ਜਿਨ੍ਹਾਂ ਦਾ 23 ਮਾਰਚ ਨੂੰ ਦੇਹਾਂਤ ਹੋ ਗਿਆ ਸੀ, ਦੇ ਪਰਵਾਰ ਨਾਲ ਵੱਖ-ਵੱਖ ਆਗੂਆਂ ਨੇ ਹਮਦਰਦੀ ਪ੍ਰਗਟ ਕਰਦੇ ਹੋਏ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਸੇ ਤਹਿਤ ਐਡਵੋਕੇਟ ਰਜਨੀਸ਼ ਕੁਮਾਰ ਦਹੀਆ ਐਮ ਐਲ ਏ ਹਲਕਾ ਫ਼ਿਰੋਜ਼ਪੁਰ ਦਿਹਾਤੀ, ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਉਪਿੰਦਰ ਸਿੰਘ ਸਿੱਧੀ ਪ੍ਰਧਾਨ ਨਗਰ ਪੰਚਾਇਤ ਮਮਦੋਟ, ਦਲਜੀਤ ਸਿੰਘ ਬਾਬਾ ਉਪ ਪ੍ਰਧਾਨ ਨਗਰ ਪੰਚਾਇਤ ਮਮਦੋਟ, ਹਰਜਿੰਦਰ ਸਿੰਘ ਸਿੱਧੀ, ਐਮ ਸੀ ਕੇਵਲ ਕ੍ਰਿਸ਼ਨ ਵਿਪਿਨ ਮਮਦੋਟ, ਤਰਸੇਮ ਕੁਮਾਰ ਸੋਨੂੰ ਵੱਲੋਂ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਪਰਵਾਰ ਨਾਲ ਹਮਦਰਦੀ ਪ੍ਰਗਟ ਕਰਦੇ ਸ੍ਰੀ ਦਹੀਆ ਨੇ ਕਿਹਾ ਕਿ ਅਸ਼ੋਕ ਕੁਮਾਰ ਦੀ ਬੇਵਕਤੀ ਮੌਤ ਨਾਲ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਜਿਸ ਦੀ ਭਰਪਾਈ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਉਹ ਤੇ ਉਨ੍ਹਾਂ ਦੀ ਪਾਰਟੀ ਪਰਵਾਰ ਦੇ ਹਰੇਕ ਦੁੱਖ-ਸੁੱਖ ਵਿੱਚ ਸਦਾ ਹਾਜ਼ਰ ਰਹਿਣਗੇ। ਉਨ੍ਹਾਂ ਨਾਲ ਨਿੱਜੀ ਸਕੱਤਰ ਪਵਨ ਕੁਮਾਰ ਸੋਲੈਂਕੀ ਵੀ ਹਾਜ਼ਰ ਸਨ। ਸਵ: ਅਸ਼ੋਕ ਕੁਮਾਰ ਨਮਿਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦਾ ਭੋਗ ਤੇ ਅੰਤਮ ਅਰਦਾਸ 29 ਮਾਰਚ ਨੂੰ 12 ਵਜੇ ਤੋਂ ਇੱਕ ਵਜੇ ਤੱਕ ਗੁਰਦੁਆਰਾ ਸਿੰਘ ਸਭਾ ਵਿਖੇ ਹੋਵੇਗੀ।

## ਪਬਲਿਕ ਸਕੂਲ ਦਾ ਨਤੀਜਾ ਸੌ ਫ਼ੀਸਦੀ ਰਿਹਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਬਲਿਕ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਕਾਲਜ (ਟਰੱਸਟ) ਵੱਲੋਂ ਵਿਦਿਅਕ ਸੈਸ਼ਨ 2025-26 ਦੇ ਸਲਾਨਾ ਨਤੀਜਿਆਂ ਦਾ ਐਲਾਨ ਕੀਤਾ ਗਿਆ ਹੈ।ਸੰਸਥਾ ਵੱਲੋਂ ਪੜ੍ਹਾਈ, ਖੇਡਾਂ ਅਤੇ ਸੱਭਿਆਚਾਰਕ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀ ਨੂੰ ਸਨਮਾਨਿਤ ਕਰਨ ਲਈ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਪਿੰਡ ਗੋਬਿੰਦਪੁਰਾ ਪੈਂਦ ਟੋਲ ਪਲਾਜਾ ਦੇ ਜਨਰਲ ਮੈਨੇਜਰ ਦੀਪਕ ਉਪਧਿਆਏ ਤੇ ਵਿਸ਼ੇਸ਼ ਮਹਿਮਾਨ ਵਜੋਂ ਆਈਟੀ ਹੈਡ ਸ੍ਰੀ ਪ੍ਰਮੋਦ ਪਟੇਲ ਨੇ ਸ਼ਿਰਕਤ ਕੀਤੀ।ਪ੍ਰਿੰਸੀਪਲ ਗੁਰਿੰਦਰ ਕੌਰ ਪੰਨੂ ਨੇ ਦੱਸਿਆ ਕਿ ਸਮਾਗਮ ਦੌਰਾਨ ਬੋਰਡ ਦੀਆਂ ਕਲਾਸਾਂ ਨੂੰ ਛੱਡ ਕੇ ਬਾਕੀ ਸਾਰੀਆਂ ਕਲਾਸਾਂ ਦੇ ਨਤੀਜਿਆਂ ਦੀ ਘੋਸ਼ਣਾ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਸਕੂਲ ਦਾ ਨਤੀਜਾ 100 ਪ੍ਰਤੀਸ਼ਤ ਰਿਹਾ ਹੈ, ਜਦੋਂ ਕਿ ਸਾਰੇ ਹੀ ਵਿਦਿਆਰਥੀ 90% ਤੋਂ ਉੱਪਰ ਅੰਕ ਲੈ ਕੇ ਪਾਸ ਹੋਏ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਟਰਸਟ ਦੇ ਪ੍ਰਧਾਨ ਕੀਮਤ ਰਾਏ ਸਿੰਗਲਾ, ਮੈਂਬਰ ਬਲਦੇਵ ਸਿੰਘ ਨਿਹਾਲਗੜ੍ਹ ਤੇ ਕੇਵਲ ਸ਼ਰਮਾ ਆਦਿ ਹਾਜ਼ਰ ਸਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਤੇ ਸਵਾਮੀ ਪ੍ਰੇਮਾਨੰਦ ਮਹਾਵਿਦਿਆਲਿਆ ਵਿਚਕਾਰ ਸਮਝੌਤਾ ਸਹੀਬੰਦ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਅਕਾਦਮਿਕ ਸਹਿਯੋਗ ਨੂੰ ਮਜ਼ਬੂਤ ਕਰਨ ਤੇ ਖੋਜ ਉੱਤਮਤਾ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਰਸਾਇਣ ਵਿਗਿਆਨ ਵਿਭਾਗ ਨੇ ਸਵਾਮੀ ਪ੍ਰੇਮਾਨੰਦ ਮਹਾਵਿਦਿਆਲਿਆ, ਮੁਕੇਰੀਆਂ ਦੇ ਰਸਾਇਣ ਵਿਗਿਆਨ ਵਿਭਾਗ ਨਾਲ ਇੱਕ ਸਮਝੌਤਾ ਪੱਤਰ (ਐਮਓਯੂ) 'ਤੇ ਹਸਤਾਖਰ ਕੀਤੇ।ਇਹ ਸਮਝੌਤਾ ਪ੍ਰੋ. (ਡਾ.) ਪ੍ਰਿਤਪਾਲ ਸਿੰਘ, ਵਾਈਸ-ਚਾਂਸਲਰ; ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਤੇ ਪ੍ਰੋ. (ਡਾ.) ਤੇਜਬੀਰ ਸਿੰਘ, ਰਜਿਸਟਰਾਰ ਦੀ ਮੌਜੂਦਗੀ ਵਿੱਚ ਕੀਤਾ ਗਿਆ।ਪਤਵੰਤਿਆਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਅਜਿਹੇ ਅਕਾਦਮਿਕ ਸਹਿਯੋਗ ਗੁਣਵੱਤਾਪੂਰਨ ਖੋਜ, ਅੰਤਰ-ਅਨੁਸ਼ਾਸਨੀ ਸਿੱਖਿਆ ਅਤੇ ਦੋਵਾਂ ਸੰਸਥਾਵਾਂ ਦੇ ਸਮੁੱਚੇ ਵਿਕਾਸ ਲਈ ਬਹੁਤ ਜ਼ਰੂਰੀ ਹਨ।ਡਾ. ਰਾਹੁਲ ਬਦਰੂ, ਮੁਖੀ, ਰਸਾਇਣ ਵਿਗਿਆਨ ਵਿਭਾਗ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਤੇ ਡਾ. ਜਸਮਿੰਦਰ ਸਿੰਘ, ਮੁਖੀ, ਰਸਾਇਣ ਵਿਗਿਆਨ ਵਿਭਾਗ, ਸਵਾਮੀ ਪ੍ਰੇਮਾਨੰਦ ਮਹਾਵਿਦਿਆਲਿਆ, ਮੁਕੇਰੀਆਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਇਹ ਸਮਝੌਤਾ ਮੌਜੂਦਾ ਪੀੜ੍ਹੀ ਨੂੰ ਗੁਣਵੱਤਾਪੂਰਨ ਸਿੱਖਿਆ ਅਤੇ ਖੋਜ ਦੇ ਮੌਕੇ ਪ੍ਰਦਾਨ ਕਰਨ ਲਈ ਇੱਕ ਮਜ਼ਬੂਤ ਢਾਂਚਾ ਮੁਹੱਈਆ ਕਰਦਾ ਹੈ।ਇਸ ਤਹਿਤ ਸਾਂਝੇ ਖੋਜ ਪ੍ਰੋਜੈਕਟਾਂ, ਨਵੀਨਤਾ ਪ੍ਰੋਗਰਾਮਾਂ, ਹੁਨਰ ਵਿਕਾਸ ਪਹਿਲਕਦਮੀਆਂ ਅਤੇ ਅਕਾਦਮਿਕ ਸਰੋਤਾਂ ਦੇ ਆਦਾਨ-ਪ੍ਰਦਾਨ ਵਰਗੇ ਖੇਤਰਾਂ ਵਿੱਚ ਸਹਿਯੋਗ ਨੂੰ ਉਤਸ਼ਾਹਤ ਕੀਤਾ ਜਾਵੇਗਾ।

## ਸ਼੍ਰੋਮਣੀ ਅਕਾਲੀ ਦਲ ਦੇ ਸਰਕਲ ਧਰਮਕੋਟ ਦੀ ਮੀਟਿੰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼੍ਰੋਮਣੀ ਅਕਾਲੀ ਦਲ ਹਲਕਾ ਧਰਮਕੋਟ ਦੇ ਸਾਬਕਾ ਹਲਕਾ ਇੰਚਾਰਜ ਬਰਜਿੰਦਰ ਸਿੰਘ ਮੱਖਣ ਬਰਾੜ ਦੇ ਪਾਰਟੀ ਛੱਡਣ ਤੋਂ ਬਾਅਦ ਹਲਕਾ ਧਰਮਕੋਟ ਹਲਕਾ ਇੰਚਾਰਜ ਵੱਲੋਂ ਲਵਾਰਸ ਪਿਆ ਹੈ। ਹਲਕਾ ਧਰਮਕੋਟ ਦੇ ਵਰਕਰਾਂ ਤੇ ਅਹੁਦੇਦਾਰਾਂ ਵੱਲੋਂ ਸਮੇਂ ਸਮੇਂ ਸਿਰ ਆਪਣੀ ਮੰਗ ਰੱਖੀ ਜਾ ਰਹੀ ਹੈ। ਇਸ ਸਬੰਧ ਵਿੱਚ ਹੀ ਅੱਜ ਸ਼੍ਰੋਮਣੀ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਧਰਮਕੋਟ ਦੇ ਸਮੂਹ ਸਰਕਲ ਪ੍ਰਧਾਨਾਂ ਦੀ ਇੱਕ ਅਹਿਮ ਮੀਟਿੰਗ ਹੋਈ। ਮੀਟਿੰਗ ਦੌਰਾਨ ਸਰਕਲ ਪ੍ਰਧਾਨਾਂ ਨੇ ਕਿਹਾ ਕਿ ਆਪਾਂ ਸਾਰੇ ਰਲ ਕੇ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਦਿਨ-ਰਾਤ ਇੱਕ ਕਰ ਰਹੇ ਹਾਂ, ਪਰ ਧਰਮਕੋਟ ਹਲਕਾ ਇੰਚਾਰਜ ਨਾ ਹੋਣ ਕਰਕੇ ਲੀਡਰ ਰਹਿਤ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਸਰਦਾਰ ਨਿਹਾਲ ਸਿੰਘ ਭੁੱਲਰ ਰਾਹੀਂ ਉਨ੍ਹਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਜ਼ੋਰਦਾਰ ਅਪੀਲ ਕਰਦਿਆਂ ਕਿਹਾ ਕਿ ਹਲਕਾ ਧਰਮਕੋਟ ਇਸ ਵੇਲੇ ਹਲਕਾ ਇੰਚਾਰਜ ਨਾ ਹੋਣ ਕਰਕੇ ਲਾਵਾਰਸ ਪਿਆ ਹੈ। ਉਨ੍ਹਾਂ ਪਾਰਟੀ ਪ੍ਰਧਾਨ ਨੂੰ ਅਪੀਲ ਕੀਤੀ ਕਿ ਹਲਕਾ ਧਰਮਕੋਟ ਦਾ ਪ੍ਰਧਾਨ ਤੋਂ ਜਲਦ ਤੋਂ ਜਲਦ ਹਲਕੇ ਦੇ ਵਿੱਚੋਂ ਵਿੱਚੋਂ ਹੀ ਲਾਇਆ ਜਾਵੇ। ਬਾਹਰਲਾ ਉਮੀਦਵਾਰ ਸਾਨੂੰ ਹਰਗਿਜ਼ ਮਨਜ਼ੂਰ ਨਹੀਂ ਹੈ ਤਾਂ ਜੁ ਸ਼੍ਰੋਮਣੀ ਅਕਾਲੀ ਦਲ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਚੜ੍ਹਦੀ ਕਲਾ ਵਿੱਚ ਲਿਜਾਇਆ ਜਾਵੇ।

## ਪੈਟਰੋਲ-ਡੀਜ਼ਲ ਦੀ ਕੋਈ ਕਿੱਲਤ ਨਹੀਂ : ਡੀ ਸੀ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਜ਼ਿਲ੍ਹੇ ਵਿੱਚ ਪੈਟਰੋਲ ਅਤੇ ਡੀਜ਼ਲ ਦੀ ਸਪਲਾਈ ਨੂੰ ਲੈ ਕੇ ਫੈਲੀਆਂ ਅਫ਼ਵਾਹਾਂ 'ਤੇ ਵਿਰਾਮ ਲਗਾਉਂਦਿਆਂ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਸਪੱਸ਼ਟ ਕੀਤਾ ਹੈ ਕਿ ਜ਼ਿਲ੍ਹੇ ਵਿੱਚ ਤੇਲ ਦੀ ਕੋਈ ਕਮੀ ਨਹੀਂ। ਉਨ੍ਹਾਂ ਅੱਜ ਖੁਰਾਕ ਤੇ ਸਪਲਾਈ ਵਿਭਾਗ ਅਤੇ ਵੱਖ-ਵੱਖ ਤੇਲ ਕੰਪਨੀਆਂ ਦੇ ਅਧਿਕਾਰੀਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਅਤੇ ਸਪਲਾਈ ਲਾਈਨ ਦਾ ਜਾਇਜ਼ਾ ਲਿਆ।ਮੀਟਿੰਗ ਦੌਰਾਨ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਗੁਰਜੀਤ ਸਿੰਘ ਦਿਉਲ ਸਮੇਤ ਪ੍ਰਮੁੱਖ ਤੇਲ ਕੰਪਨੀਆਂ ਦੇ ਨੁਮਾਇੰਦੇ ਹਾਜ਼ਰ ਸਨ, ਜਿਨ੍ਹਾਂ ਵਿੱਚ ਇੰਡੀਅਨ ਆਇਲ ਤੇਜਿੰਦਰ ਸਿੰਘ, ਭਾਰਤ ਪੈਟਰੋਲੀਅਮ ਸ਼ਮਸ਼ੇਰ ਸਿੰਘ, ਹਿੰਦੋਸਤਾਨ ਪੈਟਰੋਲੀਅਮ ਕ੍ਰਿਸ਼ਨ ਮੁਰਾਰੀ, ਰਿਲਾਇੰਸ ਕੰਪਨੀ ਸੁਮਿਤ। ਤੇਲ ਕੰਪਨੀਆਂ ਦੇ ਅਧਿਕਾਰੀਆਂ ਨੇ ਡਿਪਟੀ ਕਮਿਸ਼ਨਰ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਕੋਲ ਤੇਲ ਦਾ ਲੋੜੀਂਦਾ ਸਟਾਕ ਉਪਲਬਧ ਹੈ। ਉਨ੍ਹਾਂ ਦੱਸਿਆ ਕਿ ਅਫ਼ਵਾਹਾਂ ਕਾਰਨ ਲੋਕਾਂ ਨੇ ਅਚਾਨਕ ਵੱਧ ਮਾਤਰਾ ਵਿੱਚ ਤੇਲ ਖਰੀਦਣਾ ਸ਼ੁਰੂ ਕਰ ਦਿੱਤਾ ਸੀ, ਜਿਸ ਕਾਰਨ ਕੁਝ ਪੰਪਾਂ 'ਤੇ ਆਰਜ਼ੀ ਤੌਰ 'ਤੇ ਤੇਲ ਖ਼ਤਮ ਹੋਇਆ ਸੀ। ਹਾਲਾਂਕਿ, ਤੁਰੰਤ ਟੈਂਕਰ ਭੇਜ ਕੇ ਸਪਲਾਈ ਮੁੜ ਬਹਾਲ ਕਰ ਦਿੱਤੀ ਗਈ ਹੈ ਅਤੇ ਹੁਣ ਹਾਲਾਤ ਪੂਰੀ ਤਰ੍ਹਾਂ ਆਮ ਵਾਂਗ ਹਨ।ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕਿਸੇ ਵੀ ਪੈਟਰੋਲ ਪੰਪ ਨੂੰ ਡਰਾਈ ਨਾ ਹੋਣ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ ਜਾਂ ਪੰਪ ਮਾਲਕ ਤੇਲ ਦੀ ਜਮ੍ਹਾਂਖੋਰੀ ਜਾਂ ਕਾਲਾਬਾਜ਼ਾਰੀ ਕਰਦਾ ਪਾਇਆ ਗਿਆ, ਤਾਂ ਉਸ ਵਿਰੁੱਧ ਕਾਨੂੰਨੀ ਸ਼ਿਕੰਜਾ ਕੱਸਿਆ ਜਾਵੇਗਾ।ਵਧੀਕ ਡਿਪਟੀ ਕਮਿਸ਼ਨਰ (ਜ) ਸੰਦੀਪ ਮਲਹੋਤਰਾ ਨੇ ਵੀ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਘਬਰਾਹਟ ਵਿੱਚ ਆ ਕੇ ਪੈਟਰੋਲ, ਡੀਜ਼ਲ ਜਾਂ ਐਲ.ਪੀ.ਜੀ. ਸਿਲੰਡਰਾਂ ਦੀ ਬੇਲੋੜੀ ਖਰੀਦਦਾਰੀ ਨਾ ਕਰਨ। ਉਨ੍ਹਾਂ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਜੇਕਰ ਕੋਈ ਕਾਲਾਬਾਜ਼ਾਰੀ ਕਰਦਾ ਹੈ ਤਾਂ ਤੁਰੰਤ ਪ੍ਰਸ਼ਾਸਨ ਨੂੰ ਸੂਚਿਤ ਕੀਤਾ ਜਾਵੇ।

# ਮਨੁੱਖੀ ਅਧਿਕਾਰ ਕਾਰਕੁਨ ਆਜ਼ਾਦ ਤੇ ਸੰਗਰਾਮ ਨੂੰ ਤੁਰੰਤ ਰਿਹਾਅ ਕੀਤਾ ਜਾਵੇ : ਜਮਹੂਰੀ ਫਰੰਟ

**ਲੁਧਿਆਣਾ (ਸਤੀਸ਼ ਸਚਦੇਵਾ)**-ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਸੂਬਾਈ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋ. ਏ ਕੇ ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਤੇ ਯਸ਼ ਪਾਲ ਨੇ ਪ੍ਰੈੱਸ ਬਿਆਨ ਜਾਰੀ ਕਰਕੇ ਉੜੀਸਾ ਪੁਲਸ ਵੱਲੋਂ ਪ੍ਰਮੁੱਖ ਮਨੁੱਖੀ ਅਧਿਕਾਰ ਕਾਰਕੁਨ ਲਿੰਗਰਾਜ ਆਜ਼ਾਦ ਤੇ ਸੁਰੇਸ਼ ਸੰਗਰਾਮ ਨੂੰ ਗ੍ਰਿਫ਼ਤਾਰ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਸਮਾਜਵਾਦੀ ਜਨ ਪ੍ਰੀਸ਼ਦ ਦੇ ਆਗੂ ਲਿੰਗਰਾਜ, ਨਿਆਮਗਿਰੀ ਸੁਰੱਖਿਆ ਸਮਿਤੀ ਤੇ ਮਾਂ ਮਾਟੀ ਮਾਲੀ ਸੁਰੱਖਿਆ ਮੰਚ ਵਰਗੇ ਲੋਕ ਅੰਦੋਲਨਾਂ ਨਾਲ ਜੁੜੇ ਰਹੇ ਹਨ।ਉਨ੍ਹਾਂ ਨੇ ਅਨੁਸੂਚਿਤ ਖੇਤਰਾਂ ਵਿੱਚ ਗ਼ੈਰ-ਕਾਨੂੰਨੀ ਅਮਲ ਰਾਹੀਂ ਆਦਿਵਾਸੀ ਜ਼ਮੀਨਾਂ ਐਕਵਾਇਰ ਕੀਤੇ ਜਾਣ ਤੇ ਖਣਨ ਪ੍ਰੋਜੈਕਟ ਥੋਪਣ ਖ਼ਿਲਾਫ਼ ਲਗਾਤਾਰ ਆਵਾਜ਼ ਉਠਾਈ ਹੈ।ਉਹ ਸੰਵਿਧਾਨ ਦੀ ਪੰਜਵੀਂ ਅਨੁਸੂਚੀ, ਪੇਸਾ ਕਾਨੂੰਨ (ਅਨੁਸੂਚਿਤ ਖੇਤਰਾਂ ਤੱਕ ਪੰਚਾਇਤ ਵਿਸਥਾਰ ਐਕਟ 1996) ਤੇ ਫਾਰੈਸਟ ਰਾਈਟਸ ਐਕਟ 2006 ਦੇ ਤਹਿਤ ਆਦਿਵਾਸੀ ਭਾਈਚਾਰਿਆਂ ਦੇ ਅਧਿਕਾਰਾਂ ਦੀ ਰੱਖਿਆ ਲਈ ਲਗਾਤਾਰ ਜੂਝ ਰਹੇ ਹਨ।ਇਹ ਵਿਸ਼ੇਸ਼ ਕਾਨੂੰਨ ਗ੍ਰਾਮ ਸਭਾ ਦੀ ਸੁਤੰਤਰ, ਅਗਾਊਂ ਤੇ ਸਪੱਸ਼ਟ ਜਾਣਕਾਰੀ ਤਹਿਤ ਸਹਿਮਤੀ ਤੋਂ ਬਿਨਾਂ ਕੋਈ ਵੀ ਜ਼ਮੀਨ ਐਕਵਾਇਰ ਕਰਨ ਜਾਂ ਖਣਨ ਕੰਮਾਂ ਲਈ ਵਰਤਣ ਦੀ ਮਨਾਹੀ ਕਰਦੇ ਹਨ।ਲਿੰਗਰਾਜ ਆਜ਼ਾਦ ਤੇ ਉਸ ਦੇ ਸਾਥੀ ਦੀ ਗ੍ਰਿਫ਼ਤਾਰੀ ਅਲੱਗ-ਥਲੱਗ ਘਟਨਾ ਨਾ ਹੋ ਕੇ ਉੜੀਸਾ ਤੇ ਪੂਰੇ ਭਾਰਤ ਵਿਚ ਖਣਿਜਾਂ ਨਾਲ ਭਰਪੂਰ ਆਦਿਵਾਸੀ ਖੇਤਰਾਂ ਵਿੱਚ ਵਧ ਰਹੀ ਕਾਰਪੋਰੇਟ ਲੁੱਟ ਤੇ ਇਸ ਗ਼ੈਰ-ਕਾਨੂੰਨੀ ਅਮਲ ਦਾ ਵਿਰੋਧ ਕਰਨ ਵਾਲੇ ਵਿਅਕਤੀਆਂ ਤੇ ਸੰਸਥਾਵਾਂ ਖ਼ਿਲਾਫ਼ ਚੱਲ ਰਹੇ ਵਿਆਪਕ ਹਕੂਮਤੀ ਜਬਰ ਦਾ ਹਿੱਸਾ ਹੈ, ਜਿਸ ਦਾ ਮਨੋਰਥ ਕਾਰਪੋਰੇਟਾਂ ਦੇ ਲੋਟੂ ਪ੍ਰੋਜੈਕਟਾਂ ਵਿਰੁੱਧ ਮਜ਼ਬੂਤ ਲੋਕ ਆਵਾਜ਼ ਦੀ ਜ਼ਬਾਨਬੰਦੀ ਕਰਨਾ ਹੈ।ਇਨ੍ਹਾਂ ਖੇਤਰਾਂ ਨੂੰ ਸਟੇਟ ਦੀ ਜਾਬਰ ਤਾਕਤ ਦੀ ਮਦਦ ਨਾਲ ਲੋਟੂ ਖਣਨ ਕਾਰੋਬਾਰਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਵੇਦਾਂਤਾ ਰਿਸੋਰਸਜ਼ ਵਰਗੀਆਂ ਕੰਪਨੀਆਂ ਦੇ ਧੜਵੈਲ ਖਣਨ ਪ੍ਰੋਜੈਕਟ ਵਿਆਪਕ ਉਜਾੜੇ, ਜੰਗਲਾਂ ਦੀ ਤਬਾਹੀ, ਰਵਾਇਤੀ ਰੋਜ਼ਗਾਰ ਦੇ ਖ਼ਾਤਮੇ ਤੇ ਗੰਭੀਰ ਵਾਤਾਵਰਣ ਤਬਾਹੀ ਲਈ ਜ਼ਿੰਮੇਵਾਰ ਹਨ।ਕਾਨੂੰਨੀ ਸੁਰੱਖਿਆ ਦੇ ਬਾਵਜੂਦ ਗ੍ਰਾਮ ਸਭਾਵਾਂ ਨੂੰ ਅਕਸਰ ਨਜ਼ਰਅੰਦਾਜ਼ ਜਾਂ ਬਲੈਕਮੇਲ ਕਰਨਾ ਆਮ ਦਸਤੂਰ ਹੈ। ਆਦਿਵਾਸੀ ਭਾਈਚਾਰੇ ਦੇ ਜੋ ਆਗੂ, ਕਾਰਕੁਨ ਤੇ ਜਨਤਕ ਸੰਗਠਨ ਇਸ ਵਿਰੁੱਧ ਆਵਾਜ਼ ਉਠਾਉਂਦੇ ਹਨ, ਉਨ੍ਹਾਂ ਨੂੰ ਝੂਠੇ ਕੇਸਾਂ, ਗ੍ਰਿਫ਼ਤਾਰੀਆਂ, ਜੇਲ੍ਹਬੰਦੀ, ਨਿਗਰਾਨੀ ਤੇ ਧਮਕੀਆਂ ਰਾਹੀਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਫਰੰਟ ਆਗੂਆਂ ਨੇ ਮੰਗ ਕੀਤੀ ਕਿ ਲਿੰਗਰਾਜ ਆਜ਼ਾਦ ਤੇ ਸੁਰੇਸ਼ ਸੰਗਰਾਮ ਨੂੰ ਤੁਰੰਤ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ, ਉਨ੍ਹਾਂ ਖ਼ਿਲਾਫ਼ ਲਗਾਏ ਸਾਰੇ ਝੂਠੇ ਤੇ ਮਨਘੜਤ ਦੋਸ਼ ਵਾਪਸ ਲਏ ਜਾਣ, ਜਨਤਕ ਜਮਹੂਰੀ ਸੰਘਰਸ਼ਾਂ ਉੱਪਰ ਹਕੂਮਤੀ ਜਬਰ ਬੰਦ ਕੀਤਾ ਜਾਵੇ, ਗ੍ਰਾਮ ਸਭਾ ਦੀ ਸਹਿਮਤੀ ਤੋਂ ਬਿਨਾਂ ਜ਼ਮੀਨ ਐਕਵਾਇਰ ਕਰਨ ਤੇ ਖਣਨ ਪ੍ਰੋਜੈਕਟ ਥੋਪ ਉੱਪਰ ਤੁਰੰਤ ਰੋਕ ਲਾਈ ਜਾਵੇ, ਕੁਦਰਤੀ ਵਸੀਲਿਆਂ ਦੀ ਕਾਰਪੋਰੇਟ ਲੁੱਟ ਤੇ ਆਦਿਵਾਸੀ ਭਾਈਚਾਰਿਆਂ ਦਾ ਉਜਾੜਾ ਬੰਦ ਕੀਤਾ ਜਾਵੇ।ਕਾਰਪੋਰੇਟ ਮੁਨਾਫ਼ੇ ਲਈ ਖਣਨ ਤੇ ਹੋਰ ਲੋਕ ਵਿਰੋਧੀ ਪ੍ਰੋਜੈਕਟ ਬੰਦ ਕੀਤੇ ਜਾਣ, ਪੇਸਾ (1996) ਤੇ ਫਾਰੈਸਟ ਰਾਈਟਸ ਐਕਟ (2006) ਸਖ਼ਤੀ ਨਾਲ ਲਾਗੂ ਕੀਤੇ ਜਾਣ ਅਤੇ ਗ਼ੈਰਕਾਨੂੰਨੀ ਗ੍ਰਿਫ਼ਤਾਰੀਆਂ ਤੇ ਜਮਹੂਰੀ ਹੱਕਾਂ ਦੀ ਉਲੰਘਣਾ ਲਈ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

## ਭਲਕੇ ਦੇ ਧਰਨੇ ਪ੍ਰਤੀ ਸੰਗਤ 'ਚ ਭਾਰੀ ਉਤਸ਼ਾਹ : ਢੀਂਡਸਾ

**ਸੰਗਰੂਰ (ਪ੍ਰਵੀਨ ਸਿੰਘ)**-ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵੱਲੋਂ 30 ਮਾਰਚ ਨੂੰ ਡਿਪਟੀ ਕਮਿਸ਼ਨਰ ਸੰਗਰੂਰ ਦੇ ਦਫ਼ਤਰ ਸਾਹਮਣੇ ਦਿੱਤੇ ਜਾ ਰਹੇ ਧਰਨੇ ਪ੍ਰਤੀ ਸੰਗਤ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਰਾਗੀ ਸਿੰਘਾਂ, ਢਾਡੀਆਂ, ਕਵਿਸ਼ਰਾਂ, ਕੀਰਤਨੀ ਜਥਿਆਂ, ਸੁਖਮਨੀ ਸਾਹਿਬ ਸੇਵਾ ਸੁਸਾਇਟੀਆਂ ਤੇ ਅਕਾਲੀ ਵਰਕਰਾਂ ਨੂੰ ਸੱਦਾ ਦਿੱਤਾ ਕਿ ਧਰਮ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਖਿਲਾਫ ਸਖ਼ਤ ਸਜ਼ਾਵਾਂ ਦੇਣ ਦਾ ਕਾਨੂੰਨ ਬਣਾਉਣ ਦੀ ਆਵਾਜ਼ ਨੂੰ ਬੁਲੰਦ ਕਰਨ ਲਈ ਇੱਕਜੁੱਟਤਾ ਦਿਖਾਉਣ ਤੇ ਧਰਨੇ ਨੂੰ ਸਫਲ ਬਣਾਉਣ ਲਈ ਸੰਗਰੂਰ ਦੀ ਸੰਗਤ ਨੂੰ ਜਾਗਰੂਕ ਕਰਨ ਦੀ ਲਹਿਰ ਉਸਾਰਨ ਲਈ ਅੱਗੇ ਆਉਣ। ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਨੇ ਸਮਾਣਾ ਟਾਵਰ ਧਰਨੇ ਦੀ ਹਮਾਇਤ ਵਿੱਚ ਸਰਕਾਰ ਉੱਪਰ ਦਬਾਅ ਬਣਾਉਣ ਲਈ ਧਰਨਿਆਂ ਦੀ ਲੜੀ ਸ਼ੁਰੂ ਕੀਤੀ ਹੈ ਤਾਂ ਕਿ ਆਪ ਸਰਕਾਰ ਦੇ ਇਸ ਆਖਰੀ ਬੱਜਟ ਸੈਸ਼ਨ ਦੌਰਾਨ ਸਰਬ ਧਰਮ ਗ੍ਰੰਥਾਂ ਦੀ ਅਜ਼ਮਤ ਲਈ ਸਖ਼ਤ ਸਜ਼ਾਵਾਂ ਦਿਵਾਉਣ ਵਾਲਾ ਕਾਨੂੰਨ ਪਾਸ ਕਰਵਾਇਆ ਜਾ ਸਕੇ।

## ਦਲਿਤ ਖੁਦਕੁਸ਼ੀਆਂ ਸੰਬੰਧੀ ਸੈਮੀਨਾਰ ਅੱਜ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਦਲਿਤ ਖੁਦਕੁਸ਼ੀਆਂ ਸੰਬੰਧੀ ਸੈਮੀਨਾਰ 29 ਮਾਰਚ ਨੂੰ ਕਰਵਾਇਆ ਜਾਵੇਗਾ। ਉੱਕਤ ਜਾਣਕਾਰੀ ਦਿੰਦਿਆਂ ਸੈਮੀਨਾਰ ਦੇ ਮੁੱਖ ਪ੍ਰਬੰਧਕ ਡਾ. ਹਰਗੁਰਪ੍ਰਤਾਪ ਸਿੰਘ 'ਦੀਪ ਹਸਪਤਾਲ ਵਾਲਿਆਂ' ਨੇ ਕਿਹਾ ਕਿ ਪੰਜਾਬ ਦੇ ਮਾਲਵਾ ਖੇਤਰ ਵਿੱਚ ਦਲਿਤ ਭਾਈਚਾਰੇ ਵਿੱਚ ਖੁਦਕੁਸ਼ੀਆਂ ਦਾ ਅਮਲ ਵੱਡੀ ਪੱਧਰ 'ਤੇ ਦੇਖਿਆ-ਸੁਣਿਆ ਜਾ ਰਿਹਾ ਹੈ।ਇਸ ਸੰਬੰਧੀ ਗੰਭੀਰ ਵਿਚਾਰ ਚਰਚਾ ਨੂੰ ਛੇੜਦਾ ਇੱਕ ਸੈਮੀਨਾਰ 29 ਮਾਰਚ ਐਤਵਾਰ ਨੂੰ ਸਵੇਰੇ 11 ਤੋਂ ਸ਼ਾਮ 3 ਵਜੇ ਤੱਕ ਨਿਹਾਲ ਸਿੰਘ ਵਾਲਾ ਦੇ ਪ੍ਰਮੁੱਖ ਹਸਪਤਾਲ ਦੀਪ ਹਸਪਤਾਲ ਵਿੱਚ ਹੋਣ ਜਾ ਰਿਹਾ ਹੈ, ਜਿੱਥੇ ਪੰਜਾਬ ਭਰ ਦੇ ਬੁੱਧੀਜੀਵੀ ਇਸ ਗੰਭੀਰ ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕਰਨਗੇ।ਇਸ ਮੌਕੇ ਦਲਿਤ ਖੁਦਕੁਸ਼ੀਆਂ ਸੰਬੰਧੀ ਇੱਕ ਪੁਸਤਕ ਵੀ ਪੰਜਾਬ ਦੇ ਲੋਕਾਂ ਨੂੰ ਸਮਰਪਤ ਕੀਤੀ ਜਾਵੇਗੀ।ਇਹ ਸੈਮੀਨਾਰ 'ਲੇਖਕ ਵਿਚਾਰ ਮੰਚ' ਨਿਹਾਲ ਸਿੰਘ ਵਾਲਾ ਦੇ ਵਿਸ਼ੇਸ਼ ਯੋਗ ਨਾਲ 'ਬਾਬਾ ਬਦਨ ਸਿੰਘ ਸਮਾਜ-ਸੇਵੀ ਟਰੱਸਟ' ਵੱਲੋਂ ਕਰਵਾਇਆ ਜਾ ਰਿਹਾ ਹੈ। ਡਾਕਟਰ ਹਰਗੁਰਪ੍ਰਤਾਪ ਨੇ ਇਸ ਮੌਕੇ ਸਾਰੇ ਹੀ ਸੁਚੇਤ ਇਲਾਕਾ ਨਿਵਾਸੀਆਂ ਨੂੰ ਸੈਮੀਨਾਰ ਵਿੱਚ ਪਹੁੰਚਣ ਦੀ ਅਪੀਲ ਕੀਤੀ।

# ਟਿਕਟ ਚੈਕਿੰਗ ਸਟਾਫ ਨੇ ਮੁਸਾਫਰ ਦਾ ਗੁਆਚਿਆ ਸਾਮਾਨ ਵਾਪਸ ਕਰਕੇ ਨਿਭਾਇਆ ਸਮਾਜਿਕ ਫਰਜ਼

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਮੰਡਲ ਦੇ ਟਿਕਟ ਚੈਕਿੰਗ ਸਟਾਫ ਦੀ ਮੁਸਤੈਦੀ ਤੇ ਇਮਾਨਦਾਰੀ ਦੀ ਇਕ ਮਿਸਾਲੀ ਉਦਾਹਰਣ ਉਸ ਵੇਲੇ ਸਾਹਮਣੇ ਆਈ, ਜਦੋਂ ਅੰਮ੍ਰਿਤਸਰ ਦੇ ਸੀਆਈਟੀ ਸੁਨੀਲ ਸਲਵਾਨ ਨੇ ਰੇਲ ਯਾਤਰੀਆਂ ਦਾ ਰੇਲ ਗੱਡੀ ਵਿੱਚ ਛੁੱਟ ਗਿਆ ਕੀਮਤੀ ਸਾਮਾਨ ਸੁਰੱਖਿਅਤ ਵਾਪਸ ਮੋੜ ਕੇ ਆਪਣਾ ਸਮਾਜਿਕ ਤੇ ਨੈਤਿਕ ਫਰਜ਼ ਨਿਭਾਇਆ।



25 ਮਾਰਚ 2026 ਨੂੰ ਰੇਲ ਗੱਡੀ ਨੰਬਰ 12716 ਦੇ ਕੋਚ ਬੀ-2 (2-2) ਦੀ ਸੀਟ ਨੰਬਰ 30, 40 ਤੇ 26 'ਤੇ ਸਫਰ ਕਰ ਰਹੇ ਕੁਝ ਯਾਤਰੀ ਆਪਣਾ ਸਾਮਾਨ ਗੱਡੀ ਵਿਚ ਹੀ ਭੁੱਲ ਗਏ ਸਨ। ਅਗਲੇ ਦਿਨ 26 ਮਾਰਚ 2026 ਨੂੰ ਜਦੋਂ ਰੇਲ ਗੱਡੀ ਨੰਬਰ 12715 ਸ਼੍ਰੀਗੰਗਾਨਗਰ ਸਟੇਸ਼ਨ 'ਤੇ ਪਹੁੰਚੀ, ਤਾਂ ਚੈਕਿੰਗ ਦੌਰਾਨ ਸੀਆਈਟੀ ਸੁਨੀਲ ਸਲਵਾਨ ਨੂੰ ਇਹ ਲਾਵਾਰਿਸ ਸਾਮਾਨ ਮਿਲਿਆ। ਸਲਵਾਨ ਨੇ ਤੁਰੰਤ ਕਾਰਵਾਈ ਕਰਦੇ ਹੋਏ ਐੱਚਐੱਚਟੀ ਡਿਵਾਈਸ ਦੀ ਮੱਦਦ ਲਈ ਅਤੇ ਸਬੰਧਤ ਸੀਟਾਂ ਦੇ ਯਾਤਰੀਆਂ ਦੇ ਮੋਬਾਈਲ ਨੰਬਰ ਲੱਭੇ। ਉਨ੍ਹਾਂ ਯਾਤਰੀਆਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਸਾਮਾਨ ਸੁਰੱਖਿਅਤ ਹੋਣ ਦੀ ਜਾਣਕਾਰੀ ਦਿੱਤੀ ਤੇ ਅਗਲੇ ਦਿਨ ਸ਼੍ਰੀਗੰਗਾਨਗਰ ਸਟੇਸ਼ਨ 'ਤੇ ਸਾਮਾਨ ਲੈਣ ਲਈ ਕਿਹਾ। ਵਾਅਦੇ ਮੁਤਾਬਕ, ਅਗਲੇ ਦਿਨ ਸਾਰਾ ਸਾਮਾਨ ਯਾਤਰੀਆਂ ਨੂੰ ਸਹੀ-ਸਲਾਮਤ ਸੌਂਪ ਦਿੱਤਾ ਗਿਆ। ਇਸ ਸ਼ਲਾਘਾਯੋਗ ਕਦਮ ਨਾਲ ਨਾ ਸਿਰਫ ਯਾਤਰੀਆਂ ਨੇ ਸਗੋਂ ਭਾਰਤੀ ਰੇਲਵੇ ਦੀ ਜਨਤਾ ਵਿੱਚ ਇਕ ਭਰੋਸੇਯੋਗ ਤੇ ਸਕਾਰਾਤਮਕ ਤਸਵੀਰ ਵੀ ਪੇਸ਼ ਹੋਈ ਹੈ। ਯਾਤਰੀਆਂ ਨੇ ਟਿਕਟ ਚੈਕਿੰਗ ਸਟਾਫ ਦਾ ਦਿਲੋਂ ਧੰਨਵਾਦ ਕੀਤਾ। ਸੀਨੀਅਰ ਮੰਡਲ ਵਪਾਰਕ ਪ੍ਰਬੰਧਕ ਪਰਮਦੀਪ ਸਿੰਘ ਸੈਣੀ ਨੇ ਇਸ ਘਟਨਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਰੇਲਵੇ ਕਰਮਚਾਰੀਆਂ ਦੀ ਆਪਣੇ ਕੰਮ ਪ੍ਰਤੀ ਨਿਸ਼ਠਾ ਤੇ ਮੁਸਾਫਰਾਂ ਦੀ ਸੇਵਾ ਲਈ ਹਾਜ਼ਰ ਹੈ। ਉਨ੍ਹਾਂ ਸੁਨੀਲ ਸਲਵਾਨ ਨੂੰ ਪ੍ਰਸੰਸਾ ਪੱਤਰ ਦੇਣ ਦਾ ਐਲਾਨ ਕੀਤਾ ਹੈ, ਤਾਂ ਜੋ ਦੂਜੇ ਕਰਮਚਾਰੀ ਵੀ ਇਸ ਤੋਂ ਪ੍ਰੇਰਿਤ ਹੋ ਕੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਣ।

# ਜਨਤਕ ਥਾਵਾਂ ਦੀਆਂ ਦੀਵਾਰਾਂ 'ਤੇ ਪੇਂਟਿੰਗ ਲਾਵੇਗੀ ਸ਼ਹਿਰ ਦੀ ਸੁੰਦਰਤਾ ਨੂੰ ਚਾਰ-ਚੰਨ : ਪ੍ਰਿੰਸੀਪਲ ਇੰਦਰਜੀਤ ਕੌਰ

**ਲੁਧਿਆਣਾ (ਰਾਜ ਸਿੰਗਲਾ)**

ਲੁਧਿਆਣਾ ਸ਼ਹਿਰ ਦੀ ਸੁੰਦਰਤਾ ਤੇ ਪਹਿਚਾਣ ਨੂੰ ਹੋਰ ਨਿਖਾਰਨ ਦੇ ਮਕਸਦ ਨਾਲ ਲੋਧੀ ਕਲੱਬ ਅੰਡਰਪਾਸ ਵਿਖੇ ਚੱਲ ਰਹੇ ਦੀਵਾਰਾਂ ਉੱਤੇ ਕਲਾਕਾਰਾਂ ਵੱਲੋਂ ਚਿੱਤਰਕਾਰੀ ਦੇ ਕੰਮ ਦਾ ਜਾਇਜ਼ਾ ਲਿਆ ਗਿਆ।ਸਾਡਾ ਲਕਸ਼ ਹੈ ਕਿ ਜਦੋਂ ਵੀ ਸ਼ਹਿਰ ਵਾਸੀ ਜਾਂ ਬਾਹਰੋਂ ਆਉਣ ਵਾਲੇ ਮਹਿਮਾਨ ਇਸ ਅੰਡਰਪਾਸ ਤੋਂ ਲੰਘਣ, ਉਨ੍ਹਾਂ ਨੂੰ ਲੁਧਿਆਣਾ ਦੀ ਇੱਕ ਨਵੀਂ ਤੇ ਸੋਹਣੇਪਨ ਦਾ ਮਹਿਸੂਸ ਹੋਵੇ।ਇਹ ਪਹਿਲ ਸਿਰਫ਼ ਸੜਕਾਂ ਤੇ ਢਾਂਚਾਗਤ ਵਿਕਾਸ ਤੱਕ ਸੀਮਿਤ ਨਹੀਂ, ਸਗੋਂ ਸ਼ਹਿਰ ਦੀ ਸੱਭਿਆਚਾਰਕ ਤੇ ਰਚਨਾਤਮਕ ਰੂਹ ਨੂੰ ਵੀ ਮਜ਼ਬੂਤ ਕਰਨ ਵੱਲ ਇਕ ਵੱਡਾ ਕਦਮ ਹੈ।ਇਸ ਮੌਕੇ ਅਧਿਕਾਰੀਆਂ ਨੂੰ ਹੁਕਮ ਦਿੱਤੇ ਗਏ ਕਿ ਪੇਂਟਿੰਗ ਦਾ ਕੰਮ ਉੱਚ ਗੁਣਵੱਤਾ ਤੇ ਨਵੀਂ ਸੋਚ ਨਾਲ ਕੀਤਾ ਜਾਵੇ, ਤਾਂ ਜੋ ਇਥੋਂ ਗੁਜ਼ਰਨ ਵਾਲੇ ਹਰ ਨਾਗਰਿਕ ਨੂੰ ਇੱਕ ਨਵੀਂ ਉਰਜਾ ਤੇ ਖੂਬਸੂਰਤ ਅਨੁਭਵ ਪ੍ਰਾਪਤ ਹੋਵੇ।ਇਹ ਮਿਊਰਲ ਆਰਟ ਲੁਧਿਆਣਾ ਦੇ ਇਤਿਹਾਸ, ਸੱਭਿਆਚਾਰ ਤੇ ਆਧੁਨਿਕਤਾ ਦਾ ਸੁੰਦਰ ਮੇਲ ਪੇਸ਼ ਕਰੇਗੀ।ਲੁਧਿਆਣਾ ਨੂੰ ਸੁੰਦਰ, ਸਾਫ਼-ਸੁਥਰਾ ਤੇ ਆਧੁਨਿਕ ਬਣਾਉਣ ਲਈ ਨਗਰ ਨਿਗਮ ਵੱਲੋਂ ਇਸ ਤਰ੍ਹਾਂ ਦੇ ਹੋਰ ਪ੍ਰੋਜੈਕਟ ਵੀ ਲਗਾਤਾਰ ਸ਼ੁਰੂ ਕੀਤੇ ਜਾਣਗੇ, ਤਾਂ ਜੋ ਸਾਡਾ ਸ਼ਹਿਰ ਹਰ ਪੱਖੋਂ ਤਰੱਕੀ ਦੇ ਰਾਹ 'ਤੇ ਅੱਗੇ ਵਧਦਾ ਰਹੇ।



## ਸਰਬਜੀਤ ਸਿੰਘ ਬਰਾੜ ਨੇ ਸੰਭਾਲਿਆ ਬਲਾਕ ਸੰਮਤੀ ਦੇ ਚੇਅਰਮੈਨ ਦਾ ਅਹੁਦਾ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਸਰਬਜੀਤ ਸਿੰਘ ਬਰਾੜ ਨੇ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਦਫਤਰ ਵਿਖੇ ਬਲਾਕ ਸੰਮਤੀ ਦੇ ਚੇਅਰਮੈਨ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ।ਇਸ ਮੌਕੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਲਈ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਾਏ ਗਏ।ਸਮਾਗਮ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਅਤੇ ਜੈਤੋ ਦੇ ਵਿਧਾਇਕ ਅਮੋਲਕ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਅਤੇ ਨਵ-ਨਿਯੁਕਤ ਚੇਅਰਮੈਨ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਸਪੀਕਰ ਸੰਧਵਾਂ ਸਮਾਗਮ ਨੂੰ ਸੰਬੋਧਨ ਕਰਦਿਆਂ ਸਪੀਕਰ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੀ ਨੁਹਾਰ ਬਦਲਣ ਅਤੇ ਲੋਕਾਂ ਦੀਆਂ ਉਮੀਦਾਂ ਮੁਤਾਬਕ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ।

ਉਨ੍ਹਾਂ ਉਮੀਦ ਜਤਾਈ ਕਿ ਬਰਾੜ ਪੰਚਾਇਤ ਪੱਧਰ 'ਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ।ਸਰਕਾਰੀ ਯੋਜਨਾਵਾਂ ਦਾ ਲਾਭ ਘਰ-ਘਰ ਪਹੁੰਚਾਵਾਂਗੇ: ਵਿਧਾਇਕ ਸੇਖੋਂ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਤੇ ਵਿਧਾਇਕ ਅਮੋਲਕ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ-ਹਿਤੈਸ਼ੀ ਸਕੀਮਾਂ ਦਾ ਲਾਭ ਹਰੇਕ ਯੋਗ ਵਿਅਕਤੀ ਤੱਕ ਪੁਚਾਉਣਾ ਸਾਡੀ ਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਦੀ ਤਰੱਕੀ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

## ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਖੰਨਾ ਵੱਲੋਂ ਸਮਾਗਮ ਅੱਜ

**ਖੰਨਾ (ਸੁਖਵਿੰਦਰ ਸਿੰਘ ਭਾਦਲਾ)**

ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਰਜਿ: ਖੰਨਾ ਵੱਲੋਂ ਦੂਜਾ ਸਾਲਾਨਾ ਸਾਹਿਤਕ ਸਮਾਗਮ 29 ਮਾਰਚ ਐਤਵਾਰ ਨੂੰ ਏ ਐੱਸ ਕਾਲਜ ਸਮਰਾਲਾ ਰੋਡ ਖੰਨਾ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੱਥ ਦੇ ਪ੍ਰਧਾਨ ਕਿਰਨਦੀਪ ਸਿੰਘ ਕੁਲਾਰ, ਸੱਥ ਦੇ ਸਰਪ੍ਰਸਤ ਅਵਤਾਰ ਸਿੰਘ ਓਟਾਲਾ ਨੇ ਦੱਸਿਆ ਕਿ ਇਸ ਸਮਾਗਮ ਦੀ ਆਰੰਭਤਾ ਸਵੇਰੇ 10 ਵਜੇ ਸ਼੍ਰੋਮਣੀ ਪੱਤਰਕਾਰ ਪ੍ਰਸਿੱਧ ਗ਼ਜ਼ਲਗੋ ਡਾ. ਹਰਜਿੰਦਰ ਸਿੰਘ ਲਾਲ ਫਿਰੋਜ਼ਪੁਰੀ ਵੱਲੋਂ ਸ਼ਮ੍ਹਾ ਰੌਸ਼ਨ ਕਰਕੇ ਕੀਤੀ ਜਾਵੇਗੀ।ਪੰਜਾਬੀ ਸਾਹਿਤ ਦੀਆਂ ਮਹਾਨ ਸ਼ਖ਼ਸੀਅਤਾਂ ਡਾ. ਗੁਰਚਰਨ ਕੌਰ ਕੋਚਰ ਤੇ ਹਰਮੀਤ ਵਿਦਿਆਰਥੀ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।ਇਸ ਸਮਾਗਮ ਦੇ ਮੁੱਖ ਬੁਲਾਰੇ ਦਰਸ਼ਨ ਸਿੰਘ ਬੁੱਟਰ (ਪ੍ਰਧਾਨ ਕੇਂਦਰੀ ਲਿਖਾਰੀ ਸਭਾ ਪੰਜਾਬ), ਸੁਰਿੰਦਰ ਰਾਮਪੁਰੀ (ਕਹਾਣੀਕਾਰ), ਜਤਿੰਦਰ ਹਾਂਸ (ਢਾਹਾਂ ਪੁਰਸਕਾਰ ਜੇਤੂ ਕਹਾਣੀਕਾਰ), ਬਲਵਿੰਦਰ ਸਿੰਘ ਗਰੇਵਾਲ (ਢਾਹਾਂ ਪੁਰਸਕਾਰ ਜੇਤੂ ਕਹਾਣੀਕਾਰ), ਪ੍ਰਸਿੱਧ ਕਹਾਣੀਕਾਰ ਮਾਸਟਰ ਤੇਲੂ ਰਾਮ ਕੁਹਾੜਾ, ਸੁਰਜੀਤ ਸਿੰਘ ਭਦੌੜ (ਮੈਨੇਜਰ ਡਾਇਰੈਕਟਰ ਵੇਰਕਾ ਮਿਲਕ ਪਲਾਂਟ ਖੰਨਾ), ਸੁਭਾਸ਼ ਬਜਾਜ (ਉਦਯੋਗਪਤੀ ਲੁਧਿਆਣਾ) ਹੋਣਗੇ।ਇਸ ਸਮਾਗਮ ਦੇ ਮੁੱਖ ਮਹਿਮਾਨ ਜਸਵੰਤ ਸਿੰਘ ਜ਼ਫ਼ਰ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਹੋਣਗੇ।

# 'ਵਨ ਨੇਸ਼ਨ, ਵਨ ਸਿਲੇਬਸ' ਨਾਲ ਹੀ ਆਵੇਗੀ ਸਿੱਖਿਆ 'ਚ ਅਸਲ ਬਰਾਬਰੀ : ਡਾ. ਅਟਵਾਲ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਡਾ. ਚਰਨਜੀਤ ਸਿੰਘ ਅਟਵਾਲ ਨੇ ਦੇਸ਼ ਦੀ ਸਿੱਖਿਆ ਪ੍ਰਣਾਲੀ 'ਚ ਮੌਜੂਦ ਅਸਮਾਨਤਾਵਾਂ 'ਤੇ ਗੰਭੀਰ ਚਿੰਤਾ ਪ੍ਰਗਟਾਉਂਦੇ ਹੋਏ ਕਿਹਾ ਕਿ ਭਾਰਤ ਵਿੱਚ 'ਵਨ ਨੇਸ਼ਨ, ਵਨ ਸਿਲੇਬਸ' ਲਾਗੂ ਕਰਨਾ ਸਮੇਂ ਦੀ ਅਹਿਮ ਲੋੜ ਬਣ ਚੁੱਕਾ ਹੈ, ਤਾਂ ਜੋ ਹਰ ਵਰਗ ਦੇ ਵਿਦਿਆਰਥੀ ਨੂੰ ਇਕਸਾਰ ਤੇ ਗੁਣਵੱਤਾ ਵਾਲੀ ਸਿੱਖਿਆ ਪ੍ਰਾਪਤ ਹੋ ਸਕੇ।

ਇਸ ਸਬੰਧੀ ਡਾ. ਅਟਵਾਲ ਨੇ ਪਾਰਲੀਮੈਂਟ ਹਾਊਸ 'ਚ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨਾਲ ਉਨ੍ਹਾਂ ਦੇ ਦਫਤਰ ਵਿੱਚ ਮੁਲਾਕਾਤ ਕਰਕੇ ਇਕ ਮੈਮੋਰੈਂਡਮ ਸੌਂਪਿਆ ਤੇ ਇਸ ਮੁੱਦੇ 'ਤੇ ਆਪਣੀਆਂ ਵਿਸਥਾਰਪੂਰਵਕ ਸਿਫ਼ਾਰਸ਼ਾਂ ਪੇਸ਼ ਕੀਤੀਆਂ। ਬੈਠਕ ਦੌਰਾਨ 'ਵਨ ਨੇਸ਼ਨ, ਵਨ ਸਿਲੇਬਸ' ਦੇ ਵਿਸ਼ੇ 'ਤੇ ਗੰਭੀਰ ਚਰਚਾ ਹੋਈ, ਜਿਸ 'ਚ ਦੇਸ਼ ਦੇ ਵੱਖ-ਵੱਖ ਸਿੱਖਿਆ ਬੋਰਡਾਂ ਵਿਚਕਾਰ ਮੌਜੂਦ ਅੰਤਰ ਤੇ ਉਸ ਨਾਲ ਪੈਦਾ ਹੋ ਰਹੀਆਂ ਸਮੱਸਿਆਵਾਂ 'ਤੇ ਖਾਸ ਤੌਰ 'ਤੇ ਵਿਚਾਰ ਕੀਤਾ ਗਿਆ। ਡਾ. ਅਟਵਾਲ ਨੇ ਕੇਂਦਰੀ ਸਿੱਖਿਆ ਮੰਤਰੀ ਨੂੰ ਆਪਣੇ ਵੱਲੋਂ ਲੋੜੀਂਦੇ ਸੁਝਾਅ ਪੇਸ਼ ਕਰਦਿਆਂ ਅਪੀਲ ਕੀਤੀ ਕਿ ਇਸ ਮਹੱਤਵਪੂਰਨ ਮਸਲੇ 'ਤੇ ਜਲਦ ਤੋਂ ਜਲਦ ਉਨ੍ਹਾਂ ਦੀ ਪ੍ਰਧਾਨਗੀ ਹੇਠ ਰਾਸ਼ਟਰੀ ਪੱਧਰ ਦੀ ਇੱਕ ਵਿਸ਼ੇਸ਼ ਮੀਟਿੰਗ ਬੁਲਾਈ ਜਾਵੇ। ਉਨ੍ਹਾਂ ਕਿਹਾ ਕਿ ਇਸ ਮੀਟਿੰਗ 'ਚ ਕੇਂਦਰੀ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਤੋਂ ਇਲਾਵਾ ਸਾਰੇ ਸੂਬਿਆਂ ਦੇ ਸਿੱਖਿਆ ਵਿਦਵਾਨਾਂ, ਨੀਤੀ ਨਿਰਧਾਰਕਾਂ ਤੇ ਹੋਰ ਸੰਬੰਧਤ ਪੱਖਾਂ ਨੂੰ ਸ਼ਾਮਲ ਕਰਕੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਧਰਮਿੰਦਰ ਪ੍ਰਧਾਨ ਨੇ ਅਜਿਹੀ ਮੀਟਿੰਗ ਬੁਲਾਉਣ ਲਈ ਆਪਣੀ ਪ੍ਰਵਾਨਗੀ ਦੇ ਦਿੱਤੀ ਹੈ ਤੇ ਜਲਦ ਹੀ ਇਸ ਦਾ ਆਯੋਜਨ ਕਰਕੇ ਸਾਰੇ ਸਟੇਕਹੋਲਡਰਜ਼ ਨੂੰ ਸੱਦਾ ਦਿੱਤਾ ਜਾਵੇਗਾ। ਕੇਂਦਰੀ ਮੰਤਰੀ ਵੱਲੋਂ ਡਾ. ਅਟਵਾਲ ਨੂੰ ਵੀ ਇਸ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਸੱਦਾ ਦੇਣ ਦਾ ਭਰੋਸਾ ਦਿਵਾਇਆ ਗਿਆ ਹੈ, ਤਾਂ ਜੋ ਵਿਸਥਾਰਪੂਰਵਕ ਵਿਚਾਰ-ਵਟਾਂਦਰੇ ਤੋਂ ਬਾਅਦ ਇਸ ਮੁੱਦੇ 'ਤੇ ਕੋਈ ਠੋਸ ਰਾਸ਼ਟਰੀ ਨੀਤੀ ਤਿਆਰ ਕੀਤੀ ਜਾ ਸਕੇ। ਕੇਂਦਰੀ ਸਿੱਖਿਆ ਮੰਤਰੀ ਸ੍ਰੀ ਧਰਮਿੰਦਰ ਪ੍ਰਧਾਨ ਨੇ ਡਾ. ਅਟਵਾਲ ਨੂੰ ਵਿਸ਼ਵਾਸ ਦਿਵਾਇਆ ਕਿ ਇਹ ਬਹੁਤ ਹੀ ਅਹਿਮ ਤੇ ਸੰਵੇਦਨਸ਼ੀਲ ਮੁੱਦਾ ਹੈ, ਜਿਸ 'ਤੇ ਕੇਂਦਰ ਸਰਕਾਰ ਪੂਰੀ ਸੰਜੀਦਗੀ ਨਾਲ ਵਿਚਾਰ ਕਰ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਸਿੱਖਿਆ ਨੀਤੀ ਵਿੱਚ ਲੋੜੀਂਦੇ ਸੁਧਾਰ ਕਰਦੇ ਹੋਏ ਇਸ ਦਿਸ਼ਾ ਵਿੱਚ ਠੋਸ ਕਦਮ ਚੁੱਕੇ ਜਾਣਗੇ। ਡਾ. ਅਟਵਾਲ ਨੇ ਕਿਹਾ ਕਿ ਇਸ ਵੇਲੇ ਦੇਸ਼ ਵਿੱਚ ਲਗਭਗ 25 ਕਰੋੜ ਤੋਂ ਵੱਧ ਵਿਦਿਆਰਥੀ ਵੱਖ-ਵੱਖ ਸਕੂਲਾਂ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਨੂੰ ਸਿਰਫ਼ ਸਕੂਲਾਂ ਵਿੱਚ ਦਾਖ਼ਲਾ ਹੀ ਨਹੀਂ, ਸਗੋਂ ਇਕਸਾਰ ਗੁਣਵੱਤਾ ਵਾਲੀ ਸਿੱਖਿਆ ਤੇ ਇੱਕੋ ਜਿਹੇ ਸਿਲੇਬਸ ਦਾ ਹੱਕ ਵੀ ਮਿਲਣਾ ਚਾਹੀਦਾ ਹੈ।



# ਸ਼ਾਹਪੁਰ ਕਲਾਂ ਦਾ ਕਬੱਡੀ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸੰਪੰਨ

**ਚੀਮਾ ਮੰਡੀ (ਰਵਿੰਦਰ ਚੀਮਾ)**-ਪਿੰਡ ਸ਼ਾਹਪੁਰ ਕਲਾਂ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਯੂਥ ਕਲੱਬ ਵੱਲੋਂ ਕਰਵਾਇਆ ਗਿਆ 12ਵਾਂ ਵਿਸ਼ਾਲ ਕਬੱਡੀ ਟੂਰਨਾਮੈਂਟ ਬਹੁਤ ਹੀ ਸ਼ਾਨਦਾਰ ਤੇ ਰੌਣਕਮਈ ਢੰਗ ਨਾਲ ਸੰਪੰਨ ਹੋਇਆ।ਇਸ ਖੇਡ ਮੇਲੇ ਨੇ ਨਾ ਸਿਰਫ਼ ਇਲਾਕੇ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕੀਤਾ, ਸਗੋਂ ਕਬੱਡੀ ਦੇ ਪ੍ਰੇਮੀਆਂ ਲਈ ਵੀ ਇਹ ਦੋ ਦਿਨ ਇੱਕ ਯਾਦਗਾਰ ਤਿਉਹਾਰ ਵਾਂਗ ਸਾਬਿਤ ਹੋਏ।ਟੂਰਨਾਮੈਂਟ ਦੀ ਅਗਵਾਈ ਸਰਪ੍ਰਸਤ ਬਘੇਲ ਸਿੰਘ ਬੱਬੂ, ਕਲੱਬ ਪ੍ਰਧਾਨ ਬਲਵਿੰਦਰ ਸਿੰਘ ਬੱਬੂ, ਸਰਪੰਚ ਲਖਬੀਰ ਸਿੰਘ ਲੱਖੀ ਤੇ ਗੋਬਿੰਦ ਸਿੰਘ ਗੋਪੀ ਜਗਸੀਰ ਸਿੰਘ, ਮਨੀ, ਗੱਗੂ, ਲੱਡੂ, ਗੁਲਾਬ, ਲੱਖਾ, ਦਵਿੰਦਰ ਸਿੰਘ ਗਰਚਾ, ਦੀਪ ਸਿੰਘ, ਮੱਖਣ ਸਿੰਘ, ਪਰਮਾਤਮਾ ਸਿੰਘ, ਬੂਟਾ, ਭੇਜ, ਬਿੱਲਾ ਅਕਾਲੀ, ਨਹਿਰੂ, ਲੱਖੀ, ਮਿੱਠੂ ਵੱਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ ਗਈ।ਇਸ ਟੂਰਨਾਮੈਂਟ ਵਿੱਚ 45, 52, 65, 75 ਕਿੱਲੋ ਤੇ ਓਪਨ ਕਬੱਡੀ ਦੇ ਰੋਮਾਂਚਕ ਤੇ ਦਿਲਚਸਪ ਮੁਕਾਬਲੇ ਕਰਵਾਏ ਗਏ।ਓਪਨ ਕਬੱਡੀ ਵਿੱਚ ਪਹਿਲਾ ਇਨਾਮ 71000 ਰੁਪਏ ਤੇ ਦੂਸਰਾ 51000 ਰੁਪਏ ਰੱਖਿਆ ਗਿਆ, ਜਿਸ ਵਿੱਚ ਝਾੜੋਂ ਤੇ ਘਲੋਟੀ ਵਿਚਕਾਰ ਜ਼ੋਰਦਾਰ ਮੁਕਾਬਲਾ ਦੇਖਣ ਨੂੰ ਮਿਲਿਆ ਜਿਸ ਵਿੱਚ ਝਾੜੋਂ ਬਾਜ਼ੀ ਮਾਰ ਗਈ।75 ਕਿੱਲੋ ਵਰਗ ਵਿੱਚ ਖੋਖਰ ਬਠਿੰਡਾ ਦੀ ਟੀਮ ਨੇ ਪਹਿਲਾ, ਜਦਕਿ ਖੋਖਰ ਮਾਨਸਾ ਦੂਜੇ ਸਥਾਨ 'ਤੇ ਰਹੀ।65 ਕਿੱਲੋ ਵਰਗ ਵਿੱਚ ਭੁੱਲਣ ਪਹਿਲੇ ਤੇ ਸ਼ੇਰੋਂ ਦੀ ਟੀਮ ਦੂਜੇ ਸਥਾਨ 'ਤੇ ਰਹੀ।52 ਕਿੱਲੋ ਵਿੱਚ ਧਨੌਲਾ ਦੀ ਟੀਮ ਪਹਿਲੇ ਤੇ ਬਦਰਾ ਦੂਜੇ ਸਥਾਨ 'ਤੇ ਰਹੀ।ਓਪਨ ਵਰਗ ਵਿੱਚ ਬੈਸਟ ਰੇਡਰ ਦਾ ਖ਼ਿਤਾਬ ਅੰਕਿਤ ਲਾਠ ਤੇ ਪਾਲਾ ਘਲੋਟੀ ਨੂੰ ਮਿਲਿਆ, ਜਦਕਿ ਬੈਸਟ ਸਟੋਪਰ ਦਾ ਮਾਣ ਇੰਦਰ ਤਲਵੰਡੀ ਰਾਏ ਨੂੰ ਪ੍ਰਾਪਤ ਹੋਇਆ।

ਇਨ੍ਹਾਂ ਖਿਡਾਰੀਆਂ ਨੂੰ 21000-21000 ਰੁਪਏ ਦੀ ਇਨਾਮੀ ਰਕਮ ਤੇ ਵੱਡੇ ਕੱਪਾਂ ਨਾਲ ਸਨਮਾਨਤ ਕੀਤਾ ਗਿਆ।ਇਸ ਮੌਕੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਮੁੱਖ ਮਹਿਮਾਨ ਵਜੋਂ ਪਹੁੰਚੇ ਤੇ ਉਨ੍ਹਾਂ ਨੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ।ਦੂਜੇ ਦਿਨ ਐੱਸ ਡੀ ਐੱਮ ਸੁਨਾਮ, ਬੀਡੀਪੀਓ ਸੁਨਾਮ ਸਮੇਤ ਹੋਰ ਪ੍ਰਸ਼ਾਸਨਕ ਅਧਿਕਾਰੀ ਹਾਜ਼ਰ ਰਹੇ।ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਲਈ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ, ਜਿਸ ਵਿੱਚ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ।ਇਸ ਮੌਕੇ ਟੂਰਨਾਮੈਂਟ ਨੂੰ ਸਫਲ ਬਣਾਉਣ ਵਿੱਚ ਯੋਗਦਾਨ ਪਾਉਣ ਵਾਲੇ ਸਹਿਯੋਗੀਆਂ ਨੂੰ ਵੀ ਸਨਮਾਨ ਚਿੰਨ੍ਹ ਦੇ ਕੇ ਨਿਵਾਜਿਆ ਗਿਆ।



## ਵਜੀਦਕੇ ਕਲਾਂ 'ਚ ਰਜਬਾਹੇ ਨੂੰ ਪੱਕਾ ਕਰਨ ਦੀ ਸ਼ੁਰੂਆਤ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਹਲਕੇ ਅੰਦਰ ਸਿੰਚਾਈ ਪ੍ਰਣਾਲੀ ਨੂੰ ਮਜ਼ਬੂਤ ਕਰਨ ਵੱਲ ਇੱਕ ਵੱਡਾ ਕਦਮ ਚੁੱਕਦਿਆਂ ਕੁਰੜ ਮਾਈਨਰ ਰਜਵਾਹੇ ਦਾ ਉਦਘਾਟਨ ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ, ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਵੱਲੋਂ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਭਗਵੰਤ ਮਾਨ ਸਰਕਾਰ ਵਲੋਂ ਕਰੀਬ 34 ਕਰੋੜ 51 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਇਹ ਰਜਵਾਹਾ ਇਲਾਕੇ ਲਈ ਇੱਕ ਮਹੱਤਵਪੂਰਨ ਪ੍ਰੋਜੈਕਟ ਵਜੋਂ ਦੇਖਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਕਰੀਬ 60 ਕਿਲੋਮੀਟਰ ਲੰਬਾ ਇਹ ਰਜਵਾਹਾ 38 ਪਿੰਡਾਂ ਦੇ ਖੇਤਾਂ ਨੂੰ ਸਿੰਚਾਈ ਦੀ ਸੁਵਿਧਾ ਪ੍ਰਦਾਨ ਕਰੇਗਾ, ਜਿਸ ਨਾਲ ਕਿਸਾਨਾਂ ਨੂੰ ਵੱਡੀ ਰਾਹਤ ਮਿਲੇਗੀ।ਸੂਬੇ ਦੇ ਹਰ ਖੇਤ ਤੱਕ ਪਾਣੀ ਪੁਚਾਉਣਾ ਭਗਵੰਤ ਮਾਨ ਸਰਕਾਰ ਦਾ ਮੁੱਖ ਟੀਚਾ ਹੈ। ਇਸ ਸੰਬੰਧੀ ਕਿਸੇ ਕਿਸਮ ਦੀ ਕੋਈ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ।ਇਸਦੇ ਨਾਲ ਪਿੰਡ ਵਜੀਦਕੇ ਕਲਾਂ ਵਿਖੇ ਰਜਵਾਹੇ ਨੂੰ ਪੱਕਾ ਕਰਨ ਦੇ ਕਾਰਜ ਦਾ ਵੀ ਉਦਘਾਟਨ ਕੀਤਾ ਗਿਆ, ਜਿਸ ਨਾਲ ਪਾਣੀ ਦੀ ਬਚਤ ਅਤੇ ਸਹੀ ਵੰਡ ਨੂੰ ਯਕੀਨੀ ਬਣਾਇਆ ਜਾਵੇਗਾ।ਇਹ ਪ੍ਰੋਜੈਕਟ ਨਾ ਸਿਰਫ਼ ਖੇਤੀਬਾੜੀ ਨੂੰ ਮਜ਼ਬੂਤੀ ਦੇਵੇਗਾ, ਸਗੋਂ ਇਲਾਕੇ ਦੀ ਆਰਥਿਕਤਾ ਨੂੰ ਵੀ ਨਵੀਂ ਦਿਸ਼ਾ ਦੇਵੇਗਾ।ਕਿਸਾਨਾਂ ਨੇ ਇਸ ਪ੍ਰੋਜੈਕਟ ਦਾ ਸਵਾਗਤ ਕਰਦਿਆਂ ਕਿਹਾ ਕਿ ਲੰਮੇ ਸਮੇਂ ਤੋਂ ਇਸ ਤਰ੍ਹਾਂ ਦੀ ਯੋਜਨਾ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਸੀ।ਹੁਣ ਇਸ ਦੇ ਪੂਰਾ ਹੋਣ ਨਾਲ ਸਿੰਚਾਈ ਸੰਬੰਧੀ ਸਮੱਸਿਆਵਾਂ ਵਿੱਚ ਕਾਫੀ ਹੱਦ ਤੱਕ ਸੁਧਾਰ ਆਵੇਗਾ।

## ਅਰਸ਼ਦੀਪ ਨੂੰ ਸੇਜਲ ਅੱਖਾਂ ਨਾਲ ਦਿੱਤੀ ਅੰਤਮ ਵਿਦਾਈ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ ਅਧੀਨ ਬਲਾਕ ਮਮਦੋਟ ਦੇ ਸਰਹੱਦੀ ਪਿੰਡ ਹਜ਼ਾਰਾ ਸਿੰਘ ਵਾਲਾ ਵਿਖੇ 18 ਕੁ ਸਾਲ ਦੇ ਨੌਜਵਾਨ ਅਰਸ਼ਪ੍ਰੀਤ ਸਿੰਘ ਦੀ ਸੰਖੇਪ ਬਿਮਾਰੀ ਮਗਰੋਂ ਦੁਖਦਾਈ ਮੌਤ ਹੋ ਗਈ ।ਅਰਸ਼ਪ੍ਰੀਤ ਸਿੰਘ ਦੇ ਅੰਤਮ ਸੰਸਕਾਰ ਮੌਕੇ ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਐਡਵੋਕੇਟ ਸ੍ਰੀ ਰਜਨੀਸ਼ ਕੁਮਾਰ ਦਹੀਆ, ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਜਸਬੀਰ ਸਿੰਘ ਹਜ਼ਾਰਾ ਚੇਅਰਮੈਨ ਐਸਐਮਸੀ, ਦਲਜੀਤ ਸਿੰਘ ਬਾਬਾ ਐਮਸੀ, ਹਰਜਿੰਦਰ ਸਿੰਘ ਸਿੱਧੀ, ਗੁਰਨਾਮ ਸਿੰਘ ਸਰਪੰਚ ਹਜ਼ਾਰਾ ਸਿੰਘ ਵਾਲਾ, ਬਲਵਿੰਦਰ ਸਿੰਘ ਲੱਡੂ ਸਰਪੰਚ ਹਜਾਰਾ, ਬਲਵਿੰਦਰ ਸਿੰਘ ਸਰਪੰਚ ਰਾਊਕੇ ਹਿਠਾੜ, ਜਗੀਰ ਸਿੰਘ ਸਾਬਕਾ ਐਸਡੀਓ ਪਾਵਰਕੌਮ, ਕੇਵਲ ਕ੍ਰਿਸ਼ਨ ਵਿਪਨ ਐਮਸੀ, ਮੇਹਰ ਸਿੰਘ ਸਰਪੰਚ ਦਿਲ ਸ਼ੇਰ ਸਿੰਘ ਜੋਧਪੁਰ ਸਮੇਤ ਵੱਡੀ ਗਿਣਤੀ ਵਿੱਚ ਇਲਾਕੇ ਭਰ ਦੇ ਵੱਖ-ਵੱਖ ਪਾਰਟੀਆਂ ਦੇ ਸਿਆਸੀ ਆਗੂਆਂ, ਪੰਚਾਂ-ਸਰਪੰਚਾਂ ਨੇ ਸੇਜਲ ਅੱਖਾਂ ਨਾਲ ਨੌਜਵਾਨ ਨੂੰ ਅੰਤਮ ਵਿਦਾਇਗੀ ਦਿਤੀ। ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਐਡਵੋਕੇਟ ਦਹੀਆ ਨੇ ਕਿਹਾ ਕਿ ਹੋਣਹਾਰ ਨੌਜਵਾਨ ਅਰਸ਼ਪ੍ਰੀਤ ਸਿੰਘ ਦੀ ਅਚਨਚੇਤ ਹੋਈ ਮੌਤ ਦਾ ਘਾਟਾ ਜੋ ਪਰਵਾਰ ਅਤੇ ਇਲਾਕੇ ਨੂੰ ਹੈ, ਉਸ ਦੀ ਭਰਪਾਈ ਕਰ ਸਕਣਾ ਕਿਸੇ ਦੀ ਤਰ੍ਹਾਂ ਸੰਭਵ ਨਹੀਂ ਹੈ।

## ਐੱਮ ਡੀ ਪਬਲਿਕ ਸਕੂਲ ਨੇ ਸਾਲਾਨਾ ਨਤੀਜੇ ਐਲਾਨੇ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਐੱਮ. ਡੀ. ਪਬਲਿਕ ਹਾਈ ਸਕੂਲ ਸੁਨਾਮ ਵਿੱਚ ਬੜੀ ਹੀ ਧੂਮਧਾਮ ਤੇ ਉਤਸ਼ਾਹ ਨਾਲ ਸਾਲਾਨਾ ਨਤੀਜੇ ਘੋਸ਼ਿਤ ਕੀਤੇ ਗਏ।ਇਸ ਮੌਕੇ ਸਕੂਲ ਵਿੱਚ ਵਿਸ਼ੇਸ਼ ਮੁੱਖ ਮਹਿਮਾਨ ਸਟਾਰ ਗੈਸਟ ਟ੍ਰੈਫਿਕ ਇੰਚਾਰਜ ਨਿਰਭੈ ਸਿੰਘ, ਗਨਮੈਨ ਗੁਰਚਰਨ ਸਿੰਘ, ਅਜਾਇਬ ਸਿੰਘ ਪਹੁੰਚੇ ਤੇ ਉਸ ਸਮੇਂ ਸਕੂਲ ਦੇ ਐੱਮ ਡੀ ਭਰਤ ਹਰੀ, ਪ੍ਰਿੰਸੀਪਲ ਸੁਸ਼ਾਂਕ ਪਾਠਕ ਮੌਜੂਦ ਸਨ, ਜਿਸ ਵਿੱਚ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।ਸਮਾਗਮ ਦੌਰਾਨ ਸਕੂਲ ਪ੍ਰਬੰਧਕਾਂ ਤੇ ਪ੍ਰਿੰਸੀਪਲ ਸਾਹਿਬ ਨੇ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਤੇ ਉਨ੍ਹਾਂ ਦੀਆਂ ਉਪਲਬਧੀਆਂ ਦੀ ਸਰਾਹਨਾ ਕੀਤੀ।ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਤੇ ਭਵਿੱਖ ਵਿੱਚ ਉੱਚੀਆਂ ਉਪਲਬਧੀਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ।

## 380 ਕਿੱਲੋ ਭੁੱਕੀ ਸਮੇਤ ਦੋ ਕਾਬੂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਾਤੜਾਂ ਪੁਲਸ ਨੇ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਜਾਰੀ ਰੱਖਦਿਆਂ ਦੋ ਵਿਅਕਤੀਆਂ ਤੋਂ ਟਰੱਕ ਵਿੱਚ ਲਿਆਂਦੀ ਗਈ ਭੁੱਕੀ ਸਮੇਤ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ ਤੇ ਇਨ੍ਹਾਂ ਖ਼ਿਲਾਫ਼ ਕੇਸ ਦਰਜ ਕਰਕੇ ਮਾਮਲੇ ਦੀ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਜਾਣਕਾਰੀ ਦਿੰਦਿਆਂ ਥਾਣਾ ਮੁਖੀ ਪਾਤੜਾਂ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਐੱਸ ਆਈ ਕੁਲਦੀਪ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਤੇ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸੰਬੰਧ ਵਿੱਚ ਪਿੰਡ ਹਾਮਝੇੜੀ ਦੀ ਹੱਦ ਅੰਦਰ ਮੌਜੂਦ ਸੀ, ਜਿੱਥੇ ਉਨ੍ਹਾਂ ਨੂੰ ਇਤਲਾਹ ਮਿਲੀ ਕਿ ਕੁਝ ਵਿਅਕਤੀ ਟਰੱਕ ਰਾਹੀਂ ਰਾਜਸਥਾਨ ਤੋਂ ਭੁੱਕੀ ਲਿਆ ਕੇ ਵੇਚਣ ਦੇ ਆਦੀ ਹਨ, ਜੋ ਅੱਜ ਰਾਜਸਥਾਨ ਤੋਂ ਭੁੱਕੀ ਲਿਆ ਕੇ ਵਿਕਟੋਰੀਆ ਸਕੂਲ ਪਾਤੜਾਂ ਨੇੜੇ ਵੇਚਣ ਲਈ ਖੜੇ ਹਨ।ਇਸ ਇਤਲਾਹ 'ਤੇ ਤੁਰੰਤ ਛਾਪੇਮਾਰੀ ਕਰਕੇ ਇੱਕ ਟਰੱਕ ਨੰਬਰ ਪੀਬੀ 03 ਏ ਐਕਸ 9193 ਵਿੱਚੋਂ 380 ਕਿੱਲੋ ਭੁੱਕੀ ਬਰਾਮਦ ਕੀਤੀ ਗਈ ਅਤੇ ਇਹ ਟਰੱਕ ਲੈ ਕੇ ਆਉਣ ਵਾਲੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਹਰ ਪੁੱਛਗਿੱਛ ਲਈ ਰਿਮਾਂਡ ਹਾਸਲ ਕਰ ਲਿਆ ਗਿਆ ਹੈ।

## ਜੁਆਇੰਟ ਫੋਰਮ ਏਕਤਾ ਮੰਚ ਦੇ ਸੱਦੇ 'ਤੇ ਸਰਕਲ ਦੀ ਕਨਵੈਨਸ਼ਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਜੁਆਇੰਟ ਫੋਰਮ ਏਕਤਾ ਮੰਚ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼ ਦੇ ਸੱਦੇ 'ਤੇ ਸਰਕਲ ਸ੍ਰੀ ਮੁਕਤਸਰ ਸਾਹਿਬ ਦੀ ਕਨਵੈਨਸ਼ਨ ਕੀਤੀ ਗਈ, ਜਿਸ ਵਿੱਚ ਵੱਖ ਵੱਖ ਜਥੇਬੰਦੀਆਂ ਦੇ ਸਾਥੀਆਂ ਨੇ ਜੁਆਇੰਟ ਫੋਰਮ ਏਕਤਾ ਮੰਚ ਦੀ ਲੀਡਰਸ਼ਿੱਪ ਨੂੰ ਜਾਣੂ ਕਰਵਾਇਆ ਕਿ ਸਾਡੇ ਭੱਤੇ ਜਿਵੇ ਕਿ ਪੇਂਡੂ ਭੱਤਾ ਤੇ ਹੋਰ ਬਹੁਤ ਸਾਰੇ ਭੱਤੇ ਬੰਦ ਕੀਤੇ ਗਏ ਹਨ, ਉਹ ਲਵਾਏ ਜਾਣ।ਸਭ ਤੋਂ ਵੱਧ ਸਾਥੀਆਂ ਨੇ ਪੁਰਾਣੀ ਪੈਨਸ਼ਨ ਬਾਰੇ ਗੱਲ ਕੀਤੀ ਹੈ ਕਿ ਪੁਰਾਣੀ ਪੈਨਸ਼ਨ ਲਾਗੂ ਕਰਵਾਈ ਜਾਵੇ।ਕਨਵੈਨਸ਼ਨ ਦੇ ਅਖੀਰ ਵਿੱਚ ਸਵਾਲ ਦੇ ਜਵਾਬ ਦਿੰਦਿਆਂ ਜੁਆਇੰਟ ਫੋਰਮ ਏਕਤਾ ਮੰਚ ਦੇ ਨੁਮਾਇੰਦਿਆਂ ਨੇ ਸਾਥੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਆਉਣ ਵਾਲੇ ਸਮੇਂ 'ਚ ਜਦੋਂ ਵੀ ਮੈਨੇਜਮੈਂਟ ਜਾਂ ਪੰਜਾਬ ਸਰਕਾਰ ਮੀਟਿੰਗ ਦੇਵੇਗੀ ਤਾਂ ਸਾਰੀਆਂ ਮੰਗਾਂ ਮਨਵਾਈਆਂ ਜਾਣਗੀਆਂ ।ਇਸ ਕਨਵੈਨਸ਼ਨ ਨੂੰ ਜੁਆਇੰਟ ਫੋਰਮ ਏਕਤਾ ਮੰਚ ਦੇ ਸਾਥੀ ਦਲੀਪ ਕੁਮਾਰ, ਸਾਥੀ ਬਲਜੀਤ ਸਿੰਘ ਮੋਦਲਾ, ਸਾਥੀ ਸੇਵਕ ਸਿੰਘ ਬਧਨੀ ਕਲਾਂ, ਸਾਥੀ ਕਰਨ ਸਿੰਘ ਬਰਾੜ, ਸਾਥੀ ਬਰਜਿੰਦਰ ਕੁਮਾਰ ਸ਼ਰਮਾ, ਸਾਥੀ ਗੁਰਦੀਪ ਸਿੰਘ ਤੇ ਸਾਥੀ ਸਤਰੂਘਨ ਸਿੰਘ ਨੇ ਸੰਬੋਧਨ ਕੀਤਾ।ਇਸ ਕਨਵੈਨਸ਼ਨ ਦੀ ਸਟੇਜ ਦੀ ਕਾਰਵਾਈ ਸਾਥੀ ਵਰਿੰਦਰ ਸਿੰਘ ਬਾਜਵਾ ਵੱਲੋਂ ਬਾਖ਼ੂਬੀ ਨਿਭਾਈ ਗਈ ਹੈ।

## ਡੇਰਾ ਬਿਆਸ ਜਾਣ ਵਾਲੀਆਂ ਸੰਗਤਾਂ ਲਈ ਰੇਲਵੇ ਵੱਲੋਂ ਚਲਾਈਆਂ ਜਾਣਗੀਆਂ ਵਿਸ਼ੇਸ਼ ਟਰੇਨਾਂ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਰੇਲਵੇ ਵਿਭਾਗ ਵੱਲੋਂ ਬਿਆਸ ਵਿਖੇ ਰਾਧਾ ਸੁਆਮੀ ਸਤਿਸੰਗ ਵਿੱਚ ਸ਼ਾਮਲ ਹੋਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਵਿਸ਼ੇਸ਼ ਕਦਮ ਚੁੱਕੇ ਗਏ ਹਨ। ਸੀਨੀਅਰ ਡਵੀਜ਼ਨਲ ਕਮਰਸ਼ੀਅਲ ਮੈਨੇਜਰ ਫਿਰੋਜ਼ਪੁਰ ਪਰਮਦੀਪ ਸਿੰਘ ਸੈਣੀ ਅਨੁਸਾਰ ਰੇਲਵੇ ਨੇ ਹਜ਼ਰਤ ਨਿਜ਼ਾਮੁਦੀਨ-ਬਿਆਸ ਤੇ ਸਹਾਰਨਪੁਰ-ਬਿਆਸ ਵਿਚਕਾਰ ਵਿਸ਼ੇਸ਼ ਮੇਲ ਐਕਸਪ੍ਰੈੱਸ ਟਰੇਨਾਂ ਚਲਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਹਜ਼ਰਤ ਨਿਜ਼ਾਮੁਦੀਨ-ਬਿਆਸ-ਹਜ਼ਰਤ ਨਿਜ਼ਾਮੁਦੀਨ 04451/04452 ਇਹ ਵਿਸ਼ੇਸ਼ ਟਰੇਨ ਸ਼ਰਧਾਲੂਆਂ ਦੇ ਸਫ਼ਰ ਨੂੰ ਸੁਖਾਲਾ ਬਣਾਉਣ ਲਈ ਦੋ ਗੇੜੇ ਲਗਾਏਗੀ। 04451 ਇਹ ਟਰੇਨ ਹਜ਼ਰਤ ਨਿਜ਼ਾਮੁਦੀਨ ਤੋਂ 23 ਅਪ੍ਰੈਲ 2026 ਤੇ 7 ਮਈ 2026 ਨੂੰ ਸ਼ਾਮ 19.40 ਵਜੇ ਰਵਾਨਾ ਹੋਵੇਗੀ ਅਤੇ ਅਗਲੇ ਦਿਨ ਸਵੇਰੇ 4.05 ਵਜੇ ਬਿਆਸ ਪਹੁੰਚੇਗੀ। 04452 ਵਾਪਸੀ 'ਤੇ ਇਹ ਟਰੇਨ ਬਿਆਸ ਤੋਂ 26 ਅਪ੍ਰੈਲ 2026 ਤੇ 10 ਮਈ 2026 ਨੂੰ ਰਾਤ 20.35 ਵਜੇ ਚੱਲੇਗੀ ਤੇ ਸਵੇਰੇ 4 ਵਜੇ ਹਜ਼ਰਤ ਨਿਜ਼ਾਮੁਦੀਨ ਪਹੁੰਚੇਗੀ। ਇਹ ਟਰੇਨ ਰਸਤੇ ਵਿੱਚ ਨਵੀਂ ਦਿੱਲੀ, ਸਬਜ਼ੀ ਮੰਡੀ, ਅੰਬਾਲਾ ਕੈਂਟ, ਲੁਧਿਆਣਾ ਤੇ ਜਲੰਧਰ ਸਿਟੀ ਰੇਲਵੇ ਸਟੇਸ਼ਨਾਂ 'ਤੇ ਦੋਵਾਂ ਦਿਸ਼ਾਵਾਂ ਵਿੱਚ ਰੁਕੇਗੀ। ਸਹਾਰਨਪੁਰ-ਬਿਆਸ-ਸਹਾਰਨਪੁਰ 04565/04566 ਇਹ ਟਰੇਨ ਸਹਾਰਨਪੁਰ ਤੋਂ ਆਉਣ ਵਾਲੇ ਸ਼ਰਧਾਲੂਆਂ ਲਈ ਰੇਲਵੇ ਤਿੰਨ ਗੇੜੇ ਲਗਾਏਗੀ। 04565 ਇਹ ਟਰੇਨ ਸਹਾਰਨਪੁਰ ਤੋਂ 24 ਅਪ੍ਰੈਲ, 1 ਮਈ ਤੇ 8 ਮਈ 2026 ਨੂੰ ਰਾਤ 20.50 ਵਜੇ ਚੱਲੇਗੀ ਅਤੇ ਸਵੇਰੇ 02.15 ਵਜੇ ਬਿਆਸ ਪਹੁੰਚੇਗੀ। ਇਹ ਟਰੇਨ ਨੰਬਰ 04566 ਵਾਪਸੀ ਦੀ ਗੱਡੀ ਬਿਆਸ ਤੋਂ 26 ਅਪ੍ਰੈਲ, 3 ਮਈ ਤੇ 10 ਮਈ 2026 ਨੂੰ ਦੁਪਹਿਰ ਬਾਅਦ 15.00 ਵਜੇ ਰਵਾਨਾ ਹੋ ਕੇ ਰਾਤ 21.10 ਵਜੇ ਸਹਾਰਨਪੁਰ ਪਹੁੰਚੇਗੀ। ਇਹ ਟਰੇਨ ਯਮੁਨਾਨਗਰ ਜਗਾਧਰੀ, ਜਗਾਧਰੀ ਵਰਕਸ਼ਾਪ, ਅੰਬਾਲਾ ਕੈਂਟ, ਲੁਧਿਆਣਾ ਤੇ ਜਲੰਧਰ ਸਿਟੀ ਸਟੇਸ਼ਨਾਂ 'ਤੇ ਰੁਕੇਗੀ। ਰੇਲਵੇ ਦੇ ਇਸ ਫੈਸਲੇ ਨਾਲ ਸਤਿਸੰਗ ਦੌਰਾਨ ਹੋਣ ਵਾਲੀ ਭੀੜ ਤੋਂ ਰਾਹਤ ਮਿਲੇਗੀ ਤੇ ਸੰਗਤਾਂ ਨੂੰ ਆਉਣ-ਜਾਣ ਵਿੱਚ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

# ਡੀ ਸੀ ਦਫ਼ਤਰ ਕਾਮਿਆਂ ਨੇ ਮੁੱਖ ਮੰਤਰੀ ਤੇ ਐੱਸ ਐੱਚ ਓ ਦੀ ਅਰਥੀ ਫੂਕੀ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਪਿਛਲੇ ਦਿਨੀਂ ਐੱਸ ਐੱਚ ਓ ਜੰਡਿਆਲਾ ਗੁਰੂ ਵੱਲੋਂ ਡੀ. ਸੀ. ਦਫ਼ਤਰ ਕਰਮਚਾਰੀ ਯੂਨੀਅਨ ਦੇ ਸੂਬਾ ਪ੍ਰਧਾਨ ਨੂੰ ਗੈਰ-ਮਨੁੱਖੀ ਢੰਗ ਨਾਲ ਗ੍ਰਿਫਤਾਰ ਕਰਕੇ ਧਾਰਮਿਕ ਕਕਾਰਾਂ ਦੀ ਬੇਅਦਬੀ ਕਰਨ ਕਾਰਨ ਐੱਸ.ਐੱਚ.ਓ. ਖਿਲਾਫ਼ ਕਾਰਵਾਈ ਦੀ ਮੰਗ ਨੂੰ ਲੈ ਕੇ ਅੱਜ ਸੂਬੇ ਭਰ ਵਿੱਚ ਪੰਜਾਬ ਸਰਕਾਰ ਤੇ ਐੱਸ.ਐੱਚ.ਓ. ਜੰਡਿਆਲਾ ਗੁਰੂ ਦੇ ਪੁਤਲੇ ਫੂਕੇ ਗਏ।ਇਸ ਸਬੰਧੀ ਡੀ. ਸੀ. ਦਫ਼ਤਰ ਕਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਸਿੱਧੂ ਤੇ ਜਨਰਲ ਸਕੱਤਰ ਪੁਸ਼ਪਿੰਦਰ ਸਿੰਘ ਦੀ ਅਗਵਾਈ ਹੇਠ ਡੀ. ਸੀ. ਦਫ਼ਤਰ ਸ੍ਰੀ ਮੁਕਤਸਰ ਸਾਹਿਬ ਦੇ ਕਰਮਚਾਰੀਆਂ ਵੱਲੋਂ ਮੁੱਖ ਮੰਤਰੀ ਪੰਜਾਬ ਤੇ ਐੱਸ.ਐੱਚ.ਓ. ਜੰਡਿਆਲਾ ਗੁਰੂ ਦਾ ਪੁਤਲਾ ਫੂਕਦੇ ਹੋਏ ਜੰਮ ਕੇ ਨਾਅਰੇਬਾਜ਼ੀ ਕੀਤੀ।ਇਸ ਮੌਕੇ ਕਰਮਚਾਰੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਮਿਤੀ 10-03-2026 ਦੇ ਕਰੀਬ 12:00 ਵਜੇ ਤੋਂ 12:30 ਵਜੇ ਪ੍ਰਧਾਨ ਦੇ ਘਰ ਪਿੰਡ ਨੰਗਲ ਦਿਆਲ ਸਿੰਘ ਵਿਖੇ ਆਪਣੀ ਅਗਵਾਈ ਵਿੱਚ ਹੋਰ ਪੁਲਸ ਪਾਰਟੀ ਨਾਲ ਪਹੁੰਚ ਕੇ ਧੱਕੇਸ਼ਾਹੀ ਕੀਤੀ, ਉਸ ਵੇਲੇ ਐੱਸ ਐੱਚ ਓ ਨਰੇਸ਼ ਕੁਮਾਰ ਨਾਲ ਸਿਪਾਹੀ ਮਲੂਕ ਸਿੰਘ, ਉਸ ਰਾਤ ਪੁਲਸ ਦੀ ਗੱਡੀ ਚਲਾਉਣ ਵਾਲਾ ਪੁਲਸ ਮੁਲਾਜ਼ਮ ਤੇ ਹੋਰ ਪੁਲਸ ਮੁਲਾਜ਼ਮਾਂ ਨੇ ਪ੍ਰਧਾਨ ਤਜਿੰਦਰ ਨੰਗਲ ਤੇ ਉਨ੍ਹਾਂ ਦੇ ਪਰਵਾਰ ਨਾਲ ਬਹੁਤ ਧੱਕਾ ਕੀਤਾ, ਪ੍ਰਧਾਨ ਜੀ ਦੀ ਮਾਂ ਤੇ ਘਰ ਦੀਆਂ ਹੋਰ ਮਹਿਲਾਵਾਂ ਸਾਹਮਣੇ ਬਹੁਤ ਹੀ ਗੰਦੀਆਂ ਗਾਲਾਂ ਕੱਢੀਆਂ, ਜਾਤੀ ਸੂਚਕ ਸ਼ਬਦ ਬੋਲੇ, ਪ੍ਰਧਾਨ ਜੀ ਦੇ ਅੰਮ੍ਰਿਤਧਾਰੀ ਸਿੰਘ ਹੋਣ ਕਰਕੇ ਉਨ੍ਹਾਂ ਦੇ ਧਾਰਮਿਕ ਕੱਕਾਰਾਂ ਦੀ ਬੇਅਦਬੀ ਕੀਤੀ ਤੇ ਬਿਨਾਂ ਕਿਸੇ ਜੁਰਮ ਦੇ ਅੱਧੀ ਰਾਤ ਥਾਣੇ ਵਿੱਚ ਲਿਆ ਹਵਾਲਾਤ ਵਿੱਚ ਪਹਿਲਾਂ ਤੋਂ ਮੌਜੂਦ 2-3 ਹਵਾਲਾਤੀਆਂ ਨਾਲ ਬੰਦ ਕਰ ਦਿੱਤਾ, ਸਾਰੀ ਰਾਤ ਹਵਾਲਾਤ ਵਿੱਚ ਪੀਣ ਲਈ ਪਾਣੀ ਵੀ ਨਹੀਂ ਦਿੱਤਾ।ਇਸ ਬਹੁਤ ਹੀ ਗਲਤ ਵਰਤਾਰੇ ਦਾ ਜਥੇਬੰਦੀ ਨੂੰ ਪਤਾ ਲੱਗਣ 'ਤੇ ਥਾਣੇ ਦੇ ਬਾਹਰ ਧਰਨਾ ਲਾ ਕੇ ਪ੍ਰਧਾਨ ਨੂੰ ਰਿਹਾਅ ਕਰਵਾਇਆ ਗਿਆ ਐੱਸ ਐੱਚ ਓ ਗੁੰਡਾਗਰਦੀ ਦੇ ਵਿਰੋਧ ਵਿੱਚ ਸੰਬੰਧਤ ਪੁਲਸ ਦੇ ਕਰਮਚਾਰੀਆਂ ਤੇ ਬਣਦੀਆਂ ਧਾਰਾਵਾਂ ਤਹਿਤ ਪਰਚਾ ਦਰਜ ਕਰਾਉਣ ਅਤੇ ਸੰਬੰਧਤ ਪੁਲਸ ਕਰਮੀਆਂ ਨੂੰ ਡਿਸਮਿਸ ਕਰਾਉਣ ਦੀ ਮੰਗ ਰੱਖੀ ਗਈ, ਪਰ ਕੋਈ ਕਾਰਵਾਈ ਨਾ ਹੋਣ ਦੇ ਰੋਸ ਵਜੋਂ ਦਫਤਰ ਐੱਸ ਐੱਸ ਪੀ (ਦਿਹਾਤੀ) ਅੰਮ੍ਰਿਤਸਰ ਦਾ ਘਿਰਾਓ ਕਰਕੇ ਧਰਨਾ ਪ੍ਰਦਰਸ਼ਨ ਕੀਤਾ ਗਿਆ, ਯੂਨੀਅਨ ਆਗੂਆਂ ਨੂੰ ਭਰੋਸਾ ਦਿੱਤਾ ਕਿ ਸਿੱਟ ਦੀ ਰਿਪੋਰਟ ਮਿਲਣ ਉਪਰੰਤ ਪਰਚਾ ਦਰਜ ਕੀਤਾ ਜਾਵੇਗਾ।ਪ੍ਰੰਤੂ ਐੱਸ.ਐੱਸ.ਪੀ. ਵੱਲੋਂ ਦਿੱਤੇ ਗਏ ਭਰੋਸੇ ਦੇ ਬਾਵਜੂਦ ਅਜੇ ਤੱਕ ਐੱਸ.ਐੱਚ.ਓ. ਖਿਲਾਫ਼ ਪਰਚਾ ਦਰਜ ਨਹੀਂ ਕੀਤਾ ਗਿਆ, ਜਿਸ ਕਾਰਨ ਡੀ. ਸੀ. ਦਫ਼ਤਰ ਕਰਮਚਾਰੀਆਂ ਨੇ ਸੂਬਾ ਬਾਡੀ ਵੱਲੋਂ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਅਰਥੀ ਫੂਕ ਮੁਜ਼ਾਹਰਾ ਕੀਤਾ। ਆਗੂਆਂ ਨੇ ਕਿਹਾ ਕਿ ਮਿੱਥੇ ਗਏ ਪ੍ਰੋਗਰਾਮ ਤਹਿਤ 30 ਮਾਰਚ ਨੂੰ ਸੂਬੇ ਦੇ ਸ਼ਹਿਰਾਂ ਵਿੱਚ ਨਰੇਸ਼ ਕੁਮਾਰ, ਮਲੂਕ ਸਿੰਘ ਦਾ ਪਿੱਟ ਸਿਆਪਾ ਕਰਦੇ ਹੋਏ ਰੋਸ ਬਾਈਕ ਰੈਲੀਆਂ ਕੀਤੀਆਂ ਜਾਣਗੀਆਂ।ਇਸ ਤੋਂ ਇਲਾਵਾ 02 ਅਪ੍ਰੈਲ (ਵੀਰਵਾਰ) ਨੂੰ ਨਰੇਸ਼ ਕੁਮਾਰ, ਮਲੂਕ ਸਿੰਘ ਦੀ ਗੁੰਡਾਗਰਦੀ ਵਿਰੁੱਧ ਦਫ਼ਤਰ ਐੱਸ ਐੱਸ ਪੀ ਦਿਹਾਤੀ, ਸ੍ਰੀ ਅੰਮ੍ਰਿਤਸਰ ਸਾਹਿਬ ਦਾ ਮੁੜ ਘਿਰਾਓ ਕਰਕੇ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ ਤੇ 7 ਅਪ੍ਰੈਲ (ਮੰਗਲਵਾਰ) ਨੂੰ ਵਿਧਾਨ ਸਭਾ ਹਲਕਾ, ਜੰਡਿਆਲਾ ਗੁਰੂ ਦੇ ਹਲਕਾ ਵਿਧਾਇਕ ਦੇ ਘਰ/ਦਫ਼ਤਰ ਦਾ ਘਿਰਾਓ ਕੀਤਾ ਜਾਵੇਗਾ।ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਦੋਸ਼ੀ ਐੱਸ.ਐੱਚ.ਓ. ਖਿਲਾਫ਼ ਕਾਰਵਾਈ ਨਾ ਕੀਤੀ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਦਲਜੀਤ ਸਿੰਘ, ਰੁਪਿੰਦਰ ਸਿੰਘ ਬਾਠ, ਬਲਰਾਜ, ਜਗਪ੍ਰੀਤ ਸਟੈਨੋ, ਗੁਰਪ੍ਰੀਤ ਸਿੰਘ, ਸਤਨਾਮ ਸਿੰਘ, ਰਣਜੀਤ ਸਿੰਘ, ਮੋਹਿਤ, ਚੇਤ ਰਾਮ, ਭੁਪਿੰਦਰ ਸਿੰਘ, ਗੁਰਬਿੰਦਰ ਸਿੰਘ, ਜਸਵੀਰ ਕੌਰ, ਸੁਖਪਾਲ ਕੌਰ, ਕਮਲਦੀਪ ਕੌਰ ਆਦਿ ਵੱਡੀ ਗਿਣਤੀ ਵਿੱਚ ਕਰਮਚਾਰੀ ਮੌਜੂਦ ਸਨ।

# ਚਾਂਸਲਰ ਡਾ. ਜ਼ੋਰਾ ਸਿੰਘ ਨੂੰ ਕੇਂਦਰੀ ਸਮਾਜਿਕ ਨਿਆਂ ਮੰਤਰਾਲੇ ਨੇ ਕੀਤਾ ਸਨਮਾਨਤ




ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)-ਦੇਸ਼ ਭਗਤ ਯੂਨੀਵਰਸਿਟੀ (ਡੀਬੀਯੂ) ਨੂੰ ਮਾਣ ਹੈ ਕਿ ਇਸ ਦੇ ਮਾਨਯੋਗ ਚਾਂਸਲਰ ਡਾ. ਜ਼ੋਰਾ ਸਿੰਘ ਨੂੰ ਨਵੀਂ ਦਿੱਲੀ ਵਿੱਚ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਮੰਤਰਾਲੇ ਵੱਲੋਂ ਨਸ਼ਾ ਮੁਕਤ ਭਾਰਤ ਅਭਿਆਨ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਪ੍ਰਸ਼ੰਸਾ ਪੱਤਰ ਨਾਲ ਸਨਮਾਨਤ ਕੀਤਾ ਗਿਆ।ਇਹ ਸਨਮਾਨ ਰਾਸ਼ਟਰੀ ਸਮਾਜਿਕ ਰੱਖਿਆ ਸੰਸਥਾ (ਐੱਨ ਆਈ ਐੱਸ ਡੀ) ਦੇ ਮੈਂਬਰ (ਐੱਨ ਸੀ ਸੀ ਡੀ ਆਰ) ਸੁਖਵਿੰਦਰ ਸਿੰਘ ਬਿੰਦਰਾ ਵੱਲੋਂ ਪ੍ਰਦਾਨ ਕੀਤਾ ਗਿਆ।ਉਨ੍ਹਾਂ ਡਾ. ਜ਼ੋਰਾ ਸਿੰਘ ਦੀ ਦੂਰਦਰਸ਼ੀ ਅਗਵਾਈ ਤੇ ਨਸ਼ਾ ਮੁਕਤ ਸਮਾਜ, ਯੁਵਾ ਸਸ਼ਕਤੀਕਰਨ ਤੇ ਸਮਾਜਿਕ ਜਾਗਰੂਕਤਾ ਲਈ ਉਨ੍ਹਾਂ ਦੇ ਸਮਰਪਤ ਯਤਨਾਂ ਦੀ ਸਰਾਹਨਾ ਕੀਤੀ।ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਮੈਂ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਤੇ ਅਧਿਕਾਰਤਾ ਮੰਤਰਾਲੇ ਵੱਲੋਂ ਇਹ ਸਨਮਾਨ ਪ੍ਰਾਪਤ ਕਰਕੇ ਬਹੁਤ ਮਾਣ ਮਹਿਸੂਸ ਕਰਦਾ ਹਾਂ।ਨਸ਼ਾ ਮੁਕਤ ਭਾਰਤ ਅਭਿਆਨ ਸਿਰਫ ਇੱਕ ਮੁਹਿੰਮ ਨਹੀਂ, ਸਗੋਂ ਇੱਕ ਰਾਸ਼ਟਰੀ ਜ਼ਿੰਮੇਵਾਰੀ ਹੈ।ਦੇਸ਼ ਭਗਤ ਯੂਨੀਵਰਸਿਟੀ ਵਿੱਚ ਅਸੀਂ ਆਪਣੇ ਯੁਵਾ ਨੂੰ ਜਾਗਰੂਕਤਾ, ਮੁੱਲਾਂ ਤੇ ਮਕਸਦ ਨਾਲ ਸਸ਼ਕਤ ਬਣਾਉਣ ਲਈ ਵਚਨਬੱਧ ਹਾਂ, ਤਾਂ ਜੋ ਉਹ ਨਸ਼ਾ ਮੁਕਤ ਤੇ ਤਰੱਕੀਸ਼ੀਲ ਭਾਰਤ ਦੇ ਨਿਰਮਾਣ ਵਿੱਚ ਅਹਿਮ ਭੂਮਿਕਾ ਨਿਭਾ ਸਕਣ।ਮੈਂ ਇਸ ਸਨਮਾਨ ਲਈ ਮੰਤਰਾਲੇ, ਭਾਰਤ ਸਰਕਾਰ ਤੇ ਸ੍ਰੀ ਸੁਖਵਿੰਦਰ ਸਿੰਘ ਬਿੰਦਰਾ ਦਾ ਦਿਲੋਂ ਧੰਨਵਾਦ ਕਰਦਾ ਹਾਂ।ਇਹ ਸਨਮਾਨ ਡੀਬੀਯੂ ਪਰਵਾਰ ਲਈ ਮਾਣ ਦਾ ਪਲ ਹੈ ਤੇ ਰਾਸ਼ਟਰ ਨਿਰਮਾਣ, ਸਮਾਜਿਕ ਜ਼ਿੰਮੇਵਾਰੀ ਤੇ ਯੁਵਾ ਸਸ਼ਕਤੀਕਰਨ ਪ੍ਰਤੀ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦਾ ਹੈ।ਦੇਸ਼ ਭਗਤ ਯੂਨੀਵਰਸਿਟੀ ਨਸ਼ਾ ਮੁਕਤ ਭਾਰਤ, ਸਿਹਤਮੰਦ ਭਾਰਤ ਦੇ ਵਿਜ਼ਨ ਅਨੁਸਾਰ ਰਾਸ਼ਟਰੀ ਮੁਹਿੰਮਾਂ ਵਿੱਚ ਸਰਗਰਮ ਭੂਮਿਕਾ ਨਿਭਾਉਂਦੀ ਹੋਈ ਅਕਾਦਮਿਕ ਖੇਤਰ ਤੋਂ ਪਰੇ ਵੀ ਮਹੱਤਵਪੂਰਨ ਯੋਗਦਾਨ ਦਿੰਦੀ ਰਹੇਗੀ।

## ਭੋਗ 'ਤੇ ਵਿਸ਼ੇਸ਼

# ਸੀ ਪੀ ਆਈ ਦਾ ਵਫ਼ਾਦਾਰ ਸਿਪਾਹੀ ਸੀ ਕਾਮਰੇਡ ਮਿੱਠੂ ਸਿੰਘ ਮੰਦਰਾਂ



ਵਿਰਾਸਤ 'ਚ ਮਿਲੀ ਗੁੜ੍ਹਤੀ ਤੋਂ ਮੜ੍ਹੀ ਤੱਕ ਸੀ ਪੀ ਆਈ ਦੇ ਵਫ਼ਾਦਾਰ ਸਿਪਾਹੀ ਕਾਮਰੇਡ ਮਿੱਠੂ ਸਿੰਘ ਮੰਦਰਾਂ ਨੇ ਆਪਣੀ ਵਿਰਾਸਤ 'ਚ ਮਿਲੇ ਸੰਸਕਾਰਾਂ ਨਾਲ ਆਪਣਾ ਜੀਵਨ ਸਫਰ ਤੈਅ ਕੀਤਾ। ਉਨ੍ਹਾਂ ਨੂੰ ਖੱਬੇ ਪੱਖੀ ਲਹਿਰ ਦੀ ਚੇਟਕ ਆਪਣੇ ਦਾਦਾ ਕਾਮਰੇਡ ਕਰਤਾਰ ਸਿੰਘ ਮੰਦਰਾਂ ਵੱਲੋਂ ਮਿਲੀ ਗੁੜ੍ਹਤੀ ਤੋਂ ਲੱਗੀ, ਜਿਹੜੇ ਕਿ ਉਸ ਸਮੇਂ ਦੇ ਪਾਰਟੀ ਦੇ ਸੀਨੀਅਰ ਖੇਤ ਮਜ਼ਦੂਰਾ ਦੇ ਆਗੂ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਵੀ ਰਹੇ।

ਪਰਿਵਾਰ ਵਿੱਚ ਮਾਰਕਸਵਾਦੀ ਵਿਚਾਰਧਾਰਾ ਦੇ ਮਹੌਲ ਹੇਠ ਮਿੱਠੂ ਸਿੰਘ ਦਾ ਜਨਮ 68 ਸਾਲ ਮਾਨਸਾ ਤਹਿਸੀਲ ਦੇ ਪਿੰਡ ਆਲਮਪੁਰ ਮੰਦਰਾਂ ਵਿਖੇ ਪਿਤਾ ਗੁਰਦੇਵ ਸਿੰਘ ਦੇ ਘਰ ਹੋਇਆ।ਉਨ੍ਹਾਂ ਮੁਢਲੀ ਸਿੱਖਿਆ ਆਪਣੇ ਪਿੰਡ ਤੋਂ ਪ੍ਰਾਪਤ ਕਰਨ ਉਪਰੰਤ ਆਈ ਟੀ ਆਈ ਬੁਢਲਾਡਾ ਤੋਂ ਇਲੈਕਟ੍ਰਿਕ ਦਾ ਡਿਪਲੋਮਾ ਕੀਤਾ ਗਿਆ।ਉਸ ਸਮੇਂ ਬੁਢਲਾਡਾ ਆਈ ਟੀ ਆਈ ਖੱਬੇ ਪੱਖੀਆਂ ਦੀ ਨਰਸਰੀ ਵਜੋਂ ਜਾਣੀ ਜਾਂਦੀ ਹੋਣ ਕਾਰਨ ਉਨ੍ਹਾਂ 'ਤੇ ਹੋਰ ਡੂੰਘਾ ਪ੍ਰਭਾਵ ਪਿਆ, ਜਿਸ ਕਰਕੇ ਉਨ੍ਹਾਂ ਸੀ ਪੀ ਆਈ ਦੀ ਵਿਦਿਆਰਥੀ ਜਥੇਬੰਦੀ ਏ ਆਈ ਐੱਸ ਐੱਫ਼ ਦੇ ਮੈਂਬਰ ਬਣੇ ਤੇ ਸੰਘਰਸ਼ ਵਿੱਚ ਕੁੱਦੇ।ਸੰਨ 1981 'ਚ ਉਨ੍ਹਾਂ ਦੀ ਸ਼ਾਦੀ ਧਿੰਗੜ ਵਾਸ਼ੀ ਭਰਪੂਰ ਕੌਰ ਨਾਲ ਹੋਈ ਤੇ ਉਨ੍ਹਾਂ ਦੇ ਘਰ ਤਿੰਨ ਬੱਚੇ ਗੁਰਮੀਤ ਕੌਰ, ਗੁਰਪ੍ਰੀਤ ਸਿੰਘ ਤੇ ਗਗਨਦੀਪ ਸਿੰਘ ਪੈਦਾ ਹੋਏ।1983-84 ਦੇ ਦੌਰ ਸਮੇਂ ਹੋਂਦ ਵਿੱਚ ਆਈ ਧਾਗਾ ਮਿੱਲ ਵਿੱਚ ਬਤੌਰ ਇਲੈਕਟ੍ਰਿਕ ਭਰਤੀ ਹੋਏ ਤੇ ਸਮੁੱਚੇ ਕਾਮਿਆਂ ਨੂੰ ਵਿਚਾਰਧਾਰਕ ਧਾਗਾ ਮਿੱਲ ਵਰਕਰਜ਼ ਯੂਨੀਅਨ ਏਟਕ ਸੰਗਠਨ ਬਣਾਇਆ, ਜਿਸ ਦੇ ਉਹ ਖੁਦ ਪਹਿਲੇ ਜਨਰਲ ਸਕੱਤਰ ਬਣੇ ਤੇ ਲੰਮੇ ਸਮੇਂ ਤੱਕ ਰਹਿੰਦਿਆਂ ਆਪਣੇ ਸਾਥੀ ਕਾਮਿਆਂ ਦੀਆਂ ਹੱਕੀ ਮੰਗਾਂ ਲਈ ਮਿੱਲ ਦੀ ਪ੍ਰਬੰਧਕੀ ਕਮੇਟੀ ਨਾਲ ਮੋਹਰੀ ਹੋ ਕੇ ਮੱਥਾ ਲਾਇਆ।

ਪਰਿਵਾਰ ਦੀ ਪ੍ਰਵਰਿਸ਼ ਰੋਜ਼ੀ ਰੋਟੀ ਤੇ ਪਾਰਟੀ ਸੇਵਾਵਾਂ ਨਾਲੋਂ ਨਾਲ ਜਾਰੀ ਚਲਦੀਆਂ ਰਹੀਆਂ। ਆਪਣੇ ਆਗੂਆਂ ਕਾਮਰੇਡ ਬੂਟਾ ਸਿੰਘ, ਕਾਮਰੇਡ ਹਰਦੇਵ ਸਿੰਘ ਅਰਸ਼ੀ ਸਮੇਤ ਲੀਡਰਸ਼ਿਪ ਦੇ ਸੰਪਰਕ ਵਿੱਚ ਰਹੇ।ਸੂਬੇ ਵਿੱਚ ਅੱਤਵਾਦ ਦੇ ਸਿਖ਼ਰਲੇ ਸਮੇਂ 1991 ਵਿੱਚ ਸਾਥੀ ਮਿੱਠੂ ਸਿੰਘ ਮੰਦਰਾਂ ਹੋਮਗਾਰਡ ਦਾ ਸਿਪਾਹੀ ਬਣਿਆ ਤੇ ਕਾਲੇ ਦੌਰ ਨੂੰ ਆਪਣੇ ਪਿੰਡੇ ਤੇ ਹੰਢਾਇਆ।ਮਿੱਠੂ ਸਿੰਘ ਨਿਰੰਤਰ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦਾ ਰਿਹਾ, ਪਰ 2022 ਸਾਲ ਦੇ ਸਮੇਂ ਆਵਾਰਾ ਪਸ਼ੂਆਂ ਦੇ ਕਾਰਨ ਆਪਣੇ ਆਖਰੀ ਸਹਾਰੇ ਜਵਾਨ ਪੁੱਤ ਗੁਰਪ੍ਰੀਤ ਸਿੰਘ 35 ਨੂੰ ਆਪਣੇ ਮੋਢਿਆਂ 'ਤੇ ਚੁੱਕਣ ਲਈ ਮਜਬੂਰ ਹੋਣਾ ਪਿਆ।ਉਹ ਪਾਰਟੀ ਦੇ ਹਰ ਸੰਘਰਸ਼ ਤੇ ਪ੍ਰੋਗਰਾਮ ਵਿੱਚ ਸ਼ਾਮਲ ਹੁੰਦਾ ਰਿਹਾ।ਧੀ, ਦੋਹਤਾ-ਦੋਹਤੀ, ਨੂੰਹਾਂ, ਪੋਤੀਆਂ ਸਮੇਤ ਧਰਮਪਤਨੀ ਨੂੰ ਹਰ ਸਮੇਂ ਦਿਲਾਸਾ ਦੇਣ, ਮਾਨਸਿਕ ਪ੍ਰੇਸ਼ਾਨੀਆਂ ਨਾਲ ਜੂਝਣ ਵਾਲੇ ਸਾਥੀ ਨੂੰ 18 ਮਾਰਚ ਦੀ ਸਵੇਰ ਨੇ ਬ੍ਰੇਨ ਹੈਮਰੇਜ ਵਜੋਂ ਘੇਰਿਆ, ਪਰਿਵਾਰ ਵੱਲੋਂ ਜ਼ੇਰੇ ਇਲਾਜ ਡੀ ਐੱਮ ਸੀ ਲੁਧਿਆਣਾ ਭਰਤੀ ਕਰਵਾਇਆ, ਇੱਕ ਦਿਨ ਤੇ ਰਾਤ ਜ਼ਿੰਦਗੀ ਮੌਤ ਦੀ ਲੜਾਈ ਲੜਦਿਆਂ ਆਖਰ 19 ਮਾਰਚ ਨੂੰ ਪਰਵਾਰ, ਪਾਰਟੀ ਤੇ ਸੁਨੇਹੀਆਂ ਨੂੰ ਸਦਾ ਲਈ ਅਲਵਿਦਾ ਕਹਿ ਗਿਆ।

ਉਨ੍ਹਾਂ ਦੀ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਰੋਹ 29 ਮਾਰਚ ਐਤਵਾਰ ਨੂੰ ਬਾਅਦ ਦੁਪਹਿਰ ਗੁਰਦੁਆਰਾ ਸਾਹਿਬ ਸਾਹਮਣੇ ਸਵਰਾਜ ਟਰੈਕਟਰ ਏਜੰਸੀ ਲਿੰਕ ਰੋਡ ਮਾਨਸਾ ਵਿਖੇ ਹੋਵੇਗਾ।ਇਸ ਮੌਕੇ ਧਾਰਮਿਕ, ਸਮਾਜਿਕ ਤੇ ਰਾਜਸੀ ਆਗੂਆਂ ਵੱਲੋਂ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ।

-ਕਾਮਰੇਡ ਕ੍ਰਿਸ਼ਨ ਸਿੰਘ ਚੌਹਾਨ

## ਕਾਤਰਾਂ

### ਨਸ਼ੀਲੀਆਂ ਗੋਲੀਆਂ ਵੇਚਦੀ ਔਰਤ ਕਾਬੂ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸਮਾਣਾ ਸਦਰ ਪੁਲਸ ਨੇ ਨਸ਼ੀਲੀਆਂ ਗੋਲੀਆਂ ਵੇਚ ਰਹੀ ਇੱਕ ਔਰਤ ਨੂੰ 100 ਨਸ਼ੀਲੀਆਂ ਗੋਲੀਆਂ ਸਣੇ ਕਾਬੂ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ।ਔਰਤ ਦੀ ਪਹਿਚਾਨ ਲੱਛੋ ਦੇਵੀ ਪਿੰਡ ਬਿੱਜਲਪੁਰ ਵਜੋਂ ਹੋਈ।ਸਦਰ ਪੁਲਸ ਮੁਖੀ ਇੰਸਪੈਕਟਰ ਅਜੇ ਕੁਮਾਰ ਪਰੋਚਾ ਨੇ ਦੱਸਿਆ ਕਿ ਏ.ਐੱਸ.ਆਈ. ਸਰਬਜੀਤ ਸਿੰਘ ਪੁਲਸ ਪਾਰਟੀ ਸਣੇ ਗਸ਼ਤ ਦੌਰਾਨ ਪਿੰਡ ਤਰਖਾਣ ਮਾਜਰਾ ਦੇ ਟੀ-ਪੁਆਇੰਟ ਤੇ ਮੌਜੂਦ ਸਨ।ਉਨ੍ਹਾਂ ਨੂੰ ਸੂਚਨਾ ਮਿਲੀ ਕਿ ਉਕਤ ਔਰਤ, ਅਨਾਜ ਮੰਡੀ ਪਿੰਡ ਢੈਂਠਲ ਕੋਲ ਬੈਠੀ ਨਸ਼ੀਲੀਆਂ ਗੋਲੀਆਂ ਵੇਚ ਰਹੀ ਹੈ।ਪੁਲਸ ਪਾਰਟੀ ਸਮੇਤ ਰੇਡ ਕਰਨ ਤੇ ਔਰਤ ਪਾਸੋਂ 100 ਨਸ਼ੀਲੀਆਂ ਗੋਲੀਆਂ ਬਰਾਮਦ ਹੋਣ 'ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।ਪੁਲਸ ਅਧਿਕਾਰੀ ਅਨੁਸਾਰ ਔਰਤ ਖਿਲਾਫ ਐੱਨ.ਡੀ.ਪੀ.ਐੱਸ. ਐਕਟ ਤਹਿਤ ਪਹਿਲਾਂ ਵੀ ਕੇਸ ਦਰਜ ਹਨ।ਮਾਣਯੋਗ ਅਦਾਲਤ ਦੇ ਹੁਕਮਾਂ ਅਨੁਸਾਰ ਮੁਲਜ਼ਮ ਔਰਤ ਨੂੰ ਨਿਆਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ।

### ਲੋਕਲ ਬਾਡੀਜ਼ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ

ਲੁਧਿਆਣਾ (ਸਤੀਸ਼ ਸਚਦੇਵਾ, ਰੈਕਟਰ ਕਥੂਰੀਆ)-ਲੋਕਲ ਬਾਡੀਜ਼ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ (ਆਦਿਆ) ਦੀ ਮਹੀਨਾਵਾਰ ਮੀਟਿੰਗ ਪੈਨਸ਼ਨਰ ਭਵਨ ਲੁਧਿਆਣਾ ਵਿਖੇ ਚੇਅਰਮੈਨ ਰਾਕੇਸ਼ ਆਦਿਆ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਵਿੱਚ ਪੈਨਸ਼ਨਰ ਭਵਨ ਦੀ ਨਵੀਂ ਕਮੇਟੀ ਨੂੰ ਦੁਸ਼ਾਲਾ ਤੇ ਮੋਤੀਆਂ ਦੀ ਮਾਲਾ ਦੇ ਕੇ ਸਨਮਾਨਤ ਕੀਤਾ ਗਿਆ।ਸਰਕਾਰ ਵੱਲੋਂ ਮਹਿੰਗਾਈ ਭੱਤਾ 42% ਤੋਂ ਵਧਾ ਕੇ 58% ਕਰਨ ਦੀ ਮੰਗ ਕੀਤੀ ਗਈ ਅਤੇ ਪੇ ਕਮਿਸ਼ਨ ਦੇ ਬਕਾਏ ਦੀ ਯੱਕਮੁਸ਼ਤ ਭੁਗਤਾਨ ਦੀ ਮੰਗ ਕੀਤੀ ਗਈ।ਆਪਣੀਆਂ ਜਾਇਜ਼ ਤੇ ਹੱਕੀ ਮੰਗਾਂ ਨੂੰ ਲੈ ਕੇ ਪੈਨਸ਼ਨਰਾਂ ਉੱਤੇ ਸਰਕਾਰ ਵੱਲੋਂ ਮੋਹਾਲੀ ਵਿਖੇ ਗੰਦੇ ਪਾਣੀ ਦੀਆਂ ਬੁਛਾੜਾਂ ਮਾਰਨ ਦੀ ਮੀਟਿੰਗ ਵਿੱਚ ਸਖਤ ਨਿਖੇਧੀ ਕੀਤੀ ਗਈ। ਮੀਟਿੰਗ ਵਿੱਚ ਵਾਈਸ ਚੇਅਰਮੈਨ ਕੁਲਦੀਪ ਸਿੰਘ, ਕੈਸ਼ੀਅਰ ਹਰਵਿੰਦਰ ਨਾਮਧਾਰੀ, ਦਿਆ ਕ੍ਰਿਸ਼ਨ ਤੇ ਹੋਰ ਸਾਥੀਆਂ ਨੇ ਵੀ ਸੰਬੋਧਨ ਕੀਤਾ।ਅਖੀਰ ਵਿੱਚ ਵੱਡੀ ਗਿਣਤੀ ਵਿੱਚ ਆਏ ਪੈਨਸ਼ਨਰਜ਼ ਦਾ ਪ੍ਰਧਾਨ ਰਾਕੇਸ਼ ਆਦਿਆ ਨੇ ਸਭਨਾਂ ਦਾ ਧੰਨਵਾਦ ਕੀਤਾ।

### ਫਿਜ਼ੀਓਥਰੈਪੀ ਵਿਧੀ ਨਾਲ ਅਸੀਂ ਬਿਮਾਰੀਆਂ ਤੋਂ ਬਚ ਸਕਦੇ ਹਾਂ : ਡਾ. ਪੰਕਜਪ੍ਰੀਤ, ਡਾ. ਬਿੰਦਰਾ



ਸਰਹਿੰਦ (ਪ੍ਰਮੋਦ ਭਾਰਦਵਾਜ)-ਫਿਜਿਓਥਰੈਪੀ ਵਿਧੀ ਨਾਲ ਅਸੀਂ ਬੀਮਾਰੀਆਂ ਤੋਂ ਬਚ ਸਕਦੇ ਹਾਂ। ਇਹ ਗੱਲ ਡਾ. ਪੰਕਜਪ੍ਰੀਤ ਸਿੰਘ ਡੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਤੇ ਡਾ. ਸੁਪ੍ਰੀਤ ਬਿੰਦਰਾ ਐੱਚ ਓ ਡੀ ਨੇ ਮਰੀਜ਼ਾਂ ਦਾ ਚੈੱਕਅਪ ਕਰਦਿਆਂ ਕਹੀ।ਉਨ੍ਹਾਂ ਕਿਹਾ ਕਿ ਅੱਜ ਫਿਜਿਓਥਰੈਪੀ ਇੱਕ ਲਾਹੇਵੰਦ ਵਿਧੀ ਸਾਬਿਤ ਹੋ ਰਹੀ ਹੈ ਤੇ ਲੋਕਾਂ ਦਾ ਇਸ ਵੱਲ ਝੁਕਾਅ ਹੋ ਰਿਹਾ ਹੈ।ਵੱਧ ਮਾਤਰਾ ਵਿੱਚ ਦਵਾਈਆਂ ਦੇ ਸੇਵਨ ਨਾਲ ਸਾਨੂੰ ਹੋਰ ਬੀਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ ਤੇ ਇਹ ਇਕ ਸਰਲ ਤੇ ਪ੍ਰਭਾਵਸ਼ਾਲੀ ਵਿਧੀ ਹੈ।ਅੱਜ ਯੂਨੀਵਰਸਿਟੀ ਵਿੱਚ ਫਿਜਿਓਥਰੈਪੀ ਵਿਭਾਗ ਵਿੱਚ ਰੋਜ਼ਾਨਾ ਦੀ ਓ ਪੀ ਡੀ 200 ਤੋਂ ਵੱਧ ਚੁੱਕੀ ਹੈ।ਫਿਜਿਓਥਰੈਪੀ ਦੇ ਨਾਲ ਨਾਲ ਯੋਗ ਕਸਰਤ ਦੀਆਂ ਗਤੀਵਿਧੀਆਂ ਕਰਵਾ ਕੇ ਲੋਕ ਨੂੰ ਤੰਦਰੁਸਤ ਕੀਤਾ ਹੈ ਜਾ ਰਿਹਾ ਹੈ।

### ਤੇਲ 'ਤੇ ਐਕਸਾਈਜ਼ ਡਿਊਟੀ ਘਟਾਉਣਾ ਸ਼ਲਾਘਾਯੋਗ : ਗੁਰਬਿੰਦਰ ਭਗਤਾ



ਬਠਿੰਡਾ (ਰਾਜੀਵ ਗੋਇਲ)-ਕੇਂਦਰੀ ਸਰਕਾਰ ਵੱਲੋਂ ਪੈਟਰੋਲ, ਡੀਜ਼ਲ ਤੇ ਗੈਸ 'ਤੇ ਐਕਸਾਈਜ਼ ਡਿਊਟੀ ਘਟਾਉਣ ਦੇ ਫੈਸਲੇ ਦੀ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਤੇ ਕਿਸਾਨ ਮੋਰਚੇ ਦੇ ਸੂਬਾਈ ਆਗੂ ਗੁਰਬਿੰਦਰ ਭਗਤਾ ਵੱਲੋਂ ਪੁਰਜ਼ੋਰ ਸ਼ਲਾਘਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕੱਚੇ ਤੇਲ ਦੀਆਂ ਵਧੀਆਂ ਕੀਮਤਾਂ ਤੋਂ ਬਾਅਦ ਇਨ੍ਹਾਂ ਪੈਟਰੋਲੀਅਮ ਡੀਲਰਾਂ ਨੂੰ ਘਾਟੇ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਜਿਸ ਨੂੰ ਦੇਖਦੇ ਹੋਏ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਵੱਲੋਂ ਡੀਜ਼ਲ 'ਤੇ ਐਕਸਾਈਜ਼ ਡਿਊਟੀ ਖਤਮ ਕਰਦੇ ਹੋਏ ਪੈਟਰੋਲ ਤੋਂ ਵੀ ਐਕਸਾਈਜ਼ ਡਿਊਟੀ ਦੀ 10 ਰੁਪਏ ਕਟੌਤੀ ਕੀਤੀ ਗਈ ਹੈ। ਸਰਕਾਰ ਦੇ ਇਸ ਫੈਸਲੇ ਨੂੰ ਲੈ ਕੇ ਉਨ੍ਹਾਂ ਵੱਲੋਂ ਸਮੂਹ ਭਾਜਪਾ ਲੀਡਰਸ਼ਿਪ ਦਾ ਧੰਨਵਾਦ ਕੀਤਾ ਗਿਆ ਹੈ।

### ਅੱਜ ਬਿਜਲੀ ਬੰਦ ਰਹੇਗੀ

ਮੂਨਕ (ਰਾਜਪਾਲ ਸਿੰਗਲਾ)-ਬਿਜਲੀ ਲਾਈਨਾਂ ਦੀ ਹੋ ਰਹੀ ਮੁਰੰਮਤ ਨੂੰ ਲੈ ਕੇ ਕੁੱਝ ਇਲਾਕੇ ਦੀ 24 ਘੰਟੇ ਵਾਲੀ ਬਿਜਲੀ ਬੰਦ ਰਹੇਗੀ।ਇਸ ਸਬੰਧੀ ਪਾਵਰਕੌਮ ਦਫਤਰ ਮੂਨਕ ਦੇ ਐਸਡੀਓ ਜੋਧਾ ਰਾਮ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ 29 ਮਾਰਚ 2026 ਨੂੰ ਪਾਤਰਾਂ ਰੋਡ ਕੈਟ-1 ਫੀਡਰ ਦੀ 24 ਘੰਟੇ ਵਾਲੀ ਬਿਜਲੀ ਲਾਈਨਾਂ ਦੀ ਚੱਲ ਰਹੀ ਮੁਰੰਮਤ ਨੂੰ ਲੈ ਕੇ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਬਿਜਲੀ ਬੰਦ ਰਹੇਗੀ।ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਹੋਣ ਵਾਲੇ ਕੰਮ ਨੂੰ ਦੇਖਦੇ ਹੋਏ ਬਿਜਲੀ ਬੰਦ ਦੇ ਸਮੇਂ ਵਿੱਚ ਵੱਧ ਘੱਟ ਹੋ ਸਕਦਾ ਹੈ।

# ਖੇਤ ਮਜ਼ਦੂਰਾਂ ਨੇ ਭਾਈ ਬਖਤੌਰ 'ਚ ਫੂਕੀ ਮੋਦੀ ਦੀ ਅਰਥੀ



ਤਲਵੰਡੀ ਸਾਬੋ (ਜਗਦੀਪ ਗਿੱਲ)-ਤਲਵੰਡੀ ਸਾਬੋ ਤੋਂ ਥੋੜ੍ਹੀ ਦੂਰ ਪਿੰਡ ਭਾਈ ਭਖਤੌਰ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਪ੍ਰਧਾਨ ਮੰਤਰੀ ਮੋਦੀ ਦਾ ਪੁਤਲਾ ਸਾੜ ਕੇ ਮੰਗ ਕੀਤੀ ਗਈ ਕਿ ਨਰੇਗਾ ਦੇ ਪੁਰਾਣੇ ਕਾਨੂੰਨ ਨੂੰ ਬਹਾਲ ਕੀਤਾ ਜਾਵੇ ਤੇ ਨਰੇਗਾ ਦੇ ਠੱਪ ਕੀਤੇ ਕੰਮਾਂ ਨੂੰ ਸ਼ੁਰੂ ਕਰਕੇ ਮਜ਼ਦੂਰਾਂ ਨੂੰ ਰੁਜ਼ਗਾਰ ਦਿੱਤਾ ਜਾਵੇ।ਖੇਤ ਮਜ਼ਦੂਰ ਸਭਾ ਦੇ ਜ਼ਿਲਾ ਆਗੂਆਂ ਠਾਕੁਰ ਸਿੰਘ ਕੋਟ ਸਮੀਰ, ਰੂਪ ਸਿੰਘ ਭਾਈ ਬਖਤੌਰ 'ਤੇ ਸਥਾਨਕ ਆਗੂਆਂ ਕਾਕਾ ਸਿੰਘ, ਗੁਰਮੇਲ ਸਿੰਘ, ਲਾਭ ਸਿੰਘ, ਅਮਰਜੀਤ ਕੌਰ, ਜਸਪਾਲ ਕੌਰ ਤੇ ਕਰਮਜੀਤ ਕੌਰ ਦੀ ਅਗਵਾਈ ਵਿੱਚ ਮਜ਼ਦੂਰਾਂ ਨੇ ਪੁਤਲਾ ਲੈ ਕੇ ਪਿੰਡ ਦੀਆਂ ਗਲੀਆਂ ਵਿਚ ਮਾਰਚ ਕਰਦੇ ਹੋਏ ਸੱਥ ਵਿੱਚ ਇਸ ਪੁਤਲੇ ਨੂੰ ਅੱਗ ਦੇ ਹਵਾਲੇ ਕਰਕੇ ਨਾਹਰੇ ਲਾਏ ਕਿ ਨਰੇਗਾ ਦਾ ਗਲਾ ਘੋਟਣਾ ਬੰਦ ਕਰੋ, ਨਵਾ ਜੀ ਰਾਮ ਜੀ ਕਾਨੂੰਨ ਰੱਦ ਕਰੋ ਤੇ ਪੁਰਾਣਾ ਨਰੇਗਾ ਕਾਨੂੰਨ ਬਹਾਲ ਕਰੋ।ਇਸ ਸਮੇਂ ਜੁੜੇ ਲੋਕਾਂ ਨੂੰ ਸੀਨੀਅਰ ਕਮਿਊਨਿਸਟ ਆਗੂ ਜਗਜੀਤ ਸਿੰਘ ਜੋਗਾ ਨੇ ਸੰਬੋਧਨ ਕਰਦਿਆਂ ਦੋਸ਼ ਲਾਇਆ ਕਿ ਪੂੰਜੀਵਾਦੀ ਸਰਕਾਰਾਂ ਕਿਰਤੀ ਲੋਕਾਂ ਨੂੰ ਰੁਜ਼ਗਾਰ ਨਾ ਦੇ ਕੇ ਗਰੀਬ ਰੱਖਣ ਵਿੱਚ ਦਿਲਚਸਪੀ ਰੱਖਦੀਆਂ ਹਨ, ਤਾਂ ਕਿ ਉਹ ਸਰਕਾਰਾਂ ਦੇ ਰਹਿਮੋ ਕਰਮ ਉਤੇ ਹੀ ਰਹਿ ਜਾਣ ਤੇ ਇਹ ਪੂੰਜੀਵਾਦੀ ਪਾਰਟੀਆਂ ਇਨ੍ਹਾਂ ਗਰੀਬਾਂ ਨੂੰ ਆਪਣਾ ਵੋਟ ਬੈਂਕ ਬਣਾ ਸਕਣ।ਇਸੇ ਨੀਤੀ ਹੇਠ ਮੋਦੀ ਸਰਕਾਰ ਪੇਂਡੂ ਗ਼ਰੀਬਾਂ ਤੋਂ ਰੁਜ਼ਗਾਰ ਖੋਹਣ ਦੇ ਰਸਤੇ ਉੱਤੇ ਚੱਲ ਰਹੀ ਹੈ।ਸ੍ਰੀ ਜੋਗਾ ਨੇ ਨੇ ਕਿਹਾ ਕਿ ਇਸੇ ਨੀਤੀ ਤਹਿਤ ਮੋਦੀ ਸਰਕਾਰ ਨੇ ਹਰ ਸਾਲ ਦੋ ਕਰੋੜ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਚੋਣ ਵਾਅਦਾ ਵੀ ਪੂਰਾ ਨਹੀਂ ਕੀਤਾ ਹੈ।ਮੁਜ਼ਾਹਰਾ ਕਾਰੀਆਂ ਨੇ ਮੰਗ ਕੀਤੀ ਕਿ ਅੱਖਾਂ ਦੀਆਂ ਪੁਤਲੀਆਂ ਦੀ ਪਛਾਣ ਰਾਹੀਂ ਨਰੇਗਾ ਵਰਕਰਾਂ ਦੀ ਲੱਗਦੀ ਹਾਜ਼ਰੀ ਦੀ ਸ਼ਰਤ ਖਤਮ ਕਰਕੇ ਕੇਵਲ ਚੇਹਰੇ ਦੇ ਸਕਰੀਨ ਸ਼ਾਟ ਨੂੰ ਹਾਜ਼ਰੀ ਦਾ ਅਧਾਰ ਬਣਾਇਆ ਜਾਵੇ, ਕਿਉਂਕਿ ਉਮਰ ਦੇ ਨਾਲ ਨਾਲ ਅੱਖਾਂ ਦੀ ਹਾਲਤ ਤੇਜ਼ੀ ਨਾਲ ਤਬਦੀਲ ਹੁੰਦੀ ਰਹਿੰਦੀ ਹੈ, ਜਿਸ ਕਰਕੇ 25% ਸਹੀ ਮਜ਼ਦੂਰਾਂ ਦੀ ਵੀ ਹਾਜ਼ਰੀ ਨਹੀਂ ਲੱਗ ਰਹੀ।ਅੰਮ੍ਰਿਤਧਾਰੀ ਮਜ਼ਦੂਰਾਂ ਦੇ ਭਰਵੱਟੇ ਵੱਡੇ ਹੋਣ ਕਾਰਨ ਤੇ ਆਮ ਮਜ਼ਦੂਰਾਂ ਦੀਆਂ ਅੱਖਾਂ ਵਿੱਚ ਲੈਨਜ਼ ਪੈਣ ਜਾਂ ਨਜ਼ਰ ਕਮਜ਼ੋਰ ਹੋਣ ਕਾਰਨ ਅੱਖਾਂ ਦੀਆਂ ਪੁਤਲੀਆਂ ਦੀ ਤਸਵੀਰ ਬਦਲ ਜਾਂਦੀ ਹੈ।ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਪੁਤਲੇ ਸਾੜਨੇ ਪਿੰਡਾਂ ਵਿੱਚ ਜਾਰੀ ਰਹਿਣਗੇ, ਤਾਂ ਕਿ ਜਾਣ ਬੁੱਝ ਕੇ ਗੂੰਗੀ ਬੋਲੀ ਬਣੀ ਸਰਕਾਰ ਨੂੰ ਜਗਾਇਆ ਜਾ ਸਕੇ।

# ਦੋ ਨੌਜਵਾਨਾਂ ਦੀਆਂ ਸ਼ੱਕੀ ਹਾਲਤ 'ਚ ਮਿਲੀਆਂ ਲਾਸ਼ਾਂ

ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)-ਸਥਾਨਕ ਸ਼ਹਿਰ ਵਿੱਚ ਦੋ ਨੌਜਵਾਨਾਂ ਦੀਆਂ ਲਾਸ਼ਾਂ ਗੁਰਦੁਆਰਾ ਥੜਾ ਸਾਹਿਬ ਦੇ ਪਿਛਲੇ ਪਾਸੇ ਨਾਲੇ ਕੋਲ ਸ਼ੱਕੀ ਹਾਲਾਤਾਂ ਵਿੱਚ ਮਿਲੀਆਂ।ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚੀ ਤੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ।ਪੁਲਸ ਵੱਲੋਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਵੱਖ-ਵੱਖ ਪੱਖਾਂ ਤੋਂ ਜਾਂਚ ਕੀਤੀ ਜਾ ਰਹੀ ਹੈ।ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੌਤ ਦੇ ਕਾਰਨਾਂ ਦਾ ਪਤਾ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਲੱਗੇਗਾ।

ਇਸ ਮੌਕੇ ਡੀ ਐੱਸ ਪੀ ਸਮਾਣਾ ਫ਼ਤਿਹ ਸਿੰਘ ਬਰਾੜ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਕਰਨਦੀਪ ਸਿੰਘ ਪਿੰਡ ਅਰਾਈਮਾਜਰਾ ਤੇ ਹਰਸ਼ਿੰਦਰ ਸਿੰਘ ਪਿੰਡ ਕੁਲਾਰਾਂ ਵਜੋਂ ਹੋਈ ਹੈ।ਉਨ੍ਹਾ ਕਿਹਾ ਕਿ ਮ੍ਰਿਤਕਾਂ ਤੇ ਵਾਰਸਾਂ ਦੇ ਬਿਆਨਾਂ ਦੇ ਆਧਾਰ 'ਤੇ ਮੁਕੱਦਮਾ ਨੰਬਰ 50 ਥਾਣਾ ਸਿਟੀ ਸਮਾਣਾ ਦਰਜ ਕੀਤਾ ਗਿਆ।ਉਨ੍ਹਾ ਕਿਹਾ ਕਿ ਸੋਸ਼ਲ ਮੀਡੀਆ 'ਤੇ ਕੁਝ ਅਫ਼ਵਾਵਾਂ ਫੈਲਾਈਆਂ ਜਾ ਰਹੀਆਂ ਹਨ ਕਿ ਇਨ੍ਹਾਂ ਦੋ ਨੌਜਵਾਨਾਂ ਦੀ ਮੌਤ ਨਸ਼ੇ ਕਾਰਨ ਹੋਈ ਹੈ, ਜੋ ਕਿ ਸਰਾਸਰ ਗਲਤ ਹੈ, ਪੋਸਟਮਾਰਟਮ ਦੀ ਰਿਪੋਰਟ ਆਉਣ ਉਪਰੰਤ ਹੀ ਜੋ ਵੀ ਤੱਥ ਸਾਹਮਣੇ ਆਉਣਗੇ, ਉਸ ਮੁਤਾਬਕ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਏਗੀ।

# ਸ੍ਰੀ ਬਾਲਾ ਜੀ ਬੱਸ ਸੇਵਾ ਮੰਡਲ ਵੱਲੋਂ ਧਾਰਮਿਕ ਯਾਤਰਾ ਲਈ ਸ਼ਰਧਾਲੂਆਂ ਦਾ ਜਥਾ ਰਵਾਨਾ



ਬਾਘਾ ਪੁਰਾਣਾ (ਮਨੀ ਸਿੰਗਲਾ)-ਬਾਘਾ ਪੁਰਾਣਾ ਖੇਤਰ ਵਿੱਚ ਧਾਰਮਿਕ ਭਾਵਨਾ ਨੂੰ ਮਜ਼ਬੂਤ ਕਰਦਿਆਂ ਸ੍ਰੀ ਬਾਲਾ ਜੀ ਬੱਸ ਸੇਵਾ ਮੰਡਲ ਵੱਲੋਂ ਸ਼ਰਧਾਲੂਆਂ ਦਾ ਜਥਾ ਸ੍ਰੀ ਸਾਲਾਸਰ ਬਾਲਾ ਜੀ, ਸ੍ਰੀ ਖਾਟੂ ਸ਼ਾਮ ਬਾਬਾ ਤੇ ਇੱਛਾਪੂਰਨ ਮੰਦਰ ਦੇ ਦਰਸ਼ਨਾਂ ਲਈ ਸੁਰਿੰਦਰ ਬਾਂਸਲ, ਯੋਗੇਸ਼ ਬਾਂਸਲ ਯੋਗੀ, ਤੇ ਸਚਿਨ ਸਿੰਗਲਾ ਦੀ ਅਗਵਾਈ ਵਿੱਚ ਰਵਾਨਾ ਕੀਤਾ ਗਿਆ।ਇਹ ਜਥਾ ਸ੍ਰੀ ਦੁਰਗਾ ਮੰਦਰ ਕਾਲੇਕੇ ਰੋਡ ਤੋਂ ਭਾਵਿਕ ਖੁਰਾਨਾ ਪੁੱਤਰ ਗੌਰਵ ਖੁਰਾਨਾ ਅੰਕਲ ਓਮ ਵਾਲੇ ਵੱਲੋਂ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਰਵਾਨਗੀ ਤੋਂ ਪਹਿਲਾਂ ਮੰਦਰ ਪ੍ਰਾਂਗਣ ਵਿੱਚ ਵਿਧੀਵਤ ਪੂਜਾ ਅਰਚਨਾ ਕੀਤੀ ਗਈ, ਜਿਸ ਦੌਰਾਨ ਸ਼ਰਧਾਲੂਆਂ ਨੇ ਭਗਵਾਨ ਦੇ ਚਰਨਾਂ ਵਿਚ ਅਰਦਾਸ ਕਰ ਕੇ ਯਾਤਰਾ ਦੀ ਸਫਲਤਾ ਤੇ ਸੁਖ-ਸ਼ਾਂਤੀ ਦੀ ਕਾਮਨਾ ਕੀਤੀ।ਪ੍ਰਬੰਧਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ 27ਵੀਂ ਬੱਸ ਯਾਤਰਾ ਹੈ ਜੋ ਹਰ ਸਾਲ ਸ਼ਰਧਾਲੂਆਂ ਦੀ ਵੱਡੀ ਭਾਗੀਦਾਰੀ ਨਾਲ ਆਯੋਜਿਤ ਕੀਤੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਯਾਤਰਾ ਦੌਰਾਨ ਸ਼ਰਧਾਲੂਆਂ ਦੀ ਸੁਵਿਧਾ ਲਈ ਚਾਹ, ਪਾਣੀ, ਨਾਸ਼ਤਾ, ਏ ਸੀ ਕਮਰਿਆਂ ਸਮੇਤ ਹੋਰ ਵਧੀਆ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਯਾਤਰੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਨਾ ਆਵੇ।ਇਸ ਮੌਕੇ ਸ੍ਰੀ ਦੁਰਗਾ ਮੰਦਰ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੋਂ ਇਲਾਵਾ ਸਮਾਜ ਦੇ ਕਈ ਪ੍ਰਮੁੱਖ ਵਿਅਕਤੀ ਹਾਜ਼ਰ ਸਨ।ਉਨ੍ਹਾਂ ਵਿਚ ਲਖਵਿੰਦਰ ਗਰਗ, ਸ੍ਰੀ ਬਾਲਾ ਕ੍ਰਿਸ਼ਨ ਬਾਲੀ, ਜਸਵੰਤ ਝੰਜੀ, ਪੁਜਾਰੀ ਸ਼ੁਭਮ ਸ਼ਾਸਤਰੀ, ਸੁਰਿੰਦਰ ਬਾਂਸਲ, ਯੋਗੇਸ਼ ਬਾਂਸਲ ਯੋਗੀ, ਕਰਮਵੀਰ ਕਟਾਰੀਆ, ਨਰੇਸ਼ ਕੁਮਾਰ ਮੰਗਾ, ਚੰਦਰ ਬਾਂਸਲ, ਰਾਜ ਦਵਿੰਦਰ ਕਟਾਰੀਆ, ਸਚਿਨ ਸਿੰਗਲਾ, ਰਮੇਸ਼ ਕੁਮਾਰ ਟੋਨੀ, ਆਸ਼ੂਤੋਸ਼ ਭੰਡਾਰੀ, ਵਿੱਕੀ ਲੂੰਬਾ, ਸੂਰਜ ਗਰਗ ਆਦਿ ਨੇ ਸ਼ਮੂਲੀਅਤ ਕਰਦਿਆਂ ਯਾਤਰਾ ਨੂੰ ਸਫਲ ਬਣਾਉਣ ਲਈ ਆਪਣਾ ਯੋਗਦਾਨ ਦਿੱਤਾ।ਅੰਤ ਵਿਚ ਪ੍ਰਬੰਧਕਾਂ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਧਾਰਮਿਕ ਯਾਤਰਾਵਾਂ ਨਾਲ ਲੋਕਾਂ ਵਿੱਚ ਆਸਥਾ ਤੇ ਏਕਤਾ ਦਾ ਭਾਵ ਵਧਦਾ ਹੈ ਅਤੇ ਸਮਾਜ ਵਿਚ ਸਾਂਝੀ ਸੱਭਿਆਚਾਰਕ ਵਿਰਾਸਤ ਨੂੰ ਮਜ਼ਬੂਤੀ ਮਿਲਦੀ ਹੈ।

# ਸਰ੍ਹੋਂ ਕੱਢਦੇ ਸਮੇਂ ਥਰੈਸ਼ਰ 'ਚ ਆਉਣ ਕਾਰਨ ਨੌਜਵਾਨ ਦੀ ਮੌਤ



ਸਿਰਸਾ (ਜਗਤਾਰ ਸਮਾਲਸਰ)-ਪਿੰਡ ਸਾਦੇਵਾਲਾ ਵਿੱਚ ਅੱਜ ਸਰ੍ਹੋਂ ਦੀ ਕਢਾਈ ਕਰਦੇ ਸਮੇਂ ਇੱਕ ਨੌਜਵਾਨ ਦੀ ਥਰੈਸ਼ਰ ਵਿੱਚ ਆਉਣ ਕਾਰਨ ਦਰਦਨਾਕ ਮੌਤ ਹੋ ਗਈ। ਜਾਣਕਾਰੀ ਅਨੁਸਾਰ ਅਨਿਲ (24) ਖੇਤ ਵਿੱਚ ਥਰੈਸ਼ਰ ਨਾਲ ਸਰੋਂ ਕੱਢਦੇ ਸਮੇਂ ਆਪਣੀਆਂ ਲੱਤਾਂ ਥਰੈਸ਼ਰ ਮਸ਼ੀਨ ਤੇ ਰੱਖ ਕੇ ਬੈਠ ਗਿਆ।ਅਚਾਨਕ ਝਟਕੇ ਨਾਲ ਉਸ ਦੀ ਇੱਕ ਲੱਤ ਅੰਦਰ ਚਲੀ ਗਈ।ਸਕਿੰਟਾਂ ਵਿੱਚ ਹੀ ਮਸ਼ੀਨ ਦੇ ਦਬਾਅ ਨੇ ਅਨਿਲ ਨੂੰ ਅੰਦਰ ਖਿੱਚ ਲਿਆ।ਉਸ ਦੇ ਨਾਲ ਕੰਮ ਕਰ ਰਹੇ ਲੋਕਾਂ ਨੇ ਰੌਲਾ ਪਾਇਆ ਤਾਂ ਆਸਪਾਸ ਦੇ ਹੋਰ ਲੋਕ ਇਕੱਠੇ ਹੋ ਗਏ ਤੇ ਥਰੈਸ਼ਰ ਨੂੰ ਬੰਦ ਕੀਤਾ ਗਿਆ, ਪਰ ਉਦੋਂ ਤੱਕ ਅਨਿਲ ਦੀ ਮੌਤ ਹੋ ਚੁੱਕੀ ਸੀ।ਅਨਿਲ ਆਪਣੇ ਵੱਡੇ ਭਰਾ ਨਾਲ ਸਾਦੇਵਾਲਾ ਪਿੰਡ ਵਿੱਚ ਰਹਿੰਦਾ ਸੀ, ਜਦੋਂ ਕਿ ਉਸ ਦੀ ਮਾਂ ਪਲਵਲ ਵਿੱਚ ਇੱਕ ਗੰਨਾ ਮਿੱਲ ਵਿੱਚ ਕੰਮ ਕਰਦੀ ਹੈ।ਪਰਿਵਾਰ ਮੂਲ ਰੂਪ ਵਿੱਚ ਫਤਿਹਾਬਾਦ ਜ਼ਿਲ੍ਹੇ ਦੇ ਧੋਲੂ ਪਿੰਡ ਦਾ ਰਹਿਣ ਵਾਲਾ ਹੈ ਤੇ ਪਿਛਲੇ 27 ਸਾਲਾਂ ਤੋਂ ਉਹ ਸਾਦੇਵਾਲਾ ਵਿਖੇ ਰਹਿ ਰਹੇ ਸਨ।ਉਸ ਦੇ ਪਿਤਾ ਸੁਰਿੰਦਰ ਦੀ ਲਗਭਗ 20 ਸਾਲ ਪਹਿਲਾਂ ਇੱਕ ਸੜਕ ਹਾਦਸੇ ਵਿੱਚ ਮੌਤ ਹੋਈ ਚੁੱਕੀ ਹੈ।ਹਾਦਸੇ ਦੀ ਖ਼ਬਰ ਮਿਲਦੇ ਹੀ ਪਰਿਵਾਰ ਤੇ ਪਿੰਡ ਵਿੱਚ ਸੋਗ ਦੀ ਲਹਿਰ ਫੈਲ ਗਈ।ਸੂਚਨਾ ਮਿਲਦੇ ਹੀ ਪੁਲਸ ਟੀਮ ਮੌਕੇ 'ਤੇ ਪਹੁੰਚੀ ਤੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜਿਆ।ਪੁਲਸ ਵੱਲੋਂ ਘਟਨਾ ਸਥਾਨ ਦਾ ਮੁਆਇਨਾ ਕਰਕੇ ਅਗਲੀ ਜਾਂਚ ਸ਼ੁਰੂ ਹੈ।

### ਮੁੱਖ ਮੰਤਰੀ ਦੀ ਦੇਵੀਗੜ੍ਹ ਰੈਲੀ ਇਤਿਹਾਸ ਸਿਰਜੇਗੀ : ਬਲਜਿੰਦਰ ਢਿੱਲੋਂ

ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬ ਐਗਰੋ ਦੇ ਚੇਅਰਮੈਨ ਤੇ ਹਲਕਾ ਸਨੌਰ ਤੋਂ ਸੀਨੀਅਰ ਆਮ ਆਦਮੀ ਪਾਰਟੀ ਦੇ ਆਗੂ ਬਲਜਿੰਦਰ ਸਿੰਘ ਢਿਲੋਂ ਵੱਲੋਂ 30 ਮਾਰਚ ਨੂੰ ਹੋਣ ਜਾ ਰਹੀ ਮੁੱਖ ਮੰਤਰੀ ਭਗਵੰਤ ਮਾਨ ਦੀ ਵਿਸ਼ਾਲ ਰੈਲੀ ਨੂੰ ਲੈ ਕੇ ਪੂਰਾ ਸਮਰਥਨ ਦੇਣ ਦਾ ਐਲਾਨ ਕੀਤਾ ਗਿਆ ਹੈ।ਢਿੱਲੋਂ ਨੇ ਕਿਹਾ ਕਿ ਦੇਵੀਗੜ੍ਹ ਰੈਲੀ ਨਵਾਂ ਇਤਿਹਾਸ ਸਿਰਜੇਗੀ। ਉਨ੍ਹਾਂ ਕਿਹਾ ਕਿ ਇਸ ਰੈਲੀ ਨੂੰ ਕਾਮਯਾਬ ਬਣਾਉਣ ਲਈ ਹਲਕੇ ਦੇ ਹਰ ਵਰਗ ਦੇ ਲੋਕ ਵੱਡੀ ਗਿਣਤੀ ਵਿੱਚ ਭਾਗ ਲੈਣਗੇ।

ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਲੋਕ ਭਲਾਈ ਲਈ ਕਈ ਮਹੱਤਵਪੂਰਨ ਫੈਸਲੇ ਕੀਤੇ ਹਨ ਤੇ ਹਰ ਵਰਗ ਦੇ ਹਿੱਤਾਂ ਦੀ ਰੱਖਿਆ ਕੀਤੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਵਿਕਾਸ ਦੇ ਨਵੇਂ ਦੌਰ ਦੀ ਸ਼ੁਰੂਆਤ ਹੋਈ ਹੈ ਤੇ ਸਰਕਾਰ ਹਰ ਵੇਲੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉੱਤਰ ਰਹੀ ਹੈ।ਬਲਜਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ 30 ਮਾਰਚ ਦੀ ਰੈਲੀ ਸਿਰਫ ਇੱਕ ਰਾਜਨੀਤਕ ਪ੍ਰੋਗਰਾਮ ਨਹੀਂ, ਸਗੋਂ ਇਹ ਲੋਕਾਂ ਦੇ ਭਰੋਸੇ ਤੇ ਸਰਕਾਰ ਦੀਆਂ ਉਪਲਬਧੀਆਂ ਦਾ ਪ੍ਰਤੀਕ ਹੋਵੇਗੀ।ਉਨ੍ਹਾਂ ਕਿਹਾ ਕਿ ਹਲਕਾ ਸਨੌਰ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਇਸ ਰੈਲੀ ਨੂੰ ਲੈ ਕੇ ਕਾਫੀ ਉਤਸ਼ਾਹ ਹੈ ਤੇ ਉਹ ਯੂਥ ਸਮੇਤ ਹਰ ਵਰਗ ਵੱਡੀ ਸੰਖਿਆ ਵਿੱਚ ਸ਼ਮੂਲੀਅਤ ਕਰਨਗੇ।

# 'ਆਪ' ਨੇ ਸਾਰੇ ਵਾਅਦੇ ਚਾਰ ਸਾਲਾਂ 'ਚ ਪੂਰੇ ਕੀਤੇ : ਦਹੀਆ

## ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ 'ਚ ਇਤਿਹਾਸਕ ਵਿਕਾਸ ਹੋਇਆ



ਮਮਦੋਟ (ਜਸਬੀਰ ਸਿੰਘ ਕੰਬੋਜ)-ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਿਛਲੀਆਂ ਚੋਣਾਂ ਸਮੇਂ ਕੀਤੇ ਸਾਰੇ ਵਾਅਦੇ ਇਹਨਾਂ ਚਾਰ ਸਾਲਾਂ ਵਿੱਚ ਪੂਰੇ ਕੀਤੇ ਹਨ।ਇਸ ਗੱਲ ਦਾ ਪ੍ਰਗਟਾਵਾ ਐਡਵੋਕੇਟ ਰਜਨੀਸ਼ ਦਹੀਆ ਐਮ ਐਲ ਏ ਹਲਕਾ ਫਿਰੋਜ਼ਪੁਰ ਦਿਹਾਤੀ ਨੇ ਮਮਦੋਟ ਹਿਠਾੜ ਦੇ ਪਿੰਡ ਸਾਹਨ ਕੇ ਵਿਖੇ ਸ਼ਾਨਦਾਰ ਚਾਰ ਸਾਲ, ਭਗਵੰਤ ਮਾਨ ਸਰਕਾਰ ਦੇ ਨਾਲ ਤਹਿਤ ਕਰਵਾਏ ਇਕ ਸੰਵਾਦ ਪ੍ਰੋਗਰਾਮ ਸਮੇਂ ਲੋਕਾਂ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪਿਛਲੇ ਚਾਰ ਸਾਲਾਂ ਵਿੱਚ ਪੰਜਾਬ ਵਿੱਚ ਰਿਕਾਰਡ ਤੋੜ ਵਿਕਾਸ ਹੋਇਆ ਹੈ।

ਸੜਕੀ ਹਾਦਸਿਆਂ ਸਮੇਂ ਹੋ ਰਹੀਆਂ ਬੇਵਕਤੀ ਮੌਤਾਂ ਤੋਂ ਬਚਾਉਣ ਲਈ ਸਰਕਾਰ ਵੱਲੋਂ ਬਣਾਈ ਸੜਕ ਸੁਰੱਖਿਆ ਫੋਰਸ ਦੇ ਬਹੁਤ ਵਧੀਆ ਨਤੀਜੇ ਸਾਹਮਣੇ ਆਏ ਹਨ ਤੇ ਇਸ ਨਾਲ ਅਨੇਕਾਂ ਜਾਨਾਂ ਬਚਾਉਣ ਵਿੱਚ ਸਫਲਤਾ ਮਿਲੀ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਨੇ ਪਾਣੀ ਦੀ ਅਹਿਮੀਅਤ ਨੂੰ ਸਮਝਦੇ ਹੋਏ ਸਭ ਤੋਂ ਪਹਿਲਾਂ ਨਹਿਰਾਂ, ਕੱਸੀਆਂ ਤੇ ਖਾਲਿਆਂ ਨੂੰ ਪੱਕਿਆ ਕਰਕੇ ਪਾਣੀ ਟੇਲਾਂ ਤੱਕ ਪਹੁੰਚਾਉਣ ਤੇ ਪਾਈਪ ਲਾਈਨਾਂ ਪਾ ਕੇ ਪਾਣੀ ਦੂਰ ਦਰਾਡੇ ਖੇਤਾਂ ਤੱਕ ਪਹੁੰਚਾਉਣ ਦਾ ਕੰਮ ਕੀਤਾ, ਜਿਸ ਵਿੱਚ ਕਿਸਾਨਾਂ ਨੂੰ ਵੱਡਾ ਫਾਇਦਾ ਹੋਇਆ ਹੈ ਤੇ ਇਸ ਨਾਲ ਜਿੱਥੇ ਜਿੱਥੇ ਧਰਤੀ ਹੇਠਲੇ ਪਾਣੀ ਦੀ ਬੱਚਤ ਹੋ ਸਕੇਗੀ, ਉਥੇ ਟਿਊਬਵੈੱਲਾਂ ਰਾਹੀਂ ਵਰਤੀ ਜਾਂਦੀ ਬਿਜਲੀ ਦੀ ਵੀ ਬੱਚਤ ਹੋ ਸਕੇਗੀ ਤੇ ਦਰਿਆਈ ਪਾਣੀਆਂ ਨੂੰ ਵਰਤੋਂ ਵਿੱਚ ਲਿਆਉਣ ਵਿੱਚ ਵੀ ਵੱਡੀ ਸਫਲਤਾ ਮਿਲੀ ਹੈ, ਜਿਸ ਦੇ ਭਵਿੱਖ ਵਿੱਚ ਵੀ ਬਹੁਤ ਵਧੀਆ ਨਤੀਜੇ ਸਾਹਮਣੇ ਆਉਣਗੇ।

ਇਸ ਸੰਵਾਦ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਬਦੌਲਤ ਸਾਡੇ ਵਰਗੇ ਅਨੇਕਾਂ ਆਮ ਘਰਾਂ ਦੇ ਵਿਅਕਤੀ ਵੱਖ-ਵੱਖ ਅਦਾਰਿਆਂ ਦੇ ਚੇਅਰਮੈਨ, ਉੱਪ ਚੇਅਰਮੈਨ ਅਤੇ ਹੋਰ ਅਹੁਦਿਆਂ 'ਤੇ ਬਾਖੂਬੀ ਸੇਵਾਵਾਂ ਨਿਭਾਅ ਰਹੇ ਹਨ, ਜਦਕਿ ਇਸ ਤੋਂ ਪਹਿਲਾਂ ਇਹ ਅਹੁਦੇ ਕਥਿਤ ਤੌਰ 'ਤੇ ਅੰਦਰ ਖਾਤੇ ਵੱਡੇ ਘਰਾਂ ਦੇ ਅਮੀਰ ਲੋਕਾਂ ਵਾਸਤੇ ਨਿਲਾਮ ਹੁੰਦੇ ਸਨ।ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਸੂਬੇਦਾਰ ਜਸਵਿੰਦਰ ਸਿੰਘ ਭਲੇਰੀਆ ਨੇ ਕਿਹਾ ਕਿ ਕਿਸਾਨਾਂ ਨੂੰ ਦਿਨ ਸਮੇਂ ਖੇਤੀ ਸੈਕਟਰ ਵਾਸਤੇ ਨਿਰਵਿਘਨ ਬਿਜਲੀ ਸਪਲਾਈ ਦੇ ਕੇ ਮਾਨ ਸਰਕਾਰ ਨੇ ਪਿਛਲੇ ਚਾਰ ਸਾਲਾਂ ਵਿੱਚ ਇੱਕ ਵੱਡਾ ਬਦਲਾਅ ਲਿਆਂਦਾ ਹੈ। ਉਨ੍ਹਾਂ ਕਿਹਾ ਕਿ ਖੇਤੀ ਵਾਸਤੇ ਨਹਿਰਾਂ ਤੇ ਕੱਸੀਆਂ ਦੀਆਂ ਟੇਲਾਂ ਤੱਕ ਪਾਣੀ ਪਹੁੰਚਾਉਣਾ ਖਾਲਿਆਂ ਨੂੰ ਪੱਕੇ ਕਰਨਾ ਤੇ ਨਹਿਰਾਂ ਕੱਸੀਆਂ ਨੂੰ ਪੱਕੇ ਕਰਕੇ, ਜੋ ਕੰਮ ਮਾਨ ਸਰਕਾਰ ਨੇ ਕੀਤੇ ਹਨ, ਜਿਸ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਘੱਟ ਹੈ।

ਇਸ ਮੌਕੇ ਉਪਿੰਦਰ ਸਿੰਘ ਸਿੰਧੀ ਪ੍ਰਧਾਨ ਨਗਰ ਪੰਚਾਇਤ ਮਮਦੋਟ, ਸੁਖਦੀਪ ਸਿੰਘ ਜ਼ਿਲ੍ਹਾ ਪ੍ਰਧਾਨ ਯੂਥ ਵਿੰਗ, ਕੋਮਲ ਧਵਨ ਬਲਾਕ ਪ੍ਰਧਾਨ (ਮਹਿਲਾ ਵਿੰਗ) ਮਮਦੋਟ, ਹਰਜਿੰਦਰ ਸਿੰਘ ਸਿੱਧੀ, ਡਾ: ਦਲਜੀਤ ਸਿੰਘ ਜੋਸਨ, ਰੰਗਾਂ ਸਿੰਘ ਭੁੱਲਰ, ਬਲਕਾਰ ਸਿੰਘ ਸ਼ੇਖੂਪੁਰੀਆ ਸਰਪੰਚ ਪਿੰਡ ਜੋਧਪੁਰ, ਦਿਲਸ਼ੇਰ ਸਿੰਘ, ਗੁਰਨਾਮ ਸਿੰਘ, ਮਲਕੀਤ ਸਿੰਘ ਬਾਊ ਜੋਧਪੁਰ, ਅਵਤਾਰ ਸਿੰਘ ਸਰਪੰਚ ਕਾਲਾ ਟਿੱਬਾ, ਐੱਮ ਐੱਲ ਏ ਦੇ ਨਿੱਜੀ ਸਕੱਤਰ ਡਾਕਟਰ ਪਵਨ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਆਗੂ ਵਰਕਰ ਤੇ ਪਿੰਡ ਸਾਹਣ ਕੇ ਦੇ ਵਾਸੀ ਹਾਜ਼ਰ ਸਨ।

# ਡਾ. ਦੇਵ ਰਾਜ ਖੋਖਰ ਦੀ ਯਾਦ 'ਚ ਬੱਸ ਸਟੈਂਡ ਤੇ ਯਾਦਗਾਰੀ ਗੇਟ ਦਾ ਨਿਰਮਾਣ ਸ਼ੁਰੂ



ਸੰਗਰੂਰ/ਲਹਿਰਾਗਾਗਾ (ਪ੍ਰਵੀਨ ਸਿੰਘ)-ਪਿੰਡ ਖੋਖਰ ਖੁਰਦ ਦੇ ਸਾਬਕਾ ਸਰਪੰਚ ਤੇ ਉੱਘੇ ਸਮਾਜ ਸੇਵੀ, ਨੇਤਰਦਾਨੀ, ਪੰਜਾਬ ਪੰਚਾਇਤ ਯੂਨੀਅਨ ਦੇ ਵਾਇਸ ਪ੍ਰਧਾਨ ਮਰਹੂਮ ਡਾ. ਦੇਵ ਰਾਜ ਖੋਖਰ ਜੀ ਦੀ ਨਿੱਘੀ ਯਾਦ ਵਿੱਚ ਲਹਿਰਾ-ਸੁਨਾਮ ਮੁੱਖ ਮਾਰਗ 'ਤੇ ਸਥਿਤ ਨਵੇਂ ਬੱਸ ਸਟੈਂਡ ਤੇ ਯਾਦਗਾਰੀ ਗੇਟ ਦੇ ਨਿਰਮਾਣ ਦਾ ਕੰਮ ਸ਼ੁਰੂ ਹੋ ਚੁੱਕਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮਰਹੂਮ ਡਾ. ਦੇਵ ਰਾਜ ਜੀ ਦੇ ਸਪੁੱਤਰ ਸ਼੍ਰੀ ਪ੍ਰਵੀਨ ਖੋਖਰ ਤੇ ਸ਼੍ਰੀ ਲੱਕੀ ਖੋਖਰ ਤੋਂ ਇਲਾਵਾ ਪਿੰਡ ਖੋਖਰ ਖੁਰਦ ਦੇ ਸਰਪੰਚ ਬਲਦੀਪ ਸਿੰਘ ਨੇ ਦੱਸਿਆ ਕਿ ਡਾ. ਖੋਖਰ ਜੀ ਦੀ ਯਾਦ ਵਿੱਚ ਕੋਈ ਨਾ ਕੋਈ ਢੁੱਕਵੀਂ ਯਾਦ ਬਣਾਉਣ ਲਈ ਪਿਛਲੇ ਸਮੇਂ ਤੋਂ ਪੰਜਾਬ ਦੇ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਤੇ ਹਲਕੇ ਦੇ ਵਿਧਾਇਕ ਤੇ ਵਿੱਤ ਮੰਤਰੀ ਸ੍. ਹਰਪਾਲ ਸਿੰਘ ਚੀਮਾਂ ਤੋਂ ਮੰਗ ਕੀਤੀ ਜਾ ਰਹੀ ਸੀ, ਜਿਸ ਨੂੰ ਪੂਰਾ ਕਰਦਿਆਂ ਉਨ੍ਹਾਂ ਨੇ ਇਸ ਕੰਮ ਲਈ ਢੁੱਕਵੀਂ ਗ੍ਰਾਂਟ ਜਾਰੀ ਕਰ ਦਿੱਤੀ ਹੈ।ਉਨ੍ਹਾਂ ਇਹ ਵੀ ਦੱਸਿਆ ਕਿ ਸ੍. ਚੀਮਾ ਨੇ ਇਹ ਵੀ ਵਿਸ਼ਵਾਸ ਦਿਵਾਇਆ ਕਿ ਜੇਕਰ ਇਸ ਨੇਕ ਕੰਮ ਲਈ ਇਹ ਫੰਡ ਘੱਟ ਰਹਿਣ ਤਾਂ ਉਹ ਹੋਰ ਵੀ ਫੰਡ ਮੁਹੱਈਆ ਕਰਵਾਉਣਗੇ।ਜ਼ਿਕਰਯੋਗ ਗੱਲ ਇਹ ਵੀ ਹੈ ਕਿ ਡਾ. ਖੋਖਰ ਨੇ ਆਪਣੇ ਸਰਪੰਚੀ ਦੇ ਕਾਰਜਕਾਲ ਦੌਰਾਨ ਜਿੱਥੇ ਖੋਖਰ ਤੋਂ ਗੰਢੂਆਂ, ਖੋਖਰ ਤੋਂ ਭੈਣੀ, ਖੋਖਰ ਤੋਂ ਛਾਜਲਾ ਵਾਇਆ ਗੋਬਿੰਦਗੜ੍ਹ, ਖੋਖਰ ਖੁਰਦ ਤੋਂ ਲਹਿਰਾ-ਸੁਨਾਮ ਮੁੱਖ ਮਾਰਗ ਤੱਕ ਸੜਕਾਂ ਦਾ ਜਾਲ ਬਣਵਾ ਕੇ ਇਲਾਕੇ ਦੇ ਲੋਕਾਂ ਲਈ ਸੁਵਿਧਾ ਮੁਹੱਈਆ ਕਰਵਾਈ ਉੱਥੇ ਪਿੰਡ ਵਿੱਚ ਟੈਲੀਫੋਨ ਐਕਸਚੇਂਜ, ਨਵੀਂ ਦਾਣਾ ਮੰਡੀ ਬਣਵਾਉਣਾ, ਪਿੰਡ ਗੋਬਿੰਦਗੜ੍ਹ ਖੋਖਰ ਦੇ ਰੇਲਵੇ ਸਟੇਸ਼ਨ 'ਤੇ ਵੱਖ-ਵੱਖ ਯਾਤਰੀਆਂ ਗੱਡੀਆਂ ਦੇ ਠਹਿਰਾਓ ਮੰਨਜ਼ੂਰ ਕਰਵਾਉਣ ਦੇ ਨਾਲ-ਨਾਲ ਹੋਰ ਅਨੇਕਾਂ ਪ੍ਰੋਜੈਕਟ ਲਿਆਂਦੇ, ਜਿਨ੍ਹਾਂ ਦਾ ਆਨੰਦ ਇਲਾਕੇ ਦੇ ਲੋਕ ਅੱਜ ਵੀ ਮਾਨ ਰਹੇ ਹਨ।ਸੀਨੀਅਰ ਪੱਤਰਕਾਰ ਪ੍ਰਵੀਨ ਖੋਖਰ, ਲੱਕੀ ਖੋਖਰ ਤੇ ਪਿੰਡ ਦੇ ਸਰਪੰਚ ਬਲਦੀਪ ਸਿੰਘ ਤੇ ਨਗਰ ਨਿਵਾਸੀਆਂ ਨੇ ਇਸ ਗੱਲੋਂ ਜਿੱਥੇ ਪੰਜਾਬ ਦੇ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਹੈ, ਉੱਥੇ ਪੰਜਾਬ ਦੇ ਵਿੱਤ ਮੰਤਰੀ ਸ੍. ਹਰਪਾਲ ਸਿੰਘ ਚੀਮਾ ਦਾ ਵੀ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਹਮੇਸ਼ਾ ਹੀ ਇਨ੍ਹਾਂ ਦੇ ਰਿਣੀ ਰਹਾਂਗੇ, ਜਿਨ੍ਹਾਂ ਨੇ ਡਾ. ਖੋਖਰ ਦੀ ਯਾਦ ਵਿੱਚ ਢੁੱਕਵੀਂ ਯਾਦਗਾਰੀ ਬਣਾ ਕੇ ਸ਼ਲਾਘਾ ਯੋਗ ਕਦਮ ਪੁੱਟਿਆ ਹੈ।

# ਭਾਰਤੀ ਹਾਕਮ ਸ਼ਹੀਦਾਂ ਦੇ ਬੁੱਤਾਂ ਨੂੰ ਹਾਰ ਤਾਂ ਪਹਿਨਾਉਂਦੇ ਨੇ, ਪਰ ਵਿਚਾਰ ਨੂੰ ਨਹੀਂ ਅਪਨਾਉਂਦੇ : ਪ੍ਰੋ. ਜਗਮੋਹਨ/ਐਡ. ਜ਼ੀਰਖ



ਲੁਧਿਆਣਾ (ਸਤੀਸ਼ ਸਚਦੇਵਾ/ਰੈਕਟਰ ਕਥੂਰੀਆ) ਵੱਖ ਵੱਖ ਜਥੇਬੰਦੀਆਂ ਵੱਲੋਂ ਸਥਾਨਕ ਜ਼ਿਲ੍ਹਾ ਕਚਹਿਰੀ ਵਿਖੇ ਸਥਿਤ ਪੈਨਸ਼ਨਰ ਭਵਨ ਵਿੱਚ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਵਿਚਾਰ ਚਰਚਾ ਦਾ ਆਯੋਜਨ ਕੀਤਾ ਗਿਆ।ਪ੍ਰੋ. ਜਗਮੋਹਨ ਸਿੰਘ, ਹਰਪ੍ਰੀਤ ਜ਼ੀਰਖ, ਰਮਨਜੀਤ ਸੰਧੂ, ਜਸਵੰਤ ਜ਼ੀਰਖ, ਕਸਤੂਰੀ ਲਾਲ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਜਨਤਕ ਜਮਹੂਰੀ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ।ਪ੍ਰੋਗਰਾਮ ਦੀ ਸ਼ੁਰੂਆਤ ਕਸਤੂਰੀ ਲਾਲ ਤੇ ਸਤੀਸ਼ ਸੱਚਦੇਵਾ ਵੱਲੋਂ ਗਾਏ ਇਨਕਲਾਬੀ ਗੀਤਾਂ ਉਪਰੰਤ ਸ਼ਹੀਦਾਂ ਨੂੰ ਫੁੱਲ ਭੇਟ ਕਰਨ ਨਾਲ ਹੋਈ।ਇਸ ਸਮੇਂ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਬੁਲਾਰਿਆਂ ਐਡਵੋਕੇਟ ਹਰਪ੍ਰੀਤ ਜ਼ੀਰਖ ਤੇ ਪ੍ਰੋਫੈਸਰ ਜਗਮੋਹਨ ਸਿੰਘ ਨੇ ਕਿਹਾ ਕਿ ਸ਼ਹੀਦਾਂ ਦੇ ਦਿਨ ਮਨਾਉਣਾ ਮਹਿਜ਼ ਇੱਕ ਰਸਮ ਬਣ ਕੇ ਨਾ ਰਹਿ ਜਾਵੇ, ਸਗੋਂ ਸ਼ਹੀਦਾਂ ਦਾ ਦਿਨ ਉਨ੍ਹਾਂ ਵੱਲੋਂ ਚਿਤਵੇ ਲੁੱਟ ਰਹਿਤ ਸਮਾਜ ਸਿਰਜਣ ਦੇ ਕਾਰਜ ਨੂੰ ਅੱਗੇ ਤੋਰਨ ਵਜੋਂ ਹੋਣਾ ਚਾਹੀਦਾ ਹੈ।ਸ਼ਹੀਦ ਭਗਤ ਸਿੰਘ ਗਦਰੀ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਰੂਸੀ ਇਨਕਲਾਬੀ ਆਗੂ ਲੈਨਿਨ ਨੂੰ ਆਪਣਾ ਆਦਰਸ਼ ਮੰਨਦਾ ਸੀ ਤੇ ਰੂਸ ਵਾਂਗ ਭਾਰਤ ਵਿੱਚ ਵੀ ਇਨਕਲਾਬ ਰਾਹੀਂ ਸਮਾਜਵਾਦ ਸਥਾਪਤ ਕਰਨਾ ਚਾਹੁੰਦਾ ਸੀ।ਹਰਪ੍ਰੀਤ ਜ਼ੀਰਖ ਨੇ ਮੁਗਲ ਰਾਜ ਵੇਲੇ ਤੋਂ ਅੱਜ ਤੱਕ ਦਾ ਇਤਿਹਾਸਕ ਪਿਛੋਕੜ ਸਾਂਝਾ ਕਰਦਿਆਂ ਹਕੂਮਤੀ ਜ਼ੁਲਮਾਂ ਖਿਲਾਫ ਵੱਖ ਵੱਖ ਗੁਰੂਆਂ ਤੇ ਉਨ੍ਹਾਂ ਤੋਂ ਬਾਅਦ ਗਦਰ ਲਹਿਰ ਸਮੇਤ 23 ਮਾਰਚ ਦੇ ਸ਼ਹੀਦਾਂ ਵੱਲੋਂ ਸਾਮਰਾਜੀ ਲੁੱਟ ਖ਼ਿਲਾਫ਼ ਨਿਭਾਈ ਸ਼ਾਨਾਮੱਤੀ ਭੂਮਿਕਾ ਨੂੰ ਬਾਖੂਬੀ ਪੇਸ਼ ਕੀਤਾ।ਉਨ੍ਹਾਂ ਮੌਜੂਦਾ ਭਾਰਤੀ ਹਾਕਮਾਂ ਦੀ ਅੰਗਰੇਜ਼ਾਂ ਨਾਲ ਤੁਲਨਾ ਕਰਦਿਆਂ ਕਿਹਾ ਕਿ ਇਹ ਸ਼ਹੀਦਾਂ ਦੇ ਬੁੱਤਾਂ ਨੂੰ ਹਾਰ ਤਾਂ ਪਹਿਨਾਉਂਦੇ ਹਨ, ਪਰ ਉਨ੍ਹਾਂ ਦੇ ਵਿਚਾਰ ਅਪਣਾਉਣ ਤੋਂ ਭੱਜਦੇ ਹੋ ।ਇਸ ਦਾ ਸਬੂਤ ਅੰਗਰੇਜ਼ੀ ਰਾਜ ਤੋਂ ਵੀ ਖਤਰਨਾਕ ਕਾਨੂੰਨ ਅੱਜ ਵੀ ਭਾਰਤ ਵਿੱਚ ਲਾਗੂ ਕਰਨ ਤੋਂ ਮਿਲਦਾ ਹੈ, ਜਿਨ੍ਹਾਂ ਰਾਹੀਂ ਸਰਕਾਰ ਦੀ ਆਲੋਚਨਾ ਕਰਨ ਵਾਲੇ ਲੇਖਕਾਂ/ਬੁੱਧੀਜੀਵੀਆਂ/ਪੱਤਰਕਾਰਾਂ/ਸਮਾਜਿਕ ਕਾਰਕੁਨਾਂ 'ਤੇ ਝੂਠੇ ਕੇਸ ਦਰਜ ਕਰਕੇ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ।ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਨੇ ਇਨਕਲਾਬ ਜ਼ਿੰਦਾਬਾਦ ਦੇ ਨਾਲ ਸਾਮਰਾਜਵਾਦ ਮੁਰਦਾਬਾਦ ਦਾ ਨਾਅਰਾ ਵੀ ਦਿੱਤਾ ਸੀ, ਪਰ ਮੌਜੂਦਾ ਸਰਕਾਰਾਂ ਜਾਣ ਬੁੱਝਕੇ ਇਸ ਮੁਰਦਾਬਾਦ ਨੂੰ ਨਜ਼ਰ ਅੰਦਾਜ਼ ਕਰ ਰਹੀਆਂ ਹਨ, ਜਦੋਂ ਕਿ ਸਾਮਰਾਜੀ ਮੁਲਕ ਗਰੀਬ ਮੁਲਕਾਂ ਦੇ ਕੁਦਰਤੀ ਸਰੋਤਾਂ ਦੀ ਲੁੱਟ ਕਰਦੇ ਆ ਰਹੇ ਹਨ।ਮੌਜੂਦਾ ਸਮੇਂ ਸਾਮਰਾਜੀ ਅਮਰੀਕਾ ਤੇ ਇਜ਼ਰਾਇਲ ਵੱਲੋਂ ਵਿਸ਼ਵ ਊਰਜਾ ਮੰਡੀ 'ਤੇ ਕਬਜ਼ਾ ਕਰਨ ਦੀ ਨੀਯਤ ਨਾਲ ਨਿਹੱਕੀ ਜੰਗਾਂ ਰਾਹੀਂ ਕੁਦਰਤੀ ਸਰੋਤਾਂ ਤੇ ਕਬਜ਼ਾ ਕਰਨ ਲਈ ਮਨੁੱਖਤਾ ਲਈ ਖਤਰਾ ਬਣ ਰਹੇ ਹਨ, ਜਿਸ ਦੀ ਮਾਰ ਪੂਰੇ ਵਿਸ਼ਵ ਨੂੰ ਝੱਲਣੀ ਪੈ ਰਹੀ ਹੈ।ਬੁਲਾਰਿਆਂ ਨੇ ਮੌਜੂਦਾ ਸਮੇਂ ਵਿੱਚ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਵਿਦਿਆਰਥੀਆਂ, ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੇ ਦਿਖਾਏ ਰਾਹ 'ਤੇ ਚਲਦਿਆਂ ਸੰਘਰਸ਼ ਦੇ ਰਾਹ ਪੈ ਕੇ ਸਾਮਰਾਜੀ ਰਾਜ ਪ੍ਰਬੰਧ ਖ਼ਿਲਾਫ਼ ਉੱਠਣ ਦਾ ਸੰਦੇਸ਼ ਦਿੱਤਾ।ਸਵਾਲਾਂ ਦੇ ਦੌਰ 'ਚ ਉਜਾਗਰ ਬੱਦੋਵਾਲ, ਮਾ. ਰਾਜਿੰਦਰ ਜੰਡਿਆਲੀ, ਕਸਤੂਰੀ ਲਾਲ ਵੱਲੋਂ ਕੀਤੇ ਸਵਾਲਾਂ ਦੇ ਜਵਾਬ ਪ੍ਰੋ. ਜਗਮੋਹਨ ਸਿੰਘ ਵੱਲੋਂ ਤਸੱਲੀਬਖ਼ਸ਼ ਦਿੱਤੇ ਗਏ।ਅੰਤ ਵਿੱਚ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਜਸਵੰਤ ਜ਼ੀਰਖ ਨੇ ਧੰਨਵਾਦ ਕਰਦਿਆਂ ਸਾਰੀਆਂ ਜੱਥੇਬੰਦੀਆਂ ਨੂੰ ਇੱਕ ਮੰਚ 'ਤੇ ਇਕੱਠੇ ਹੋ ਕੇ ਅਗਲਾ ਪ੍ਰੋਗਰਾਮ ਉਲੀਕਣ ਦਾ ਸੱਦਾ ਦਿੱਤਾ।ਇਸ ਵਿਚਾਰ ਚਰਚਾ ਵਿੱਚ ਮੁਲਾਜ਼ਮ ਆਗੂ ਸੁਖਵਿੰਦਰ ਲੀਲ੍ਹ ਨੇ ਮੰਚ ਸੰਚਾਲਨ ਬਾਖੂਬੀ ਨਿਭਾਇਆ।ਇਸ ਵਿਚਾਰ ਚਰਚਾ ਦਾ ਸਮੁੱਚਾ ਪ੍ਰਬੰਧ ਜਮਹੂਰੀ ਅਧਿਕਾਰ ਸਭਾ ਪੰਜਾਬ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ-ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ (ਲੁਧਿਆਣਾ) ਪੰਜਾਬ ਲੋਕ ਸੱਭਿਆਚਾਰ ਮੰਚ, ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਜਥੇਬੰਦੀਆਂ ਵੱਲੋਂ ਕੀਤਾ ਗਿਆ।ਸਮਾਗਮ ਵਿੱਚ ਔਰਤਾਂ ਦੀ ਗਿਣਤੀ ਵੀ ਸ਼ਲਾਘਾਯੋਗ ਸੀ, ਜਿਨ੍ਹਾਂ ਵਿੱਚ ਪ੍ਰਵੀਨ ਕੁਮਾਰੀ, ਅਮਨਦੀਪ ਕੌਰ, ਇੰਦਰਜੀਤ ਕੌਰ, ਪਰਮਜੀਤ ਕੌਰ ਸੁਨੇਤ, ਜਸਵੀਰ ਕੌਰ ਦੁਗਰੀ ਸਮੇਤ ਜਥੇਬੰਦੀਆਂ ਦੇ ਹੋਰ ਨੁਮਾਇੰਦਿਆਂ ਵਿੱਚ ਡਾ. ਹਰਬੰਸ ਗਰੇਵਾਲ, ਪ੍ਰੋ ਏ ਕੇ ਮਲੇਰੀ, ਅਰੁਣ ਕੁਮਾਰ, ਬਲਦੇਵ ਔਲਖ (ਕੈਨੇਡਾ), ਐਡਵੋਕੇਟ ਨਰਿੰਦਰ, ਉੱਘੇ ਸਮਾਜ ਚਿੰਤਕ ਬਲਕੌਰ ਸਿੰਘ ਗਿੱਲ, ਡਾ. ਬਲਵਿੰਦਰ ਔਲਖ, ਤਰਲੋਚਨ ਝਾਂਡੇ, ਬਲਵਿੰਦਰ ਸਿੰਘ, ਅਜਮੇਰ ਦਾਖਾ, ਪ੍ਰਮਜੀਤ ਸਿੰਘ, ਤਰਲੋਚਨ ਪਨੇਸਰ, ਧਰਮਪਾਲ ਸਿੰਘ, ਮਾ. ਰੁਪਿੰਦਰ ਪਾਲ ਗਿੱਲ, ਮਾ ਪ੍ਰਮਜੀਤ ਪਨੇਸਰ, ਮਲਕੀਤ ਮਾਲੜਾ ਤੇ ਹੋਰ ਵੱਡੀ ਗਿਣਤੀ ਵਿੱਚ ਹਮਦਰਦ ਤੇ ਕਾਰਕੁੰਨ ਸ਼ਾਮਲ ਸਨ।

# ਲੋਕਾਂ ਦੇ ਉਤਸ਼ਾਹ ਤੋਂ ਲੱਗਦੈ ਮੁੜ ਬਣੇਗੀ ਆਪ ਸਰਕਾਰ : ਕਾਕਾ ਬਰਾੜ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)-ਸਥਾਨਕ ਚਹਿਲ ਪੈਲੇਸ ਵਿੱਚ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦੀ ਅਗਵਾਈ ਹੇਠ ਸ਼ਾਨਦਾਰ ਚਾਰ ਸਾਲ ਭਗਵੰਤ ਮਾਨ ਦੇ ਨਾਲ ਸੰਵਾਦ ਤਹਿਤ ਇੱਕ ਭਰਵੀਂ ਮੀਟਿੰਗ ਕੀਤੀ ਗਈ।ਵਰਕਰਾਂ ਦੇ ਜੋਸ਼ ਨੇ ਇਸ ਮੀਟਿੰਗ ਨੂੰ ਰੈਲੀ ਦੇ ਰੂਪ ਵਿੱਚ ਤਬਦੀਲ ਕਰ ਦਿੱਤਾ।ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਮਾਨ ਸਰਕਾਰ ਦੇ ਕੰਮਾਂ 'ਤੇ ਚਾਨਣਾ ਪਾਇਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਆਪ ਸਰਕਾਰ ਨੇ ਚਾਰ ਸਾਲਾਂ ਵਿੱਚ ਉਹ ਕੰਮ ਕਰ ਦਿੱਤੇ, ਜੋ ਦੂਜੀਆਂ ਸਰਕਾਰਾਂ 70 ਸਾਲਾਂ ਵਿੱਚ ਨਹੀਂ ਕਰ ਸਕੀਆਂ।ਆਮ ਆਦਮੀ ਪਾਰਟੀ ਦੀ ਮੀਟਿੰਗ ਵਿੱਚ ਲੋਕਾਂ ਦੇ ਉਤਸ਼ਾਹ ਨੇ 2027 ਵਿੱਚ ਆਪ ਸਰਕਾਰ ਦੇ ਮੁੜ ਸੱਤਾ ਵਿੱਚ ਆਉਣ ਦਾ ਸਬੂਤ ਦਿੱਤਾ।ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿਹਤ, ਸਿੱਖਿਆ ਤੇ ਬਿਜਲੀ ਵਰਗੇ ਖੇਤਰਾਂ ਵਿੱਚ ਬਹੁਤ ਵਧੀਆ ਕੰਮ ਕੀਤੇ ਹਨ, ਜਿਸ ਕਰਕੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਹੈ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸਿਰਫ਼ ਆਪਣੇ ਘਰ ਭਰੇ ਤੇ ਲੋਕਾਂ ਨੂੰ ਲੁੱਟਿਆ, ਜਦਕਿ ਆਮ ਆਦਮੀ ਪਾਰਟੀ ਨੇ ਲੋਕਾਂ ਦੀ ਭਲਾਈ ਲਈ ਕੰਮ ਕੀਤਾ ਹੈ।ਉਨ੍ਹਾਂ ਵਰਕਰਾਂ ਨੂੰ ਕਿਹਾ ਕਿ ਉਹ ਸਰਕਾਰ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਤਾਂ ਜੋ ਲੋਕਾਂ ਨੂੰ ਇਸ ਦਾ ਫਾਇਦਾ ਮਿਲ ਸਕੇ।ਰੈਲੀ ਵਿੱਚ ਲੋਕਾਂ ਦਾ ਭਾਰੀ ਇਕੱਠ ਸੀ, ਜਿਸ ਤੋਂ ਪਤਾ ਲੱਗਦਾ ਹੈ ਕਿ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਖੁਸ਼ ਹਨ ਤੇ 2027 ਵਿੱਚ ਮੁੜ ਸੱਤਾ ਵਿੱਚ ਲਿਆਉਣ ਲਈ ਤਿਆਰ ਹਨ।ਵਿਧਾਇਕ ਕਾਕਾ ਬਰਾੜ ਨੇ ਆਪਣੇ ਹਲਕੇ ਦੇ ਕੰਮਾਂ ਦਾ ਵੇਰਵਾ ਦਿੰਦਿਆਂ ਆਖਿਆ ਕਿ ਹਲਕੇ ਦੀ ਇਕੋ ਮੰਗ ਸੀਵਰੇਜ ਤੇ ਵਾਟਰ ਵਰਕਸ ਦੇ ਕੰਮ ਦੀ ਸੀ, ਜਿਸ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨੇਪਰੇ ਚਾੜ੍ਹਿਆ, ਇਸ ਤੋਂ ਬਾਅਦ 139 ਕਰੋੜ ਦੀ ਲਾਗਤ ਨਾਲ ਸੀਵਰੇਜ ਦਾ ਕੰਮ ਸ਼ੁਰੂ ਹੋਇਆ।ਇਸ ਤੋਂ ਇਲਾਵਾ ਮੰਡੀ ਬਰੀਵਾਲਾ ਵਿੱਚ ਸੀਵਰੇਜ ਵੀ ਨਹੀਂ ਸੀ, ਜਿਸ ਨੂੰ ਵੀ ਕਰੀਬ 24 ਕਰੋੜ ਰੁਪਏ ਦੀ ਲਾਗਤ ਨਾਲ ਸੀਵਰੇਜ ਤੇ ਵਾਟਰ ਸਪਲਾਈ ਲਈ ਪਾਸ ਕੀਤਾ ਗਿਆ, ਜਦਕਿ 9 ਕਰੋੜ ਰੁਪਏ ਪਵਿੱਤਰ ਸ਼ਹਿਰ ਦੇ ਗਲਿਆਰਿਆਂ ਦੇ ਸੁੰਦਰੀਕਰਨ ਲਈ ਪਾਸ ਹੋਏ।ਇਸ ਤੋਂ ਇਲਾਵਾ ਅਨੇਕਾ ਅਜਿਹੇ ਕੰਮ ਹਨ, ਜੋ ਪਿਛਲੀਆਂ ਸਰਕਾਰ ਨੇ 70 ਸਾਲਾਂ ਵਿੱਚ ਨਹੀਂ ਕੀਤੇ।ਇਸ ਦੌਰਾਨ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸੁਖਜਿੰਦਰ ਸਿੰਘ ਕਾਉਣੀ, ਮਾਰਕਿਟ ਕਮੇਟੀ ਮਲੋਟ ਦੇ ਚੇਅਰਮੈਨ ਤੇ ਜ਼ਿਲ੍ਹਾ ਪ੍ਰਧਾਨ ਜ਼ਸ਼ਨ ਬਰਾੜ, ਕੋਆਪ੍ਰੇਟਿਵ ਬੈਂਕ ਪੰਜਾਬ ਦੇ ਚੇਅਰਮੈਨ ਜਗਦੇਵ ਸਿੰਘ ਬਾਮ, ਬੀਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਅੰਗਰੇਜ਼ ਸਿੰਘ, ਸੀਨੀਅਰ ਆਗੂ ਦਰਸ਼ਨ ਕਪੂਰ, ਟਰੇਡਜ਼ ਕਮੀਸ਼ਨ ਦੇ ਚੇਅਰਮੈਨ ਕੁਲਵਿੰਦਰ ਸਿੰਘ ਕੰਡਾ, ਬਾਰ ਕੌਂਸਲ ਦੇ ਸੈਕਟਰੀ ਸੌਰਭ ਸ਼ਰਮਾ, ਮਲੋਟ ਸੰਗਠਨ ਇੰਚਾਰਜ ਪਰਮਜੀਤ ਸਿੰਘ, ਬਰੀਵਾਲਾ ਨਗਰ ਪੰਚਾਇਤ ਤੇ ਮੀਤ ਪ੍ਰਧਾਨ ਕੌਂਸਲਰ ਜਥੇਦਾਰ ਬਲਵਿੰਦਰ ਸਿੰਘ ਖਾਲਸਾ ਆਦਿ ਵੱਖ ਵੱਖ ਬੁਲਾਰਿਆਂ ਨੇ ਸੂਬਾ ਸਰਕਾਰ ਦੇ ਚਾਰ ਸਾਲਾਂ ਦੇ ਕੰਮਾਂ 'ਤੇ ਚਰਚਾ ਕੀਤੀ ਅਤੇ ਲੋਕਾਂ ਨੂੰ ਇਸ ਨੂੰ ਘਰ ਘਰ ਪਹੁੰਚਾਉਣ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਸ਼ਹਿਰ ਦੇ ਵੱਡੇ ਵੱਡੇ ਪ੍ਰੋਜੈਕਟਾਂ ਨੂੰ ਪਾਸ ਕਰਵਾਉਣ ਲਈ ਪ੍ਰੋਪਰਟੀ ਡੀਲਰ ਯੂਨੀਅਨ ਦੇ ਆਗੂ ਅਸ਼ੋਕ ਚੁੱਘ ਦੀ ਅਗਵਾਈ ਹੇਠ ਵਿਧਾਇਕ ਕਾਕਾ ਬਰਾੜ ਨੂੰ ਸਨਮਾਨਤ ਕੀਤਾ ਗਿਆ।ਸਟੇਜ ਦੀ ਭੂਮਿਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬਚਿੱਤਰ ਸਿੰਘ ਧਾਲੀਵਾਲ ਵੱਲੋਂ ਬਾਖ਼ੂਬੀ ਨਿਭਾਈ ਗਈ।

# ਸੁਲਤਾਨਪੁਰ ਲੋਧੀ ਦੇ ਵਿਕਾਸ ਕਾਰਜਾਂ ਬਾਰੇ ਸੰਤ ਸੀਚੇਵਾਲ ਵੱਲੋਂ ਅਧਿਕਾਰੀਆਂ ਨਾਲ ਉਚੇਚੀ ਮੀਟਿੰਗ

**ਸੁਲਤਾਨਪੁਰ ਲੋਧੀ (ਧਾਲੀਵਾਲ/ਸੋਨੀਆ/ਪ੍ਰਦੀਪ ਸਿੰਘ)**- ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸੁਲਤਾਨਪੁਰ ਲੋਧੀ ਦੇ ਵਿਕਾਸ ਕਾਰਜਾਂ ਦੀ ਸਮੀਖਿਆ ਕਰਨ ਲਈ ਉਚੇਚੀ ਮੀਟਿੰਗ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਕਿ ਇਤਿਹਾਸਕ ਨਗਰੀ ਵਜੋਂ ਜਾਣੇ ਜਾਂਦੇ ਸੁਲਤਾਨਪੁਰ ਲੋਧੀ ਵਿਚਲੇ ਗੁਰੂ ਘਰਾਂ ਦੇ ਦਰਸ਼ਨਾਂ ਲਈ ਸੰਗਤਾਂ ਵੱਡੀ ਗਿਣਤੀ ਵਿੱਚ ਦੇਸ਼ ਵਿਦੇਸ਼ ਤੋਂ ਆਉਂਦੀਆਂ ਹਨ। ਇਸ ਦੇ ਮੱਦੇਨਜ਼ਰ ਇਹ ਸ਼ਹਿਰ ਸਫ਼ਾਈ ਅਤੇ ਸੁੰਦਰਤਾ ਪੱਖ ਤੋਂ ਮੋਹਰੀ ਹੋਣਾ ਚਾਹੀਦਾ ਹੈ। ਮੀਟਿੰਗ ਵਿੱਚ ਐਸ ਡੀ ਐਮ ਅੰਮ੍ਰਿਤਪਾਲ ਸਿੰਘ, ਡੀ ਐਸ ਪੀ ਧਰੇਂਦਰ ਵਰਮਾ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐਕਸੀਅਨ ਜਤਿੰਦਰ ਸੋਨੀ ਅਤੇ ਕਾਰਜ ਸਾਧਕ ਅਫ਼ਸਰ ਬਲਜੀਤ ਸਿੰਘ ਹਾਜ਼ਰ ਸਨ। ਕੇਂਦਰ ਸਰਕਾਰ ਨੇ ਸਾਲ 2019 ਵਿੱਚ ਸੁਲਤਾਨਪੁਰ ਲੋਧੀ ਸ਼ਹਿਰ ਨੂੰ ਸਮਾਰਟ ਸਿਟੀ ਐਲਾਨਿਆ ਸੀ ਤੇ ਵੱਖ-ਵੱਖ ਵਿਕਾਸ ਕਾਰਜਾਂ 'ਤੇ 240 ਕਰੋੜ ਦੀ ਰਕਮ ਖਰਚ ਕੀਤੀ ਜਾਣੀ ਸੀ। ਇੰਨ੍ਹਾਂ ਪ੍ਰੋਜੈਕਟਾਂ ਵਿੱਚ ਪਵਿੱਤਰ ਕਾਲੀ ਵੇਈਂ ਦੀ ਸਾਫ਼ ਸਫਾਈ ਅਤੇ ਸੁੰਦਰਤਾ 'ਤੇ 46 ਕਰੋੜ ਦੀ ਰਕਮ ਖਰਚੀ ਜਾਣੀ ਸੀ।ਮੀਟਿੰਗ ਦੌਰਾਨ ਸੁਲਤਾਨਪੁਰ ਲੋਧੀ ਸ਼ਹਿਰ ਦੇ ਅੰਦਰੂਨੀ ਹਿੱਸੇ ਦੀ ਪਿਛਲੇ ਤਿੰਨ ਸਾਲ ਤੋਂ ਪੁਟ ਪਟਾਈ ਕੀਤੇ ਜਾਣ ਕਾਰਨ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਸੰਬੰਧੀ ਚਰਚਾ ਕੀਤੀ ਗਈ। ਕਾਰਜ ਸਾਧਕ ਅਫਸਰ ਬਲਜੀਤ ਸਿੰਘ ਨੇ ਭਰੋਸਾ ਦਿੱਤਾ ਕਿ ਆਉਂਦੇ ਕੁਝ ਦਿਨਾਂ ਵਿੱਚ ਹੀ ਸ਼ਹਿਰ ਦੀਆਂ ਅੰਦਰ ਵਾਲੀਆਂ ਸੜਕਾਂ ਦੀ ਮੁਰੰਮਤ ਕਰਵਾ ਦਿੱਤੀ ਜਾਵੇਗੀ।ਸੰਤ ਸੀਚੇਵਾਲ ਨੇ ਡੀ ਐਸ ਪੀ ਧੀਰੇਂਦਰ ਵਰਮਾ ਦੇ ਧਿਆਨ ਵਿੱਚ ਲਿਆਂਦਾ ਕਿ ਸ਼ਹਿਰ ਵਿਚ ਅਪਰਾਧਕ ਵਰਦਾਤਾਂ ਵਧ ਰਹੀਆਂ ਹਨ। ਸੰਗਤ ਗੁਰੂ ਘਰਾਂ ਵਿੱਚ ਮੱਥਾ ਟੇਕਣ ਜਾਂਦੀ ਤਾਂ ਵਾਪਸੀ ਦੌਰਾਨ ਉਨ੍ਹਾਂ ਦੇ ਮੋਟਰ ਸਾਈਕਲ ਚੁੱਕੇ ਜਾਂਦੇ ਹਨ। ਸਮਾਰਟ ਸਿਟੀ ਪ੍ਰੋਜੈਕਟ ਵਿੱਚ ਸਾਰੇ ਸ਼ਹਿਰ ਵਿੱਚ ਸੀਸੀਟੀਵੀ ਕੈਮਰੇ ਵੀ ਲਾਏ ਜਾਣੇ ਸਨ ਤਾਂ ਜੋ ਅਪਰਾਧੀਆਂ 'ਤੇ ਨਜ਼ਰਾਂ ਰੱਖੀਆਂ ਜਾ ਸਕਣ।ਸੰਤ ਸੀਚੇਵਾਲ ਨੇ ਦੱਸਿਆ ਕਿ ਪਵਿੱਤਰ ਵੇਈਂ 'ਤੇ ਸੀਸੀਟੀਵੀ ਕੈਮਰੇ ਜਲਦੀ ਲਗਵਾਏ ਜਾਣਗੇ ਤਾਂ ਜੋ ਅਜਿਹੇ ਅਨਸਰਾਂ 'ਤੇ ਨਜ਼ਰਾਂ ਰੱਖੀਆਂ ਜਾ ਸਕਣ।ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐਕਸੀਅਨ ਦੇ ਧਿਆਨ ਵਿੱਚ ਲਿਆਂਦਾ ਕਿ ਵਿਸਾਖੀ ਦਾ ਤਿਉਹਾਰ ਨੇੜੇ ਆ ਰਿਹਾ ਹੈ। ਪਵਿੱਤਰ ਵੇਈਂ ਵਿੱਚ ਜਿੱਥੋਂ ਜਿੱਥੋਂ ਵੀ ਗੰਦਾ ਪਾਣੀ ਪੈ ਰਿਹਾ ਹੈ ਉਸ ਨੂੰ ਰੋਕਿਆ ਜਾਵੇ।ਅਨਾਜ ਮੰਡੀ ਅਤੇ ਸ਼ਹਿਰ ਵਿੱਚੋਂ ਥਾਂ ਥਾਂ ਤੋਂ ਬਰਸਾਤੀ ਪਾਣੀ ਦੀਆਂ ਬਰਸਾਤੀ ਪਾਇਪਾਂ ਰਾਹੀਂ ਪਵਿੱਤਰ ਵੇਈਂ ਵਿੱਚ ਲਗਾਤਾਰ ਗੰਦਾ ਪਾਣੀ ਆ ਰਿਹਾ ਹੈ। ਇਸ ਗੰਦੇ ਪਾਣੀ ਨੂੰ ਰੋਕਣ ਦੀਆਂ ਹਦਾਇਤਾਂ ਜਾਰੀ ਕਰਦਿਆ ਸੰਤ ਸੀਚੇਵਾਲ ਨੇ ਕਿਹਾ ਕਿ ਵਿਸਾਖੀ ਤੋਂ ਪਹਿਲਾਂ ਗੰਦੇ ਪਾਣੀ ਨੂੰ ਰੋਕਿਆ ਜਾ ਕਿਉਂਕਿ ਸੰਗਤਾਂ ਨੇ ਵੇਈਂ ਵਿੱਚ ਇਸ਼ਨਾਨ ਕਰਨਾ ਹੈ। ਸਾਰੇ ਅਧਿਕਾਰੀਆਂ ਨੂੰ ਨਾਲ ਲੈ ਕੇ ਸੰਤ ਸੀਚੇਵਾਲ ਨੇ ਮੌਕੇ ਪਵਿੱਤਰ ਵੇਈਂ ਕਿਨਾਰੇ ਲਿਜਾ ਕੇ ਸਾਰੀ ਸਥਿਤੀ ਤੋਂ ਜਾਣੂ ਕਰਵਾਇਆ।



● ਸੁਰੱਖਿਆ ਦੇ ਮੱਦੇਨਜ਼ਰ ਪਵਿੱਤਰ ਵੇਈਂ ਕਿਨਾਰੇ ਲੱਗਣਗੇ ਸੀ ਸੀ ਟੀ ਵੀ ਕੈਮਰੇ

# ਟਰੰਪ-ਨੇਤਨਯਾਹੂ ਦੀਆਂ ਨੀਤੀਆਂ ਖ਼ਿਲਾਫ਼ ਰੈਲੀ ਅੱਜ

**ਜਲੰਧਰ** : ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੀ ਪੰਜਾਬ ਰਾਜ ਕਮੇਟੀ ਵੱਲੋਂ ਟਰੰਪ-ਨੇਤਨਯਾਹੂ ਵੱਲੋਂ ਈਰਾਨ ਖ਼ਿਲਾਫ਼ ਵਿੱਢੀ ਨਿਹੱਕੀ ਜੰਗ, ਫਿਰਕੂ-ਫਾਸ਼ੀਵਾਦ, ਨਵਉਦਾਰਵਾਦੀ ਨੀਤੀਆਂ ਖ਼ਿਲਾਫ਼ ਅਤੇ ਸੂਬੇ ਦੀ ਨਿੱਘਰ ਚੁੱਕੀ ਅਵਸਥਾ ਬਾਰੇ 29 ਮਾਰਚ ਨੂੰ ਬਾਅਦ ਦੁਪਹਿਰ 1 ਤੋਂ 3 ਵਜੇ ਤੱਕ, ਅਨਾਜ ਮੰਡੀ ਕਸਬਾ ਜੰਡਿਆਲਾ ਗੁਰੂ, ਅੰਮ੍ਰਿਤਸਰ ਸਾਹਿਬ ਵਿਖੇ ਸੂਬਾਈ ਰੈਲੀ ਕੀਤੀ ਜਾ ਰਹੀ ਹੈ। । ਇਸ ਰੈਲੀ ਦੇ ਮੁੱਖ ਬੁਲਾਰੇ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਹੋਣਗੇ।ਇਹ ਜਾਣਕਾਰੀ ਪਰਗਟ ਸਿੰਘ ਜਾਮਾਰਾਏ, ਸਕੱਤਰ, ਪੰਜਾਬ ਰਾਜ ਕਮੇਟੀ ਵਲੋਂ ਦਿੱਤੀ ਗਈ।

## ਨਾਇਬ ਤਹਿਸੀਲਦਾਰ ਮਨਪ੍ਰੀਤ ਸਿੰਘ ਨੇ ਚਾਰਜ ਸੰਭਾਲਿਆ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਮਨਪ੍ਰੀਤ ਸਿੰਘ ਨੇ ਮੋਰਿੰਡਾ ਵਿਖੇ ਨਾਇਬ ਤਹਿਸੀਲਦਾਰ ਵਜੋਂ ਅਹੁਦੇ ਦਾ ਚਾਰਜ ਸੰਭਾਲ ਲਿਆ। ਮਨਪ੍ਰੀਤ ਸਿੰਘ ਇਸ ਤੋਂ ਪਹਿਲਾਂ ਟਾਂਡਾ ਵਿਖੇ ਨਾਇਬ ਤਹਿਸੀਲਦਾਰ ਵਜੋਂ ਸੇਵਾ ਨਿਭਾਅ ਚੁੱਕੇ ਹਨ। ਇਸ ਮੌਕੇ ਤਹਿਸੀਲਦਾਰ ਸੁਰਿੰਦਰ ਪਾਲ ਸਿੰਘ ਪੰਨੂ, ਅਰਮਨਦੀਪ ਸਿੰਘ ਰੀਡਰ ਜਸਪ੍ਰੀਤ ਸਿੰਘ ਕਲਸੀ, ਕੁਲਵਿੰਦਰ ਸਿੰਘ ਰੀਡਰ ਸਮੇਤ ਸਮੂਹ ਸਟਾਫ ਮੈਂਬਰਾਂ ਨੇ ਮਨਪ੍ਰੀਤ ਸਿੰਘ ਦਾ ਭਰਵਾਂ ਸਵਾਗਤ ਕੀਤਾ। ਇਸ ਮੌਕੇ ਨਾਇਬ ਤਹਿਸੀਲਦਾਰ ਮਨਪ੍ਰੀਤ ਸਿੰਘ ਨੇ ਆਖਿਆ ਕਿ ਉਹ ਤਨਦੇਹੀ ਤੇ ਇਮਾਨਦਾਰੀ ਨਾਲ ਹਲਕੇ ਦੇ ਲੋਕਾਂ ਦੀ ਸੇਵਾ ਕਰਨਗੇ। ਕਿਸੇ ਨੂੰ ਕੋਈ ਕੰਮ ਹੈ ਉਹ ਬਿਨਾਂ ਝਿਜਕ ਮੈਨੂੰ ਦਫ਼ਤਰ ਵਿਖੇ ਖੁਦ ਮਿਲ ਸਕਦੇ ਹਨ । ਕਿਸੇ ਵਿਸ਼ੇਸ਼ ਵਿਅਕਤੀ ਨੂੰ ਨਾਲ ਲਿਆਉਣ ਦੀ ਜ਼ਰੂਰਤ ਨਹੀਂ। ਉਹਨਾਂ ਆਸ ਪ੍ਰਗਟ ਕੀਤੀ ਕਿ ਸਮੂਹ ਇਲਾਕਾ ਨਿਵਾਸੀ ਵੀ ਉਹਨਾਂ ਦਾ ਸਹਿਯੋਗ ਕਰਨਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਬਦੀਪ ਸਿੰਘ ਟੈਕਨੀਕਲ ਸਹਾਇਕ, ਸੁਧਨ ਬਾਂਸਲ ਆਰ ਸੀ, ਅਮਨਦੀਪ ਕੌਰ, ਨਿਰਮਲਾ, ਪ੍ਰਭਜੋਤ ਕੌਰ, ਸਾਧੂ ਸਿੰਘ ਅਤੇ ਸ਼ਿੰਦਰ ਕੌਰ ਆਦਿ ਸਟਾਫ ਮੈਂਬਰ ਹਾਜ਼ਰ ਸਨ।



## ਐੱਲ ਪੀ ਯੂ ਦੇ 'ਚ ਵਿਸ਼ਵ ਰੰਗਮੰਚ ਦਿਵਸ 'ਤੇ 'ਮਰਹਮ'

**ਜਲੰਧਰ (ਸ਼ੈਲੀ ਐਲਬਰਟ)** ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਵਿਖੇ ਥੀਏਟਰ ਅਤੇ ਸੰਗੀਤ ਵਿਭਾਗ ਅਤੇ ਕਲਾ ਅਤੇ ਸੱਭਿਆਚਾਰ ਵਿਭਾਗ ਦੇ ਸਹਿਯੋਗ ਨਾਲ ਵਿਸ਼ਵ ਰੰਗਮੰਚ ਦਿਵਸ ਮਨਾਇਆ ਗਿਆ।ਇਸ ਮੌਕੇ ਥੀਏਟਰ ਅਤੇ ਇਸਦੇ ਬਦਲਦੇ ਮਹੱਤਵ 'ਤੇ ਕੇਂਦ੍ਰਿਤ ਪ੍ਰਦਰਸ਼ਨਾਂ ਅਤੇ ਚਰਚਾਵਾਂ ਹੋਇਆ ਸੀ। ਵਿਦਿਆਰਥੀਆਂ ਨੇ ਪੁਰਸਕਾਰ ਜੇਤੂ ਹਿੰਦੀ ਨਾਟਕ 'ਮਰਹਮ' ਦਾ ਮੰਚਨ ਕੀਤਾ, ਜਿਸਨੇ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ। ਨਾਟਕ ਨੂੰ ਏ ਆਈ ਯੂ ਨੌਰਥ ਜ਼ੋਨ ਵਿੱਚ ਸਭ ਤੋਂ ਵੱਧ ਸਨਮਾਨ ਦਿੱਤਾ ਜਾ ਚੁੱਕਾ ਹੈ। ਇਸ ਮੌਕੇ ਬੋਲਦੇ ਹੋਏ, ਐਲਪੀਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ ਨੇ ਟਿੱਪਣੀ ਕੀਤੀ ਕਿ ਵਿਦਿਆਰਥੀਆਂ ਦੀ ਸਮਰੱਥਾ ਨੂੰ ਸਿਰਫ਼ ਉਦੋਂ ਹੀ ਸਭ ਤੋਂ ਵਧੀਆ ਢੰਗ ਨਾਲ ਵਰਤਿਆ ਜਾਂਦਾ ਹੈ ਜਦੋਂ ਸਹੀ ਪਲੇਟਫਾਰਮ ਪ੍ਰਦਾਨ ਕੀਤਾ ਜਾਂਦਾ ਹੈ। ਡਾ. ਮਿੱਤਲ ਨੇ ਜ਼ੋਰ ਦੇ ਕੇ ਕਿਹਾ ਕਿ ਐਲਪੀਯੂ ਵਿਦਿਆਰਥੀਆਂ ਨੂੰ ਆਪਣੇ ਜਨੂੰਨ ਨੂੰ ਪੂਰੇ ਦਿਲ ਨਾਲ ਅੱਗੇ ਵਧਾਉਣ ਲਈ ਲਗਾਤਾਰ ਉਤਸ਼ਾਹਿਤ ਕਰਦਾ ਹੈ। ਏਆਈਯੂ ਯੂਥ ਫੈਸਟੀਵਲ ਵਰਗੇ ਪਲੇਟਫਾਰਮਾਂ 'ਤੇ ਨਿਰੰਤਰ ਮਾਨਤਾ ਦੇ ਨਾਲ, ਯੂਨੀਵਰਸਿਟੀ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਨੂੰ ਵੱਡੇ ਪਲੇਟਫਾਰਮਾਂ ਤੇ ਵਿਸ਼ਵਾਸ ਨਾਲ ਲਿਜਾਣ ਲਈ ਸ਼ਕਤੀ ਪ੍ਰਦਾਨ ਕਰਦੀ ਹੈ।



## ਜਲੰਧਰ ਦਾ ਨਾਂਅ ਰੌਸ਼ਨ ਕਰਨ ਵਾਲੀ ਹਾਕੀ ਟੀਮ ਦਾ ਸਨਮਾਨ



**ਜਲੰਧਰ (ਸ਼ੈਲੀ ਐਲਬਰਟ)** ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਰੂਪਨਗਰ ਵਿਖੇ ਹੋਈਆਂ ਰਾਜ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਵਿੱਚ ਹਾਕੀ ਵਿੱਚ ਸ਼ਾਨਦਾਰ ਢੰਗ ਨਾਲ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਜ਼ਿਲ੍ਹਾ ਜਲੰਧਰ ਦੀ ਅੰਡਰ-11 ਹਾਕੀ ਟੀਮ ਨੂੰ ਸਨਮਾਨਿਤ ਕੀਤਾ ਗਿਆ।ਡਿਪਟੀ ਕਮਿਸ਼ਨਰ ਨੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਉਨ੍ਹਾਂ ਦੀ ਮਿਹਨਤ, ਲਗਨ ਅਤੇ ਖੇਡ ਪ੍ਰਤੀ ਜਜ਼ਬੇ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਖਿਡਾਰੀਆਂ ਦੀ ਇਸ ਜਿੱਤ ਨੇ ਜ਼ਿਲ੍ਹੇ ਦਾ ਮਾਣ ਵਧਾਇਆ ਹੈ।ਡਿਪਟੀ ਕਮਿਸ਼ਨਰ ਨੇ ਟੀਮ ਦੇ ਕੋਚ ਅਤੇ ਅਧਿਆਪਕਾਂ ਨੂੰ ਵੀ ਇਸ ਸਫ਼ਲਤਾ ਲਈ ਮੁਬਾਰਕਬਾਦ ਦਿੱਤੀ।

## ਮੁਬਾਰਿਕਪੁਰ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਬੱਸ ਰਵਾਨਾ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਅੱਜ ਡੇਰਾਬੱਸੀ ਦੇ ਮੁਬਾਰਿਕਪੁਰ ਤੋਂ ਸ਼ਰਧਾਲੂਆਂ ਦੀ 16ਵੀਂ ਬੱਸ ਨੂੰ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕੇ ਦੇ ਨਿਵਾਸੀ ਅਤੇ ਸ਼ਰਧਾਲੂ ਹਾਜ਼ਰ ਰਹੇ।ਇਸ ਦੌਰਾਨ ਵਿਧਾਇਕ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਇਹ ਯੋਜਨਾ ਬਜ਼ੁਰਗਾਂ ਲਈ ਇਕ ਵੱਡੀ ਸੌਗਾਤ ਹੈ, ਜਿਸ ਨਾਲ ਉਹ ਆਪਣੇ ਮਨਪਸੰਦ ਧਾਰਮਿਕ ਅਸਥਾਨਾਂ ਦੇ ਦਰਸ਼ਨ ਆਸਾਨੀ ਨਾਲ ਕਰ ਸਕਦੇ ਹਨ। ਇਸ ਮੌਕੇ ਸਥਾਨਕ ਆਗੂ, ਵਰਕਰ ਅਤੇ ਇਲਾਕਾ ਵਾਸੀ ਵੀ ਮੌਜੂਦ ਸਨ, ਜਿਨ੍ਹਾਂ ਨੇ ਯਾਤਰਾ ਲਈ ਜਾ ਰਹੇ ਸ਼ਰਧਾਲੂਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ।

# ਰਣਜੀਤ ਸਿੰਘ ਖੁਰਾਣਾ ਕੋਰ ਕਮੇਟੀ ਮੈਂਬਰ ਦੀ ਮਜੀਠੀਆ ਨਾਲ ਗਰਮਜੋਸ਼ੀ ਨਾਲ ਮੁਲਾਕਾਤ

**ਫਗਵਾੜਾ (ਡਾ. ਰਮਨ)**- ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਹਲਕਾ ਫਿਲੌਰ ਦੀ ਗੁਰਾਇਆ ਸਥਿਤ ਦਾਨਾ ਮੰਡੀ ਵਿਖੇ ਆਯੋਜਿਤ 'ਪੰਜਾਬ ਬਚਾਓ' ਰੈਲੀ ਵਿੱਚ ਫਗਵਾੜਾ ਤੋਂ ਪਾਰਟੀ ਦੇ ਸੀਨੀਅਰ ਆਗੂਆਂ ਦਾ ਵੱਡਾ ਜੱਥਾ ਲੈ ਕੇ ਪਹੁੰਚੇ ਹਲਕਾ ਸ਼ਹਿਰੀ ਦੇ ਇੰਚਾਰਜ ਰਣਜੀਤ ਸਿੰਘ ਖੁਰਾਣਾ ਕੋਰ ਕਮੇਟੀ ਮੈਂਬਰ ਅਤੇ ਸਾਬਕਾ ਡਿਪਟੀ ਮੇਅਰ ਫਗਵਾੜਾ ਦੀ ਰੈਲੀ ਦੀ ਸਟੇਜ 'ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਗਰਮਜੋਸ਼ੀ ਨਾਲ ਮੁਲਾਕਾਤ ਹੋਈ। ਇਸ ਦੌਰਾਨ ਖੁਰਾਣਾ ਨੇ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਹਾਜ਼ਰੀ 'ਚ ਰੈਲੀਆਂ ਦੀ ਹੋ ਰਹੀ ਸਫਲਤਾ ਲਈ ਮਜੀਠੀਆ ਨੂੰ ਵਧਾਈ ਦਿੱਤੀ। ਖੁਰਾਣਾ ਨੇ ਦੱਸਿਆ ਕਿ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਮਜੀਠੀਆ ਸਮੇਤ ਸਮੁੱਚੀ ਅਕਾਲੀ ਲੀਡਰਸ਼ਿਪ ਫਿਲੌਰ ਹਲਕੇ 'ਚ ਬਲਦੇਵ ਸਿੰਘ ਖਹਿਰਾ ਹਲਕਾ ਇੰਚਾਰਜ ਫਿਲੌਰ ਦੀ ਅਗਵਾਈ ਹੇਠ ਹੋਈ 'ਪੰਜਾਬ ਬਚਾਓ' ਰੈਲੀ ਦੌਰਾਨ ਠਾਠਾਂ ਮਾਰਦੇ ਪਾਰਟੀ ਵਰਕਰਾਂ ਤੇ ਸਮਰਥਕਾਂ ਦੇ ਸਮੂਹ ਤੋਂ ਬਹੁਤ ਉਤਸ਼ਾਹਤ ਹੈ। ਉਹਨਾਂ ਕਿਹਾ ਕਿ ਵਰਕਰਾਂ ਤੇ ਸਮਰਥਕਾਂ ਦਾ ਉਤਸ਼ਾਹ ਇਸ ਗੱਲ ਦੀ ਤਸਦੀਕ ਕਰਦਾ ਹੈ ਕਿ ਅਗਲੀਆਂ ਵਿਧਾਨਸਭਾ ਚੋਣਾਂ ਤੋਂ ਬਾਅਦ ਪੰਜਾਬ ਵਿੱਚ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ (ਬ) ਦੀ ਸ਼ਾਨਦਾਰ ਵਾਪਸੀ ਹੋਣ ਜਾ ਰਹੀ ਹੈ।



# ਲਾਲੜੂ ਮੰਡੀ 'ਚ ਆਮ ਆਦਮੀ ਕਲੀਨਿਕ ਦਾ ਉਦਘਾਟਨ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਲਾਲੜੂ ਮੰਡੀ ਵਿੱਚ ਪੰਜਾਬ ਸਰਕਾਰ ਵੱਲੋਂ ਸਿਹਤ ਖੇਤਰ ਵਿੱਚ ਇਨਕਲਾਬੀ ਬਦਲਾਅ ਲਿਆਉਣ ਅਤੇ ਲੋਕਾਂ ਨੂੰ ਮੁਫ਼ਤ ਤੇ ਗੁਣਵੱਤਾ ਭਰੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਿਆ ਗਿਆ। ਲਗਭਗ 29.59 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਨਵੇਂ ਆਯੁਸ਼ਮਾਨ ਅਰੋਗਿਆ ਕੇਂਦਰ 'ਆਮ ਆਦਮੀ ਕਲੀਨਿਕ' ਦਾ ਉਦਘਾਟਨ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਕਰਕੇ ਇਸ ਨੂੰ ਇਲਾਕੇ ਦੇ ਲੋਕਾਂ ਨੂੰ ਸਮਰਪਤ ਕੀਤਾ ਗਿਆ।ਇਸ ਮੌਕੇ ਵਿਧਾਇਕ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਲਕਸ਼ ਹਰ ਨਾਗਰਿਕ ਤੱਕ ਸਿਹਤ ਸੇਵਾਵਾਂ ਦੀ ਆਸਾਨ ਪਹੁੰਚ ਯਕੀਨੀ ਬਣਾਉਣਾ ਹੈ। ਉਨ੍ਹਾਂ ਦੱਸਿਆ ਕਿ ਆਮ ਆਦਮੀ ਕਲੀਨਿਕਾਂ ਰਾਹੀਂ ਲੋਕਾਂ ਨੂੰ ਮੁਫ਼ਤ ਚੈੱਕਅੱਪ, ਲੈਬ ਟੈਸਟਾਂ, ਜ਼ਰੂਰੀ ਦਵਾਈਆਂ ਅਤੇ ਡਾਕਟਰੀ ਸਲਾਹ ਦੀ ਸਹੂਲਤ ਇੱਕ ਹੀ ਛੱਤ ਹੇਠ ਦਿੱਤੀ ਜਾ ਰਹੀ ਹੈ, ਜਿਸ ਨਾਲ ਲੋਕਾਂ ਦਾ ਸਮਾਂ ਅਤੇ ਪੈਸਾ ਦੋਵੇਂ ਬਚ ਰਹੇ ਹਨ।ਉਨ੍ਹਾਂ ਦੱਸਿਆ ਕਿ ਰਾਜ ਭਰ ਵਿੱਚ ਆਮ ਆਦਮੀ ਕਲੀਨਿਕਾਂ ਦੀ ਸਥਾਪਨਾ, ਹਸਪਤਾਲਾਂ ਵਿੱਚ ਡਾਕਟਰਾਂ ਅਤੇ ਸਟਾਫ ਦੀ ਭਰਤੀ, ਆਧੁਨਿਕ ਮੈਡੀਕਲ ਸਾਜ਼ੋ-ਸਾਮਾਨ ਦੀ ਉਪਲਬਧਤਾ ਅਤੇ ਮਰੀਜ਼ਾਂ ਲਈ ਮੁਫ਼ਤ ਇਲਾਜ ਦੀਆਂ ਸਹੂਲਤਾਂ ਵਧਾਉਣਾ ਸਰਕਾਰ ਦੀ ਪ੍ਰਾਥਮਿਕਤਾ ਹੈ।ਇਸ ਕਲੀਨਿਕ ਦੇ ਚੱਲਣ ਨਾਲ ਲਾਲੜੂ ਮੰਡੀ ਅਤੇ ਆਸ-ਪਾਸ ਦੇ ਇਲਾਕਿਆਂ ਦੇ ਲੋਕਾਂ ਨੂੰ ਘਰ ਦੇ ਨੇੜੇ ਹੀ ਬਿਹਤਰ ਸਿਹਤ ਸੇਵਾਵਾਂ ਪ੍ਰਾਪਤ ਹੋਣਗੀਆਂ ਅਤੇ ਉਨ੍ਹਾਂ ਨੂੰ ਵੱਡੇ ਹਸਪਤਾਲਾਂ ਵਿੱਚ ਜਾਣ ਦੀ ਲੋੜ ਘੱਟ ਪਵੇਗੀ।ਇਸ ਮੌਕੇ ਆਮ ਆਦਮੀ ਪਾਰਟੀ ਦੀ ਸਮੁੱਚੀ ਟੀਮ, ਸਿਹਤ ਵਿਭਾਗ ਦੇ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਨਿਵਾਸੀ ਹਾਜ਼ਰ ਰਹੇ।



# ਮਾਨ ਸਰਕਾਰ ਨੇ ਸੂਬੇ ਨੂੰ 'ਰੰਗਲਾ ਪੰਜਾਬ' ਬਣਾਉਣ ਲਈ ਲਏ ਇਤਿਹਾਸਕ ਫੈਸਲੇ : ਮਹਿੰਦਰ ਭਗਤ

**ਜਲੰਧਰ (ਸੁਰਿੰਦਰ ਕੁਮਾਰ)** ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ 'ਸ਼ਾਨਦਾਰ ਚਾਰ ਸਾਲ ਭਗਵੰਤ ਮਾਨ ਦੇ ਨਾਲ' ਮੁਹਿੰਮ ਤਹਿਤ ਜਲੰਧਰ ਵਾਸੀਆਂ ਨਾਲ ਸੰਵਾਦ ਦੌਰਾਨ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਦੀਆਂ ਉਮੀਦਾਂ 'ਤੇ ਪੂਰੀ ਤਰ੍ਹਾਂ ਖਰੀ ਉੱਤਰੀ ਹੈ।ਵਾਰਡ ਨੰ. 51 ਵਿਖੇ ਆਪਣਾ ਰਿਪੋਰਟ ਕਾਰਡ ਪੇਸ਼ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬੇ ਦੇ ਲੋਕ ਪੰਜਾਬ ਸਰਕਾਰ ਦੇ ਚਾਰ ਸਾਲਾਂ ਦੇ ਇਮਾਨਦਾਰ, ਪਾਰਦਰਸ਼ੀ ਅਤੇ ਲੋਕ-ਪੱਖੀ ਸ਼ਾਸਨ ਤੋਂ ਬਹੁਤ ਖੁਸ਼ ਹਨ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਨਾ ਸਿਰਫ਼ ਸੂਬੇ ਦੇ ਲੋਕਾਂ ਨਾਲ ਕੀਤੇ ਇਕ-ਇਕ ਵਾਅਦੇ ਨੂੰ ਪੂਰਾ ਕੀਤਾ ਹੈ, ਸਗੋਂ ਸੂਬੇ ਨੂੰ ਵਿਕਾਸ ਦੀਆਂ ਨਵੀਆਂ ਬੁਲੰਦੀਆਂ 'ਤੇ ਲਿਜਾਣ ਲਈ ਇਤਿਹਾਸਕ ਫੈਸਲੇ ਲਏ ਹਨ।ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬੇ ਦੇ 90 ਫ਼ੀਸਦੀ ਪਰਿਵਾਰਾਂ ਨੂੰ 600 ਯੂਨਿਟ ਮੁਫ਼ਤ ਬਿਜਲੀ ਮਿਲ ਰਹੀ ਹੈ। ਕਿਸਾਨਾਂ ਲਈ ਪਹਿਲੀ ਵਾਰ ਦਿਨ ਵੇਲੇ ਬਿਜਲੀ ਅਤੇ ਲੱਖਾਂ ਕਿਸਾਨਾਂ ਦੇ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਇਆ ਗਿਆ ਹੈ। ਸ੍ਰੀ ਭਗਤ ਨੇ ਕਿਹਾ ਕਿ ਸੂਬੇ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਬਣਾਉਣ ਲਈ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਿਆਂ ਖਿਲਾਫ਼ ਵੱਡੇ ਪੱਧਰ 'ਤੇ ਜੰਗ ਵਿੱਢੀ ਗਈ ਹੈ, ਜਿਸ ਤਹਿਤ ਨਸ਼ੇ ਦੇ ਸੌਦਾਗਰਾਂ ਨੂੰ ਜੇਲ੍ਹਾਂ ਦੀਆਂ ਸਲਾਖਾਂ ਪਿੱਛੇ ਭੇਜਿਆ ਗਿਆ ਹੈ। ਇਸ ਤੋਂ ਇਲਾਵਾ ਨਸ਼ੇ ਦੇ ਜੰਜਾਲ ਵਿੱਚ ਫਸ ਚੁੱਕੇ ਨੌਜਵਾਨਾਂ ਦੇ ਮੁੜ ਵਸੇਬੇ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ।

## ਤਾਜੋਵਾਲ ਵਿਖੇ 7 ਸਾਈਡ ਫੁੱਟਬਾਲ ਟੂਰਨਾਮੈਂਟ ਦੂਸਰੇ ਦਿਨ 'ਚ ਦਾਖਲ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਤਾਜੋਵਾਲ ਵਿਖੇ ਨੌਜਵਾਨ ਸਭਾ ਵੱਲੋਂ 7 ਸਾਈਡ ਫੁੱਟਬਾਲ ਟੂਰਨਾਮੈਂਟ ਦੂਸਰੇ ਦਿਨ ਵਿੱਚ ਦਾਖਲ ਹੋ ਗਿਆ। ਨੌਜਵਾਨ ਸਭਾ ਦੇ ਅਹੁਦੇਦਾਰ ਅਮਨਦੀਪ ਸਿੰਘ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਵਿਸ਼ੇਸ਼ ਤੌਰ 'ਤੇ ਦੂਸਰੇ ਦਿਨ ਦੁਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਦੇ ਪ੍ਰਧਾਨ ਬਲਵੀਰ ਸਿੰਘ ਫੁਗਲਾਣਾ, ਜਨਰਲ ਸਕੱਤਰ ਜਗਤਾਰ ਸਿੰਘ ਭੁੰਗਰਨੀ, ਸੁਰਜੀਤ ਸਿੰਘ ਮਸੂਤਾ, ਪਰਮਿੰਦਰ ਸਿੰਘ ਪੋਸੀ ਅਤੇ ਰਾਣਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਹਨਾਂ ਦਾ ਨੌਜਵਾਨ ਸਭਾ ਗੁਰਵਿੰਦਰ ਸਿੰਘ ਗਿੱਲ, ਨੰਬਰਦਾਰ ਪਰਮਜੀਤ ਸਿੰਘ, ਸਾਬਕਾ ਸਰਪੰਚ ਰਾਮ ਕ੍ਰਿਸ਼ਨ, ਕਾ ਸਰਪੰਚ ਅਮਨਦੀਪ, ਖੇਡ ਪ੍ਰੇਮੀ ਇੰਦਰਜੀਤ ਸਿੰਘ, ਮੈਂਬਰ ਪੰਚਾਇਤ ਬਲਬੀਰ ਕੌਰ, ਮੈਂਬਰ ਪੰਚਾਇਤ ਜਸਵਿੰਦਰ ਸਿੰਘ, ਸਾਬਕਾ ਪੰਚ ਸੰਦੀਪ ਕੁਮਾਰ, ਤਰਵਿੰਦਰ ਕੁਮਾਰ, ਸਾਬਕਾ ਸਰਪੰਚ ਮੋਹਨ ਲਾਲ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਸਾਥੀਆਂ ਨੇ ਬੁਡਿਆਲ ਅਤੇ ਰਸੂਲਪੁਰ ਦੋਹਾਂ ਟੀਮਾਂ ਨਾਲ ਜਾਣ ਪਛਾਣ ਕੀਤੀ।ਉਨ੍ਹਾਂ ਇਸ ਮੌਕੇ ਖਿਡਾਰੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਸਿਆਸਤ ਅਤੇ ਧੜੇਬੰਦੀ ਤੋਂ ਉੱਪਰ ਉੱਠ ਕੇ ਖੇਡ ਮੇਲੇ ਕਰਵਾਉਣੇ ਚਾਹੀਦੇ ਹਨ।



# ਮੈਡੀਕਲ ਕਾਲਜਾਂ ਦੀ ਪ੍ਰਗਤੀ ਦੀ ਸਮੀਖਿਆ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਦੀ ਵਧੀਕ ਮੁੱਖ ਸਕੱਤਰ, ਡਾ. ਸੁਮਿਤਾ ਮਿਸ਼ਰਾ ਨੇ ਰਾਜ ਦੇ ਕਈ ਸਰਕਾਰੀ ਮੈਡੀਕਲ ਕਾਲਜਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਅਤੇ ਕੰਮ ਕਰਨ ਵਾਲੀਆਂ ਏਜੰਸੀਆਂ ਨੂੰ ਸਮਾਂ-ਸੀਮਾ ਦੀ ਪਾਲਣਾ ਕਰਨ ਅਤੇ ਅਟਕੇ ਹੋਏ ਕੰਮਾਂ ਵਿੱਚ ਤੇਜ਼ੀ ਲਿਆਉਣ ਦੇ ਸਖ਼ਤ ਨਿਰਦੇਸ਼ ਦਿੱਤੇ।

ਉਨ੍ਹਾਂ ਕਿਹਾ ਕਿ ਰਾਜ ਸਰਕਾਰ ਮੈਡੀਕਲ ਇਨਫ੍ਰਾਸਟਕਚਰ ਦਾ ਵਿਸਥਾਰ ਕਰਨ ਤੇ ਐੱਮ ਬੀ ਬੀ ਐੱਸ ਸੀਟਾਂ ਦੀ ਗਿਣਤੀ ਵਧਾਉਣ ਦੇ ਨਾਲ-ਨਾਲ ਜਨਤਾ ਨੂੰ ਆਸਾਨੀ ਨਾਲ ਉਪਲਬਧ ਤੀਜੇ ਦਰਜੇ ਦੀਆਂ (ਟਰਸ਼ਰੀ) ਸਿਹਤ ਸੇਵਾਵਾਂ ਪ੍ਰਦਾਨ ਕਰਨ ਦੀ ਦਿਸ਼ਾ ਵਿੱਚ ਅੱਗੇ ਵਧ ਰਹੀ ਹੈ।ਡਾ. ਸੁਮਿਤਾ ਮਿਸ਼ਰਾ ਚੰਡੀਗੜ੍ਹ ਵਿੱਚ ਮੈਡੀਕਲ ਸਿੱਖਿਆ ਅਤੇ ਖੋਜ ਨਿਗਰਾਨੀ ਤੇ ਸੁਪਰਵਾਈਜ਼ਰੀ ਕਮੇਟੀ ਦੀ 30ਵੀਂ ਮੀਟਿੰਗ ਦੀ ਪ੍ਰਧਾਨਗੀ ਕਰ ਰਹੀ ਸੀ।

# ਸਾਲਾਨਾ ਇਨਾਮ ਵੰਡ ਸਮਾਗਮ ਯਾਦਗਾਰੀ ਹੋ ਨਿੱਬੜਿਆ



**ਨੰਗਲ ਭਲਾਣ (ਹਰਭਜਨ ਸਿੰਘ ਢਿੱਲੋਂ)** ਤਹਿਸੀਲ ਨੰਗਲ ਦੇ ਨਜ਼ਦੀਕੀ ਪਿੰਡ ਸੁਖਸਾਲ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਸੁਖਸਾਲ ਦੇ ਵਿਹੜੇ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ ਸ਼ਮਸ਼ੇਰ ਸਿੰਘ ਦੀ ਅਗਵਾਈ ਹੇਠ ਸਾਲਾਨਾ ਇਨਾਮ ਵੰਡ ਸਮਾਗਮ ਅਤੇ ਨਤੀਜਾ ਘੋਸ਼ਿਤ ਸਮਾਰੋਹ ਕਰਵਾਇਆ ਗਿਆ।ਇਸ ਮੌਕੇ ਮੁੱਖ ਮਹਿਮਾਨ ਅਨਿਲ ਕੁਮਾਰ ਬਲਾਕ ਸੰਮਤੀ ਮੈਂਬਰ ਸੁਖਸਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਸਮਾਗਮ ਦੀ ਪ੍ਰਧਾਨਗੀ ਰਕੇਸ਼ ਕੁਮਾਰ ਰੌਕੀ ਸਰਪੰਚ ਗ੍ਰਾਮ ਪੰਚਾਇਤ ਸੁਖਸਾਲ ਨੇ ਕੀਤੀ।ਸਕੂਲ ਮੁਖੀ ਅਮਰਜੀਤ ਭੱਲੜੀ ਵੱਲੋਂ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ ਗਈ। ਗੈਸਟ ਆਫ ਆਨਰ ਨੰਬਰਦਾਰ ਵਿਪਨ ਕੁਮਾਰ ਵਲੋਂ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਤਮਾਮ ਸਹੂਲਤਾਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ।ਰਜਨੀ ਬੰਗਾ ਨੇ ਸਰਕਾਰੀ ਸਕੂਲਾਂ ਵਿੱਚ ਚੱਲ ਰਹੇ ਮਿਸ਼ਨ ਸਮਰੱਥ ਬਾਰੇ ਜਾਣਕਾਰੀ ਦਿੱਤੀ। ਮੈਡਮ ਦੀਪਕਾ ਸ਼ਰਮਾ ਨੇ ਐਫ ਐਲ ਐਨ ਅਤੇ ਮੈਗਾ ਪੀ ਟੀ ਐਮ ਉਦੇਸ਼ਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਬੱਚਿਆਂ ਵਲੋਂ ਸੱਭਿਆਚਾਰਕ ਵੰਨਗੀਆਂ ਜਿਵੇਂ ਕੋਰੀਓਗ੍ਰਾਫੀ, ਭਾਸ਼ਣ, ਲੋਕ ਗੀਤ, ਸਕਿੱਟਾਂ ਪੰਜਾਬ ਦਾ ਲੋਕਾ ਨਾਚ ਗਿੱਧਾ ਅਤੇ ਭੰਗੜਾ ਪੇਸ਼ ਕਰ ਕਰਕੇ ਦਰਸ਼ਕਾਂ ਦਾ ਦਿਲ ਜਿੱਤ ਲਿਆ।ਇਸ ਮੌਕੇ ਮੋਹਰਲੀ ਕਤਾਰ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਵਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਮੁੱਖ ਅਧਿਆਪਕ ਅਮਰਜੀਤ ਭੱਲੜੀ,ਦੀਪਿਕਾ ਸ਼ਰਮਾ, ਮੇਘਾ, ਮਮਤਾ ਸ਼ਰਮਾ, ਰਜਨੀ, ਜਸਵਿੰਦਰ ਕੌਰ, ਮੋਨਿਕਾ ਦੇਵੀ, ਕੁਲਵੀਰ ਕੌਰ, ਰਵਿੰਦਰ ਕੌਰ, ਪੂਨਮ ਰਾਣਾ, ਸੀਮਾ ਦੇਵੀ, ਸੁਖਦੇਵ ਸਿੰਘ ਭੱਲੜੀ, ਰਮਾ, ਰਵਿੰਦਰ ਕੁਮਾਰ, ਪਵਨ ਕੁਮਾਰ, ਸੁੱਚਾ ਸਿੰਘ, ਜੋਤੀ, ਅਮੀਰ ਖਾਨ, ਅੰਜਨਾ ਦੇਵੀ, ਵਸੀਰਾ ਅਤੇ ਬੱਚਿਆਂ ਦੇ ਮਾਪੇ ਤੇ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਨਾਮਵਰ ਸ਼ਾਇਰਾ ਪ੍ਰਕਾਸ਼ ਕੌਰ ਸੰਧੂ ਨੂੰ ਪੁਰਸਕਾਰ

**ਕਪੂਰਥਲਾ (ਮਨਜੀਤ ਮਾਨ)**- ਜ਼ਿਲ੍ਹਾ ਕਪੂਰਥਲਾ ਦੀ ਨਾਮਵਰ ਸਾਹਿਤਕ ਸੰਸਥਾ ਸਿਰਜਣਾ ਕੇਂਦਰ (ਰਜਿ.) ਕਪੂਰਥਲਾ ਅਤੇ ਸੰਧੂ ਪਰਵਾਰ ਦੇ ਪਰਸਪਰ ਸਹਿਯੋਗ ਨਾਲ ਮਰਹੂਮ ਸ਼ਾਇਰ ਸੁਰਿੰਦਰ ਪਾਲ ਸਿੰਘ ਸੰਧੂ (ਸੇਵਾ ਮੁਕਤ ਡਿਪਟੀ ਸੈਕਟਰੀ ਪੰਜਾਬ ਸਕੂਲ ਸਿੱਖਿਆ ਬੋਰਡ) ਯਾਦਗਾਰੀ ਦੂਸਰਾ ਸਲਾਨਾ ਸਨਮਾਨ ਇਸ ਵਾਰ ਨਾਮਵਰ ਸ਼ਾਇਰਾ ਅਤੇ ਅਨੁਵਾਦਕ ਪ੍ਰਕਾਸ਼ ਕੌਰ ਸੰਧੂ ਨੂੰ ਦਿੱਤਾ ਜਾ ਰਿਹਾ ਹੈ। ਕੇਂਦਰ ਦੇ ਪ੍ਰਧਾਨ ਕੌਮਾਂਤਰੀ ਸ਼ਾਇਰ ਕੰਵਰ ਇਕਬਾਲ ਸਿੰਘ (ਚੇਅਰਮੈਨ ਆਬਕਾਰੀ ਅਤੇ ਕਰ ਵਿਭਾਗ ਕਪੂਰਥਲਾ) ਤੇ ਜਨਰਲ ਸਕੱਤਰ ਸ਼ਹਿਬਾਜ਼ ਖ਼ਾਨ ਨੇ ਦੱਸਿਆ ਕਿ ਸੇਵਾ ਮੁਕਤ (ਡੀ.ਆਈ.ਜੀ) ਤੇਜਿੰਦਰ ਸਿੰਘ ਮੌੜ ਇਸ ਸਮਾਗਮ ਦੇ ਮੁੱਖ ਮਹਿਮਾਨ ਹੋਣਗੇ ਜਦ ਕਿ ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਕੰਵਰ ਇਕਬਾਲ ਸਿੰਘ, ਗੁਰਤੇਜ ਸਿੰਘ ਰਾਜਾ ਸੰਧੂ, ਸੁਰਜੀਤ ਸਾਜਨ ਅਤੇ ਰੂਪ ਦਬੁਰਜੀ ਸੁਸ਼ੋਭਿਤ ਹੋਣਗੇ। ਜਦ ਕਿ ਕੈਨੇਡਾ ਤੋਂ ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਰਚਾਉਣ ਆਏ ਸੰਧੂ ਪਰਵਾਰ ਵਿੱਚ ਸ਼ਾਮਲ ਉਹਨਾਂ ਦੀ ਪਤਨੀ ਸਰਬਜੀਤ ਕੌਰ ਸੰਧੂ, ਨੂੰਹ ਸੁਖਵਿੰਦਰ ਕੌਰ ਸੰਧੂ, ਪੋਤਰਾ ਆਦੇਸ਼ ਇੰਦਰ ਸਿੰਘ ਸੰਧੂ, ਪੋਤਰਾ ਜਗਤੇਸ਼ਵਰ ਸਿੰਘ ਸੰਧੂ ਤੋਂ ਇਲਾਵਾ ਪਰਵਾਰ ਦੇ ਕਰੀਬੀ ਰਵਿੰਦਰ ਸਿੰਘ ਬੈਂਸ ਕੈਨੇਡਾ, ਹਰਿੰਦਰ ਸਿੰਘ ਬੈਂਸ ਕੈਨੇਡਾ, ਸਮੇਤ ਜਥੇਦਾਰ ਰਣਜੀਤ ਸਿੰਘ ਖੋਜੇਵਾਲ ਆਦਿ ਇਸ ਸਮਾਗਮ ਦੀ ਸ਼ੋਭਾ ਵਧਾਉਣਗੇ। ਉਕਤ ਸਨਮਾਨ 29 ਮਾਰਚ ਨੂੰ ਸਵੇਰੇ ਠੀਕ 10 ਵਜੇ ਕਰਵਾਏ ਜਾ ਰਹੇ ਸਮਾਗਮ ਵਿੱਚ ਸਿਰਜਣਾ ਕੇਂਦਰ ਦੇ ਦਫ਼ਤਰ ਵਿਰਸਾ ਵਿਹਾਰ ਕਪੂਰਥਲਾ ਵਿਖੇ ਦਿੱਤਾ ਜਾਵੇਗਾ। ਇਹ ਜਾਣਕਾਰੀ ਕੇਂਦਰ ਦੇ ਜਨਰਲ ਸਕੱਤਰ ਸ਼ਹਿਬਾਜ਼ ਖਾਨ, ਅਤੇ ਸਹਾਇਕ ਪ੍ਰੈਸ ਸਕੱਤਰ ਰਜਨੀ ਵਾਲੀਆ ਨੇ ਦਿੱਤੀ।



## ਡੀ ਟੀ ਐੱਫ ਪੰਜਾਬ ਤੇ ਡੀ ਐੱਸ ਟੀ ਏ ਹਰਿਆਣਾ ਵੱਲੋਂ 24 ਮਈ ਨੂੰ ਸਾਂਝੀ ਕਨਵੈਨਸ਼ਨ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਪੰਜਾਬ ਅਤੇ ਹਰਿਆਣਾ ਦੀਆਂ ਦੋ ਪ੍ਰਮੁੱਖ ਅਧਿਆਪਕ ਜਥੇਬੰਦੀਆਂ ਡੈਮੋਕ੍ਰੈਟਿਕ ਟੀਚਰਜ਼ ਫਰੰਟ (ਡੀ ਟੀ ਐੱਫ) ਪੰਜਾਬ ਅਤੇ ਡੈਮੋਕ੍ਰੈਟਿਕ ਸਕੂਲ ਟੀਚਰਜ਼ ਐਸੋਸੀਏਸ਼ਨ (ਡੀ ਐੱਸ ਟੀ ਏ) ਹਰਿਆਣਾ ਵੱਲੋਂ ਇੱਕ ਮਹੱਤਵਪੂਰਨ ਮੀਟਿੰਗ ਚੰਡੀਗੜ੍ਹ ਵਿਖੇ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਡੀ.ਟੀ.ਐੱਫ. ਪੰਜਾਬ ਦੇ ਪ੍ਰਧਾਨ ਵਿਕਰਮ ਦੇਵ ਸਿੰਘ ਤੇ ਡੀ ਐੱਸ ਟੀ ਏ ਹਰਿਆਣਾ ਦੇ ਪ੍ਰਧਾਨ ਵਿਜੇਂਦਰ ਮੋਰ ਦੀ ਸਾਂਝੀ ਪ੍ਰਧਾਨਗੀ ਵਿੱਚ ਦੋਵੇਂ ਸੂਬਿਆਂ ਦੇ ਸਕੂਲ ਅਧਿਆਪਕਾਂ ਅਤੇ ਵਿਦਿਅਕ ਸਰੋਕਾਰਾਂ ਨਾਲ ਜੁੜੇ ਸਾਂਝੇ ਮੁੱਦਿਆਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਮੀਟਿੰਗ ਵਿੱਚ ਇੱਕ ਰਾਏ ਨਾਲ ਫੈਸਲਾ ਲਿਆ ਗਿਆ ਕਿ ਦੋਵੇਂ ਜਥੇਬੰਦੀਆਂ ਵੱਲੋਂ ਸਿੱਖਿਆ ਨੀਤੀ, ਅਧਿਆਪਕਾਂ 'ਤੇ ਜਬਰੀ ਥੋਪੀ ਜਾ ਰਹੀ ਟੀ ਈ ਟੀ ਪ੍ਰੀਖਿਆ ਅਤੇ ਪੁਰਾਣੀ ਪੈਨਸ਼ਨ ਦੀ ਬਹਾਲੀ ਵਰਗੇ ਮੁੱਦਿਆਂ 'ਤੇ ਸੰਘਰਸ਼ੀ ਸਾਂਝ ਨੂੰ ਹੋਰ ਮਜਬੂਤ ਕੀਤਾ ਜਾਵੇਗਾ ਅਤੇ ਇਸ ਲਈ ਬਾਕੀ ਸੂਬਿਆਂ ਦੀਆਂ ਅਧਿਆਪਕ ਜਥੇਬੰਦੀਆਂ ਨੂੰ ਵੀ ਲਾਮਬੰਦ ਕਰਨ ਦੇ ਯਤਨ ਕੀਤੇ ਜਾਣਗੇ। ਇਸ ਲੜੀ ਦੀ ਸ਼ੁਰੂਆਤ ਵਜੋਂ 24 ਮਈ ਨੂੰ ਚੰਡੀਗੜ੍ਹ ਵਿਖੇ ਦੋਵੇਂ ਜਥੇਬੰਦੀਆਂ ਦੀ ਸੂਬਾਈ, ਜ਼ਿਲ੍ਹਾ ਅਤੇ ਬਲਾਕ ਲੀਡਰਸ਼ਿਪ ਦੀ ਸਾਂਝੀ ਕਨਵੈਨਸ਼ਨ ਬੁਲਾਈ ਗਈ ਹੈ।



## ਸੀਨੀਅਰ ਪੱਤਰਕਾਰ ਸੋਨੀਆ ਭੋਗਲ ਨੂੰ ਗਹਿਰਾ ਸਦਮਾ, ਮਾਤਾ ਦਾ ਦੇਹਾਂਤ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸੀਨੀਅਰ ਪੱਤਰਕਾਰ ਸੋਨੀਆ ਭੋਗਲ ਨੂੰ ਉਸ ਸਮੇਂ ਬਹੁਤ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਤਾ ਜੀ ਉੱਘੇ ਸਮਾਜ ਸੇਵਕ ਪਰਮਜੀਤ ਕੌਰ ਭੋਗਲ ਅਚਾਨਕ ਸੰਖੇਪ ਬਿਮਾਰ ਹੋਣ 'ਤੇ ਉਨ੍ਹਾਂ ਦੀ ਮੌਤ ਹੋ ਗਈ। ਪਰਮਜੀਤ ਭੋਗਲ ਲੱਗਭੱਗ 66 ਵਰਿਆਂ ਦੇ ਸਨ। ਉਨ੍ਹਾਂ ਦੇ ਰਸਮੀ ਰਿਵਾਜਾਂ ਨਾਲ ਸੰਸਕਾਰ ਕੀਤਾ ਗਿਆ।ਉਹ ਆਪਣੇ ਪਿੱਛੇ ਪਤੀ ਨਰਿੰਦਰ ਭੋਗਲ, ਬੇਟੀ ਸੋਨੀਆ ਭੋਗਲ, ਬੇਟਾ ਪ੍ਰਿੰਸ ਭੋਗਲ ਛੱਡ ਗਏ ਹਨ। ਇਸ ਦੁੱਖ ਦੀ ਘੜੀ ਵਿੱਚ, ਵੱਖ ਵੱਖ ਸਮਾਜ ਸੇਵਕ ਜਥੇਬੰਦੀਆਂ ਦੇ ਆਗੂਆਂ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੰਤੋਖ ਸਿੰਘ ਸੰਧੂ, ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹੰਸ ਰਾਜ ਪੱਬਵਾਂ, ਗੁਰਕਮਲ ਸਿੰਘ, ਪ੍ਰੇਮ ਲਾਲ ਜੋਸ਼ੀ, ਵਿਨੋਦ ਕੁਮਾਰ ਜੱਸਲ, ਮੱਖਣ ਸਿੰਘ ਜੌਹਲ ਅਤੇ ਪੱਤਰਕਾਰਾਂ ਨੇ ਭੋਗਲ ਪਰਵਾਰ ਨਾਲ ਡੂੰਘੇ ਦੁੱਖ ਨਾਲ ਪ੍ਰਗਟਾਵਾ ਕੀਤਾ। ਸਵ. ਪਰਮਜੀਤ ਭੋਗਲ ਦੀ ਅੰਤਿਮ ਅਰਦਾਸ ਸੱਤਵੀਂ ਪਾਤਸ਼ਾਹੀ ਸ੍ਰੀ ਗੁਰਦੁਆਰਾ ਸਾਹਿਬ ਵਿਖੇ 12 ਤੋਂ 1 ਵਜੇ ਤੱਕ ਹੋਵੇਗੀ। ਆਪ ਸਭ ਨੂੰ ਅਰਦਾਸ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।



# ਬੰਗਾ ਬੇਟ ਵਿਖੇ ਮੈਡੀਕਲ ਕੈਂਪ ਲਗਾਇਆ



**ਬਲਾਚੌਰ/ ਪੋਜੇਵਾਲ (ਜਸਵਿੰਦਰ ਬੈਂਸ/ ਰਾਮ ਲਾਲ)**- ਪਿੰਡ ਬੰਗਾ ਬੇਟ ਵਿਖੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਵੈਲਫੇਅਰ ਕਮੇਟੀ ਰਜਿ. ਵੱਲੋਂ ਮਾਨਵਤਾ ਦੀ ਸੇਵਾ ਨੂੰ ਸਮਰਪਿਤ ਇੱਕ ਵਿਸ਼ਾਲ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਵਿਖੇ ਲਗਾਏ ਗਏ ਇਸ ਕੈਂਪ ਵਿੱਚ ਹੈਲਥ ਕੇਅਰ ਹਰਬਜ਼ ਰੋਪੜ ਦੀ ਮਾਹਰ ਟੀਮ ਨੇ ਵਿਸ਼ੇਸ਼ ਸਹਿਯੋਗ ਦਿੱਤਾ।ਇਸ ਕੈਂਪ ਦੌਰਾਨ ਮਾਹਰ ਡਾਕਟਰਾਂ ਵੱਲੋਂ ਅੱਖਾਂ, ਕੰਨਾਂ, ਗੋਡਿਆਂ ਦੇ ਦਰਦ, ਡਿਸਕ ਅਤੇ ਸਰਵਾਈਕਲ ਵਰਗੀਆਂ ਗੰਭੀਰ ਬਿਮਾਰੀਆਂ ਦਾ ਬਿਲਕੁੱਲ ਮੁਫ਼ਤ ਚੈੱਕਅਪ ਤੇ ਇਲਾਜ ਕੀਤਾ ਗਿਆ। ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਵੀ ਮੁਫ਼ਤ ਮੁਹੱਈਆ ਕਰਵਾਈਆਂ ਗਈਆਂ। ਕੈਂਪ ਦੌਰਾਨ ਲਗਭਗ 150 ਮਰੀਜ਼ਾਂ ਨੇ ਆਪਣੀ ਸਿਹਤ ਦੀ ਜਾਂਚ ਕਰਵਾਈ ।ਕਮੇਟੀ ਪ੍ਰਧਾਨ ਸ਼ਿੰਗਾਰਾ ਰਾਮ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਵੀ ਪਿੰਡ ਅਤੇ ਇਲਾਕਾ ਨਿਵਾਸੀਆਂ ਲਈ ਅਜਿਹੇ ਉਪਰਾਲੇ ਜਾਰੀ ਰਹਿਣਗੇ। ਇਸ ਮੌਕੇ ਸਮੁੱਚੀ ਕਮੇਟੀ ਵੱਲੋਂ ਰੋਪੜ ਤੋਂ ਆਈ ਮੈਡੀਕਲ ਟੀਮ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਕਮੇਟੀ ਪ੍ਰਧਾਨ ਸ਼ਿੰਗਾਰਾ ਰਾਮ, ਕੁਲਵੰਤ ਸਿੰਘ, ਕਲੱਬ ਸੈਕਟਰੀ ਮੋਹੀ ਲੋਚਨ ਲਖਵੀਰ, ਵਿਜੇ ਕੁਮਾਰ, ਪਰਮਜੀਤ, ਗੁਰਮੁਖ ਰਾਮ ਅਤੇ ਬਲਕਾਰ ਸਿੰਘ ਸਮੇਤ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਸ੍ਰੀ ਹਨੂੰਮਤ ਇੰਸਟੀਟਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਵਿਖੇ ਆਰੋਹਣ 2026 ਮਨਾਇਆ

**ਗੁਰਾਇਆ (ਬਿੰਦਰ ਸੁਮਨ)**- ਸ੍ਰੀ ਹਨੂੰਮਤ ਇੰਸਟੀਟਿਊਟ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ (ਐੱਸਐੱਚਆਈਐੱਮਟੀ) ਦਾ ਕੈਂਪਸ ਜੀਵੰਤ ਰੰਗਾਂ, ਸੰਗੀਤ ਅਤੇ ਖੁਸ਼ੀ ਨਾਲ ਜੀਵੰਤ ਹੋ ਗਿਆ ਜਦੋਂ ਸੰਸਥਾ ਨੇ 27 ਮਾਰਚ ਨੂੰ ਆਪਣਾ ਬਹੁ-ਉਡੀਕਿਆ ਜਾ ਰਿਹਾ ਸਲਾਨਾ ਦਿਵਸ ਆਰੋਹਣ 2026 ਮਨਾਇਆ। ਇਸ ਸਮਾਗਮ ਵਿੱਚ ਚੇਅਰਮੈਨ ਅਤੇ ਰਾਸ਼ਟਰਪਤੀ ਦੀ ਸਤਿਕਾਰਯੋਗ ਮਾਤਾ ਸ੍ਰੀਮਤੀ ਸ਼ਾਂਤੀ ਦੇਵੀ ਗੁਪਤਾ ਦੇ ਬ੍ਰਹਮ ਅਸ਼ੀਰਵਾਦ ਨਾਲ ਸ਼ਿੰਗਾਰਿਆ ਗਿਆ। ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ, ਫੈਕਲਟੀ, ਮਾਪਿਆਂ ਅਤੇ ਉੱਘੇ ਮਹਿਮਾਨਾਂ ਦਾ ਇੱਕ ਵੱਡਾ ਇਕੱਠ ਹੋਇਆ, ਜੋ 'ਜੜ੍ਹਾਂ ਤੋਂ ਗਲੋਬਲ ਸਟੇਜ ਤੱਕ' ਵਿਸ਼ੇ 'ਤੇ ਅਧਾਰਤ ਪ੍ਰਤਿਭਾ, ਸਿਰਜਣਾਤਮਕਤਾ ਅਤੇ ਸੱਭਿਆਚਾਰਕ ਅਮੀਰੀ ਦੇ ਸ਼ਾਨਦਾਰ ਪ੍ਰਦਰਸ਼ਨ ਨੂੰ ਦੇਖਣ ਲਈ ਉਤਸੁਕ ਸਨ।ਸਮਾਰੋਹ ਦਾ ਰਸਮੀ ਉਦਘਾਟਨ ਚੇਅਰਮੈਨ ਗਰੀਸ਼ ਗੁਪਤਾ (ਮੁੱਖ ਮਹਿਮਾਨ) ਪ੍ਰਧਾਨ ਨਰੇਸ਼ ਗੁਪਤਾ ਅਤੇ ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ ਕੰਗ ਸਮੇਤ ਯੋਗ ਪ੍ਰਬੰਧਕਾਂ ਵੱਲੋਂ ਦੀਪ ਜਗਾ ਕੇ ਕੀਤਾ ਗਿਆ।ਇਸ ਸਮਾਗਮ ਵਿੱਚ ਡਾ. ਦੇਵਿੰਦਰ ਕੁਮਾਰ, ਪ੍ਰੋਫੈਸਰ ਐਮੀਰੇਟਸ ਅਤੇ ਹੋਰ ਉੱਘੇ ਮਹਿਮਾਨ ਵੀ ਮੌਜੂਦ ਸਨ। ਡਾ. ਦੇਵਿੰਦਰ ਕੁਮਾਰ ਨੇ ਵਿਦਿਆਰਥੀਆਂ ਨੂੰ ਅਜਿਹੇ ਪਲੇਟਫਾਰਮਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ। ਪ੍ਰਧਾਨ ਨਰੇਸ਼ ਗੁਪਤਾ ਨੇ ਵਿਦਿਆਰਥੀਆਂ ਦੀ ਸਮੁੱਚੀ ਸ਼ਖਸੀਅਤ ਨੂੰ ਰੂਪ ਦੇਣ ਵਿੱਚ ਅਜਿਹੇ ਸਮਾਗਮਾਂ ਦੇ ਮਹੱਤਵ 'ਤੇ ਚਾਨਣਾ ਪਾਇਆ। ਸੰਸਥਾ ਦੀ ਸਲਾਨਾ ਰਿਪੋਰਟ ਮਾਣਯੋਗ ਪ੍ਰਿੰਸੀਪਲ ਡਾ. ਪਲਵਿੰਦਰ ਕੁਮਾਰ ਵੱਲੋਂ ਪੇਸ਼ ਕੀਤੀ ਗਈ।

ਪ੍ਰੋਗਰਾਮ ਦੀ ਸ਼ੁਰੂਆਤ ਇੱਕ ਰਵਾਇਤੀ ਉਦਘਾਟਨ ਨਾਲ ਹੋਈ, ਜਿਸ ਵਿੱਚ ਸ਼ਾਮ ਲਈ ਇੱਕ ਸੁੰਦਰ ਧੁਨ ਸਥਾਪਤ ਕੀਤੀ ਗਈ, ਜਿਸ ਤੋਂ ਬਾਅਦ ਮੰਚ ਪ੍ਰਦਰਸ਼ਨ ਦੇ ਇੱਕ ਜੀਵੰਤ ਮੰਚ ਵਿੱਚ ਬਦਲ ਗਿਆ। ਵਿਦਿਆਰਥੀਆਂ ਨੇ ਗਿੱਧਾ ਅਤੇ ਭੰਗੜਾ ਪੇਸ਼ਕਾਰੀਆਂ ਰਾਹੀਂ ਭਾਰਤੀ ਸੱਭਿਆਚਾਰ ਦੀ ਅਮੀਰੀ ਦਾ ਪ੍ਰਦਰਸ਼ਨ ਕੀਤਾ। ਫੈਸ਼ਨ ਡਿਜ਼ਾਈਨਿੰਗ ਵਿਭਾਗ ਨੇ ਇੱਕ ਮਨਮੋਹਕ ਫੈਸ਼ਨ ਸ਼ੋਅ ਪੇਸ਼ ਕੀਤਾ, ਜਦੋਂ ਕਿ ਮਾਡਲਿੰਗ ਸ਼ੋਅਕੇਸ ਨੇ ਵਿਦਿਆਰਥੀਆਂ ਦੇ ਵਿਸ਼ਵਾਸ ਅਤੇ ਪ੍ਰਤਿਭਾ ਨੂੰ ਉਜਾਗਰ ਕੀਤਾ। ਸਮਾਗਮ ਦਾ ਇੱਕ ਵਿਸ਼ੇਸ਼ ਆਕਰਸ਼ਣ ਆਜ਼ਾਦ ਰੰਗ ਮੰਚ, ਨਾਨਕ ਦੁਆਰਾ ਪੇਸ਼ ਕੀਤੀ ਗਈ ਸ਼ਕਤੀਸ਼ਾਲੀ ਨਾਟਕੀ ਪੇਸ਼ਕਾਰੀ ਸੀ।



# ਜਸਵਿੰਦਰ ਸਿੰਘ ਜੱਸੀ ਨੂੰ ਮਿਲੇਗਾ ਪ੍ਰਿੰਸੀਪਲ ਸੁਜਾਨ ਸਿੰਘ ਪੁਰਸਕਾਰ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਦੋਆਬਾ ਸਾਹਿਤ ਸਭਾ (ਰਜਿ.) ਗੜ੍ਹਸ਼ੰਕਰ ਦੀ ਮਾਸਿਕ ਇਕੱਤਰਤਾ ਸਭਾ ਦੇ ਪ੍ਰਧਾਨ ਪ੍ਰਿੰਸੀਪਲ ਬਿੱਕਰ ਸਿੰਘ ਦੀ ਅਗਵਾਈ ਹੇਠ ਸਭਾ ਦੇ ਦਫ਼ਤਰ ਮੇਜਰ ਸਿੰਘ ਮੌਜੀ ਯਾਦਗਾਰੀ ਲਾਇਬ੍ਰੇਰੀ ਗਾਂਧੀ ਪਾਰਕ ਗੜ੍ਹਸ਼ੰਕਰ ਵਿਖੇ ਹੋਈ। ਇਕੱਤਰਤਾ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਸਭਾ ਦੇ ਜਨਰਲ ਸਕੱਤਰ ਪਵਨ ਕੁਮਾਰ ਭੰਮੀਆਂ ਨੇ ਦੱਸਿਆ ਕਿ ਮੀਟਿੰਗ ਵਿੱਚ ਸਭਾ ਦੇ ਸਾਲਾਨਾ ਸਮਾਗਮ ਸੰਬੰਧੀ ਵਿਚਾਰ ਕਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਕਿ ਸਭਾ ਦਾ ਸਾਲਾਨਾ ਸਮਾਗਮ 29 ਮਾਰਚ ਦਿਨ ਐਤਵਾਰ ਨੂੰ ਇਲਾਕੇ ਦੀ ਸਿਰਮੌਰ ਸੰਸਥਾ ਬੱਬਰ ਅਕਾਲੀ ਮੈਮੋਰੀਅਲ ਕਾਲਜ ਗੜ੍ਹਸ਼ੰਕਰ ਵਿਖੇ ਕਰਵਾਇਆ ਜਾਵੇਗਾ।ਇਸ ਵਾਰ ਸਭਾ ਵੱਲੋਂ ਦਿੱਤਾ ਜਾਣ ਵਾਲਾ ਮੇਜਰ ਸਿੰਘ ਮੌਜੀ ਪੁਰਸਕਾਰ ਉੱਘੇ ਸਾਹਿਤਕਾਰ ਅਤੇ ਗੀਤਕਾਰ ਅਮਰੀਕ ਹਮਰਾਜ ਨੂੰ ਦੇਣ ਦਾ ਫੈਸਲਾ ਕੀਤਾ ਗਿਆ।ਪ੍ਰਿੰਸੀਪਲ ਸੁਜਾਨ ਸਿੰਘ ਪੁਰਸਕਾਰ ਲੈਕਚਰਾਰ ਜਸਵਿੰਦਰ ਸਿੰਘ ਜੱਸੀ ਨੂੰ, ਉਲਫ਼ਤ ਬਾਜਵਾ ਪੁਰਸਕਾਰ ਗੁਰਦੀਪ ਸੈਨੀ ਨੂੰ ਅਤੇ ਸਭਾ ਦੇ ਮੈਂਬਰਾਂ 'ਚੋਂ ਉਤਸ਼ਾਹਿਤ ਵਿਸ਼ੇਸ਼ ਸਨਮਾਨ ਸਭਾ ਦੇ ਸੀਨੀਅਰ ਮੈਂਬਰ ਅਤੇ ਲੇਖਕ ਸਰਵਣ ਸਿੱਧੂ ਨੂੰ ਦੇਣ ਦਾ ਫੈਸਲਾ ਕੀਤਾ ਗਿਆ।

# ਬੇਲਾ ਕਾਲਜ 'ਚ ਸਾਲਾਨਾ ਖੇਡ ਮੇਲਾ ਕਰਵਾਇਆ

**ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**- ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦਾ ਸਾਲਾਨਾ ਖੇਡ ਮੇਲਾ ਕਰਵਾਇਆ ਗਿਆ। ਮੇਲੇ ਦੌਰਾਨ ਕਾਲਜ ਕਮੇਟੀ ਦੇ ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕਾਲਜ ਦੇ ਅੰਤਰਰਾਸ਼ਟਰੀ ਪੱਧਰ 'ਤੇ ਸੋਨੇ ਦੇ ਤਮਗੇ ਜਿੱਤਣ ਵਾਲੇ ਵਿਦਿਆਰਥੀਆਂ ਵੱਲੋਂ ਖੇਡ ਮਸ਼ਾਲ ਰੋਸ਼ਨ ਕੀਤੀ । ਵਿਸਕੀ ਨੇ ਖਿਡਾਰੀਆਂ ਨੂੰ ਇਮਾਨਦਾਰੀ ਅਤੇ ਖੇਡ ਭਾਵਨਾ ਨਾਲ ਖੇਡਣ ਲਈ ਪ੍ਰੇਰਿਤ ਕੀਤਾ। ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਵੱਲੋਂ ਮੁੱਖ-ਮਹਿਮਾਨ ਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਖੇਡ ਮੇਲੇ ਦੇ ਦੂਜੇ ਪੜਾਅ ਵਿੱਚ ਕਾਲਜ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ, ਸਕੱਤਰ ਜਗਵਿੰਦਰ ਸਿੰਘ ਪੰਮੀ ਅਤੇ ਮੈਂਬਰ ਗੁਰਮੇਲ ਸਿੰਘ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਜੇਤੂਆਂ ਨੂੰ ਇਨਾਮ ਵੰਡੇ। ਡਾ. ਮਮਤਾ ਅਰੋੜਾ ਨੇ ਦੱਸਿਆ ਕਿ ਖੇਡਾਂ ਦੌਰਾਨ ਲੜਕਿਆਂ ਅਤੇ ਲੜਕੀਆਂ ਵੱਲੋਂ 100 ਮੀਟਰ, 200 ਮੀਟਰ, 400 ਮੀਟਰ ਅਤੇ 800 ਮੀਟਰ ਦੌੜਾਂ, ਲੰਬੀ ਛਾਲ, ਟ੍ਰਿਪਲ- ਜੰਪ, ਡਿਸਕਸ-ਥ੍ਰੋ, ਹੈਮਰ ਥ੍ਰੋ, ਸ਼ਾਟ-ਪੁੱਟ ਅਤੇ ਨਿੰਬੂ -ਚਮਚਾ, ਤਿੰਨ ਟੰਗੀ ਦੌੜ ਵਰਗੇ ਮੁਕਾਬਲੇ ਕਰਵਾਏ ਗਏ । ਰੱਸਾਕਸ਼ੀ (ਲੜਕੇ) ਕੰਪਿਊਟਰ ਵਿਭਾਗ ਨੇ ਪਹਿਲਾ , ਕਾਮਰਸ ਵਿਭਾਗ (ਲੜਕੇ) ਨੇ ਦੂਜਾ, ਰੱਸਾਕਸ਼ੀ (ਲੜਕੀਆਂ) ਕਾਮਰਸ ਵਿਭਾਗ ਪਹਿਲਾ ਅਤੇ ਹਿਊਮੈਨਟੀਜ਼ ਵਿਭਾਗ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਬੈਸਟ ਐਥਲੀਟ ਦਮਨਪ੍ਰੀਤ ਕੌਰ ਅਤੇ ਲਕਸ਼ਪ੍ਰੀਤ ਸਿੰਘ ਨੂੰ ਚੁਣਿਆ ਗਿਆ। ਇਹ ਮੌਕੇ ਲੈਫਟੀਨੈਂਟ ਪ੍ਰਿਤਪਾਲ ਸਿੰਘ, ਪ੍ਰੋ. ਅਮਰਜੀਤ ਸਿੰਘ,ਪ੍ਰੋ. ਹਰਲੀਨ ਕੌਰ, ਪ੍ਰੋ.ਇਸ਼ੂ ਬਾਲਾ ਅਤੇ ਡਾ. ਪਰਵਿੰਦਰ ਕੌਰ ਆਦਿ ਹਾਜ਼ਰ ਸਨ।


**ਵਰ੍ਹੇਗੰਢ ਮੁਬਾਰਕ**



ਹਰਜਿੰਦਰ ਸਿੰਘ ਰੰਧਾਵਾ ਅਤੇ ਪਰਮਜੀਤ ਕੌਰ ਰੰਧਾਵਾ ਨੇ ਆਪਣੇ ਵਿਆਹ ਦੀ 25ਵੀਂ ਵਰ੍ਹੇਗੰਢ ਮਨਾਈ।


# ਖ਼ਾਨਪੁਰ ਢੱਡਾ 'ਚ ਕਬੱਡੀ ਟੂਰਨਾਮੈਂਟ ਕਰਵਾਇਆ

**ਨਕੋਦਰ (ਮਨਜੀਤ ਮਾਨ)** ਤਹਿਸੀਲ ਨਕੋਦਰ ਅਧੀਨ ਪੈਂਦੇ ਪਿੰਡ ਖ਼ਾਨਪੁਰ ਢੱਡਾ ਵਿਖੇ ਬਾਬਾ ਰਿੱਖੀ ਜੀ ਦੇ ਅਸਥਾਨ 'ਤੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੇਮਜੀਤ ਕੰਡਾ, ਭੁਵਨੇਸ਼ ਕੰਡਾ, ਬਲਰਾਜ ਕੰਡਾ, ਭੁਪਿੰਦਰ ਕੰਡਾ, ਜ਼ਹਿਨ ਕੰਡਾ, ਲਵਨੇਸ਼ ਕੰਡਾ, ਮਾਨਵ ਕੰਡਾ, ਬਰਤ ਕੰਡਾ ਤੇ ਸ਼ਕਤੀ ਸਿੰਘ ਲਾਡਾ ਮਾਲਿਕ ਦੁਬਈ ਜਿਊਲਰਜ਼ ਜਲੰਧਰ ਦੀ ਰਹਿਨੁਮਾਈ ਹੇਠ ਕਬੱਡੀ ਟੂਰਨਾਮੈਂਟ ਪਿੰਡ ਸਮੂਹ ਗ੍ਰਾਮ ਪੰਚਾਇਤ ਤੇ ਐਨ ਆਰ ਆਈਜ਼ ਦੇ ਸਹਿਯੋਗ ਨਾਲ ਕਰਵਾਇਆ ਗਿਆ ਇਸ ਟੂਰਨਾਮੈਂਟ ਵਿੱਚ ਮੁੱਖ ਮਹਿਮਾਨ ਵਜੋਂ ਬੀਬੀ ਇੰਦਰਜੀਤ ਕੌਰ ਮਾਨ ਹਲਕਾ ਵਿਧਾਇਕਾ ਨਕੋਦਰ ਨੇ ਸ਼ਿਰਕਤ ਕੀਤੀ ਤੇ ਟੂਰਨਾਮੈਂਟ ਨੂੰ ਸਫ਼ਲ ਬਣਾਉਣ ਤੇ ਪ੍ਰਬੰਧਕ ਕਮੇਟੀ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਭਗਵੰਤ ਸਿੰਘ ਮਾਨ ਦਾ ਸੁਪਨਾ ਹੈ ਕਿ ਸੂਬੇ ਅੰਦਰ ਖੇਡਾਂ ਨੂੰ ਪ੍ਰਫੁੱਲਿਤ ਕੀਤਾ ਜਾਵੇ ਤੇ ਫਿਰ ਇੱਕ ਨਵੇਂ ਪੰਜਾਬ ਦੀ ਸਿਰਜਣਾ ਹੋ ਸਕੇ। ਇਸ ਮੌਕੇ ਕਬੱਡੀ ਓਪਨ 'ਚ ਪਹਿਲਾ ਇਨਾਮ ਸਾਦਿਕਪੁਰ ਨੇ ਪਹਿਲਾ ਤੇ ਮੱਲ੍ਹੀਆਂ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਕਬੱਡੀ 75 ਕਿਲੋ ਭਾਰ ਵਰਗ 'ਚ ਖ਼ਾਨਪੁਰ ਢੱਡਾ ਨੇ ਪਹਿਲਾ ਤੇ ਪਿੰਡ ਕੁਲਾਰ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਰੈਫਰੀ ਦੀ ਜ਼ਿੰਮੇਵਾਰੀ ਪ੍ਰਸਿੱਧ ਸਾਬਕਾ ਕਬੱਡੀ ਖਿਡਾਰੀ ਬਲਦੇਵ ਚਾਚਾ ਲੱਖਨਕੇ ਪੱਡਾ, ਅਮਨ ਮਲਸੀਆਂ, ਮੰਗਾ ਬਿੱਲੀ ਭੁੱਲਰ, ਪਰਮਿੰਦਰ ਸੰਮੀਪੁਰ ਤੇ ਸਕੋਰਰ ਕਾਲਾ ਅੱਟਾ ਵਾਲਿਆਂ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਮਨੀ ਮੱਲ੍ਹੀਆਂ ਨੂੰ ਬੈਸਟ ਜਾਫੀ ਤੇ ਰਾਂਝਾ ਨੂੰ ਬੈਸਟ ਰੇਡਰ ਐਲਾਨਿਆ ਗਿਆ। ਇਸ ਮੌਕੇ ਤੇ ਸੀਨੀਅਰ ਆਪ ਆਗੂ ਦਰਸ਼ਨ ਸਿੰਘ ਟਾਹਲੀ, ਵਿਕਰਮ ਸਿੰਘ ਪਾਸੀਂ ਯੂ ਐਸ ਏ, ਮੀਕਾ ਸਿੱਧੂ ਯੂਕੇ, ਸ਼ਕਤੀ ਸਿੰਘ ਲਾਡਾ, ਸੁੱਖਾ ਸਿੰਘ ਸੇਵਾ ਮੁਕਤ ਐਸ ਐਚ ਓ, ਇਕਵੀਰ ਸਿੰਘ ਲੰਬੜ, ਬੱਲੀ ਗਿੱਲ, ਅਮਿਤ ਸ਼ਰਮਾ, ਮਨਦੀਪ ਸਿੰਘ ਲੰਬੜ, ਦੇਬੀ ਲੰਬੜ, ਜੀਤ ਗਿੱਲ, ਹਰਭਜਨ ਸਿੰਘ ਗਿੱਲ ਖ਼ਾਨਪੁਰ ਢੱਡਾ,ਬਿੰਦਾ ਗਿੱਲ, ਬਲਵਿੰਦਰ ਸਿੰਘ ਪੰਚ, ਨਿਰਮਲ ਪੰਚ, ਗੁਰਮੀਤ ਮੰਗੂ, ਪਲਵਿੰਦਰ ਪਨੇਸਰ, ਅੰਗਰੇਜ਼ ਸਿੰਘ, ਜਸਵਿੰਦਰ ਸਿੰਘ ਪੰਚ, ਸੇਵਾ ਚਾਹਲ, ਹਰਜੀਤ ਸਿੰਘ ਗਿੱਲ ਖ਼ਾਨਪੁਰ ਢੱਡਾ, ਆਤਮਾ ਸਿੰਘ ਨੂਰਪੁਰ ਚੱਠਾ,ਮਾਸਟਰ ਸਵਰਨ ਸਿੰਘ ਸਿਹਾਰੀ ਵਾਲ, ਕਰਮ ਸਿੰਘ, ਕੁਲਦੀਪ ਸਿੰਘ ਕਾਗਣਾ, ਧਰਮ ਪਾਲ ਸਾਬਕਾ ਸਰਪੰਚ ਗੋਹੀਰ ਤੋਂ ਇਲਾਵਾ ਹੋਰ ਵੱਖ ਵੱਖ ਸ਼ਖ਼ਸੀਅਤਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।



# ਧਰਮ ਪ੍ਰਚਾਰ ਲਈ ਵਧਾਇਆ ਜਾਵੇ ਫੰਡ : ਵਡਾਲਾ

**ਨੂਰਮਹਿਲ, ਨਕੋਦਰ (ਬਾਲ ਕ੍ਰਿਸ਼ਨ ਬਾਲੀ, ਮਨਜੀਤ ਮਾਨ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੀਤੇ ਦਿਨੀ ਪੇਸ਼ ਕੀਤੇ ਜਾ ਰਹੇ ਬਜਟ ਵਿੱਚ ਧਰਮ ਪ੍ਰਚਾਰ ਲਈ ਰੱਖਿਆ ਜਾਂਦਾ ਬਜਟ ਵਧਾਇਆ ਜਾਣਾ ਚਾਹੀਦਾ ਹੈ ਤਾਂ ਜੋ ਸਰਹੱਦੀ ਖੇਤਰ ਵਿੱਚ ਹੋ ਰਹੇ ਧਰਮ ਪਰਿਵਰਤਨ ਨੂੰ ਠੱਲ ਪਾਈ ਜਾ ਸਕੇ।ਇਹਨਾਂ ਗੱਲਾਂ ਦਾ ਪ੍ਰਗਟਾਵਾ ਗੁਰਪ੍ਰਤਾਪ ਸਿੰਘ ਵਡਾਲਾ ਨੇ ਇਕ ਪ੍ਰੈੱਸ ਬਿਆਨ ਵਿੱਚ ਕੀਤਾ।ਉਹਨਾਂ ਨੇ ਕਿਹਾ ਕਿ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਹੁੰਦਿਆਂ ਕਹਿ ਚੁੱਕੇ ਹਨ ਕਿ ਬਜਟ ਇਜਲਾਸ ਘੱਟੋ-ਘੱਟ ਇਕ ਹਫਤਾ ਲੰਬਾ ਹੋਣਾ ਚਾਹੀਦਾ ਹੈ ਤਾਂ ਜੋ ਪੰਥਕ ਮੁੱਦਿਆਂ 'ਤੇ ਗੰਭੀਰਤਾ ਨਾਲ ਵਿਚਾਰ ਹੋ ਸਕੇ। ਇਸ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਈ ਤਰਾਂ ਦੇ ਘਪਲਿਆਂ ਦਾ ਸ਼ਿਕਾਰ ਹੈ ਜਿਸ ਬਾਰੇ ਆਡਿਟ ਕਰਵਾ ਕੇ ਸਾਰੀ ਸੱਚਾਈ ਸੰਗਤਾਂ ਸਾਹਮਣੇ ਲਿਆਂਦੀ ਜਾਣੀ ਚਾਹੀਦੀ ਹੈ। ਤਾਂ ਜੋ ਇਸ ਪੰਥਕ ਸੰਸਥਾ ਦਾ ਆਧਾਰ ਲੋਕਾਂ ਵਿੱਚ ਮਜ਼ਬੂਤ ਬਣੇ।



# ਸ਼ਰਧਾ ਭਾਵਨਾ ਨਾਲ ਮਨਾਇਆ ਸ੍ਰੀ ਰਾਮ ਨੌਮੀ ਦਾ ਪਵਿੱਤਰ ਦਿਹਾੜਾ

**ਮਹਿਤਪੁਰ (ਰਾਜਾ)**- ਪ੍ਰਾਚੀਨ ਸ਼ਿਵ ਮੰਦਰ ਮਹਿਤਪੁਰ ਵਿਖੇ ਸ੍ਰੀ ਰਾਮ ਨੌਮੀ ਦਾ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਜਿਸ ਦੌਰਾਨ ਰਾਮਾਇਣ ਦਾ ਪਾਠ 12 ਵਜੇ ਪਾਇਆ ਗਿਆ। ਉਪਰੰਤ ਸ਼ਾਮ 4 ਵਜੇ ਸੰਧਿਆ ਫੇਰੀ ਕੱਢੀ ਗਈ ਜੋ ਕਿ ਸਾਰੇ ਸ਼ਹਿਰ ਦੀ ਪਰਿਕਰਮਾ ਕਰਦੀ ਹੋਈ ਸ਼ਾਮ ਵਾਪਸ ਮੰਦਰ ਆ ਕੇ ਸਮਾਪਤ ਹੋਈ। ਸੰਗਤਾਂ ਵੱਲੋਂ ਸੰਧਿਆ ਫੇਰੀ ਦਾ ਨਿੱਘਾ ਸਵਾਗਤ ਕੀਤਾ ਗਿਆ ਵੱਖ-ਵੱਖ ਤਰ੍ਹਾਂ ਦੇ ਲੰਗਰ ਲਗਾਏ ਗਏ। ਸੰਧਿਆ ਫੇਰੀ ਦੌਰਾਨ ਇਸਤਰੀ ਸਤਿਸੰਗ ਸਭਾ ਵੱਲੋਂ ਰਾਮ ਜੀ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਅਸ਼ੋਕ ਸੂਦ ਪ੍ਰਧਾਨ, ਸ਼ਿਵ ਪ੍ਰਕਾਸ਼ ਧੀਮਾਨ, ਡਾ: ਅਮਰਜੀਤ ਸਿੰਘ ਥਿੰਦ ਬੁਲਾਰਾ ਪੰਜਾਬ, ਦੀਪਕ ਸੂਦ ਪ੍ਰਧਾਨ, ਵਿਨੋਦ ਸ਼ਰਮਾ, ਅਜੇ ਸੂਦ, ਰਾਮਾ ਭੰਡਾਰੀ, ਬਰਜੇਸ਼ ਮਹਿਤਾ, ਅਸ਼ਵਨੀ ਸ਼ਰਮਾ, ਬਬਲੀ ਭਾਟੀਆ, ਵਿਨੋਦ ਵਰਮਾ, ਸੋਨੂ ਸੂਦ, ਰਮੇਸ਼ ਵਰਮਾ, ਮਹਿੰਦਰ ਸੂਦ, ਮੋਨੂ ਚੋਪੜਾ, ਅਮਨ ਅਰੋੜਾ, ਵਿਨੋਦ ਬਠਲਾ, ਆਸ਼ੂ ਭੰਡਾਰੀ, ਮਨਦੀਪ ਸ਼ਰਮਾ, ਤਿਲਕ ਵਰਮਾ, ਪ੍ਰਦੀਪ ਤਿਵਾੜੀ, ਕ੍ਰਿਸ਼ਨ ਧੀਰ, ਕਾਕੂ ਧੀਰ, ਹੈਪੀ, ਸਾਹਿਲ, ਨਿਸ਼ਾਂਤ ਵਰਮਾ, ਅਜੀਤ, ਕਰਨ, ਮਨਦੀਪ, ਨਗੀਨਾ ਆਦਿ ਹਾਜ਼ਰ ਸਨ।



# ਮੈਗਾ ਪੀ ਟੀ ਐੱਮ ਤੇ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਰੋਹ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੀ ਐੱਮ ਸ਼੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਡੇਰਾ ਬਾਬਾ ਨਾਨਕ ਵਿਖੇ ਸਕੂਲ ਪ੍ਰਿੰਸੀਪਲ ਮੈਡਮ ਰੁਪਿੰਦਰ ਜੀਤ ਧਾਲੀਵਾਲ ਦੀ ਯੋਗ ਅਗਵਾਈ ਹੇਠ ਮੈਗਾ ਪੀ ਟੀ ਐੱਮ ਮੀਟਿੰਗ ਅਤੇ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਸਕੂਲ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਮਾਪਿਆਂ ਅਤੇ ਸਕੂਲ ਮੈਨੇਜਮੈਂਟ ਕਮੇਟੀ ਮੈਂਬਰਾਂ ਵੱਲੋਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਕੇ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਅਤੇ ਵੱਖ-ਵੱਖ ਜਮਾਤਾਂ ਵਿੱਚੋਂ ਪੜਾਈ ਵਿੱਚ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਇਨਾਮ ਤਕਸੀਮ ਕੀਤੇ ਗਏ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਸਕੂਲ ਮੁਖੀ ਮੈਡਮ ਰੁਪਿੰਦਰ ਜੀਤ ਧਾਲੀਵਾਲ ਨੇ ਦੱਸਿਆ ਕਿ ਇਸ ਸਾਲ ਦੌਰਾਨ ਸਿੱਖਿਆ ਦੇ ਖੇਤਰ ਵਿੱਚ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਇਨਾਮ ਵੰਡ ਸਮਾਗਮ ਕਰਵਾਇਆ ਗਿਆ ਹੈ ਅਤੇ ਮੈਗਾ ਪੀ ਟੀ ਐੱਮ ਮੀਟਿੰਗ ਦੌਰਾਨ ਵਿਦਿਆਰਥੀਆਂ ਦੇ ਮਾਪਿਆਂ ਨਾਲ ਉਨਾਂ ਦੀ ਸਕੂਲ ਵਿੱਚ ਸਾਰੇ ਸਾਲ ਦੀ ਕਾਰਗੁਜ਼ਾਰੀ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਸਲਾਨਾ ਇਨਾਮ ਵੰਡ ਸਮਾਰੋਹ ਦੌਰਾਨ ਐੱਸ ਐੱਮ ਸੀ ਚੇਅਰਪਰਸਨ ਨਿਤਾਸ਼ਾ ਵੱਲੋਂ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕਰਕੇ ਬੱਚਿਆਂ ਨੂੰ ਟਰਾਫੀਆਂ,ਮੈਡਲ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕਰਦੇ ਹੋਏ ਉਨ੍ਹਾਂ ਦੀ ਹੌਸਲਾ ਅਫ਼ਜਾਈ ਕੀਤੀ ਗਈ ਹੈ।ਇਸ ਮੌਕੇ ਪ੍ਰਿੰਸੀਪਲ ਰੁਪਿੰਦਰ ਜੀਤ ਧਾਲੀਵਾਲ ਨੇ ਹਾਜ਼ਰ ਵਿਦਿਆਰਥੀਆਂ ਦੇ ਮਾਤਾ ਪਿਤਾ ਤੇ ਸਮਾਜਿਕ ਭਾਈਚਾਰੇ ਨੂੰ ਅਪੀਲ ਕੀਤੀ ਕਿ ਬੱਚਿਆਂ ਨੂੰ ਵਧੀਆ ਤੇ ਮਿਆਰੀ ਸਿੱਖਿਆ ਦੇਣ ਲਈ ਆਪਣੇ ਬੱਚੇ ਸਰਕਾਰੀ ਸਕੂਲ ਵਿੱਚ ਦਾਖਲ ਕਰਵਾ ਕੇ ਸਹੂਲਤਾਂ ਦਾ ਲਾਭ ਉਠਾਉਣ ।ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਨੂੰ ਗੁਣਾਤਮਕ ਸਿੱਖਿਆ ਪ੍ਰਦਾਨ ਕਰਨ ਲਈ ਸਰਕਾਰੀ ਸਕੂਲਾਂ ਵਿੱਚ ਉੱਚ ਯੋਗਤਾ ਪ੍ਰਾਪਤ ਤਜਰਬੇਕਾਰ ਸਟਾਫ ਮੌਜੂਦ ਹੈ।ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।ਇਸ ਮੌਕੇ ਮੈਡਮ ਗੁਰਮੀਤ ਕੌਰ, ਅਮਨਪ੍ਰੀਤ ਕੌਰ, ਪਲਵਿੰਦਰ ਸਿੰਘ ਰੰਧਾਵਾ, ਅਜਮੇਰ ਸਿੰਘ, ਜਗਜੀਤ ਸਿੰਘ, ਲਵ ਕੁਮਾਰ, ਕੈਂਪਸ ਮੈਨੇਜਰ ਅੰਮ੍ਰਿਤ ਪਾਲ ਸਿੰਘ, ਸਕਿਉਰਟੀ ਇੰਚਾਰਜ ਲਖਵਿੰਦਰ ਸਿੰਘ, ਅਨਿਕਾ, ਪਲਵੀ ਮਹਾਜਨ, ਅਨੀਤਾ ਕੁਮਾਰੀ, ਗਗਨਦੀਪ, ਰਜਵੰਤ ਕੌਰ, ਜਸਵਿੰਦਰ ਕੌਰ, ਨੀਨਾ ਮਹਾਜਨ, ਬਿਕਰਮ ਸਿੰਘ, ਸਤਿੰਦਰ ਕੁਮਾਰ, ਸੁਖਜੀਤ ਕੌਰ, ਮਨਿੰਦਰ ਕੌਰ, ਨਰਿੰਦਰ ਕੁਮਾਰ, ਪੂਜਾ, ਐੱਸ ਐੱਮ ਸੀ ਮੈਂਬਰ ਪਰਜਿੰਦਰ ਕੌਰ, ਮਮਤਾ ਮਰਵਾਹਾ, ਮਿੱਡ-ਡੇ-ਮੀਲ ਸਟਾਫ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਬੱਚਿਆਂ ਦੇ ਮਾਤਾ-ਪਿਤਾ ਹਾਜ਼ਰ ਸਨ।

# ਸਵੱਛਤਾ ਹੀ ਸੇਵਾ ਮਿਸ਼ਨ ਤਹਿਤ ਸਫਾਈ ਮੁਹਿੰਮ ਦਾ ਆਗਾਜ਼




ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)- ਅਜਨਾਲਾ ਸ਼ਹਿਰ 'ਚ ਸੂਰਜ ਚੜ੍ਹਨ ਤੋਂ ਪਹਿਲਾਂ ਸਵੇਰ ਵੇਲੇ ਆਮ ਆਦਮੀ ਪਾਰਟੀ ਦੇ ਸੂਬਾਈ ਮੁੱਖ ਬੁਲਾਰੇ ਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਬੀਐੱਸਐੱਫ 117 ਬਟਾਲੀਅਨ ਦੇ ਅਧਿਕਾਰੀਆਂ, ਜੁਆਨਾਂ, ਨਗਰ ਪੰਚਾਇਤ ਅਜਨਾਲਾ ਦੇ ਕੌਂਸਲਰਾਂ, ਪਾਰਟੀ ਵਲੰਟੀਅਰਾਂ, ਨਗਰ ਪੰਚਾਇਤ ਅਜਨਾਲਾ ਦੇ ਸਫਾਈ ਸੇਵਕਾਂ ਤੇ ਸਮਾਜ ਸੇਵੀਆਂ ਦੀ ਭਰਵੀਂ ਸ਼ਮੂਲੀਅਤ ਨਾਲ ਅਜਨਾਲਾ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਦੀ ਮੁਹਿੰਮ ਸਵੱਛਤਾ ਹੀ ਸੇਵਾ ਹੈ, ਦਾ ਆਗਾਜ਼ ਕੀਤਾ।ਇਸ ਮੁਹਿੰਮ 'ਚ ਬੀਐੱਸਐੱਫ ਦੇ ਡਿਪਟੀ ਕਮਾਂਡੈਂਟ ਪ੍ਰਮੋਦ ਕੁਮਾਰ ਦਿਵੇਦੀ, ਪੰਜਾਬ ਮਹਿਲਾ ਕਮਿਸ਼ਨ ਦੀ ਉੱਪ ਚੇਅਰਪਰਸਨ ਗੀਤਾ ਗਿੱਲ, ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਭੱਟੀ ਜਸਪਾਲ ਸਿੰਘ ਢਿੱਲੋਂ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ, ਕੌਂਸਲਰ ਅਵਿਨਾਸ਼ ਆਦਿ ਸਮਾਜ ਸੇਵੀਆਂ ਨੇ ਵੱਡੀ ਗਿਣਤੀ 'ਚ ਹਾਜ਼ਰੀ ਲਗਵਾਈ।ਸਵੱਛਤਾ ਹੀ ਸੇਵਾ ਮੁਹਿੰਮ ਦੇ ਆਗਾਜ਼ ਮੌਕੇ ਆਮ ਆਦਮੀ ਪਾਰਟੀ ਦੇ ਸੂਬਾਈ ਮੁੱਖ ਬੁਲਾਰੇ ਤੇ ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਦੇਸ਼ ਨੂੰ ਅਜ਼ਾਦ ਕਰਵਾਉਣ ਵਾਲੇ ਸਵਤੰਤਰਤਾ ਸੈਨਾਨੀਆਂ ਦਾ ਨਾਅਰਾ ਸੀ ਕਿ ਦੇਸ਼ ਨੂੰ ਆਜ਼ਾਦੀ ਦੇ ਨਾਲ ਨਾਲ ਅਰੋਗ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਪੇਂਡੂ ਤੇ ਸ਼ਹਿਰੀ ਲੋਕਾਂ 'ਚ ਸਵੱਛਤਾ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਸੂਬੇ 'ਚ ਸੂਬਾ ਮਾਨ ਸਰਕਾਰ ਵਲੋਂ ਭ੍ਰਿਸ਼ਟਾਚਾਰ, ਨਸ਼ਿਆਂ ਸਮੇਤ ਹੋਰ ਗੰਦਗੀ ਨੂੰ ਸਾਫ ਕਰਨ ਲਈ ਪਹਿਲਾਂ ਹੀ ਝਾੜੂ ਚੁੱਕਿਆ ਹੋਇਆ ਹੈ, ਅਤੇ ਹੁਣ ਆਲੇ ਦੁਆਲੇ ਕੂੜਾ ਕਰਕੱਟ ਦੀ ਗੰਦਗੀ ਨੂੰ ਸਾਫ ਕਰਨ ਲਈ ਝਾੜੂ ਚੁੱਕ ਲਿਆ ਗਿਆ ਹੈ।ਉਨ੍ਹਾਂ ਨੇ ਸਵੱਛਤਾ ਹੀ ਸੇਵਾ ਮਿਸ਼ਨ ਲਈ ਬੀਐੱਸਐੱਫ ਦੀ 117 ਬਟਾਲੀਅਨ ਵੱਲੋਂ ਦਿੱਤੇ ਗਏ ਸਹਿਯੋਗ ਲਈ ਉਚੇਚੇ ਤੌਰ 'ਤੇ ਧੰਨਵਾਦ ਕੀਤਾ ਅਤੇ ਅਜਨਾਲਾ ਸ਼ਹਿਰ ਸਮੇਤ ਪੇਂਡੂ ਲੋਕਾਂ ਨੂੰ ਸੱਦਾ ਦਿੱਤਾ ਕਿ ਕੂੜਾ ਕਰਕੱਟ ਨਾ ਤਾਂ ਆਪ ਕਿਤੇ ਇੱਧਰ ਉਧਰ ਸੁੱਟਿਆ ਜਾਵੇ, ਸਗੋਂ ਅਚੇਤ ਤੌਰ ਤੇ ਕੂੜਾ ਕਰਕੱਟ ਇੱਧਰ-ਉੱਧਰ ਸੁੱਟਣ ਚ ਭਾਗੀਦਾਰ ਬਣ ਰਹੇ ਲੋਕਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਜਾਵੇ, ਕਿਉਂਕਿ ਗੰਦਗੀ ਨਿਰੀ ਬਿਮਾਰੀਆਂ ਦਾ ਘਰ ਹੈ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਸਵੱਛਤਾ ਹੀ ਸੇਵਾ ਮਿਸ਼ਨ ਨੂੰ ਅਪਣਾਉਂਦਿਆਂ ਆਲੇ ਦੁਆਲੇ ਨੂੰ ਸਾਫ ਰੱਖਿਆ ਜਾਵੇ ਅਤੇ ਨਸ਼ਿਆਂ ਤੇ ਹੋਰ ਸਮਾਜਿਕ ਅਲਾਮਤਾਂ ਵਿਰੁੱਧ ਉਸਰੀ ਲਹਿਰ ਵਾਂਗ ਹੀ ਸਵੱਛਤਾ ਹੀ ਸੇਵਾ ਨੂੰ ਵੀ ਇੱਕ ਜਨਤਕ ਲਹਿਰ ਦੇ ਤੌਰ ਤੇ ਉਭਾਰਨ ਲਈ ਅੱਗੇ ਆਇਆ ਜਾਵੇ।

# ਸੀਨੀਅਰ ਸੈਕੰਡਰੀ ਸਕੂਲ ਮਲਿਕਪੁਰ ਵਿਖੇ ਹੋਈ ਮੈਗਾ ਪੇਰੈਂਟਸ ਮੀਟਿੰਗ



ਪਠਾਨਕੋਟ, (ਦਵਿੰਦਰ ਸਿੰਘ)- ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਸਿੱਖਿਆ ਕ੍ਰਾਂਤੀ ਦੇ ਤਹਿਤ ਸਕੂਲਾਂ ਵਿੱਚ ਕਰਵਾਈ ਗਈ ਮੈਗਾ ਪੇਰੈਂਟਸ ਮੀਟਿੰਗ ਨੇ ਵਿਦਿਆਰਥੀਆਂ ਦੇ ਭਵਿੱਖ ਨੂੰ ਹੋਰ ਮਜ਼ਬੂਤੀ ਦਿੱਤੀ। ਇਸ ਮੌਕੇ ਸੀਨੀਅਰ ਸੈਕੰਡਰੀ ਸਕੂਲ ਮਲਿਕਪੁਰ ਵਿਖੇ ਇੱਕ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਜਿਸ ਵਿੱਚ ਸ਼੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਬਤੌਰ ਮੁੱਖ ਮਹਿਮਾਨ ਹਾਜ਼ਰ ਹੋਏ।ਅਧਿਕਾਰੀਆਂ ਅਤੇ ਮਾਪਿਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ।ਇਸ ਮੌਕੇ ਕਮਲਦੀਪ ਕੌਰ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੈਕੰਡਰੀ/ ਐਲੀਮੈਂਟਰੀ, ਡੀਜੀ ਸਿੰਘ ਡਿਪਟੀ ਡੀਈਓ., ਵੱਲੋਂ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਸੋਹਨ ਲਾਲ ਸ਼ਾਹਪੁਰ ਕੰਡੀ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਪ੍ਰਿੰਸੀਪਲ ਜੋਤੀ ਪਰਾਸ਼ਰ, ਕੰਸ਼ ਰਾਜ, ਰਾਜੀਵ ਸਿੰਘ ਸਲਾਰੀਆ, ਇਸ਼ਵਰ ਦਾਸ, ਕੁਸੁਮ ਸ਼ਰਮਾ ਹੈੱਡ ਟੀਚਰ, ਰਮਾ, ਪਰਵੀਨ, ਪਰਮਿੰਦਰ, ਰੇਵਾ, ਪਰਮਵੀਰ ਕੌਰ, ਵਿਜੈ ਸੈਨੀ, ਕੋਮਲ, ਸਤਿੰਦਰ ਕੌਰ, ਭੁਪਿੰਦਰ ਕੁਮਾਰੀ, ਸ਼ਿਵਾਨੀ ਭਗਤ, ਪ੍ਰਦੀਪ ਕੁਮਾਰ, ਮਨੀਸ਼ ਕੁਮਾਰ, ਚੰਦਰ ਸ਼ੇਖਰ, ਸ਼ਿਵਰਾਜ ਸਿੰਘ, ਬਲਕਾਰ ਅੱਤਰੀ ਅਤੇ ਹੋਰ ਸਕੂਲ ਦਾ ਸਟਾਫ ਦੀ ਹਾਜ਼ਰ ਸੀ। ਸਮਾਰੋਹ ਦੌਰਾਨ ਸਕੂਲ ਦਾ ਮਾਹੌਲ ਅਤੇ ਅਧਿਆਪਕਾਂ ਦੀ ਕਾਰਗੁਜ਼ਾਰੀ ਕਾਬਿਲ-ਏ-ਤਾਰੀਫ਼ ਰਹੀ, ਜਿਸ ਨਾਲ ਸਿੱਖਿਆ ਦੇ ਮਿਆਰ ਵਿੱਚ ਹੋ ਰਹੇ ਸੁਧਾਰ ਸਪਸ਼ਟ ਤੌਰ 'ਤੇ ਨਜ਼ਰ ਆਏ।ਇਸ ਮੌਕੇ ਲਾਲ ਚੰਦ ਕਟਾਰੂ ਚੱਕ ਨੇ ਕਿਹਾ ਕਿ ਮੈਗਾ ਪੇਰੈਂਟਸ ਮੀਟਿੰਗ ਦਾ ਮੁੱਖ ਉਦੇਸ਼ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਪ੍ਰਗਤੀ ਬਾਰੇ ਜਾਣੂ ਕਰਵਾਉਣਾ ਹੈ।ਇਸ ਮੀਟਿੰਗ ਦੌਰਾਨ ਮਾਪਿਆਂ ਨੂੰ ਬੱਚਿਆਂ ਦੀ ਕਾਰਗੁਜ਼ਾਰੀ, ਅਨੁਸ਼ਾਸਨ ਅਤੇ ਭਵਿੱਖੀ ਯੋਜਨਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਹੈ। ਅਖੀਰ ਮੈਰੀਟੋਰੀਅਸ ਸਕੂਲਾਂ ਲਈ ਕਵਾਲੀਫਾਈ ਕਰਨ ਵਾਲੇ ਸਾਰੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਫਲਤਾ ਸਿੱਖਿਆ ਕ੍ਰਾਂਤੀ ਦੀ ਸਹੀ ਦਿਸ਼ਾ ਵਿੱਚ ਇੱਕ ਹੋਰ ਮਜ਼ਬੂਤ ਕਦਮ ਹੈ।ਇਸ ਮੌਕੇ ਮੈਰੀਟੋਰੀਅਸ ਦਾਖਲਾ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

# ਰਾਜਨੀਤੀ ਦੀ ਮੌਜੂਦਾ ਸਥਿਤੀ 'ਤੇ ਕਰਵਾਇਆ ਰਾਸ਼ਟਰੀ ਸੈਮੀਨਾਰ




ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)—ਖ਼ਾਲਸਾ ਕਾਲਜ ਦੇ ਰਾਜਨੀਤੀ ਵਿਗਿਆਨ ਅਤੇ ਲੋਕ ਪ੍ਰਸ਼ਾਸਨ ਵਿਭਾਗ ਵੱਲੋਂ ਆਈ. ਸੀ. ਐੱਸ. ਐੱਸ. ਆਰ. ਦੇ ਸਹਿਯੋਗ ਨਾਲ ਕਰਵਾਏ ਗਏ ਰਾਸ਼ਟਰੀ ਸੈਮੀਨਾਰ ਦੌਰਾਨ ਵੱਖ-ਵੱਖ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਵਾਨਾਂ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਲੋਕਲੁਭਾਵਨ ਰਾਜਨੀਤੀ ਲੋਕਤੰਤਰ ਲਈ ਵੱਡਾ ਖ਼ਤਰਾ ਹੈ।ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੀ ਰਹਿਨੁਮਾਈ ਹੇਠ ਕਰਵਾਏ ਗਏ ਉਕਤ ਪ੍ਰੋਗਰਾਮ ਦੀ ਪ੍ਰਧਾਨਗੀ ਖ਼ਾਲਸਾ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ ਦੁਆਰਾ ਕੀਤੀ ਗਈ, ਜਦਕਿ ਮੁੱਖ ਬੁਲਾਰੇ ਵਜੋਂ ਡਾ. ਜਗਰੂਪ ਸਿੰਘ ਸੇਖੋਂ ਨੇ ਸ਼ਿਰਕਤ ਕੀਤੀ।ਇਸ ਮੌਕੇ ਡਾ. ਸੇਖੋਂ ਨੇ ਕਿਹਾ ਕਿ ਅਜੋਕੇ ਸਮੇਂ 'ਚ ਸ਼ਾਸਕੀ ਸੰਸਥਾਵਾਂ ਅਤੇ ਰਾਜਨੀਤਿਕ ਅਗਵਾਈ ਪ੍ਰਤੀ ਲੋਕਾਂ 'ਚ ਭਰੋਸੇ ਦੀ ਘਾਟ ਪਾਈ ਜਾਂਦੀ ਹੈ।ਜਦ ਕਿ ਡਾ. ਮਹਿਲ ਸਿੰਘ ਨੇ ਕਿਹਾ ਕਿ ਰਾਜ 'ਚ ਲੀਡਰਸ਼ਿਪ ਦਾ ਖਲਾਅ ਹੈ। ਇਸ ਮੌਕੇ ਪ੍ਰਿੰ: ਡਾ. ਰੰਧਾਵਾ ਨੇ ਵਿਦਵਾਨਾਂ ਦਾ ਸਵਾਗਤ ਕਰਦਿਆਂ ਉਕਤ ਵਿਭਾਗ ਨੂੰ ਵਧਾਈ ਦਿੱਤੀ।ਕਾਲਜ ਰਜਿਸਟਰਾਰ ਡਾ. ਦਵਿੰਦਰ ਸਿੰਘ ਨੇ ਸੈਮੀਨਾਰ ਦੇ ਵਿਸ਼ੇ ਸਬੰਧੀ ਜਾਣਕਾਰੀ ਸਾਂਝੀ ਕੀਤੀ।ਸੈਮੀਨਾਰ ਦੇ ਕਨਵੀਨਰ ਡਾ. ਦਵਿੰਦਰ ਕੌਰ ਨੇ ਕਿਹਾ ਕਿ ਇਸ ਦੌਰਾਨ 27 ਖੋਜ ਪੱਤਰ ਪੇਸ਼ ਕੀਤੇ ਗਏ ਅਤੇ ਡਾ. ਵਿਸ਼ਵਜੀਤ ਮੋਹੰਤੀ, ਡਾ. ਸੁਖਦੇਵ ਸਿੰਘ ਸੋਹਲ, ਡਾ. ਅਮਰਜੀਤ ਸਿੰਘ ਸਿੱਧੂ, ਪ੍ਰਿੰਸੀਪਲ ਡਾ. ਨੀਰੂ ਸ਼ਰਮਾ, ਡਾ. ਮਲਕੀਅਤ ਸਿੰਘ, ਡਾ. ਨਿਰਮਲ ਸਿੰਘ, ਡਾ. ਮਨਜੀਤ ਕੌਰ ਵਰਗੇ ਸਮਾਜਿਕ ਵਿਗਿਆਨੀਆਂ ਨੇ ਸਰੋਤ ਵਿਅਕਤੀਆਂ ਵਜੋਂ ਸ਼ਿਰਕਤ ਕਰਦਿਆਂ ਵਿਦਿਆਰਥੀਆਂ ਨੂੰ ਆਪਣੀ ਖੋਜ ਅਤੇ ਵਿਚਾਰਾਂ ਤੋਂ ਜਾਣੂ ਕਰਵਾਇਆ।ਇਸ ਮੌਕੇ ਸੈਮੀਨਾਰ ਦੇ ਰਿਪੋਰਟਰ ਡਾ. ਸੁਖਜੀਤ ਸਿੰਘ ਨੇ ਸਮੂਹ ਸੈਸ਼ਨਾਂ ਦੀ ਰਿਪੋਰਟ ਪੇਸ਼ ਕੀਤੀ। ਇਸ ਮੌਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਵਿਦਿਆਰਥੀ ਭਲਾਈ ਦੇ ਡੀਨ ਅਤੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਮੁਖੀ ਡਾ. ਸਤਨਾਮ ਸਿੰਘ ਨੇ ਸਮਾਪਤੀ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਪੰਜਾਬ ਦੀ ਰਾਜਨੀਤੀ ਮੌਜੂਦਾ ਸਥਿਤੀ ਗੰਭੀਰ ਹੈ ਪਰ ਪੰਜਾਬ ਆਪਣੀ ਮਜ਼ਬੂਤੀ ਅਤੇ ਜੁਝਾਰੂ ਸੁਭਾਵ ਕਰਕੇ ਜਾਣਿਆ ਜਾਂਦਾ ਹੈ ਅਤੇ ਇਹ ਸਿਰਫ਼ ਨੌਜਵਾਨਾਂ ਦੀ ਗਿਆਨਵਾਨ ਭਾਗੀਦਾਰੀ ਹੈ ਜੋ ਪੰਜਾਬ ਦੀ ਰਾਜਨੀਤੀ ਨੂੰ ਦੁਬਾਰਾ ਸਹੀ ਰਸਤੇ 'ਤੇ ਲਿਆ ਸਕਦੀ ਹੈ ਹਿਊਮੈਨਿਟੀਜ਼ ਡੀਨ ਪ੍ਰੋ. ਜਸਪ੍ਰੀਤ ਕੌਰ ਨੇ ਧੰਨਵਾਦ ਮਤਾ ਪੇਸ਼ ਕੀਤਾ।ਇਸ ਮੌਕੇ ਡਾ. ਗੁਰਵੇਲ ਸਿੰਘ ਮੱਲ੍ਹੀ, ਡਾ. ਹਰਬਿਲਾਸ ਸਿੰਘ ਰੰਧਾਵਾ, ਡਾ. ਬਲਜੀਤ ਸਿੰਘ, ਡਾ. ਰੀਤੂ ਸ਼ਰਮਾ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਹਰਪ੍ਰੀਤ ਸਿੰਘ, ਪ੍ਰੋ. ਪਲਕਦੀਪ ਕੌਰ, ਪ੍ਰੋ. ਪ੍ਰਵੀਨ ਕੌਰ ਸਮੇਤ ਹੋਰ ਸਟਾਫ ਮੈਂਬਰ ਤੇ ਵਿਦਿਆਰਥੀ ਮੌਜੂਦ ਸਨ।

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦਾ ਨਤੀਜਾ ਭਲਕੇ ਐਲਾਨਿਆ ਜਾਵੇਗਾ : ਪ੍ਰਿੰ. ਕਪੂਰ



ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਦਾ ਸਲਾਨਾ ਨਤੀਜਾ 30 ਮਾਰਚ ਨੂੰ ਸਵੇਰੇ 10:30 ਵਜੇ ਐਲਾਨਿਆ ਜਾਵੇਗਾ। ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਕਪੂਰ ਨੇ ਦੱਸਿਆ ਕਿ ਇਹ ਸਲਾਨਾ ਨਤੀਜਾ ਇੱਕ ਸੰਖੇਪ ਸਮਾਗਮ ਦੌਰਾਨ ਐਲਾਨਿਆ ਜਾਵੇਗਾ। ਇਸ ਮੌਕੇ ਵਿਦਿਆਰਥੀਆਂ ਨੂੰ ਇਨਾਮ ਵੀ ਦਿੱਤੇ ਜਾਣਗੇ। ਪ੍ਰਿੰਸੀਪਲ ਨੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਤਾ ਪਿਤਾ ਨੂੰ ਇਸ ਸਲਾਨਾ ਨਤੀਜਾ ਸਮਾਗਮ ਵਿੱਚ ਭਰਪੂਰ ਗਿਣਤੀ ਵਿੱਚ ਸ਼ਾਮਿਲ ਹੋਣ ਦੀ ਬੇਨਤੀ ਵੀ ਕੀਤੀ।

## ਬੱਸ ਸਟੈਂਡ ਗੁਰਦਾਸਪੁਰ ਬਣਿਆ ਸੂਬੇ ਦਾ ਪਲੇਠਾ 'ਹੈਲਥ ਹੱਬ'

ਗੁਰਦਾਸਪੁਰ, (ਜਨਕ ਮਹਾਜਨ)-ਚੇਅਰਮੈਨ ਇੰਪਰੂਵਮੈਂਟ ਟਰੱਸਟ ਗੁਰਦਾਸਪੁਰ ਰਾਜੀਵ ਸ਼ਰਮਾ ਦੀ ਮਿਹਨਤ ਸਦਕਾ ਭਗਵੰਤ ਮਾਨ ਸਰਕਾਰ ਵੱਲੋਂ ਸਿਹਤ ਸਹੂਲਤਾਂ ਦੇ ਖੇਤਰ ਵਿੱਚ ਇੱਕ ਨਵਾਂ ਮੀਲ ਪੱਥਰ ਸਥਾਪਿਤ ਕਰਦਿਆਂ ਗੁਰਦਾਸਪੁਰ ਦੇ ਬੱਸ ਸਟੈਂਡ ਵਿਖੇ ਰਾਜ ਦਾ ਪਹਿਲਾ ਬੱਸ ਸਟੈਂਡ ਅਧਾਰਿਤ 'ਆਮ ਆਦਮੀ ਕਲੀਨਿਕ' ਵਰਚੁਅਲ ਉਦਘਾਟਨ ਕਰਕੇ ਲੋਕ ਸਮਰਪਿਤ ਕੀਤਾ ਗਿਆ। ਚੇਅਰਮੈਨ ਰਾਜੀਵ ਸ਼ਰਮਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਇਹ ਕਦਮ ਮੁਸਾਫ਼ਰਾਂ ਅਤੇ ਆਮ ਜਨਤਾ ਲਈ ਵੱਡੀ ਰਾਹਤ ਵਜੋਂ ਦੇਖਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬੱਸ ਸਟੈਂਡ 'ਤੇ ਰੋਜ਼ਾਨਾ ਆਉਣ-ਜਾਣ ਵਾਲੇ ਹਜ਼ਾਰਾਂ ਮੁਸਾਫ਼ਰਾਂ ਨੂੰ ਹੁਣ ਸਫ਼ਰ ਦੌਰਾਨ ਸਿਹਤ ਸਬੰਧੀ ਕਿਸੇ ਵੀ ਐਮਰਜੈਂਸੀ ਲਈ ਸ਼ਹਿਰ ਦੇ ਹਸਪਤਾਲਾਂ ਵੱਲ ਨਹੀਂ ਭੱਜਣਾ ਪਵੇਗਾ। ਉਨ੍ਹਾਂ ਦੱਸਿਆ ਕਿ ਇਸ ਕਲੀਨਿਕ ਵਿੱਚ ਆਮ ਬਿਮਾਰੀਆਂ ਦੇ ਇਲਾਜ ਦੇ ਨਾਲ-ਨਾਲ ਕਈ ਤਰ੍ਹਾਂ ਦੇ ਮੈਡੀਕਲ ਟੈਸਟ ਅਤੇ ਦਵਾਈਆਂ ਬਿਲਕੁਲ ਮੁਫ਼ਤ ਮੁਹੱਈਆ ਕਰਵਾਈਆਂ ਜਾਣਗੀਆਂ। ਬੱਸਾਂ ਦੇ ਡਰਾਈਵਰਾਂ, ਕੰਡਕਟਰਾਂ ਅਤੇ ਬੱਸ ਸਟੈਂਡ ਦੇ ਵਰਕਰਾਂ ਲਈ ਇਹ ਸਹੂਲਤ ਵਰਦਾਨ ਸਾਬਤ ਹੋਵੇਗੀ ਕਿਉਂਕਿ ਉਹ ਆਪਣੀ ਡਿਊਟੀ ਦੌਰਾਨ ਹੀ ਆਪਣਾ ਚੈੱਕਅਪ ਕਰਵਾ ਸਕਣਗੇ।

# ਜ਼ਿਲ੍ਹਾ ਅੰਮ੍ਰਿਤਸਰ 'ਚ ਸੱਤ ਨਵੇਂ ਆਮ ਆਦਮੀ ਕਲੀਨਿਕਾਂ ਦਾ ਉਦਘਾਟਨ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਮਾਨਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆਂ, ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਅਤੇ ਆਮ ਆਦਮੀ ਪਾਰਟੀ ਪੰਜਾਬ ਦੀ ਲੀਡਰਸ਼ਿਪ ਵੱਲੋਂ ਰਾਜ ਪੱਧਰੀ ਸਮਾਗਮ ਦੌਰਾਨ ਪੰਜਾਬ ਵਿੱਚ 109 ਆਮ ਆਦਮੀ ਕਲੀਨਿਕਾਂ ਦਾ ਰਸਮੀ ਉਦਘਾਟਨ ਕੀਤਾ ਗਿਆ।ਇਸ ਉਪਰੰਤ ਜ਼ਿਲ੍ਹਾ ਅੰਮ੍ਰਿਤਸਰ ਵਿਖੇ 7 ਨਵੇਂ ਆਮ ਆਦਮੀ ਕਲੀਨਿਕਾਂ ਦਾ ਉਦਘਾਟਨ ਵੱਖ-ਵੱਖ ਥਾਵਾਂ ਤੇ ਕੀਤਾ ਗਿਆ ਅਤੇ ਜ਼ਿਲ੍ਹਾ ਪੱਧਰੀ ਉਦਘਾਟਨ ਸਮਾਰੋਹ ਦੌਰਾਨ ਚੇਅਰਮੈਨ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਗੁਰਸ਼ਰਨ ਸਿੰਘ ਛੀਨਾ ਵੱਲੋਂ, ਰਾਣੀ ਕਾ ਬਾਗ ਵਿਖੇ ਇੱਕ ਆਮ ਆਦਮੀ ਕਲੀਨਿਕ ਦਾ ਉਦਘਾਟਨ ਕਰਕੇ, ਲੋਕ ਅਰਪਣ ਕੀਤਾ ਗਿਆ।ਇਸ ਮੌਕੇ ਸ: ਛੀਨਾ ਨੇ ਦੱਸਿਆ ਕਿ ਆਮ ਆਦਮੀ ਕਲੀਨਿਕਾਂ ਤੋਂ 107 ਕਿਸਮ ਦੀਆਂ ਦਵਾਈਆਂ ਅਤੇ 47 ਤਰ੍ਹਾਂ ਦੇ ਟੈਸਟ ਮੁਫ਼ਤ ਕੀਤੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਆਮ ਆਦਮੀ ਕਲੀਨਿਕਾਂ ਤੋਂ ਹੁਣ ਤੱਕ 4.97 ਕਰੋੜ ਤੋਂ ਵੱਧ ਮਰੀਜ਼ ਆਪਣਾ ਇਲਾਜ ਕਰਵਾ ਚੁੱਕੇ ਹਨ ਅਤੇ 2.72 ਕਰੋੜ ਤੋਂ ਵੱਧ ਮੁਫ਼ਤ ਟੈਸਟ ਕੀਤੇ ਜਾ ਚੁੱਕੇ ਹਨ।ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਸ਼ੁਰੂ ਕਰਕੇ ਸੂਬੇ ਦੇ ਲੋਕਾਂ ਦੀ ਭਲਾਈ ਵਿੱਚ ਵੱਡਾ ਕਦਮ ਚੁੱਕਿਆ ਹੈ, ਜਿਸਦੇ ਨਾਲ ਸੂਬੇ ਦੇ 65 ਲੱਖ ਪਰਿਵਾਰਾਂ ਨੂੰ ਸਾਲਾਨਾ 10 ਲੱਖ ਰੁਪਏ ਤੱਕ ਦਾ ਕੈਸ਼ਲੈਸ ਇਲਾਜ ਮਿਲੇਗਾ।ਇਹ ਸੁਵਿਧਾ ਸਿਰਫ਼ ਸਰਕਾਰੀ ਹਸਪਤਾਲਾਂ ਤੱਕ ਸੀਮਤ ਨਹੀ ਹੋਵੇਗੀ, ਸਗੋ ਇਸ ਵਿੱਚ ਨਿੱਜੀ ਹਸਪਤਾਲਾਂ ਨੂੰ ਵੀ ਸੂਚੀਬੱਧ ਕੀਤਾ ਗਿਆ ਹੈ।ਸਿਹਤ ਬੀਮਾ ਯੋਜਨਾ ਆਰਥਿਕ ਪੱਖੋਂ ਕਮਜ਼ੋਰ ਵਰਗ ਦੇ ਲੋਕਾਂ ਲਈ ਵਰਦਾਨ ਸਾਬਿਤ ਹੋਵੇਗੀ। ਸਿਵਲ ਸਰਜਨ ਡਾ ਸਤਿੰਦਰਜੀਤ ਸਿੰਘ ਬਜਾਜ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਜਿੱਥੇ ਲੋਕਾਂ ਨੂੰ ਮਿਆਰੀ ਸਹੂਲਤਾਂ ਪ੍ਰਦਾਨ ਕਰ ਰਹੇ ਹਨ, ਉਹਦੇ ਨਾਲ ਹੀ ਲੋਕਾਂ ਨੂੰ ਘਰਾਂ ਦੇ ਨਜਦੀਕ ਹੀ ਹਰ ਤਰ੍ਹਾਂ ਦੇ ਮੁਫ਼ਤ ਟੈਸਟ ਅਤੇ ਦਵਾਈਆਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਉਹਨਾਂ ਲੋਕਾਂ ਨੂੰ ਅਪੀਲ ਹੈ ਕਿ ਵੱਧ ਤੋਂ ਵੱਧ ਇਹਨਾਂ ਸਹੂਲਤਾਂ ਦਾ ਲਾਭ ਲਿਆ ਜਾਵੇ। ਉਹਨਾਂ ਇਹ ਵੀ ਆਖਿਆ ਕਿ ਇਸ ਨਾਲ ਵੱਡੇ ਹਸਪਤਾਲਾਂ 'ਤੇ ਬੋਝ ਘਟੇਗਾ ਅਤੇ ਲੋਕਾਂ ਨੂੰ ਸਮੇਂ 'ਤੇ ਇਲਾਜ ਮਿਲ ਸਕੇਗਾ।

ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਰਜਿੰਦਰਪਾਲ ਕੌਰ, ਜ਼ਿਲਾ ਐੱਮਈਆਈਓ ਅਮਰਦੀਪ ਸਿੰਘ, ਰਾਜਾ ਸਾਂਸੀ ਆਮ ਆਦਮੀ ਪਾਰਟੀ ਪ੍ਰਧਾਨ ਕੁਲਵਿੰਦਰ ਸਿੰਘ, ਡਾ. ਅਸ਼ਵਿੰਦਰ ਸਿੰਘ, ਡਾ. ਵਨੀਤ ਕੌਰ, ਡਾ. ਕਾਵਿਆ, ਰਾਜਵਿੰਦਰ ਕੌਰ, ਗੀਤਾ, ਦਵਿੰਦਰ ਕੌਰ, ਕੁਲਵਿੰਦਰ ਕੌਰ, ਸੁਖਦੀਪ ਕੌਰ, ਸ਼ਿਵਚਰਨ ਸਿੰਘ, ਪਲਵਿੰਦਰ ਸਿੰਘ, ਗੁਰਪ੍ਰੀਤ ਕੌਰ ਅਤੇ ਪਵਨਦੀਪ ਕੌਰ ਸਮੇਤ ਸਮੂਹ ਸਟਾਫ ਹਾਜ਼ਰ ਸਨ।

# ਚੀਫ ਖਾਲਸਾ ਦੀਵਾਨ ਦੇ ਸੀਨੀਅਰ ਮੈਂਬਰ ਭਗਵੰਤ ਪਾਲ ਸਿੰਘ ਸੱਚਰ ਦੀ ਮੁੜ ਬਹਾਲੀ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਸਿੱਖਾਂ ਦੀ ਨਾਮਵਰ ਵਿੱਦਿਅਕ ਤੇ ਧਾਰਮਿਕ ਸੰਸਥਾ ਚੀਫ ਖਾਲਸਾ ਦੀਵਾਨ ਦੀਆਂ ਹੋਈਆਂ ਕਾਰਜਸਾਧਕ ਕਮੇਟੀ ਤੇ ਜਨਰਲ ਹਾਊਸ ਦੀਆਂ ਦੋਵਾਂ ਮੀਟਿੰਗਾਂ ਵਿੱਚ ਜਿੱਥੇ ਸਾਲਾਨਾ ਬਜਟ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ ਉਥੇ ਹੋਰ ਵੀ ਕਈ ਮੱਦਾਂ ਤੋਂ ਇਲਾਵਾ ਬੀਤੇ ਸਮੇਂ ਵਿੱਚ ਕੁਝ ਦੀਵਾਨ ਦੀਆਂ ਆਪਸੀ ਕੁੜੱਤਣ ਭਰੀਆਂ ਕਾਰਵਾਈਆਂ ਉਪਰੰਤ ਦੀਵਾਨ ਦੇ ਸੀਨੀਅਰ ਮੈਂਬਰ ਭਗਵੰਤ ਪਾਲ ਸਿੰਘ ਸੱਚਰ ਨੂੰ ਵੀ ਹੋਰਨਾਂ ਮੈਂਬਰਾਂ ਦੇ ਨਾਲ ਮੈਂਬਰਸ਼ਿਪ ਤੋਂ ਖਾਰਿਜ ਕਰ ਦਿੱਤਾ ਗਿਆ ਸੀ ਪਰ ਉਨ੍ਹਾਂ ਦੀਆਂ ਬੀਤੇ ਸਮੇਂ ਵਿੱਚ ਦੀਵਾਨ ਪ੍ਰਤੀ ਤੇ ਹੋਰਨਾਂ ਸਿੱਖ ਸੰਸਥਾਵਾਂ ਤੇ ਧਾਰਮਿਕ ਖੇਤਰ ਵਿੱਚ ਨਿਭਾਈਆਂ ਜਾ ਰਹੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਨੂੰ ਮੁੜ ਬਹਾਲ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਉਹ ਉੱਤਰੀ ਭਾਰਤ ਦੀ ਪ੍ਰਮੁੱਖ ਵਿਦਿਅਕ ਸੰਸਥਾ ਖਾਲਸਾ ਕਾਲਜ ਦੀ ਗਵਰਨਿੰਗ ਕੌਂਸਲ ਦੇ ਲੰਮੇ ਸਮੇਂ ਤੋਂ ਮੈਂਬਰ, ਗੁਰੂ ਖਾਲਸਾ ਹਾਈ ਸਕੂਲ ਸ਼ਾਮਨਗਰ ਦੇ ਪ੍ਰਧਾਨ, ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਢੱਡੇ ਦੇ ਮੀਤ ਪ੍ਰਧਾਨ, ਸਿੱਖ ਐਜੂਕੇਸ਼ਨਲ ਸੁਸਾਇਟੀ ਚੰਡੀਗੜ੍ਹ ਦੇ ਮੈਂਬਰ, ਸਿੰਘ ਸਭਾ ਅੰਮ੍ਰਿਤਸਰ ਦੇ ਮੈਂਬਰ ਤੋ ਇਲਾਵਾ ਦੁਨੀਆ ਦੀ ਨਾਮਵਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਸਿੰਡੀਕੇਟ ਮੈਂਬਰ ਦੇ ਵੀ ਬਤੌਰ ਸੇਵਾ ਨਿਭਾ ਚੁੱਕੇ ਹਨ ਜਿਸ ਬਾਰੇ ਹਾਉਸ ਨੇ ਸੱਚਰ ਦੇ ਨਾਮ 'ਤੇ ਤਾਂ ਇੱਕਮੁੱਠ ਹੋ ਕੇ ਪ੍ਰਵਾਨਗੀ ਦਿੱਤੀ। ਭਾਵੇਂ ਕੁਝ ਮੈਂਬਰਾਂ ਵੱਲੋਂ ਇੱਕ ਹੋਰ ਮੈਂਬਰ ਦੀ ਬਹਾਲੀ 'ਤੇ ਬਹੁਤ ਸਵਾਲ ਉਠਾਏ ਕਿ ਇਸ ਵੱਲੋਂ ਕੀਤੀਆਂ ਬੇਨਿਅਮੀਆਂ ਨੂੰ ਧਿਆਨ ਵਿੱਚ ਰੱਖਦਿਆਂ ਵਿਚਾਰਿਆ ਜਾਵੇ ਜਿਸਨੂੰ ਬਾਅਦ ਵਿੱਚ ਪ੍ਰਵਾਨ ਕਰ ਲਿਆ ਗਿਆ।ਇਸ ਬਾਰੇ ਜਦ ਦੀਵਾਨ ਦੇ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਤੇ ਹੋਰਨਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਦੀਵਾਨ ਨੂੰ ਭਗਵੰਤ ਪਾਲ ਸਿੰਘ ਸੱਚਰ ਵਰਗੇ ਪੜ੍ਹੇ-ਲਿਖੇ ਤੇ ਤਜਰਬੇਕਾਰ ਵਿਅਕਤੀ ਦੀ ਲੋੜ ਹੈ ਜਿਸ ਨਾਲ ਦੀਵਾਨ ਹੋਰ ਵੀ ਬੁਲੰਦੀਆਂ ਨੂੰ ਛੂਹੇਗਾ, ਬਾਕੀ ਮੈਂਬਰਾਂ ਦੀ ਬਹਾਲੀ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਇਹ ਦੀਵਾਨ ਦੇ ਪ੍ਰਧਾਨ ਸਾਹਿਬ ਤੇ ਸਮੁੱਚੇ ਹਾਊਸ ਦਾ ਅਧਿਕਾਰ ਖੇਤਰ ਹੈ, ਦੀਵਾਨ ਦੀ ਚੜ੍ਹਦੀਕਲਾ ਤੇ ਬੇਹਤਰੀ ਸੋਚਣ ਵਾਲਿਆਂ ਲਈ ਦੀਵਾਨ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ।

## ਸੰਤ ਸਰਵਣ ਦਾਸ ਦੇ ਮਾਤਾ ਊਧਮ ਕੌਰ ਦਾ ਅੰਤਿਮ ਸੰਸਕਾਰ ਅੱਜ



ਹੁਸ਼ਿਆਰਪੁਰ (ਓ ਪੀ ਰਾਣਾ ) ਆਦਿ ਧਰਮ ਸੰਤ ਸਮਾਜ ਦੇ ਰਾਸ਼ਟਰੀ ਪ੍ਰਧਾਨ ਸੰਤ ਸਰਵਣ ਦਾਸ ਸਲੇਮਟਾਬਰੀ ਸੀਨੀ. ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੇ ਸਤਿਕਾਰਯੋਗ ਮਾਤਾ ਉਧਮ ਕੌਰ ਜੀ ਜੋ ਕਿ ਪਿਛਲੇ ਦਿਨੀਂ ਆਪਣੀ ਸੁਆਸਾਂ ਦੀ ਪੂੰਜੀ ਸਮਾਪਤ ਕਰਕੇ ਸੰਸਾਰਕ ਯਾਤਰਾ ਪੂਰੀ ਕਰਦਿਆਂ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਵਿਰਾਜੇ ਸਨ, ਉਨ੍ਹਾ ਦਾ ਅੰਤਿਮ ਸੰਸਕਾਰ 29 ਮਾਰਚ ਨੂੰ ਪਿੰਡ ਤੇਹਿੰਗ (ਫਿਲੌਰ ) ਵਿਖੇ ਦੁਪਿਹਰ 1 ਵਜੇ ਹੋਵੇਗਾ।

## ਸਿਹਤ ਵਿਭਾਗ ਵੱਲੋਂ ਪੀ ਐੱਚ ਸੀ ਮਹਿਤਪੁਰ ਵਿਖੇ ਟੀ ਬੀ ਮੁਕਤੀ ਪ੍ਰੋਗਰਾਮ



ਮਹਿਤਪੁਰ (ਰਾਜਾ)- ਸਿਵਲ ਸਰਜਨ ਜਲੰਧਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਰਘੂ ਪ੍ਰੀਆ ਦੀ ਰਹਿਨੁਮਾਈ ਅਧੀਨ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵੱਲੋਂ ਚਲਾਏ ਜਾ ਰਹੇ 100 ਦਿਨਾਂ ਟੀ.ਬੀ. ਮੁਕਤੀ ਪ੍ਰੋਗਰਾਮ ਨੂੰ ਪੀ.ਐਚ.ਸੀ. ਮਹਿਤਪੁਰ ਵੱਲੋਂ ਸਫਲਤਾਪੂਰਵਕ ਅੱਗੇ ਵਧਾਇਆ ਗਿਆ।ਇਸ ਮੁਹਿੰਮ ਤਹਿਤ ਪੀ.ਐਚ.ਸੀ. ਮਹਿਤਪੁਰ ਦੀ ਟੀਮ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਵਿਸ਼ੇਸ਼ ਕੈਂਪ ਲਗਾਏ ਗਏ, ਜਿਨ੍ਹਾਂ ਵਿੱਚ ਚੱਕ ਕਲਾਂ, ਗੋਹੀਰ , ਕੰਗ ਸਾਹਬੂ ਅਤੇ ਹੋਰ ਕਈ ਪਿੰਡ ਸ਼ਾਮਲ ਹਨ। ਲੋਕਾਂ ਨੂੰ ਟੀ.ਬੀ. ਬਾਰੇ ਜਾਗਰੂਕ ਕਰਨ ਦੇ ਨਾਲ ਨਾਲ ਉਨ੍ਹਾਂ ਦੀ ਮੁਫ਼ਤ ਜਾਂਚ ਵੀ ਕੀਤੀ ਗਈ। ਮੋਬਾਈਲ ਐਕਸ-ਰੇ ਟੀਮ ਵੱਲੋਂ ਪਿੰਡ-ਪਿੰਡ ਜਾ ਕੇ 200 ਤੋਂ ਵੱਧ ਐਕਸ-ਰੇ ਕੀਤੇ ਗਏ, ਜਿਸ ਨਾਲ ਸ਼ੱਕੀ ਮਰੀਜ਼ਾਂ ਦੀ ਸਮੇਂ ਸਿਰ ਪਹਿਚਾਣ ਹੋ ਸਕੀ।ਇਸ ਦੌਰਾਨ ਸੀਨੀਅਰ ਮੈਡੀਕਲ ਅਫਸਰ ਡਾ. ਰਘੂ ਪ੍ਰੀਆ ਨੇ ਕਿਹਾ ਕਿ ਟੀ.ਬੀ. ਇੱਕ ਠੀਕ ਹੋਣ ਵਾਲੀ ਬਿਮਾਰੀ ਹੈ, ਜੇ ਸਮੇਂ ਸਿਰ ਪਤਾ ਲੱਗ ਜਾਵੇ ਅਤੇ ਇਲਾਜ ਪੂਰਾ ਕੀਤਾ ਜਾਵੇ। ਸਾਡਾ ਮੁੱਖ ਮਕਸਦ ਹੈ ਕਿ ਹਰ ਇੱਕ ਮਰੀਜ਼ ਤੱਕ ਪਹੁੰਚ ਕਰਕੇ ਉਸ ਨੂੰ ਮੁਫ਼ਤ ਅਤੇ ਪੂਰਾ ਇਲਾਜ ਮੁਹੱਈਆ ਕਰਵਾਇਆ ਜਾਵੇ।

# ਵਿਧਾਇਕ ਨੇ ਸਰਕਾਰ ਦੀਆਂ ਪ੍ਰਾਪਤੀਆਂ ਦਾ ਰਿਪੋਰਟ ਕਾਰਡ ਪੇਸ਼ ਕੀਤਾ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਵਿਧਾਨ ਸਭਾ ਹਲਕਾ ਮਹਿਲ ਕਲਾਂ ਦੇ ਪਿੰਡ ਖਿਆਲੀ ਵਿਖੇ ਜਨ ਸਭਾ ਵਿੱਚ ਵੱਡੀ ਗਿਣਤੀ 'ਚ ਪਿੰਡ ਵਾਸੀਆਂ ਨੇ ਹਿੱਸਾ ਲਿਆ।ਇਸ ਮੌਕੇ ਹਲਕਾ ਵਿਧਾਇਕ ਤੇ ਵਿਸ਼ੇਸ਼ ਅਧਿਕਾਰ ਕਮੇਟੀ ਦੇ ਚੇਅਰਮੈਨ ਕੁਲਵੰਤ ਸਿੰਘ ਪੰਡੋਰੀ ਤੇ ਹਲਕਾ ਪਾਰਟੀ ਦੇ ਮੁੱਖ ਬੁਲਾਰੇ ਮਨਜੀਤ ਸਿੰਘ ਬਾਜਵਾ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਪੰਜਾਬ ਅੰਦਰ ਆਮ ਆਦਮੀ ਪਾਰਟੀ ਸਰਕਾਰ ਦੇ ਚਾਰ ਸਾਲ ਪੂਰੇ ਹੋਣ ਤੇ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਕੀਤੇ ਕੰਮਾਂ ਦਾ ਵਿਸਥਾਰਪੂਰਵਕ ਜ਼ਿਕਰ ਕੀਤਾ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਚਾਰ ਸਾਲਾ ਦੇ ਅੰਦਰ ਲੋਕਾਂ ਦੀ ਭਲਾਈ ਲਈ ਜ਼ਿਕਰਯੋਗ ਕੰਮ ਕੀਤੇ ਹਨ, ਜਿਵੇ ਨੌਜਵਾਨਾਂ ਨੂੰ ਰੁਜ਼ਗਾਰ ਤੇ ਕਿਸਾਨਾਂ ਨੂੰ ਨਹਿਰੀ ਪਾਣੀ ਤੇ ਨਿਰਵਿਘਨ ਬਿਜਲੀ ਸਪਲਾਈ ਪ੍ਰਮੁੱਖ ਹਨ।ਉਨ੍ਹਾਂ ਭਗਵੰਤ ਮਾਨ ਸਰਕਾਰ ਦੀਆਂ ਅਹਿਮ ਪ੍ਰਾਪਤੀਆਂ ਬਾਰੇ ਰਿਪੋਰਟ ਕਾਰਡ ਵੀ ਪੇਸ਼ ਕੀਤਾ।ਪਾਰਟੀ ਦੇ ਮੁੱਖ ਬੁਲਾਰੇ ਮਨਜੀਤ ਸਿੰਘ ਬਾਜਵਾ ਨੇ ਲੋਕਾਂ ਨੂੰ ਭਗਵੰਤ ਮਾਨ ਸਰਕਾਰ ਦੇ ਕੰਮਾਂ ਦੇਖਦਿਆਂ ਆਉਣ ਵਾਲੇ ਸਮੇਂ 'ਚ ਪਾਰਟੀ ਦਾ ਸਾਥ ਦੇਣ ਦੀ ਅਪੀਲ ਕੀਤੀ।ਉਨ੍ਹਾਂ ਹਲਕੇ ਦੇ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੁਆਰਾ ਪੂਰੀਆਂ ਕੀਤੀਆਂ ਗਰੰਟੀਆਂ ਬਾਰੇ ਵੀ ਵਿਸਥਾਰਪੂਰਵਕ ਦੱਸਿਆ।ਇਸ ਮੌਕੇ ਪੰਡਿਤ ਰਾਜਾ ਰਾਮ ਬੱਗੂ, ਕਬੱਡੀ ਕੁਮੈਂਟੇਟਰ ਲੱਖਾ ਖਿਆਲੀ, ਸੰਮਤੀ ਮੈਂਬਰ ਗੁਰਜੀਤ ਸਿੰਘ ਧਾਲੀਵਾਲ, ਸੰਮਤੀ ਮੈਂਬਰ ਦਵਿੰਦਰ ਸਿੰਘ ਕੁਤਬਾ ਆਦਿ ਆਗੂ ਹਾਜ਼ਰ ਸਨ।

## ਭਾਜਪਾ ਨੇ ਮਜ਼ਦੂਰਾਂ ਤੋਂ ਮਨਰੇਗਾ ਰੁਜ਼ਗਾਰ ਖੋਹਿਆ : ਆਗੂ



ਬੋਹਾ (ਨਿਰੰਜਣ ਬੋਹਾ)-ਭਾਜਪਾ ਤੇ ਆਪ ਨੇ ਮਜ਼ਦੂਰਾਂ ਤੋਂ ਮਨਰੇਗਾ ਰੁਜ਼ਗਾਰ ਖੋਹਿਆ ਲਿਆ ਹੈ।ਇਹ ਦੋਸ਼ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਤ 5 ਅਪ੍ਰੈਲ ਨੂੰ ਬੁਢਲਾਡਾ ਵਿਖੇ ਰੱਖੀ ਸੰਵਿਧਾਨ ਬਚਾਓ, ਬਹੁਜਨ ਸਮਾਜ ਬਚਾਓ ਰੈਲੀ ਦੀ ਤਿਆਰੀ ਲਈ ਪਿੰਡ ਹਾਕਮ ਵਾਲਾ, ਉੱਡਤ, ਭੀਮੜਾ, ਸੇਰਖਾ, ਮੰਘਾਣੀਆ, ਰਿਉਂਦ ਖੁਰਦ ਸਮੇਤ ਵੱਖ ਵੱਖ ਪਿੰਡਾਂ ਅੰਦਰ ਮਜ਼ਦੂਰ ਲਾਮਬੰਦੀ ਮੀਟਿੰਗਾਂ ਨੂੰ ਸੰਬੋਧਨ ਕਰਦੇ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਲਾਏ।

ਉਨ੍ਹਾਂ ਕਿਹਾ ਕਿ ਭਾਜਪਾ ਮੋਦੀ ਸਰਕਾਰ ਵੱਲੋਂ ਮਨਰੇਗਾ ਕਾਨੂੰਨ ਦੀ ਥਾਂ ਜੀ ਰਾਮ ਜੀ ਦੇ ਲਿਆਂਦੇ ਕਾਨੂੰਨ ਤਹਿਤ ਹੁਣ ਕੇਂਦਰ ਪੇਂਡੂ ਰੁਜ਼ਗਾਰ ਗਰੰਟੀ ਲਈ 90 ਦੀ ਥਾਂ 60% ਬਜਟ ਜਾਰੀ ਕਰੇਗਾ ਤੇ ਸੂਬਾ ਸਰਕਾਰ 10 ਦੀ ਥਾਂ 40% ਬਜਟ ਹਿੱਸਾ ਪਾਉਣ ਤੋਂ ਬਾਅਦ ਸੂਬੇ ਦੇ ਮਜ਼ਦੂਰ ਨੂੰ ਜੀ ਰਾਮ ਜੀ ਕਾਨੂੰਨ ਤਹਿਤ ਰੁਜ਼ਗਾਰ ਮਿਲੇਗਾ, ਪਰ ਜੀ ਰਾਮ ਜੀ ਦੇ ਖਿਲਾਫ ਮਤਾ ਪਾਸ ਕਰਨ ਵਾਲੀ ਪੰਜਾਬ ਦੀ ਆਪ ਸਰਕਾਰ ਨੇ ਆਪਣੇ ਆਖਰੀ ਬਜਟ ਵਿੱਚ ਪੇਂਡੂ ਮਜ਼ਦੂਰਾਂ ਨੂੰ ਰੁਜ਼ਗਾਰ ਦੇਣ ਲਈ ਕੋਈ ਪੈਸਾ ਨਹੀਂ ਰੱਖਿਆ, ਜਿਸ ਤੋਂ ਸਾਫ ਹੈ ਕਿ ਪੇਂਡੂ ਮਜ਼ਦੂਰਾਂ ਤੋਂ ਮਨਰੇਗਾ ਰੁਜ਼ਗਾਰ ਖੋਹਣ ਲਈ ਭਾਜਪਾ ਤੇ ਆਪ ਇੱਕ ਹਨ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੂੰ ਰਿਆਇਤਾ ਦੇ ਨਾਂ 'ਤੇ ਗਰੀਬਾਂ ਨੂੰ ਮੰਗਤੇ ਬਣਾਉਣ ਦਾ ਦੋਸ ਲਾਉਣ ਵਾਲਾਂ ਮੁੱਖ ਮੰਤਰੀ ਮਾਨ ਮਜ਼ਦੂਰਾਂ ਦਾਂ ਰੁਜ਼ਗਾਰ ਬੰਦ ਕਰਕੇ ਇੱਕ ਕਿੱਲੋ ਨੂਨ ਤੇ ਤੇਲ ਦੀ ਬੋਤਲ ਦੇਕੇ ਕੇਹੜੇ ਬਾਦਸ਼ਾਹ ਬਣਾ ਰਿਹਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਸ਼ਾਨਦਾਰ ਚਾਰ ਸਾਲਾਂ ਰਾਜ਼ ਵਿਚ ਲੋਕ ਮੰਤਰੀਆਂ ਤੇ ਅਫਸਰਾਂ ਕਰਨ ਆਤਮਹੱਤਿਆ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਾਰੀਆਂ ਗਰੰਟੀਆ ਪੂਰੀਆਂ ਕਰਨ ਦਾਂ ਦਾਅਵਾ ਨਿਰਾ ਝੂਠ ਹੈ। ਕਿਉਂਕਿ ਕੱਚੇ ਮੁਲਾਜ਼ਮ ਪੱਕੇ ਹੋਣ, ਬਜ਼ੁਰਗ 2500 ਰੁਪਏ ਬੁਢਾਪਾ ਪੈਨਸ਼ਨ, ਬੇਘਰੇ ਗਰੀਬ 5 ਮਰਲੇ ਪਲਾਟਾਂ, ਨੌਜਵਾਨ ਬੇਰੁਜ਼ਗਾਰੀ ਭੱਤੇ ਨੂੰ, ਕਿਸਾਨ ਐਮ ਐਸ ਪੀ ਸਮੇਤ ਹੋਰ ਮੰਗਾਂ ਦੀ ਪ੍ਰਾਪਤੀ ਲਈ ਪੁਲਿਸ ਦੀ ਡਾਂਗਾਂ ਖਾਣ ਲਈ ਮਜਬੂਰ ਹਨ।ਉਨ੍ਹਾਂ ਕਿਹਾ ਕਿ ਆਪ ਵੱਲੋਂ ਔਰਤਾਂ ਦੇ ਖਾਤਿਆਂ ਵਿੱਚ 1500 ਤੇ 1000 ਰੁਪਏ ਪਾਉਣ ਦਾ ਐਲਾਨ ਦੂਜੀ ਵਾਰ ਮੂਰਖ ਬਣਾਵੇਗਾ।ਉਨ੍ਹਾਂ ਕਿਹਾ ਮਜ਼ਦੂਰ ਜਮਾਤ ਨੂੰ 5 ਅਪ੍ਰੈਲ ਨੂੰ ਬੁਢਲਾਡਾ ਸੰਵਿਧਾਨ ਬਚਾਓ, ਬਹੁਜਨ ਸਮਾਜ ਬਚਾਓ ਰੈਲੀ ਨੂੰ ਸਫ਼ਲ ਬਣਾਉਣ ਦੀ ਅਪੀਲ ਕੀਤੀ।

ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਦੇ ਜ਼ਿਲ੍ਹਾ ਪ੍ਰਧਾਨ ਨਿੱਕਾ ਸਿੰਘ ਬਹਾਦਰਪੁਰ ਸਹਾਇਕ ਸਕੱਤਰ ਸੁਖਵਿੰਦਰ ਸਿੰਘ ਬੋਹਾ, ਲੋਕ ਗਾਇਕ ਸੁਖਵੀਰ ਸਿੰਘ ਖ਼ਾਰਾਂ,ਜਗਤਾਰ ਸਿੰਘ ਹਾਕਮ ਵਾਲਾ, ਨਛੱਤਰ ਸਿੰਘ ਫੋਜੀ ਸੇਰਖਾ, ਜ਼ੋਰਾਂ ਸਿੰਘ ਰਿਉਂਦ ਨੇ ਵੀ ਸੰਬੋਧਨ ਕੀਤਾ।

## ਸਾਬਕਾ ਵਿਧਾਇਕ ਨਿਰਮਲ ਸਿੰਘ ਸ਼੍ਰੋਮਣੀ ਅਕਾਲੀ ਦਲ ਪੁਨਰ-ਸੁਰਜੀਤ 'ਚ ਸ਼ਾਮਲ



ਸਮਾਣਾ (ਇਕਬਾਲ ਸਿੰਘ ਬੱਲ) : ਹਲਕਾ ਸਮਾਣਾ ਦੀ ਸਿਆਸਤ ਵਿੱਚ ਅੱਜ ਉਸ ਵੇਲੇ ਵੱਡਾ ਫੇਰਬਦਲ ਦੇਖਣ ਨੂੰ ਮਿਲਿਆ, ਜਦੋਂ ਸਾਬਕਾ ਵਿਧਾਇਕ ਨਿਰਮਲ ਸਿੰਘ ਆਪਣੇ ਸਾਥੀਆਂ ਸਮੇਤ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵਿੱਚ ਸ਼ਾਮਲ ਹੋ ਗਏ। ਨਿਰਮਲ ਸਿੰਘ ਦੇ ਘਰ ਹੋਏ ਸਾਦਾ ਸਮਾਗਮ ਦੌਰਾਨ ਪਾਰਟੀ ਦੇ ਕੌਮੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਤੇ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਨੇ ਨਿਰਮਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਸਿਰਪਾਓ (ਸਿਰੋਪਾ) ਭੇਟ ਕਰਕੇ ਪਾਰਟੀ ਵਿੱਚ ਰਸਮੀ ਤੌਰ 'ਤੇ ਸ਼ਾਮਲ ਕੀਤਾ ਤੇ ਜੀ ਆਇਆਂ ਨੂੰ ਕਿਹਾ। ?ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਵਿਧਾਇਕ ਨਿਰਮਲ ਸਿੰਘ ਨੇ ਦੱਸਿਆ ਕਿ ਉਹ ਹਰਿੰਦਰ ਸਿੰਘ ਖਾਲਸਾ (ਨਾਰਵੇ) ਦੀਆਂ ਪੰਥਕ ਭਾਵਨਾਵਾਂ ਤੇ ਪ੍ਰੇਰਣਾ ਸਦਕਾ ਕਾਂਗਰਸ ਪਾਰਟੀ ਨੂੰ ਛੱਡ ਕੇ ਇਸ ਨਵੀਂ ਬਣੀ ਪੰਥਕ ਜਥੇਬੰਦੀ ਵਿੱਚ ਸ਼ਾਮਲ ਹੋਏ ਹਨ।ਉਨ੍ਹਾਂ ਕਿਹਾ ਕਿ ਉਹ ਪਾਰਟੀ ਦੀਆਂ ਨੀਤੀਆਂ 'ਤੇ ਚੱਲਦਿਆਂ ਇਮਾਨਦਾਰੀ ਨਾਲ ਕੰਮ ਕਰਨਗੇ।ਨਿਰਮਲ ਸਿੰਘ ਦੇ ਨਾਲ ਉਨ੍ਹਾਂ ਦੇ ਬੇਟਾ ਸਤਨਾਮ ਸਿੰਘ (ਸਾਬਕਾ ਵਾਈਸ ਚੇਅਰਮੈਨ, ਜ਼ਿਲ੍ਹਾ ਪ੍ਰੀਸ਼ਦ ਪਟਿਆਲਾ) ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਮਰਥਕ ਵੀ ਸ਼ਾਮਲ ਹੋਏ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਅਵਤਾਰ ਸਿੰਘ ਆਰੇਵਾਲਾ, (ਸਾਬਕਾ ਕੌਂਸਲਰ) ਬਲਵਿੰਦਰ ਪਾਲ ਸਿੰਘ, ਪ੍ਰਿਥੀਪਾਲ ਸਿੰਘ, ?ਕਸ਼ਮੀਰ ਸਿੰਘ ਡਰੌਲੀ, ਗੁਰਦੀਪ ਸਿੰਘ ਡਰੌਲੀ, ?ਦਰਸ਼ਨ ਸਿੰਘ (ਸਾਬਕਾ ਸਰਪੰਚ ਮਵੀ) ਤੇ ਤਰਨਵੀਰ ਸਿੰਘ ਮਵੀ ਵੀ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵਿੱਚ ਸ਼ਾਮਲ ਹੋਏ ਹਨ।


**Public Notice**

I, Baljinder Singh S/o Jagir Singh has lost SSale Deed No. 1182 dated 24.08.2013, SR – JALANDHAR and Sale Deed No.2341 dated 13.10.2014 relating to House Measuring 4 Marla Comprising under Khasra No. 26//13/2, 14, 16, 17, 18/1, 18/3, 23, 24, 25, 27//21, 29//1/1/1, 30//3/1, 4, 5/1 237//51 Situated at Village SedhoBhulana, Tehsil and Distt Kapurthalaand same is not traceable and D.D.R is also registered in this regard. . I am rising loan from Aditya Birla Housing Finance Limited, SCO 40, Second Floor PUDA Complex, Rajinder Nagar, Jalandhar and same is required for this loan. If anyone have any objection or have found before said Transfer Deeds, He can contact Lalit Kakkar, Advocate on his Mobile No. 9876107449.

**Public Notice**

It hereby informs to public at large that CHARANJIT SINGH has avail loan from AU SMALL FINANCE BANK LIMITED have its branch office at Hoshiarpur. Property Measuring 6 Marla 7 Sarsai Comprising Under Khasra No.129 Situated at Village Harsi Pind, Tehsil Tanda, District Hoshiarpur is owned by Baljinder Kaur W/o Charanjit Singh vide Transfer Deed No.2155 dated 20.01.2026 Earlier Transfer Deed No.2299 dated 13.02.2015has been lost and DDR in respect of which is noted. There is no third party interest involve in owner and title is clear. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised Loan by depositing the aforesaid document to any person/bank/corporation/financial institution may approach the Lalit Kakkar (Advocate) Off. : Chamber No. 24, New Courts, Jalandhar. M.No. 98761-07449 and submit objection within 7 days from the date of this notice. After the expiry of period of this no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law.

**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਸੀਨੀਅਰ ਮੰਡਲ ਯਾਂਤ੍ਰਿਕ ਇੰਜੀਨੀਅਰ (ਸੀਐਂਡਡਬਲਯੂ) ਫਿਰੋਜ਼ਪੁਰ, ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਅਤੇ ਉਨ੍ਹਾਂ ਦੇ ਲਈ ਹੇਠਾ ਸੂਚੀਬੱਧ ਕੰਮਾਂ/ਸੇਵਾਵਾਂ ਦੇ ਲਈ ਈ-ਟੈਂਡਰਾ ਮੰਗ ਕਰਦੇ ਹਨ । ਬੋਲੀਦਾਤਾ ਕੇਵਲ ਸਮਾਪਨ ਮਿਤੀ ਅਤੇ ਸਮੇਂ ਤਕ ਹੀ ਅਪਣੀ ਮੂਲ/ਸੰਸ਼ੋਧਿਤ ਬੋਲੀਆਂ ਜਮਾ ਕਰਨ ਵਿਚ ਸਖਸ਼ਮ ਹੋਣਗੇ । ਇਨ੍ਹਾਂ ਟੈਂਡਰਾਂ ਦੇ ਵਿਰੁਧ ਮੈਨੂੰਅਲ ਪ੍ਰਸਤਾਵਾਂ ਦੀ ਅਨੁਮਤੀ ਨਹੀਂ ਹੈ, ਅਤੇ ਪ੍ਰਾਪਤ ਐਸੇ ਕਿਸੀ ਵੀ ਮੈਨੂੰਅਲ ਪ੍ਰਸਤਾਵ ਉਤੇ ਧਿਆਨ ਨਹੀਂ ਦਿਤਾ ਜਾਵੇਗਾ । ਠੇਕੇਦਾਰਾਂ ਨੂੰ ਇਨ੍ਹਾਂ ਟੈਂਡਰਾ ਦੇ ਵਿਰੁਧ ਆਨਲਾਈਨ ਭੁਗਤਾਨ ਕਰਨ ਦੀ ਅਨੁਮਤੀ ਹੈ । ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਕੇਵਲ www.ireps.gov.in ਪੋਰਟਲ ਉਤੇ ਉਪਲਬਧ ਆਨਲਾਈਨ ਭੁਗਤਾਨ ਮੋਡ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ ਆਦਿ ਦੇ ਦੁਆਰਾ ਤੋਂ ਹੀ ਜਮਾਂ ਹੋਵੇਗੀ । ਡਿਮਾਂਡ ਡਰਾਫਟ, ਬੈਂਕਰ ਚੇਕ, ਜਮਾਂ ਰਸੀਦ, ਐਫਡੀਆਰ ਆਦਿ ਦੇ ਦੁਆਰਾ ਤੋਂ ਮੈਨੂੰਅਲ ਭੁਗਤਾਨ ਦੀ ਅਨੁਮਤੀ ਨਹੀਂ ਹੈ ।

| ਟੈਂਡਰ ਪ੍ਰਕਾਰ | ਬੋਲੀ ਪ੍ਰਣਾਲੀ | ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸਮਾਪਤੀ ਮਿਤੀ/ਸਮਾਂ | ਈ-ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ |
|---|---|---|---|---|
| ਓਪਨ | ਸਿੰਗਲ ਪੈਕੇਟ ਪ੍ਰਣਾਲੀ | 26.03.2026 ਸਮਯ 19:12 ਬਜੇ | 17.04.2026 ਸਮਯ 15:00 ਬਜੇ | 17.04.2026 ਸਮਯ 15:00 ਬਜੇ |

| ਲ.ਨੰ: | ਟੈਂਡਰ ਨੰਬਰ | ਟੈਂਡਰ ਦਾ ਵੇਰਵਾ |
|---|---|---|
| 1. | 03-CAMC-EOT-2026 | ਸੀਐਂਡਡਬਲਯੂ (C&W) ਡਿਪੋ ਅੰਮ੍ਰਿਤਸਰ ਵਿਚ ਸਥਾਪਿਤ ਓਵਰ ਹੇਡ ਕ੍ਰੇਨ (EOT) ਸ਼ਮਤਾ 25/5 ਟਨ, ਮੇਕ-AVON, ਅਤੇ ਸੀਐਂਡਡਬਲਯੂ (C&W) ਡਿਪੋ ਲੁਧਿਆਦਾ ਵਿਚ ਸਥਾਪਿਤ ਓਵਰ ਹੇਡ ਕ੍ਰੇਨ (EOT) ਸ਼ਮਤਾ 10%5 ਟਨ, ਮੇਕ-SMACO, ਦੇ ਤਿੰਨ ਸਾਲ (36 ਮਹੀਨੇ) ਦਾ ਸਮੇ ਦੇ ਲਈ ਸੀਏਐਮਸੀ (CAMC) ਦਾ ਕੰਮ । |

| ਵਿਗਿਆਪਿਤ ਮੂਲ | ਟੈਂਡਰ ਦਸਤਾਵੇਜ ਲਾਗਤ | ਬਿਆਨਾ ਰਾਸ਼ੀ | ਪ੍ਰਸਤਾਵ ਦੀ ਵੈਧਤਾ | ਪੂਰਾ ਹੋਣ ਦਾ ਸਮਾਂ |
|---|---|---|---|---|
| ਰੁ:13,96,960.16 | ਸਿਫਰ | ਰੁ: 27,900.00/- | 30 ਦਿਨ | 36 ਮਹੀਨੇ |

ਜ਼ਿਆਦਾ ਜਾਣਕਾਰੀ ਦੇ ਲਈ, ਕ੍ਰਿਪਾ www.ireps.gov.in ਉਤੇ ਲਾਗ ਆਨ ਕਰੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 1038/26



**ਜਨਤਕ ਸੂਚਨਾ**

ਮੈਂ ਦਮਨਜੀਤ ਸਿੰਘ ਕੋਚਰ ਪੁੱਤਰ ਸ. ਅਮਰਜੀਤ ਸਿੰਘ ਕੋਚਰ, ਮਕਾਨ ਨੰ. 59/5, ਗਾਰਡਨ ਕਾਲੋਨੀ, ਪਿੰਡ ਕਿੰਗਰਾ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਘੋਸ਼ਣਾ ਕਰਦਾ ਹਾਂ ਕਿ ਇੱਕ ਵਿਕਰੀ ਦਸਤਾਵੇਜ਼ ਨੰਬਰ 1925 ਮਿਤੀ 25-05-1992 ਮਕਾਨ ਨੰਬਰ 59/5, ਗਾਰਡਨ ਕਾਲੋਨੀ, ਪਿੰਡ ਕਿੰਗਰਾ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਰਕਬਾ 15 ਮਰਲਾ, 60 ਵਰਗ ਫੁੱਟ ਖਸਰਾ ਨੰਬਰ 40/1 ਸ. ਅਮਰਜੀਤ ਸਿੰਘ ਦੇ ਨਾਂ ਤੇ ਹੈ। ਜਦੋਂ ਮੈਂ ਫੋਟੋਕੋਪੀ ਲਈ ਦੁਕਾਨ ਜਾ ਰਿਹਾ ਸੀ। ਇਹ ਵਿਕਰੀ ਪੱਤਰ ਜੋ ਕਿਸੇ ਥਾਂ ਤੇ ਗੁੰਮ ਹੋ ਗਿਆ ਹੈ ਜੇ ਕਿਸੇ ਨੂੰ ਇਹ ਵਿਕਰੀ ਪੱਤਰ ਮਿਲਦਾ ਹੈ ਤਾਂ ਉਹ ਸਾਡੇ ਨਾਲ 8360107979 'ਤੇ ਸੰਪਰਕ ਕਰ ਸਕਦੇ ਹਨ।

**ਅਦਾਲਤੀ ਇਸ਼ਤਿਹਾਰ**

ਬਾ-ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਦੂਜਾ ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ ਵਾ ਜ਼ਿਲ੍ਹਾ ਮੋਗਾ।

ਹਰ ਆਮ ਤੇ ਖਾਸ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਸ੍ਰੀ ਮੁਕੰਦ ਸਿੰਘ ਪੁੱਤਰ ਮੁਖਤਿਆਰ ਸਿੰਘ ਪੁੱਤਰ ਰੌਣਕੀ ਸਿੰਘ ਵਾਸੀ ਰਾਉਂਕੇ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸ ਦੇ ਪਿਤਾ ਦਾ ਨਾਂਅ ਖੇਵਟ ਨੰਬਰ 700 ਵਿੱਚ ਮੁਕੰਦ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਰੌਣਕੀ ਸਿੰਘ ਦਰਜ ਹੈ ਅਤੇ ਬਾਕੀ ਦੇ ਦਸਤਾਵੇਜ਼ਾਂ (ਆਧਾਰ ਕਾਰਡ, ਪੈਨ ਕਾਰਡ ਆਦਿ) ਵਿੱਚ ਮੁਕੰਦ ਸਿੰਘ ਪੁੱਤਰ ਮੁਖਤਿਆਰ ਸਿੰਘ ਪੁੱਤਰ ਰੌਣਕੀ ਸਿੰਘ ਹੈ। ਇਹ ਦੋਵੇਂ ਨਾਂਅ ਇੱਕ ਹੀ ਵਿਅਕਤੀ ਮੁਕੰਦ ਸਿੰਘ ਪੁੱਤਰ ਪਿਆਰਾ ਸਿੰਘ ਉਰਫ ਮੁਖਤਿਆਰ ਸਿੰਘ ਪੁੱਤਰ ਰੌਣਕੀ ਸਿੰਘ ਦੇ ਹਨ। ਉਕਤ ਤੱਥਾਂ ਸੰਬੰਧੀ ਪ੍ਰਾਰਥੀ ਨੇ ਆਪਣਾ ਹਲਫੀਆ ਬਿਆਨ ਅਤੇ ਪਿੰਡ ਵੱਲੋਂ ਤਸਦੀਕ ਸਰਟੀਫਿਕੇਟ ਵੀ ਪੇਸ਼ ਕੀਤਾ ਹੈ। ਪ੍ਰਾਰਥੀ ਨੇ ਪੰਜਾਬ ਸਰਕਾਰ ਦੇ ਮੀਮੋ ਨੰ. 25/78/2012-ਭਮ-2/12445-71 ਚੰਡੀਗੜ੍ਹ ਮਿਤੀ 26/07/2013 ਦੇ ਹਵਾਲੇ ਮੁਤਾਬਕ ਮਾਲ ਰਿਕਾਰਡ ਵਿੱਚ ਨਾਂਅ ਤਬਦੀਲ ਕਰਵਾਉਣਾ ਹੈ। ਜੇਕਰ ਕਿਸੇ ਵਿਅਕਤੀ ਨੂੰ ਮਾਲ ਰਿਕਾਰਡ ਵਿੱਚ ਉਕਤ ਨਾਂਅ ਦੀ ਦਰੁਸਤੀ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਇਸ ਦਫਤਰ ਵਿੱਚ ਆਪਣਾ ਇਤਰਾਜ਼ ਲਿਖਤੀ ਰੂਪ ਵਿੱਚ ਇਸ ਇਸ਼ਤਿਹਾਰ ਦੇ ਜਾਰੀ ਹੋਣ ਦੇ 10 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ। ਸਮਾਂ ਬੀਤਣ ਤੋਂ ਬਾਅਦ ਕਿਸੇ ਦਾ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।

ਇਹ ਨੋਟਿਸ ਮੇਰੀ ਅਦਾਲਤੀ ਮੋਹਰ ਅਤੇ ਹਸਤਾਖਰ ਹੇਠ ਜਾਰੀ ਕੀਤਾ ਗਿਆ ਹੈ।

ਸੀ ਆਰ ਓ-ਕਮ-ਸਹਾਇਕ ਕੁਲੈਕਟਰ ਦਰਜਾ-2, ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

(ਨੰ. 95/ਰੀਡਰ ਮਿਤੀ 27/03/2026)



**ਉਤਰ ਰੇਲਵੇ**

**ਖੁਲੀ ਨਿਵਿਦਾ ਸੂਚਨਾ**

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਟੀ.ਆਰ./ ਜੰਮੂ ਤਵੀ ਉ.ਰੇ., ਫਿਰੋਜਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਈ-ਨਿਵਿਦਾਵਾਂ ਅੰਤਮ ਮਿਤੀ 20.04.2026 ਨੂੰ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਨਿਵਿਦਾਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ 20.04.2026 ਨੂੰ 15:00 ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜ਼ਨ ਲਾਗਤ (Rs.) | ਟੈਂਡਰ ਦੀ ਕੀਮਤ (Rs.) | ਨਿਵਿਦਾ ਦੀ ਸਮਾਪਤੀ ਮਿਤੀ ਤੇ ਸਮਾਂ | ਬਿਆਣਾ ਰਾਸ਼ੀ # (Rs.) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|---|---|
| 765- ਟੀ.ਆਰ. ਡੀ.-ਜੰਮੂ ਤਵੀ- 2025-26 | ਜੰਮੂ ਡਵੀਜਨ ਦੇ ਸਾਰੀਆਂ ਥਾਵਾਂ ਉਤੇ 105 ਵਰਗ ਮਿਮੀ ਜੀ-ਜੰਪਰ ਨੂੰ160 ਵਰਗ ਮਿਮੀ ਜੰਪਰ ਨਾਲ ਬਦਲਣ ਦੇ ਮੱਦੇਨਜ਼ਰ ਵਿਸ਼ਵਸਨੀਅਤਾ ਕੰਮ ਸਕੀਮ ਦੇ ਸਬੰਧ ਵਿਚ ਟੀਆਰਡੀ ਦਾ ਕੰਮ। | 2,52,89,517.07 | ਜੀਰੋ | 20.04.2026 15:00 ਵਜੇ ਤਕ | 2,76,500/- | 08 ਮਹੀਨੇ | 20.04.2026 15:00ਵਜੇ ਦੇ ਬਾਅਦ | www.ireps.gov.in |

ਨੋਟ: #ਨਿਵਿਦਾਕਰਤਾ ਕਿਰਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਿਨਾ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਪੇਮੇਂਟ ਗੇਟਵੇ ਦੇ ਮਾਧਿਅਮ ਨਾਲ ਨਕਦ ਵਿਚ ਜਾਂ ਭਾਰਤ ਦੇ ਕਿਸੇ ਵੀ ਅਨੁਸੂਚਿਤ ਵਾਣਿਜਕ ਬੇਂਕ ਤੋਂ ਬੈਂਕ ਗਾਰੰਟੀ ਬਾਂਡ ਦੇ ਰੂਪ ਵਿਚ ਜਾਂ ਨਿਵਿਦਾ ਦਸਤਾਵੇਜਾਂ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਲਿਡ ਹਨ। ਬੋਲੀ ਦੀ ਵੈਧਤਾ ਅਵਧੀ ਦੇ ਬਾਅਦ 90 ਦਿਨ ਦੇ ਲਈ ਅਧੂਰੇ ਅਤੇ ਅਣਵੈਲਿਡ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸ ਦੇ ਲਈ ਠੇਕੇਦਾਰ ਦਾ ਰੇਲਵੇ ਤੇ ਕੋਈ ਦਾਅਵਾ ਨਹੀਂ ਹੋਵੇਗਾ। ਨੰ.:765-ਟੀ.ਆਰ.ਡੀ.-ਜੰਮੂ ਤਵੀ-2025-26 ਮਿਤੀ: 27.03.2026 1034/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਕਲਾਸੀਫਾਈਡ ਇਸ਼ਤਿਹਾਰ


**ਆਮ ਸੂਚਨਾ**

ਸੂਚਿਤ ਕੀਤਾ ਜਾਂਦਾ ਹੈ ਕਿ ਇੱਕ ਟਿਊਬਵੈੱਲ ਕੁਨੈਕਸ਼ਨ, ਜਿਸ ਦਾ ਖਾਤਾ ਨੰ. G16A1040672M, ਜੋ ਕਿ ਮਹਿੰਦਰ ਸਿੰਘ ਪੁੱਤਰ ਸ੍ਰੀ ਕਸ਼ਮੀਰ ਸਿੰਘ ਪਿੰਡ ਬੱਦੋਵਾਲ ਵਿਖੇ ਚੱਲ ਰਿਹਾ ਹੈ, ਜਿਸ ਦੀ ਨਾਂਅ ਦੀ ਬਦਲੀ ਲਈ ਸ੍ਰੀਮਤੀ ਕੁਲਦੀਪ ਕੌਰ ਪਤਨੀ ਸ੍ਰੀ ਦਵਿੰਦਰ ਸਿੰਘ ਪਿੰਡ ਬੱਦੋਵਾਲ ਵੱਲੋਂ ਅਪਲਾਈ ਕਰਨਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ ਐੱਸ ਪੀ ਸੀ ਐੱਲ ਦਫਤਰ ਪੰਜ ਗਰਾਈਆਂ ਨੂੰ ਸੂਚਿਤ ਕਰ ਸਕਦਾ ਹੈ।

**ਬੇਦਖਲੀ ਨੋਟਿਸ**

ਮੈਂ, ਸੁਖਪ੍ਰੀਤ ਕੌਰ ਪਤਨੀ ਸਵ: ਬਲਵੀਰ ਸਿੰਘ ਵਾਸੀ ਮਕਾਨ ਨੰ. 538, ਬਾਬਾ ਜੀਵਨ ਸਿੰਘ ਨਗਰ, ਦੁੱਨੇਕੇ (ਮੋਗਾ) ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਭਗਵਾਨ ਸਿੰਘ ਉਰਫ ਕਾਲੀ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਕਾਰਨ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ, ਗੁਰਚਰਨ ਸਿੰਘ ਪੁੱਤਰ ਹਰਭਜਨ ਸਿੰਘ ਵਾ ਪਰਮਿੰਦਰ ਕੌਰ ਪਤਨੀ ਗੁਰਚਰਨ ਸਿੰਘ ਵਾਸੀ ਮੁਹੱਲਾ ਧੁੜਕੋਟ, ਸ਼ਾਹਕੋਟ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਕਰਨਜੀਤ ਸਿੰਘ ਅਤੇ ਸਾਡੀ ਨੂੰਹ ਗੁਰਸਿਮਰਨਪ੍ਰੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਬਖਸ਼ੀਸ਼ ਸਿੰਘ ਪੁੱਤਰ ਬਿਕਰਮ ਰਾਮ ਵਾਸੀ ਪਿੰਡ ਰਸੂਲਪੁਰ ਬ੍ਰਾਹਮਣਾ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਕਰਨ ਸੋਂਧੀ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਪਰਮਜੀਤ ਕੌਰ ਪਤਨੀ ਲੇਟ ਸੁਖਵਿੰਦਰ ਸਿੰਘ ਵਾਸੀ ਮਕਾਨ ਨੰ: 3716, ਵਾਰਡ ਨੰ: 15, ਮੁਹੱਲਾ ਗੁਰੂ ਨਾਨਕ ਪੁਰਾ, ਨਕੋਦਰ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਨਵਜੋਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਸੁਰਿੰਦਰ ਪਾਲ ਪੁੱਤਰ ਸ੍ਰੀ ਚਰਨ ਦਾਸ ਵਾਸੀ ਦਸਮੇਸ਼ ਨਗਰ, ਟਾਂਡਾ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਮਨ ਕੁਮਾਰ ਅਤੇ ਉਸ ਦੀ ਪਤਨੀ ਰੀਨਾ ਰਾਣੀ, ਜੋ ਮੇਰੇ ਕਹਿਣੇ ਤੋਂ ਬਾਹਰ ਹਨ, ਇਸ ਕਰਕੇ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ, ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਬਾਕੀ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

**ਬੇਦਖਲੀ ਨੋਟਿਸ**

ਮੈਂ ਸੁਨੀਲ ਰਸਤੋਗੀ ਪੁੱਤਰ ਲਾਲ ਬਿਹਾਰੀ ਵਾਸੀ 28, ਕਾਲੇ ਰੋਡ, ਮਿਲਾਪ ਐਵੀਨਿਊ, ਛੇਹਰਟਾ, ਅੰਮ੍ਰਿਤਸਰ ਆਪਣੀ ਲੜਕੀ ਪ੍ਰਿਯਾ ਰਸਤੋਗੀ, ਜਿਸ ਨੇ ਆਪਣੀ ਮਰਜ਼ੀ ਨਾਲ ਸ਼ਾਦੀ ਕਰਵਾਈ ਹੈ, ਮੇਰੇ ਕਹਿਣੇ ਵਿੱਚ ਨਹੀ ਹੈ, ਮੇਰੀ ਕੋਈ ਗੱਲ ਨਹੀਂ ਮੰਨਦੀ, ਆਪਣੀ ਮਰਜ਼ੀ ਕਰਦੀ ਹੈ, ਨੂੰ ਪਰਿਵਾਰ ਸਮੇਤ ਆਪਣੀ ਚੱਲ-ਅਚੱਲ, ਝੁੱਕਵੀ/ਅਣਝੁਕਵੀ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਨਫ਼ੇ ਨੁਕਸਾਨ, ਲੈਣ ਦੇਣ, ਲੜਾਈ-ਝਗੜੇ ਦੇ ਲਈ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਮੈਂਬਰ ਜਿੰਮੇਵਾਰ ਨਹੀਂ ਹੋਵੇਗਾ। ਮੇਰਾ ਪ੍ਰਿਯਾ ਰਸਤੋਗੀ ਦੇ ਨਾਲ ਕੋਈ ਸੰਬੰਧ ਨਹੀ ਹੈ।

ਮੈਂ ਜੋਗਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ 142, ਪੱਤੀ ਮਾਨਾ ਦੀ, ਵਡਾਲੀ ਗੁਰੂ, ਛੇਹਰਟਾ, ਅੰਮ੍ਰਿਤਸਰ ਆਪਣੇ ਲੜਕੇ ਜ਼ਸਵਿੰਦਰ ਸਿੰਘ ਅਤੇ ਨੂੰਹ ਸਿਮਰਨਜੀਤ ਕੌਰ, ਜੋ ਮੇਰੇ ਕਹਿਣੇ ਵਿੱਚ ਨਹੀ ਹਨ, ਮੇਰੀ ਕੋਈ ਗੱਲ ਨਹੀਂ ਮੰਨਦੇ, ਆਪਣੀ ਮਰਜ਼ੀ ਕਰਦੇ ਹਨ, ਨੂੰ ਆਪਣੀ ਚੱਲ-ਅਚੱਲ, ਝੁੱਕਵੀ-ਅਣਝੁਕਵੀ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਮਾੜੇ-ਚੰਗੇ ਕੰਮ ਨਫ਼ੇ ਨੁਕਸਾਨ, ਲੈਣ ਦੇਣ, ਲੜਾਈ ਝਗੜੇ ਦੇ ਲਈ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀ ਹੋਵੇਗਾ। ਮੇਰਾ ਜ਼ਸਵਿੰਦਰ ਸਿੰਘ ਦੇ ਨਾਲ ਕੋਈ ਸੰਬੰਧ ਨਹੀ ਹੈ।

**ਨਾਂਅ ਦੀ ਬਦਲੀ**

ਮੈਂ, ਨਰਿੰਦਰ ਕੁਮਾਰ ਪੁੱਤਰ ਜੋਗਿੰਦਰ ਪਾਲ ਵਾਸੀ ਐਫ-21/247, ਵਾਰਡ ਨੰ.13, ਸੰਧੂ ਕਲੋਨੀ, ਬਟਾਲਾ ਰੋਡ, ਅੰਮ੍ਰਿਤਸਰ ਨੇ ਮੇਰੀ ਨਾਬਾਲਗ ਲੜਕੀ ਦਾ ਨਾਂ ਦ੍ਰਿਸ਼ਟੀ ਤੋਂ ਬਦਲ ਕੇ ਦ੍ਰਿਸ਼ਟੀ ਕੁਮਾਰੀ ਕਰ ਦਿੱਤਾ ਹੈ।

ਰਾਜਨ ਪੁੱਤਰ ਰਾਹੁਲ ਵਿਧੋਨ ਮਕਾਨ ਨੰਬਰ 388, ਗਲੀ ਨੰਬਰ 2, ਗੁਰੂ ਤੇਗ ਬਹਾਦਰ ਨਗਰ, ਮੋਹਕਮਪੁਰਾ ਅੰਮ੍ਰਿਤਸਰ ਨੇ ਆਪਣਾ ਨਾਮ ਬਦਲ ਰਾਜਨ ਉਰਫ ਰਾਜਨ ਵਿਧੋਨ ਰੱਖ ਲਿਆ ਹੈ।

ਮੈਂ, ਬਖਸ਼ੀ ਅਲਿਆਸ ਦਰਸ਼ਨ ਪੁੱਤਰ ਮੱਸੂ ਰਾਮ ਵਾਸੀ ਪਿੰਡ ਖਾਨਕੇ ਫਤਿਹਗੜ੍ਹ, ਡਾਕਖਾਨਾ ਮੁਸਤਫਾਪੁਰ, ਤਹਿਸੀਲ ਕਰਤਾਰਪੁਰ, ਜ਼ਿਲ੍ਹਾ ਜਲੰਧਰ-144801, ਪੰਜਾਬ ਨੇ ਆਪਣਾ ਨਾਂਅ ਬਖਸ਼ੀ ਅਲਿਆਸ ਦਰਸ਼ਨ ਤੋਂ ਬਦਲ ਕੇ ਬਖਸ਼ੀ ਰਾਮ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

**Change of Name**

I,Balwinder Singh S/O Harpal Singh R/O Village Khara Tehsil & Distt. Tarn Taran,Punjab have changed my name from Balwinder Singh to Balwinder as my Given name and Singh as my Surname. Concerned note.

I, Hitherto known as Jaskirat Singh S/o Balveer Singh R/o Vill. Chak Balochan Wala, Tehsil Jalalabad (West) Distt. Fazilka, State Punjab, India, Pin-152024, have changed my name and shall hereafter be known as Vijay Parveen. Please note.

I, Sukhwinder Singh S/O Balwant Singh R/O VPO- Purana Shalla, Distt- Gurdaspur, Punjab, India. Declare That My Given Name As Sukhwinder And My Surname As Singh.

I, Harpreet S/O Karnail. R/O VPO- Lambra. Distt- Jalandhar, Punjab, India. Have Changed My Name From Harpreet To Harpreet Singh. Given Name As Harpreet And My Surname As Singh.


**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਕਿਲੀ ਦਾ ਛਿੰਝ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ

**ਸ਼ਾਹਕੋਟ (ਗਿਆਨ ਸੈਦਪੁਰੀ)**- ਨੇੜਲੇ ਪਿੰਡ ਕਿਲੀ ਵਿਖੇ ਸਲਾਨਾ ਛਿੰਝ ਮੇਲਾ ਕਰਵਾਇਆ ਗਿਆ। ਇਹ ਛਿੰਝ ਮੇਲਾ ਸੱਭਰਵਾਲ ਪਰਵਾਰ ਵੱਲੋਂ ਬਹੁਤ ਵਰ੍ਹੇ ਪਹਿਲਾਂ ਸ਼ੁਰੂ ਕੀਤਾ ਗਿਆ ਸੀ। ਜਦੋਂ ਦੀ ਇਸ ਛਿੰਝ ਮੇਲੇ ਦੀ ਕਮਾਂਡ ਪਿੰਡ ਦੇ ਨੰਬਰਦਾਰ ਸੋਨੂੰ ਥਿੰਦ ਤੇ ਐਨ. ਆਰ ਆਈ. ਵੀਰੇ ਦੇ ਹਿੱਸੇ ਆਈ, ਉਸ ਦਿਨ ਤੋਂ ਲੈ ਕੇ ਅੱਜ ਤੱਕ ਇਹ ਛਿੰਝ ਮੇਲਾ ਮਹਾਂ ਮਹਾਨ ਛਿੰਝ ਮੇਲਾ ਬਣ ਗਿਆ ਅਤੇ ਸੱਭਰਵਾਲ ਪਰਵਾਰ ਦਾ ਅੱਜ ਵੀ ਪੂਰਾ ਸਹਿਯੋਗ ਹੈ। ਛਿੰਝ ਮੇਲੇ ਦੀ ਪਹਿਲੀ ਕੁਸ਼ਤੀ ਸ਼ਰੀਫ਼ ਕਾਂਜਲੀ ਤੇ ਹਕੂਮਤ ਸ਼ਾਹਕੋਟ ਵਿਚਕਾਰ ਹੋਈ, ਜਿਸ ਵਿੱਚ ਹਕੂਮਤ ਸ਼ਾਹਕੋਟ ਜੇਤੂ ਰਿਹਾ। ਛਿੰਝ ਮੇਲੇ ਵਿੱਚ ਇੱਕ ਨੰਬਰ ਦੀ ਕੁਸ਼ਤੀ ਛੋਟਾ ਸੁਦਾਮ ਅਤੇ ਵਿਨਾਇਕ ਯੂ.ਪੀ. ਦਰਮਿਆਨ ਹੋਈ। ਲੰਮਾ ਸਮਾਂ ਕੁਸ਼ਤੀ ਚੱਲਣ ਦੇ ਬਾਵਜੂਦ ਬਰਾਬਰ ਛੁਡਵਾਈ ਗਈ। ਆਪਣੇ ਸਮੇਂ ਦੇ ਪ੍ਰਸਿੱਧ ਪਹਿਲਵਾਨ ਮਲਕੀਤ ਕਾਂਜਲੀ ਵੱਲੋਂ ਰੈਫ਼ਰੀ ਦੀਆਂ ਸੇਵਾਵਾਂ ਦਿੱਤੀਆਂ ਗਈਆਂ। ਸ਼ਾਮ ਵੇਲੇ ਪ੍ਰਸਿੱਧ ਕਲਾਕਾਰ ਲਾਭ ਹੀਰਾ ਨੇ ਆਪਣੇ ਨਵੇਂ ਤੇ ਪੁਰਾਣੇ ਗੀਤਾਂ ਰਾਹੀਂ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕਰਵਾਇਆ। ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਤੇ ਹਲਕਾ ਕਪੂਰਥਲਾ ਦੇ ਵਿਧਾਇਕ ਰਾਣਾ ਗੁਰਜੀਤ ਸਿੰਘ ਅਤੇ ਜ਼ਿਲ੍ਹਾ ਜਲੰਧਰ (ਦਿਹਾਤੀ) ਦੇ ਪ੍ਰਧਾਨ ਅਤੇ ਹਲਕਾ ਸ਼ਾਹਕੋਟ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ। ਰਾਣਾ ਗੁਰਜੀਤ ਸਿੰਘ ਨੇ ਛਿੰਝ ਮੇਲੇ ਦੀ ਵਧਾਈ ਦਿੰਦਿਆਂ ਪ੍ਰਬੰਧਕਾਂ ਵੱਲੋਂ ਕੀਤੇ ਪ੍ਰਬੰਧਾਂ ਦੀ ਵੀ ਸ਼ਲਾਘਾ ਕੀਤੀ। ਆਖ਼ਰ ਵਿੱਚ ਸੋਨੂੰ ਥਿੰਦ ਨੰਬਰਦਾਰ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ। ਕੁਮੈਂਟੇਟਰ ਵਜੋਂ ਗੁਰਦੇਵ ਮਿੱਠਾ ਨੇ ਖ਼ੂਬ ਰੌਣਕ ਲਾਈ ਰੱਖੀ। ਸਟੇਜ ਸਕੱਤਰ ਦੇ ਫਰਜ਼ ਬੰਟੀ ਬਠੱਲਾ ਅਤੇ ਅਮਨਦੀਪ ਸੈਦਪੁਰੀ ਨੇ ਸਾਂਝੇ ਤੌਰ 'ਤੇ ਨਿਭਾਏ।





ਇਸ ਮੌਕੇ ਹੋਰਨਾਂ ਤੋਂ ਇਲਾਵਾ ਪਵਨਦੀਪ ਕੌਰ ਥਿੰਦ ਸਰਪੰਚ ਕਿਲੀ, ਕਸ਼ਮੀਰ ਸਿੰਘ ਸਾਬਕਾ ਸਰਪੰਚ, ਗੁਲਜ਼ਾਰ ਸਿੰਘ ਥਿੰਦ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ, ਸੁਰਿੰਦਰਜੀਤ ਸਿੰਘ ਚੱਠਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ, ਸੁਖਦੀਪ ਸਿੰਘ ਕੰਗ ਪੀ.ਏ, ਤਰੁਨ ਯੂ.ਐਸ.ਏ, ਵਾਰਿਸ ਥਿੰਦ, ਕਮਲ ਟੁਰਨਾ, ਰੁਪਿੰਦਰ ਸਿੰਘ ਕਿਲੀ, ਨੱਥਾ ਸਿੰਘ ਜਾਫਰਵਾਲ, ਪਹਿਲਵਾਨ ਨਛੱਤਰ ਸਿੰਘ ਸੱਤੀ ਢੰਡੋਵਾਲ, ਜਗਤਾਰ ਸਿੰਘ ਖ਼ਾਲਸਾ ਪ੍ਰਧਾਨ ਸਹਿਕਾਰੀ ਸਭਾ ਢੰਡੋਵਾਲ, ਤਰਲੋਕ ਮਸੀਹ ਕਿਲੀ, ਰਾਜਾ ਸਰਪੰਚ ਸ਼ੇਖੇਵਾਲ, ਸੋਨੀ ਰਾਮੇ, ਸਾਬਾ ਕੋਹਾੜ ਖ਼ੁਰਦ, ਅਮਰਜੀਤ ਸਿੰਘ ਸਾਬਕਾ ਸਰਪੰਚ ਕੋਹਾੜ ਕਲਾਂ, ਗੁਰਦੇਵ ਸਿੰਘ ਸਾਬਕਾ ਮੀਏਂਵਾਲ, ਗੁਰਮੇਲ ਸਿੰਘ ਸਾਬਕਾ ਸਰਪੰਚ ਮੀਏਂਵਾਲ, ਜਸਵਿੰਦਰ ਗਿੱਲ ਡੂਮਣ ਮੈਂਬਰ ਨਗਰ ਪੰਚਾਇਤ, ਤਰਸੇਮ ਸਿੰਘ ਧੰਜੂ ਸਰਪੰਚ, ਭੁਪਿੰਦਰ ਸਿੰਘ ਪੰਚਾਇਤ ਅਫ਼ਸਰ, ਹਰਦਿਆਲ ਸਿੰਘ ਸਾਬਕਾ ਸਰਪੰਚ ਜਾਫਰਵਾਲ, ਡਾ. ਸੁਰਿੰਦਰ ਸਿੰਘ ਭੱਟੀ, ਗੁਰਮੀਤ ਸਿੰਘ ਬੱਬੂ ਸਾਬਕਾ ਸਰਪੰਚ ਬਾਹਮਣੀਆਂ, ਕਸ਼ਮੀਰ ਸਿੰਘ ਬਾਹਮਣੀਆਂ ਸਾਬਕਾ ਬਲਾਕ ਸੰਮਤੀ ਮੈਂਬਰ, ਅੰਗਰੇਜ਼ ਸਿੰਘ ਸਾਬਕਾ ਸਰਪੰਚ ਤਲਵੰਡੀ ਬੂਟੀਆਂ, ਕੁਲਸ਼ਨ ਸਿੰਘ ਨਵਾਂ ਪਿੰਡ ਅਕਾਲੀਆ, ਮਾਸਟਰ ਰਾਣਜੀਤ ਸਿੰਘ ਨਵਾਂ ਪਿੰਡ ਖਾਲੇਵਾਲ, ਅਜ਼ੀਜ਼ ਮਸੀਹ, ਬਲਜੀਤ ਸਿੰਘ ਸਾਬਕਾ ਮੈਂਬਰ ਮਾਰਕਿਟ ਕਮੇਟੀ ਸ਼ਾਹਕੋਟ, ਸਾਧਾ ਸਿੰਘ ਮੀਏਂਵਾਲ, ਕੁਲਬੀਰ ਸਿੰਘ ਧੰਜੂ, ਸਤਨਾਮ ਸਿੰਘ ਫਾਜਲਵਾਲ, ਜਗਤਾਰ ਸਿੰਘ ਸਾਬਕਾ ਸਰਪੰਚ ਬਾਜਵਾ ਕਲਾਂ, ਅਮਨਦੀਪ ਸਿੰਘ ਟੁਰਨਾ ਮੰਡੀ ਸੁਪਰਵਾਈਜ਼ਰ ਗਗਨਦੀਪ ਸਿੰਘ ਸੈਦਪੁਰੀ, ਟਿੰਪੀ ਕੁਮਰਾ, ਲਛਮਣ ਸੋਬਤੀ, ਅਰਸ਼ ਖਿੰਡਾ, ਖੁਸ਼ਦੀਪ ਸਿੰਘ ਧੰਜੂ, ਕੁਲਬੀਰ ਸਿੰਘ ਧੰਜੂ, ਸੋਨੂੰ ਵਿੱਗ, ਹਰਪਾਲ ਸਿੰਘ ਮੈਸਨ, ਮਾਸਟਰ ਵਿਜੇ ਵਿੱਗ, ਮਾਸਟਰ ਸੁਰਿੰਦਰ ਸਿੰਘ ਵਿੱਗ ਪਿਆਰਾ ਸਿੰਘ ਬੁੱਢਣਵਾਲ, ਪਰਮਜੀਤ ਸਿੰਘ ਸਾਰੰਗਵਾਲ, ਜਸਵੀਰ ਸਿੰਘ ਸ਼ੀਰਾ ਸਾਬਕਾ ਸਰਪੰਚ ਸਾਹਲਾ ਨਗਰ, ਸਾਬਾ ਪੰਡਿਤ ਆਦਿ ਮੌਜੂਦ ਸਨ।

# 'ਪਾਣੀ ਦੀ ਸਾਂਭ-ਸੰਭਾਲ ਜੀਵਨ ਜਾਚ ਦਾ ਹਿੱਸਾ ਹੋਣੀ ਚਾਹੀਦੀ ਹੈ' ਵਿਸ਼ੇ 'ਤੇ ਜਾਗਰੂਕਤਾ ਪ੍ਰੋਗਰਾਮ

**ਆਦਮਪੁਰ (ਪਰਮਜੀਤ ਸਿੰਘ)** ਸਤਿਕਾਰ ਯੋਗ ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ, ਮਾਣਯੋਗ ਕੁਲਪਤੀ ਸੰਤ ਮਨਮੋਹਨ ਸਿੰਘ ਦੀ ਪ੍ਰੇਰਨਾ ਨਾਲ ਅਤੇ ਉਪ-ਕੁਲਪਤੀ ਪ੍ਰੋ. (ਡਾ.) ਵਿਜੈ ਧੀਰ ਤੇ ਹਰਦਮਨ ਸਿੰਘ ਮਿਨਹਾਸ (ਸਕੱਤਰ) ਦੀ ਅਗਵਾਈ ਹੇਠ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵੱਲੋਂ ਘੁੜਿਆਲ ਪਿੰਡ ਵਿੱਚ ਵਿਸ਼ਵ ਜਲ ਦਿਵਸ ਦੇ ਮੌਕੇ ਇੱਕ ਦਿਨ ਦਾ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ।ਇਹ ਪ੍ਰੋਗਰਾਮ ਆਈ ਕਿਊ ਏ ਸੀ ਅਤੇ ਇੰਸਟੀਚਿਊਸ਼ਨ ਇਨੋਵੇਸ਼ਨ ਸੈੱਲ ਦੀ ਦੇਖ-ਰੇਖ ਹੇਠ, ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ), ਜਲੰਧਰ ਦੇ ਫਾਰਮ ਐਡਵਾਇਜ਼ਰੀ ਦਫ਼ਤਰ ਅਤੇ ਪ੍ਰਿਥਵੀ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਕਰਵਾਇਆ ਗਿਆ।ਇਸ ਸਮਾਗਮ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਜਾਗਰੂਕ ਕਰਨਾ ਅਤੇ ਸਥਿਰ ਵਿਕਾਸ ਉਦੇਸ਼ਾਂ ( ਐਸ ਡੀ ਜੀ ਐਸ ) ਦੇ ਅਨੁਸਾਰ ਟਿਕਾਊ ਖੇਤੀਬਾੜੀ ਪ੍ਰਥਾ ਨੂੰ ਅਪਣਾਉਣ, ਜ਼ਮੀਨੀ ਪਾਣੀ ਦੀ ਘਾਟ ਵਰਗੀਆਂ ਗੰਭੀਰ ਸਮੱਸਿਆਵਾਂ 'ਤੇ ਕੇਂਦ੍ਰਿਤ ਸੀ ਅਤੇ ਖੇਤੀ ਬਾੜੀ ਵਿੱਚ ਪਾਣੀ ਦੇ ਸੁਚੱਜੇ ਪ੍ਰਬੰਧਨ ਨੂੰ ਉਤਸ਼ਾਹਿਤ ਕਰਨਾ ਸੀ।ਪ੍ਰੋਗਰਾਮ ਵਿੱਚ ਸਥਾਨਕ ਕਿਸਾਨਾਂ, ਪਿੰਡ ਵਾਸੀਆਂ, ਅਧਿਆਪਕਾਂ ਅਤੇ ਯੂਨੀਵਰਸਿਟੀ ਦੇ ਖੇਤੀਬਾੜੀ ਫੈਕਲਟੀ ਦੇ ਲਗਭਗ 40 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਡਾ. ਗੁਰਪ੍ਰੀਤ ਕੌਰ (ਹੈੱਡ, ਫੈਕਲਟੀ ਆਫ ਐਗਰੀਕਲਚਰ,) ਵੱਲੋਂ ਸਵਾਗਤੀ ਭਾਸ਼ਣ ਨਾਲ ਹੋਈ। ਇਸ ਤੋਂ ਬਾਅਦ ਡਾ. ਮਨਿੰਦਰ ਸਿੰਘ (ਪ੍ਰਿੰਸੀਪਲ ਐਕਸਟੈਂਸ਼ਨ ਸਪੈਸ਼ਲਿਸਟ, ਐਗਰੋਨੋਮੀ) ਨੇ ਆਪਣੇ ਵਿਚਾਰ ਪੇਸ਼ ਕੀਤੇ, ਜਿਸ ਵਿੱਚ ਉਨ੍ਹਾਂ ਨੇ ਖੇਤੀਬਾੜੀ ਵਿੱਚ ਪਾਣੀ ਦੀ ਸੰਭਾਲ ਦੇ ਨਾਲ ਨਾਲ ਯੋਗ ਵਰਤੋਂ ਦੀ ਲੋੜ 'ਤੇ ਜ਼ੋਰ ਦਿੱਤਾ।ਇਸ ਤੋਂ ਬਾਅਦ ਡਾ. ਕੁਲਬੀਰ ਸਿੰਘ (ਡੀਨ, ਫੈਕਲਟੀ ਆਫ ਐਗਰੀਕਲਚਰ,) ਨੇ ਡ੍ਰਿਪ ਸਿੰਚਾਈ, ਕਿਚਨ ਗਾਰਡਨਿੰਗ, ਪਾਣੀ ਦੀ ਬਚਤ ਅਤੇ ਪਾਣੀ ਦੇ ਸਰੋਤਾਂ ਦੀ ਜ਼ਿੰਮੇਵਾਰੀ ਨਾਲ ਵਰਤੋਂ 'ਤੇ ਜ਼ੋਰ ਦਿੱਤਾ।ਪ੍ਰਿਥਵੀ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਹਰਿੰਦਰ ਸਿੰਘ ਨੇ ਕਿਸਾਨਾਂ ਨੂੰ ਸਾਂਝੀ ਜ਼ਿੰਮੇਵਾਰੀ ਨਿਭਾਉਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਪਾਣੀ ਦੀ ਕਮੀ ਨਾਲ ਨਜਿੱਠਣ ਲਈ ਜਾਗਰੂਕਤਾ ਅਤੇ ਵਿਹਾਰਕ ਬਦਲਾਅ ਬਹੁਤ ਜ਼ਰੂਰੀ ਹਨ।ਡਾ. ਰਾਜੀਵ ਸ਼ਰਮਾ (ਸਾਬਕਾ ਮੁਖੀ, ਬੋਟਨੀ ਅਤੇ ਖੇਤੀਬਾੜੀ ਵਿਭਾਗ, ਡੀ ਏ ਵੀ ਕਾਲਜ, ਹੁਸ਼ਿਆਰਪੁਰ) ਨੇ ਪਾਣੀ ਸੰਭਾਲ ਦੇ ਤਰੀਕਿਆਂ ਜਿਵੇਂ ਕਿ ਖੂਹ ਬਣਾਉਣਾ, ਵਰਖਾ ਜਲ ਸੰਗ੍ਰਹਿ ਅਤੇ ਸਪ੍ਰਿੰਕਲਰ ਸਿੰਚਾਈ ਬਾਰੇ ਪ੍ਰਯੋਗਾਤਮਕ ਜਾਣਕਾਰੀ ਸਾਂਝੀ ਕੀਤੀ।




## ਨਡਾਲੋਂ ਵਿਖੇ ਸ੍ਰੀ ਰਾਮ ਨੌਮੀ ਮੌਕੇ ਧਾਰਮਿਕ ਸਮਾਗਮ ਦੀ ਆਰੰਭਤਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਨਡਾਲੋਂ ਸ੍ਰੀ ਰਾਮ ਮੰਦਰ ਵਿਖੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ 1008 ਧੰਨ ਧੰਨ ਬਾਬਾ ਧਿਆਨ ਦਾਸ ਜੀ ਦੇ ਅਸਥਾਨ ਤੇ ਸ੍ਰੀ ਰਾਮ ਨੌਮੀ ਦਿਹਾੜੇ



ਧਾਰਮਿਕ ਸਮਾਗਮ 26 ਮਾਰਚ ਤੋਂ 2 ਅਪ੍ਰੈਲ ਤੱਕ ਮੰਦਰ ਦੇ ਮੁੱਖ ਸੇਵਾਦਾਰ ਮਹੰਤ ਚਤੁਰਭੁਜ ਦਾਸ ਜੀ ਨਡਾਲੋਂ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਮੰਦਰ ਦੀ ਮੁੱਖ ਸੇਵਾਦਾਰ ਮਹੰਤ ਚਤੁਰਭੁਜ ਦਾਸ ਜੀ ਨਡਾਲੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸ੍ਰੀ ਰਾਮ ਨੌਮੀ ਦਿਹਾੜੇ ਮੌਕੇ ਆਰਤੀ ਕੀਤੀ ਗਈ। ਇਸ ਮੌਕੇ ਸ੍ਰੀ ਰਾਮ ਨੌਮੀ ਦਿਹਾੜੇ ਮੌਕੇ ਮਹੰਤ ਚਤੁਰਭੁਜ ਦਾਸ ਨਡਾਲੋਂ, ਪੰਡਤ ਜਸਪਾਲ ਸ਼ਰਮਾ ਨਡਾਲੋਂ, ਭਾਈ ਭਗਤ ਸਿੰਘ ਬੱਡੋ ਨੇ ਪ੍ਰਭੂ ਸ੍ਰੀ ਰਾਮ ਚੰਦਰ ਦੇ ਗੁਣਗਾਨ ਕੀਤੇ।

ਇਸ ਮੌਕੇ ਸ੍ਰੀ ਰਾਮ ਨੌਮੀ ਦਿਹਾੜੇ ਮੌਕੇ ਚਾਹ ਪਕੌੜਿਆਂ ਦੇ ਲੰਗਰ ਲਗਾਏ ਗਏ। ਉਨ੍ਹਾਂ ਦੱਸਿਆ ਕਿ 27 ਮਾਰਚ ਨੂੰ ਸ੍ਰੀ ਰਮਾਇਣ ਜੀ ਦੇ ਪਾਠ ਆਰੰਭ ਕੀਤੇ ਜਾਣਗੇ। ਜਿਨਾਂ ਦੀ ਭੋਗ 2 ਅਪ੍ਰੈਲ ਨੂੰ ਪਾਏ ਜਾਣਗੇ। ਉਨ੍ਹਾਂ ਦੱਸਿਆ ਕਿ ਸਮੂਹ ਸੰਗਤਾਂ ਦੀ ਸਹਿਯੋਗ ਨਾਲ 29 ਮਾਰਚ ਨੂੰ 10 ਵਜੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਸ਼ੋਭਾ ਯਾਤਰਾ ਸਜਾਈ ਜਾ ਰਹੀ ਹੈ। ਇਸ ਮੌਕੇ ਸ੍ਰੀ ਰਾਮ ਨੌਮੀ ਦਿਹਾੜੇ ਮੌਕੇ ਧਾਰਮਿਕ ਸਮਾਗਮ ਦੌਰਾਨ ਮਹੰਤ ਚਤੁਰਭੁਜ ਦਾਸ ਨਡਾਲੋਂ, ਜਸਪਾਲ ਸ਼ਰਮਾ, ਰਣਬੀਰ ਸਿੰਘ, ਧਰਮਜੀਤ ਸਿੰਘ ਗੋਪੀ, ਮਨਵੀਰ ਸਿੰਘ, ਬਲਵੀਰ ਸਿੰਘ ਬਿੰਜੋ, ਜਗਦੀਸ਼ ਦਾਸ ਬੱਡਲਾ, ਕੇਵਲ ਸਿੰਘ ਨੰਬਰਦਾਰ, ਓਂਕਾਰ ਸਿੰਘ, ਪਰਮਜੀਤ ਸਿੰਘ ਠੰਡਲਾ, ਸੁਨੀਤਾ ਦੇਵੀ, ਰਾਜ ਪਰਮਾਰ, ਸੇਮੋ ਅਮਨਦੀਪ ਸ਼ਰਮਾ, ਹਰਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਦਿਹਾਤੀ ਪੁਲਸ ਵੱਲੋਂ ਸਪੈਸ਼ਲ ਨਾਕਾਬੰਦੀ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਐਸ.ਐਸ.ਪੀ. ਹਰਵਿੰਦਰ ਸਿੰਘ ਵਿਰਕ ਦੀ ਅਗਵਾਈ ਹੇਠ ਜਲੰਧਰ ਦਿਹਾਤੀ ਪੁਲਸ ਵਲੋਂ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਵਿੱਚ ਸਪੈਸ਼ਲ ਨਾਕਾਬੰਦੀ ਕੀਤੀ ਗਈ।ਇਹ ਕਾਰਵਾਈ ਡਾਇਰੈਕਟਰ ਜਨਰਲ ਆਫ ਪੁਲਸ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਿਟੀ ਸਰਵੇਲੈਂਸ ਪਲਾਨ ਤਹਿਤ ਕੀਤੀ ਗਈ, ਜਿਸਦਾ ਮਕਸਦ ਸੁਰੱਖਿਆ ਅਤੇ ਚੌਕਸੀ ਨੂੰ ਹੋਰ ਮਜ਼ਬੂਤ ਕਰਨਾ ਹੈ।ਐਸ ਐਸ ਪੀ ਜਲੰਧਰ ਦਿਹਾਤੀ ਹਰਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਪੁਲਿਸ ਟੀਮਾਂ ਨੇ ਮੁੱਖ ਅਫਸਰ ਥਾਣਾ ਦੀ ਅਗਵਾਈ ਵਿੱਚ ਸ਼ਹਿਰਾਂ ਅਤੇ ਕਸਬਿਆਂ ਦੇ ਅਹਿਮ ਸਥਾਨਾਂ 'ਤੇ ਨਾਕੇ ਲਗਾਏ।ਇਹ ਨਾਕਾਬੰਦੀਆਂ ਅਕਸਰ ਅਚਾਨਕ ਕੀਤੀਆਂ ਜਾਂਦੀਆਂ ਹਨ, ਤਾਂ ਜੋ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਸਕੇ।ਉਨ੍ਹਾਂ ਦੱਸਿਆ ਕਿ ਇਸ ਅਭਿਆਨ ਦੌਰਾਨ ਵਿਸ਼ੇਸ਼ ਨਿਗਰਾਨੀ ਰੱਖ ਕੇ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀ ਨੂੰ ਰੋਕਣ ਅਤੇ ਕਾਨੂੰਨ-ਵਿਵਸਥਾ ਬਣਾਈ ਰੱਖਣ 'ਤੇ ਖਾਸ ਧਿਆਨ ਦਿੱਤਾ ਗਿਆ।ਜਨਤਾ ਲਈ ਸੁਰੱਖਿਅਤ ਮਾਹੌਲ ਯਕੀਨੀ ਬਣਾਉਣ ਦੀ ਆਪਣੀ ਵਚਨਬੱਧਤਾ ਦੁਹਰਾਉਂਦੇ ਹੋਏ ਐਸ.ਐਸ.ਪੀ. ਨੇ ਕਿਹਾ ਕਿ ਜਲੰਧਰ ਦਿਹਾਤੀ ਪੁਲਿਸ ਹਰ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਹਰ ਸਮੇਂ ਜਨਤਾ ਦੀ ਸੁਰੱਖਿਆ ਅਤੇ ਭਲਾਈ ਲਈ ਸਮਰਪਿਤ ਹੈ।



## ਕਿੰਡਰ ਗਾਰਟਨ ਗ੍ਰੈਜੂਏਸ਼ਨ ਸਮਾਰੋਹ ਕਰਵਾਇਆ

**ਜਲੰਧਰ (ਇਕਬਾਲ ਸਿੰਘ ਉਭੀ)**- ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ, ਮਾਨ ਨਗਰ ਵੱਲੋਂ ਆਪਣੇ ਕਿੰਡਰਗਾਰਟਨ ਵਿਦਿਆਰਥੀਆਂ ਦਾ ਗ੍ਰੈਂਡ ਗ੍ਰੈਜੂਏਸ਼ਨ ਸਮਾਰੋਹ ਮਨਾਇਆ ਗਿਆ। ਇਹ ਸਮਾਗਮ ਨੰਨੇ ਵਿਦਿਆਰਥੀਆਂ ਦੀ ਜ਼ਿੰਦਗੀ ਦਾ ਇੱਕ ਮਹੱਤਵਪੂਰਨ ਮੌਕਾ ਸਾਬਤ ਹੋਇਆ, ਜਿਸ ਨੇ ਵਿਦਿਆਰਥੀਆਂ, ਮਾਪਿਆਂ ਅਤੇ ਸਟਾਫ ਲਈ ਇਸ ਨੂੰ ਯਾਦਗਾਰ ਬਣਾ ਦਿੱਤਾ। ਕਾਰਜਕ੍ਰਮ ਦੀ ਸ਼ੁਰੂਆਤ ਵਿਦਿਆਰਥੀਆਂ ਦੀਆਂ ਰੰਗਾਰੰਗ ਪ੍ਰਸਤੁਤੀਆਂ ਨਾਲ ਹੋਈ, ਜਿਨ੍ਹਾਂ ਨੇ ਪੂਰੇ ਆਤਮਵਿਸ਼ਵਾਸ ਅਤੇ ਖ਼ੂਬਸੂਰਤੀ ਨਾਲ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦੇ ਹੋਏ ਦਰਸ਼ਕਾਂ ਨੂੰ ਮੋਹ ਲਿਆ। ਮਾਪਿਆਂ ਨੇ ਆਪਣੇ ਬੱਚਿਆਂ ਨੂੰ ਮੰਚ 'ਤੇ ਦੇਖ ਕੇ ਗਰਵ ਅਤੇ ਖ਼ੁਸ਼ੀ ਮਹਿਸੂਸ ਕੀਤੀ। ਪ੍ਰੀ-ਨਰਸਰੀ ਅਤੇ ਯੂ ਕੇ ਜੀ ਦੇ ਵਿਦਿਆਰਥੀਆਂ ਨੂੰ ਗ੍ਰੈਜੂਏਸ਼ਨ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ, ਜੋ ਉਨ੍ਹਾਂ ਦੇ ਅਗਲੇ ਸਿੱਖਿਆਈ ਪੱਧਰ ਵੱਲ ਸਫਲ ਕਦਮ ਦਾ ਪ੍ਰਤੀਕ ਹਨ। ਕਾਰਜਕ੍ਰਮ ਦਾ ਇੱਕ ਖ਼ਾਸ ਆਕਰਸ਼ਣ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀ ਗਈ ਇੱਕ ਅਰਥਪੂਰਨ ਨਾਟਕ ਪ੍ਰਸਤੁਤੀ ਸੀ, ਜਿਸ ਵਿੱਚ ਬਜ਼ੁਰਗਾਂ ਦੀ ਮੌਜੂਦਾ ਸਥਿਤੀ ਨੂੰ ਦਰਸਾਉਂਦੇ ਹੋਏ ਇੱਕ ਮਜ਼ਬੂਤ ਸਮਾਜਿਕ ਸੰਦੇਸ਼ ਦਿੱਤਾ ਗਿਆ। ਸਮਾਰੋਹ ਦਾ ਸਮਾਪਨ ਜੋਸ਼ਭਰੀ ਅਤੇ ਮਨਮੋਹਕ ਨ੍ਰਿਤ ਪ੍ਰਸਤੁਤੀ ਨਾਲ ਹੋਇਆ, ਜਿਸ ਨੇ ਕਾਰਜਕ੍ਰਮ ਵਿੱਚ ਸਾਂਸਕ੍ਰਿਤਿਕ ਰੰਗਤ ਅਤੇ ਉਤਸ਼ਾਹ ਭਰ ਦਿੱਤਾ। ਇਸ ਮੌਕੇ ਸਮੂਹ ਦੀ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ, ਸਕੂਲਾਂ ਦੇ ਐੱਮ ਡੀ ਐੱਸ ਆਰ ਸ਼ਰਮਾ ਤੇ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਅੰਬਿਕਾ ਸ਼ਰਮਾ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਉਪਲਬਧੀ ਲਈ ਵਧਾਈ ਦਿੱਤੀ।



## ਛੱਪੜ ਦੀ ਸਫਾਈ ਕਰਵਾਈ ਜਾਏ : ਕੇ ਐੱਸ ਮੱਖਣ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸ਼ਹਿਰ ਨੂਰਮਹਿਲ ਵਿੱਚ ਜਿਹੜਾ ਛੱਪੜ ਗੰਦੇ ਪਾਣੀ ਨਾਲ ਭਰਿਆ ਹੋਇਆ ਹੈ। ਉਸ ਦੀ ਸਫਾਈ ਪਹਿਲ ਦੇ ਆਧਾਰ ਤੇ ਕਰਕੇ ਪਾਣੀ ਦੀ ਨਿਕਾਸੀ ਨੂੰ ਅੱਗੇ ਤੋਰਿਆ ਜਾਵੇਗਾ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸੁਖਬੀਰ ਸਿੰਘ ਬਾਦਲ ਦੇ ਦਿੱਤੇ ਹੋਏ ਥਾਪੜੇ ਤੇ ਚੱਲਦਿਆਂ ਪ੍ਰਸਿੱਧ ਗਾਇਕ ਕੇ ਐਸ ਮੱਖਣ ਨੇ ਨੂਰਮਹਿਲ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਹੇ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਜਿਸ ਨੂੰ ਵੀ ਹਲਕਾ ਨਕੋਦਰ ਦੇ ਇੰਚਾਰਜ ਲਗਾਉਣਗੇ। ਅਸੀਂ ਉਸ ਦੇ ਨਾਲ ਹੀ ਹਲਕਾ ਨਕੋਦਰ ਦੇ ਵਿਕਾਸ ਤਨ ਮਨ ਧਨ ਨਾਲ ਰਲਕੇ ਕਰਾਂਗੇ। ਨੂਰਮਹਿਲ ਦੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇ ਐਸ ਮੱਖਣ ਨੇ ਕਿਹਾ ਕਿ ਜਿਹੜਾ ਥੋੜੇ ਜਿਹੇ ਮੀਂਹ ਪੈਣ ਨਾਲ ਸ਼ਹਿਰ ਦੇ ਚਾਰੇ ਪਾਸੇ ਗੰਦੇ ਪਾਣੀ ਦੇ ਛੱਪੜ ਅਤੇ ਪਾਣੀ ਰੁਕ ਜਾਂਦਾ ਹੈ ਸੀਵਰੇਜ ਦੇ ਗੰਦੇ ਪਾਣੀ ਦਾ ਪੂਰਾ ਪੂਰਾ ਪ੍ਰਬੰਧ ਕੀਤਾ ਜਾਵੇਗਾ।ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਮਹਿਲ ਦੀ ਪਿਛਲੇ ਲੰਮੇ ਸਮੇਂ ਤੋਂ ਬੰਦ ਪਈ ਇਮਾਰਤ ਨੂੰ ਬਣਾ ਕੇ ਸਕੂਲ ਨੂੰ ਚਾਲੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਸਰਕਾਰ ਆਉਣ ਤੇ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ ਤੇ ਨਸ਼ਿਆਂ ਤੋਂ ਬਚਾ ਕੇ ਉਨ੍ਹਾਂ ਨੂੰ ਖੇਡਾਂ ਵਲਾ ਲਾਇਆ ਜਾਵੇਗਾ ਹਰ ਪਿੰਡ ਅਤੇ ਸ਼ਹਿਰਾਂ ਇਲਾਕਿਆਂ ਵਿੱਚ ਟੂਰਨਾਮੈਂਟ ਕਰਵਾਕੇ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਇਆ ਜਾਵੇਗਾ।



## ਸ੍ਰੀਮਦ ਭਾਗਵਤ ਕਥਾ ਦੀ ਸ਼ੁਰੂਆਤ, ਕਲਸ਼ ਯਾਤਰਾ ਕੱਢੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਖੁਸ਼ੀ ਰਾਮ ਧੀਮਾਨ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦਸਿਆ ਕਿ ਮੁਹੱਲਾ ਸ਼ਿਵਾਲਿਕ ਐਨਕਲੇਵ, ਚਿੰਤਪੁਰਨੀ ਰੋਡ, ਹੁਸ਼ਿਆਰਪੁਰ ਵਿੱਚ ਭਾਗਵਤ ਕਥਾ ਰੋਜ਼ਾਨਾ ਸ਼ਾਮ 4:00 ਵਜੇ ਤੋਂ ਰਾਤ 8:00 ਵਜੇ ਤੱਕ ਹੋਵੇਗੀ ਜਿਸ ਦੇ ਸਬੰਧ ਵਿੱਚ ਸ੍ਰੀਮਦ ਭਾਗਵਤ ਕਥਾ ਦੀ ਸ਼ੁਭ ਸ਼ੁਰੂਆਤ ਲਈ ਮੰਗਲ ਕਲਸ਼ ਯਾਤਰਾ ਕੱਢੀ ਗਈ। ਇਹ ਕਥਾ 27 ਮਾਰਚ ਤੋਂ 2 ਅਪ੍ਰੈਲ ਤੱਕ ਚੱਲੇਗੀ।



## ਕਸ਼ਮੀਰੀ ਨੌਜਵਾਨਾਂ ਵੱਲੋਂ ਟ੍ਰਾਈਸਿਟੀ ਦਾ ਦੌਰਾ

**ਮੋਹਾਲੀ (ਗੁਰਜੀਤ ਬਿੱਲਾ)**- ਯੁਵਕ ਮਾਮਲਿਆਂ ਅਤੇ ਖੇਡ ਮੰਤਰਾਲਾ, ਭਾਰਤ ਸਰਕਾਰ ਦੇ ਅਧੀਨ ਮੇਰਾ ਭਾਰਤ ਵੱਲੋਂ ਨਾਈਪਰ, ਸੈਕਟਰ-67, ਮੋਹਾਲੀ ਵਿਖੇ ਆਯੋਜਿਤ ਵਤਨ ਨੂੰ ਜਾਣੋ (6ਵਾਂ ਕਸ਼ਮੀਰੀ ਯੂਥ ਐਕਸਚੇਂਜ ਪ੍ਰੋਗਰਾਮ) ਦੇ ਤਹਿਤ ਕਸ਼ਮੀਰ ਘਾਟੀ ਦੇ ਛੇ ਜ਼ਿਲ੍ਹਿਆਂ ਤੋਂ ਆਏ 132 ਨੌਜਵਾਨਾਂ ਦੇ ਗਰੁੱਪ ਨੇ ਟ੍ਰਾਈਸਿਟੀ ਦੀਆਂ ਪ੍ਰਸਿੱਧ ਥਾਵਾਂ ਦਾ ਦੌਰਾ ਕੀਤਾ।ਭਾਗੀਦਾਰਾਂ ਨੇ ਫ਼ਤਹਿ ਬੁਰਜ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਸਿੱਖ ਕੌਮ ਦੇ ਗੌਰਵਮਈ ਇਤਿਹਾਸ ਅਤੇ ਇਸ ਸਮਾਰਕ ਦੀ ਵਿਲੱਖਣ ਵਸਤੂਕਲਾ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਵਿਸ਼ਵ ਪ੍ਰਸਿੱਧ ਰਾਕ ਗਾਰਡਨ ਦੀ ਕਲਾਤਮਕ ਰਚਨਾਤਮਕਤਾ ਨੂੰ ਨਿਹਾਰਿਆ, ਜ਼ਾਕਿਰ ਹੁਸੈਨ ਰੋਜ਼ ਗਾਰਡਨ ਦੀ ਫੁੱਲਾਂ ਭਰੀ ਸੁੰਦਰਤਾ ਦਾ ਆਨੰਦ ਮਾਣਿਆ ਅਤੇ ਸੁਖਨਾ ਝੀਲ ਦੇ ਸ਼ਾਂਤ ਮਾਹੌਲ ਦਾ ਅਨੁਭਵ ਕੀਤਾ।ਨੌਜਵਾਨਾਂ ਨੇ ਸੈਕਟਰ 17 ਪਲਾਜ਼ਾ ਦਾ ਵੀ ਦੌਰਾ ਕੀਤਾ, ਜਿੱਥੇ ਉਨ੍ਹਾਂ ਨੂੰ ਚੰਡੀਗੜ੍ਹ ਦੀ ਵਿਸ਼ਵ-ਪੱਧਰੀ ਸ਼ਹਿਰੀ ਯੋਜਨਾ, ਸਫ਼ਾਈ ਅਤੇ ਰੌਣਕ ਭਰੀ ਸਥਾਨਕ ਸਭਿਆਚਾਰ ਦੀ ਝਲਕ ਵੇਖਣ ਨੂੰ ਮਿਲੀ, ਜਿਸ ਦੀ ਉਨ੍ਹਾਂ ਨੇ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ।




## ਦੇਹਰੀਵਾਲ ਸਰਕਾਰੀ ਸਕੂਲ ਵਿਖੇ ਬੱਚਿਆਂ ਦੇ ਸਾਲਾਨਾ ਨਤੀਜੇ ਜਾਰੀ

**ਅੱਡਾ ਸਰਾਂ (ਜਸਵੀਰ ਕਾਜਲ)** ਪੰਜਾਬ ਸਰਕਾਰ ਸਕੂਲ ਸਿੱਖਿਆ ਵਿਭਾਗ ਵੱਲੋਂ ਸਕੂਲ ਵਿੱਚ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਉਣ ਦੀ ਲੜੀ ਵਿੱਚ ਦੋ ਇੰਟਰ ਐਕਟਿਵ ਪੈਨਲ ਸਰਕਾਰੀ ਹਾਈ ਸਕੂਲ ਦੇਹਰੀਵਾਲ ਨੂੰ ਦਿੱਤੇ ਗਏ ਜਿਸ ਦਾ ਰਸਮੀ ਤੌਰ 'ਤੇ ਉਦਘਾਟਨ ਸਰਪੰਚ ਅਵਤਾਰ ਸਿੰਘ ਦਾਨੀ ਸੱਜਣ ਨੰਬਰਦਾਰ ਮਨਪ੍ਰੀਤ ਸਿੰਘ ਚੇਅਰਮੈਨ ਪਰਮਜੀਤ ਸਿੰਘ ਉਪ ਚੇਅਰਮੈਨ ਸ਼੍ਰੀਮਤੀ ਮਨਰੂਜਾ ਬੇਗਮ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ ਇਹ ਸਮਾਗਮ ਸਕੂਲ ਇੰਚਾਰਜ ਮੈਡਮ ਅਰਚਨਾ ਦੀ ਅਗਵਾਈ ਵਿੱਚ ਕਰਵਾਇਆ ਗਿਆ।ਇਸ ਮੌਕੇ ਸਕੂਲ ਦਾ ਸਾਲਾਨਾ ਨਤੀਜਾ ਵੀ ਐਲਾਨਿਆ ਗਿਆ।ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਚੇਅਰਮੈਨ ਹਰਪ੍ਰੀਤ ਕੌਰ, ਰਜਨੀ ਦੇਵੀ, ਸਿਮਰਨ ਕੌਰ, ਜੀਵਨ ਕੁਮਾਰੀ, ਸੁਨੀਤਾ ਰਾਣੀ, ਓਂਕਾਰ ਸਿੰਘ, ਪਵਨਦੀਪ ਕੌਰ, ਜਗਦੀਪ ਕੌਰ, ਲੱਖੀ ਸਿੰਘ, ਕਾਜਲ, ਮਾਨਪ੍ਰੀਤ ਕੌਰ, ਸਕੂਲ ਸਟਾਫ਼ ਮੈਂਬਰ ਗੁਰਦੀਪ ਸਿੰਘ, ਅੰਮ੍ਰਿਤਪਾਲ ਸਿੰਘ, ਬਲਜਿੰਦਰ ਸਿੰਘ, ਬਲਦੇਵ ਸਿੰਘ, ਬਲਜੀਤ ਕੌਰ, ਇੰਦਰਜੀਤ ਕੌਰ, ਰਜਵੰਤ ਕੌਰ ਆਦਿ ਵੀ ਹਾਜ਼ਰ ਸਨ।



## ਗੁਰਮੀਤ ਸਿੰਗਲ ਦੀ ਕਹਾਣੀ 'ਅੰਮ੍ਰਿਤ ਤੋਂ ਬਾਅਦ' ਉੱਤੇ ਵਿਚਾਰ-ਚਰਚਾ

**ਚੰਡੀਗੜ੍ਹ (ਸੁਰਜੀਤ ਸੁਮਨ)**- ਕਹਾਣੀ ਸੰਗਤ ਚੰਡੀਗੜ੍ਹ ਦੀ ਮਹੀਨਾਵਾਰ ਮੀਟਿੰਗ ਇੱਥੇ ਲਾਜਪਤ ਰਾਏ ਭਵਨ ਵਿਖੇ ਡਾ. ਅਵਤਾਰ ਸਿੰਘ ਪਤੰਗ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਡਾ. ਲਾਭ ਸਿੰਘ ਖੀਵਾ, ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪੜ੍ਹੀ ਗਈ ਕਹਾਣੀ ਅੰਮ੍ਰਿਤ ਤੋਂ ਬਾਅਦ ਬਾਰੇ ਚਰਚਾ ਵਿੱਚ ਭਾਗ ਲੈਂਦਿਆਂ ਡਾ ਲਖਵਿੰਦਰ ਕੌਰ ਵਿਰਕ, ਡਾ. ਰਾਜਪ੍ਰੀਤ ਕੌਰ ਬੈਨੀਪਾਲ ਨੇ ਕਹਾਣੀ ਦੇ ਵਿਸ਼ਾ ਅਤੇ ਕਥਾਨਕ ਪੱਖ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਸਤਨਾਮ ਸਿੰਘ ਸ਼ੋਕਰ ਨੇ ਪਾਤਰਾਂ ਦੀ ਭਾਸ਼ਾ ਅਤੇ ਸਰੂਪ ਸਿਆਲਵੀ ਨੇ ਕਹਾਣੀ ਦੇ ਤਕਨੀਕੀ ਪੱਖ ਬਾਰੇ ਸੁਝਾਅ ਦਿੱਤੇ। ਕਹਾਣੀਕਾਰਾ ਯਤਿੰਦਰ ਮਾਹਲ ਨੇ ਕਿਹਾ ਕਿ ਅੰਮ੍ਰਿਤ ਛਕਣਾ ਸਿਰਫ਼ ਕਕਾਰਾਂ ਤੱਕ ਸੀਮਤ ਨਹੀਂ, ਇਹ ਜੀਵਨ ਜਾਚ ਵਿੱਚ ਵੱਡਾ ਬਦਲਾਅ ਵੀ ਹੈ। ਪਰਮਜੀਤ ਮਾਨ ਨੇ ਕਿਹਾ ਕਿ ਕੋਈ ਵਿਅਕਤੀ ਵਿਸ਼ੇਸ਼ ਗ਼ਲਤ ਹੋ ਸਕਦਾ ਹੈ, ਧਰਮ ਦਾ ਫਲਸਫਾ ਤੇ ਵਿਚਾਰਧਾਰਾ ਨਹੀਂ। ਡਾ. ਲਾਭ ਸਿੰਘ ਖੀਵਾ ਨੇ ਕਿਹਾ ਲਿਬਾਸ ਬਦਲ ਕੇ ਸ਼ਰੀਫ ਦਿਸਣ ਨਾਲੋਂ ਬੰਦੇ ਦਾ ਮਾਨਸਿਕ ਰੁਪਾਂਤਰਣ ਬਹੁਤ ਜ਼ਰੂਰੀ ਹੈ। ਅਕਸਰ ਦੇਖਣ ਨੂੰ ਮਿਲਦਾ ਹੈ ਕਿ ਕਈ ਲੋਕ ਪਹਿਰਾਵਾ ਤਾਂ ਬਦਲ ਲੈਂਦੇ ਹਨ ਪਰ ਸੁਭਾਅ ਨਹੀਂ ਬਦਲਦੇ। ਡਾ. ਅਵਤਾਰ ਸਿੰਘ ਪਤੰਗ ਨੇ ਸਾਰੀ ਬਹਿਸ ਨੂੰ ਸਮੇਟਦਿਆਂ ਕਿਹਾ ਇਹ ਬਹੁਤ ਵਧੀਆ ਗੱਲ ਹੈ ਕਿ ਅੱਜ ਬੜੀ ਖੁੱਲ੍ਹ ਕੇ ਵਿਚਾਰ ਚਰਚਾ ਹੋਈ ਹੈ। ਲੇਖਕ ਨੂੰ ਇਸ ਗੱਲ ਬਾਰੇ ਸੁਚੇਤ ਰਹਿਣਾ ਚਾਹੀਦਾ ਹੈ ਕਿ ਕਹਾਣੀ ਵਿੱਚ ਲੇਖਕ ਕਿਤੇ ਵੀ ਬੋਲਣਾ ਨਹੀਂ ਚਾਹੀਦਾ, ਸਿਰਫ਼ ਪਾਤਰ ਬੋਲਣ। ਉਹਨਾਂ ਸਿੰਗਲ ਸੁਝਾਅ ਦਿੱਤਾ, ਕਹਾਣੀ ਵਧੀਆ ਹੈ ਪਰ ਅੱਜ ਜੋ ਛੋਟੇ ਛੋਟੇ ਨੁਕਤਿਆਂ ਦੀ ਗੱਲ ਹੋਈ ਹੈ, ਉਹਨਾਂ ਵੱਲ ਧਿਆਨ ਦੇਣ ਨਾਲ ਇਹ ਹੋਰ ਵਧੀਆ ਬਣ ਜਾਵੇਗੀ। ਅਖੀਰ ਵਿੱਚ ਸਿੰਗਲ ਨੇ ਸਭ ਦਾ ਧੰਨਵਾਦ ਕੀਤਾ। ਮੈਡਮ ਸੱਚਪ੍ਰੀਤ ਕੌਰ ਨੇ ਗੰਭੀਰ ਸਰੋਤੇ ਵਜੋਂ ਸ਼ਿਰਕਤ ਕੀਤੀ।



# 31 ਨੂੰ ਨੰਗਲ 'ਚ ਹੋਵੇਗੀ ਵਿਕਾਸ ਰੈਲੀ : ਬੈਂਸ

**ਨੰਗਲ ਭਲਾਣ (ਹਰਭਜਨ ਸਿੰਘ ਢਿੱਲੋਂ)** ਐੱਨ ਐੱਫ ਐੱਲ ਨੰਗਲ ਗਰਾਊਂਡ ਵਿੱਚ 31 ਮਾਰਚ ਨੂੰ ਮੁੱਖ ਮੰਤਰੀ ਪੰਜਾਬ ਸ.ਭਗਵੰਤ ਸਿੰਘ ਮਾਨ ਮੈਗਾ ਵਿਕਾਸ ਰੈਲੀ ਵਿੱਚ ਨੰਗਲ ਵਾਸੀਆਂ ਨੂੰ ਕਰੋੜਾਂ ਰੁਪਏ ਦੀਆਂ ਸੋਗਾਤਾਂ ਦੇਣਗੇ। 10 ਕਰੋੜ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਉੱਤਰੀ ਭਾਰਤ ਦਾ ਪਹਿਲਾ ਅਤੇ ਦੇਸ਼ ਦਾ ਤੀਜੇ ਗਲਾਸ ਬ੍ਰਿਜ ਦਾ ਮੁੱਖ ਮੰਤਰੀ ਨੀਂਹ ਪੱਥਰ ਰੱਖਣਗੇ। 23 ਕਰੋੜ ਦੀ ਲਾਗਤ ਨਾਲ ਸ਼ਹੀਦ ਕੈਪਟਨ ਅਮੋਲ ਕਾਲੀਆ ਸੈਂਟਰ ਆਫ ਐਕਸੀਲੈਂਸ ਦਾ ਨੀਂਹ ਪੱਥਰ ਰੱਖਣਗੇ। ਮੁੱਖ ਮੰਤਰੀ ਇਸ ਮੌਕੇ 17 ਕਰੋੜ ਦੀ ਲਾਗਤ ਨਾਲ ਤਿਆਰ ਹੋਣ ਵਾਲੀ ਸ਼ੁੱਧ ਜਲ ਸਪਲਾਈ ਯੋਜਨਾਂ ਦਾ ਵੀ ਨੀਂਹ ਪੱਥਰ ਰੱਖਣਗੇ। ਨੰਗਲ ਵਿੱਚ ਆਉਣ ਵਾਲੀ ਮੈਗਾ ਵਿਕਾਸ ਰੈਲੀ ਨੂੰ ਲੈ ਕੇ ਤਿਆਰੀਆਂ ਤੇਜ਼ ਹੋ ਗਈਆਂ ਹਨ। ਇਸ ਸਬੰਧੀ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਅਧਿਕਾਰੀਆਂ ਨਾਲ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਦੌਰਾਨ ਰੈਲੀ ਦੇ ਪ੍ਰਬੰਧਾਂ ਅਤੇ ਵਿਕਾਸ ਪ੍ਰੋਜੈਕਟਾਂ ਦੀ ਸਮੀਖਿਆ ਕੀਤੀ ਗਈ। ਮੀਟਿੰਗ ਦੌਰਾਨ ਉਨ੍ਹਾਂ ਦੱਸਿਆ ਕਿ ਨੰਗਲ ਲਈ ਤਿਆਰ ਕੀਤੇ ਗਏ ਵਿਕਾਸ ਪ੍ਰੋਜੈਕਟ ਸ਼ਹਿਰ ਦੀ ਨੁਹਾਰ ਨੂੰ ਪੂਰੀ ਤਰ੍ਹਾਂ ਬਦਲ ਦੇਣਗੇ ਅਤੇ ਇਲਾਕੇ ਨੂੰ ਨਵੀਂ ਪਹਿਚਾਣ ਮਿਲੇਗੀ। ਉਨ੍ਹਾਂ ਜਾਣਕਾਰੀ ਦਿੰਦਿਆਂ ਕਿਹਾ ਕਿ ਕੈਪਟਨ ਅਮੋਲ ਕਾਲੀਆ ਸੈਂਟਰ ਆਫ ਐਕਸੀਲੈਂਸ ਵਿੱਚ ਨਵੇਂ ਕੋਰਸ ਸ਼ੁਰੂ ਕੀਤੇ ਜਾਣਗੇ, ਜਿਸ ਨਾਲ ਨੌਜਵਾਨਾਂ ਨੂੰ ਆਧੁਨਿਕ ਤਕਨੀਕੀ ਸਿੱਖਿਆ ਅਤੇ ਰੋਜ਼ਗਾਰ ਦੇ ਵਧੀਆ ਮੌਕੇ ਪ੍ਰਾਪਤ ਹੋਣਗੇ। ਇਸ ਦੇ ਨਾਲ ਹੀ 6 ਮੰਜ਼ਿਲਾਂ ਦੀ ਇੱਕ ਅਤਿ ਆਧੁਨਿਕ ਇਮਾਰਤ ਦੀ ਉਸਾਰੀ ਕੀਤੀ ਜਾਵੇਗੀ, ਜਿੱਥੇ ਡਰੋਣ ਓਪਰੇਟਰ ਅਤੇ ਏਅਰ ਹੋਸਟਸ ਵਰਗੇ ਨਵੇਂ ਕੋਰਸ ਚਲਾਏ ਜਾਣਗੇ। ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਉਪਰਾਲੇ ਨੰਗਲ ਨੂੰ ਸਿੱਖਿਆ ਅਤੇ ਹੁਨਰ ਵਿਕਾਸ ਦੇ ਕੇਂਦਰ ਵਜੋਂ ਸਥਾਪਿਤ ਕਰਨ ਵਿੱਚ ਮਦਦਗਾਰ ਸਾਬਤ ਹੋਣਗੇ। ਸ.ਬੈਂਸ ਨੇ ਅੱਗੇ ਦੱਸਿਆ ਕਿ ਨੰਗਲ ਵਿੱਚ 500 ਵਿਅਕਤੀਆਂ ਦੀ ਸਮਰੱਥਾ ਵਾਲਾ ਇੱਕ ਅਧੁਨਿਕ ਅਤੇ ਸ਼ਾਨਦਾਰ ਆਡੀਟੋਰੀਅਮ ਵੀ ਬਣਾਇਆ ਜਾਵੇਗਾ, ਜਿਸ ਨਾਲ ਸੱਭਿਆਚਾਰਕ ਅਤੇ ਸਮਾਜਿਕ ਗਤੀਵਿਧੀਆਂ ਨੂੰ ਵੱਡਾ ਉਤਸ਼ਾਹ ਮਿਲੇਗਾ। ਇਸ ਤੋਂ ਇਲਾਵਾ, ਲੰਮੇ ਸਮੇਂ ਤੋਂ ਚੱਲ ਰਹੀ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਹੱਲ ਕਰਨ ਲਈ 17 ਕਰੋੜ ਰੁਪਏ ਦੀ ਲਾਗਤ ਨਾਲ ਸ਼ੁੱਧ ਜਲ ਸਪਲਾਈ ਯੋਜਨਾ ਦਾ ਨੀਂਹ ਪੱਥਰ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਸਮਾਂਬੱਧ ਤਰੀਕੇ ਨਾਲ ਮੁਕੰਮਲ ਕੀਤੇ ਜਾਣਗੇ ਤਾਂ ਜੋ ਲੋਕਾਂ ਨੂੰ ਜਲਦੀ ਲਾਭ ਮਿਲ ਸਕੇ।ਇਸ ਮੌਕੇ ਪੰਜਾਬ ਦੇ ਮਸ਼ਹੂਰ ਗਾਇਕ ਰਣਜੀਤ ਬਾਵਾ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।



## ਪੈਟਰੋਲ, ਡੀਜ਼ਲ 'ਤੇ ਡਿਊਟੀ ਘਟਾਉਣਾ ਸ਼ਲਾਘਾਯੋਗ : ਸੁਰਿੰਦਰ ਜਾਜਾ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਅਮਰੀਕਾ-ਇਜਰਾਇਲ ਦੀ ਇਰਾਨ ਨਾਲ ਹੋ ਰਹੀ ਲੜਾਈ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਕਾਫ਼ੀ ਵਾਧਾ ਹੋ ਗਿਆ ਹੈ ਅਤੇ ਬਾਹਰਲੇ ਮੁਲਕਾਂ ਤੋਂ ਗੈਸ ਸਪਲਾਈ ਪੂਰੀ ਤਰ੍ਹਾਂ ਨਾ ਆਉਣ ਦੇ ਬਾਵਜੂਦ ਕੇਂਦਰ ਸਰਕਾਰ ਪੈਟਰੋਲ-ਡੀਜ਼ਲ ਅਤੇ ਗੈਸ ਸਪਲਾਈ ਰੈਗੂਲਰ ਲੋਕਾਂ ਨੂੰ ਪਹੁੰਚਾ ਰਹੀ ਹੈ ਤਾਂ ਜੋ ਭਾਰਤ ਦੀ ਜਨਤਾ ਨੂੰ ਕਿਸੇ ਵੀ ਪ੍ਰਕਾਰ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਭਾਜਪਾ ਦਫ਼ਤਰ ਟਾਂਡਾ ਵਿਖੇ ਭਾਜਪਾ ਵਰਕਰਾਂ ਦੀ ਇੱਕ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਭਾਜਪਾ ਪੰਜਾਬ ਐਗਜੈਕਟਿਵ ਮੈਂਬਰ ਸੁਰਿੰਦਰ ਜਾਜਾ ਨੇ ਕਰਦੇ ਹੋਏ ਕਿਹਾ ਕਿ ਭਾਰਤ ਦੀਆਂ ਤੇਲ ਕੰਪਨੀਆਂ ਨੇ ਕੱਚਾ ਤੇਲ ਮਹਿੰਗਾ ਆਉਣ ਕਾਰਨ ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ ਵਿੱਚ ਵਾਧਾ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਕੇਂਦਰ ਦੀ ਮੋਦੀ ਸਰਕਾਰ ਨੇ ਡੀਜ਼ਲ ਅਤੇ ਪੈਟਰੋਲ ਤੇ ਲੱਗਣ ਵਾਲੀ ਐਕਸਾਈਜ਼ ਡਿਊਟੀ ਟੈਕਸ ਘਟਾ ਦਿੱਤਾ ਹੈ ਜਿਸ ਕਾਰਨ ਜਿੱਥੇ ਤੇਲ ਕੰਪਨੀਆਂ ਨੂੰ ਵੀ ਘਾਟਾ ਨਾ ਪਵੇ ਅਤੇ ਆਮ ਜਨਤਾ ਨੂੰ ਵੀ ਮਹਿੰਗਾਈ ਦੀ ਮਾਰ ਨਾ ਪੈ ਸਕੇ।ਇਸ ਮੌਕੇ ਪ੍ਰਮੋਦ ਕੁਮਾਰ, ਅੰਕਿਤ ਪਾਸੀ, ਸੰਨੀ ਕੁਮਾਰ, ਸੌਰਵ ਕੁਮਾਰ, ਮੋਨੂੰ ਕੁਮਾਰ, ਕ੍ਰਿਸ਼ਨ ਕੁਮਾਰ, ਸੋਨੂੰ ਅਤੇ ਹੋਰ ਭਾਜਪਾ ਵਰਕਰ ਹਾਜ਼ਰ ਸਨ।

## ਐੱਸ ਸੀ ਵਿੰਗ ਦੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਮੋਮੀ ਸਨਮਾਨਤ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਬਾਬਾ ਮੀਖੋ ਜੀ (ਮੋਮੀ ਜਠੇਰੇ ) ਪਿੰਡ ਰਣੀਆ ਜਿਲਾ ਲੁਧਿਆਣਾ ਸਮੂਹ ਪ੍ਰਬੰਧਕ ਕਮੇਟੀ ਜਿਨ੍ਹਾਂ ਵੱਲੋਂ ਕਮੇਟੀ ਦੇ ਪ੍ਰਧਾਨ ਹਰਵਿੰਦਰ ਸਿੰਘ ਮੋਮੀ ਲੁਧਿਆਣਾ, ਗੁਰਮੀਤ ਸਿੰਘ ਕੈਸ਼ੀਅਰ ਲੁਧਿਆਣਾ ਤੇ ਬਾਕੀ ਕਮੇਟੀ ਮੈਂਬਰਾਂ ਸਮੇਤ ਵਿਸ਼ੇਸ਼ ਤੌਰ ਤੇ ਪਿੰਡ ਮੂਨਕਾ ਪਹੁੰਚ ਕੇ ਸ਼੍ਰੋਮਣੀ ਅਕਾਲੀ ਦਲ ਐੱਸ ਸੀ ਵਿੰਗ ਦੇ ਨਵ ਨਿਯੁਕਤ ਜਿਲਾ ਪ੍ਰਧਾਨ ਹੁਸ਼ਿਆਰਪੁਰ ਦਿਹਾਤੀ ਸਰਬਜੀਤ ਸਿੰਘ ਮੋਮੀ ਨੂੰ ਪਿੰਡ ਮੂਨਕਾਂ ਦੇ ਸਾਰੇ ਮੋਮੀ ਪਰਿਵਾਰਾਂ ਦੀ ਹਾਜ਼ਰੀ ਵਿੱਚ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ। ਸਰਬਜੀਤ ਸਿੰਘ ਮੋਮੀ ਨੇ ਕਿਹਾ ਕਿ ਮੈਂ ਦਿਲ ਦੀਆਂ ਗਹਿਰਾਈਆਂ ਤੋਂ ਬਾਬਾ ਮੀਖੋ ਜੀ ( ਮੋਮੀ ਜਠੇਰੇ ) ਪਿੰਡ ਰਣੀਆਂ ਜਿਲਾ ਲੁਧਿਆਣਾ ਦੀ ਸਮੂਹ ਕਮੇਟੀ ਦਾ ਧੰਨਵਾਦ ਕਰਦਾ ਹਾਂ ਜਿਨਾਂ ਨੇ ਲੁਧਿਆਣਾ ਤੋਂ ਵਿਸ਼ੇਸ਼ ਤੌਰ ਤੇ ਪਿੰਡ ਮੂਨਕਾਂ ਪਹੁੰਚ ਕੇ ਮੈਨੂੰ ਵੱਡਾ ਮਾਣ ਦਿੱਤਾ ਹੈ। ਉਹਨਾਂ ਕਿਹਾ ਕਿ ਦਾਸ ਦੇ ਜ਼ਿਲ੍ਹਾ ਪ੍ਰਧਾਨ ਬਣਨ ਨਾਲ ਮੋਮੀ ਪਰਿਵਾਰਾਂ ਵਿੱਚ ਭਾਰੀ ਉਤਸ਼ਾਹ ਤੇ ਖੁਸ਼ੀ ਪਾਈ ਜਾ ਰਹੀ ਹੈ। ਮੋਮੀ ਜਠੇਰੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਵਿੰਦਰ ਸਿੰਘ ਮੋਮੀ ਲੁਧਿਆਣਾ ਨੇ ਕਿਹਾ ਕੇ ਸਰਬਜੀਤ ਸਿੰਘ ਮੋਮੀ ਦੇ ਜਿਲ੍ਹਾ ਪ੍ਰਧਾਨ ਬਣਨ ਨਾਲ ਜਿੱਥੇ ਮੋਮੀ ਪਰਵਾਰਾਂ ਦਾ ਮਾਣ ਵਧਿਆ ਹੈ ਉੱਥੇ ਗਰੀਬ ਵਰਗ ਦੇ ਵਿੱਚ ਵੀ ਭਾਰੀ ਖੁਸ਼ੀ ਪਾਈ ਜਾ ਰਹੀ ਹੈ। ਉਨਾਂ ਸਮੂਹ ਮੋਮੀ ਪਰਵਾਰਾਂ ਨੂੰ ਇਸ ਨਿਯੁਕਤੀ ਦੀ ਵਧਾਈ ਦਿੱਤੀ ਅਤੇ ਇਸ ਨਿਯੁਕਤੀ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਐੱਸ ਸੀ ਵਿੰਗ ਦੇ ਕੌਮੀ ਪ੍ਰਧਾਨ ਸਰਦਾਰ ਗੁਲਜਾਰ ਸਿੰਘ ਰਾਣੀਕੇ ਤੇ ਸ਼੍ਰੋਮਣੀ ਅਕਾਲੀ ਦਲ ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਦਾ ਧੰਨਵਾਦ ਕੀਤਾ ਹੋਰਨਾਂ ਤੋਂ ਇਲਾਵਾ ਬੀਬੀ ਹਰਬੰਸ ਕੌਰ ਸਾਬਕਾ ਪੰਚ, ਪਰਮਜੀਤ ਸਿੰਘ ਜੀਤੂ ਮੋਮੀ, ਬੀਬੀ ਨਸੀਬ ਕੌਰ ਮੋਮੀ, ਹਰਦੀਪ ਕੌਰ ਮੋਮੀ, ਮਨਜੀਤ ਕੌਰ ਮੋਮੀ, ਕਮਲੇਸ਼ ਕੌਰ ਮੋਮੀ , ਨੀਰਜ ਮੋਮੀ ਗਗਨਦੀਪ ਮੋਮੀ, ਮਿਨੀ ਮੋਮੀ, ਸੀਨੀਅਰ , ਅਰਮਾਨ ਮੋਮੀ, ਸਿਮਰਤ ਮੋਮੀ, ਇਕਮਜੋਤ ਮੋਮੀ ,ਗੌਰਵ ਮੋਮੀ, ਤਨੂ ਮੋਮੀ, ਦਿਲਪ੍ਰੀਤ ਮੋਮੀ, ਗੌਤਮ ਮੋਮੀ, ਜੋਤੀ ਮੋਮੀ, ਪਰਮਜੀਤ ਕੌਰ ਮੋਮੀ, ਸਾਬੀ ਮੋਮੀ ਟਾਂਡਾ ,ਸਮੇਤ ਪਿੰਡ ਮੂਨਕਾਂ ਦੇ ਸਾਰੇ ਮੋਮੀ ਪਰਿਵਾਰ ਹਾਜ਼ਰ ਸੀ।



## ਸਿਕੰਦਰਪੁਰ ਵਿਖੇ ਸਾਲਾਨਾ ਭੰਡਾਰਾ ਤੇ ਵਿਸ਼ਾਲ ਚੌਂਕੀ ਭਲਕੇ

**ਅਲਾਵਲਪੁਰ (ਮਦਨ ਬੰਗੜ)**- ਪਿੰਡ ਸਿਕੰਦਰਪੁਰ ਵਿੱਚ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਿੱਧ ਜੋਗੀ ਬਾਬਾ ਬਾਲਕ ਨਾਥ ਜੀ ਦਾ ਸਾਲਾਨਾ ਭੰਡਾਰਾ ਅਤੇ ਵਿਸ਼ਾਲ ਧਾਰਮਿਕ ਸਮਾਗਮ 30 ਮਾਰਚ ਨੂੰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਬਜੀਤ ਬੱਧਣ ਅਤੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ 'ਚੇਤ ਦੇ ਚਾਲੇ' ਦੀਆਂ ਖੁਸ਼ੀਆਂ ਨੂੰ ਸਮਰਪਤ ਇਹ ਸਮਾਗਮ ਇਸ ਸਾਲ ਵੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ 30 ਮਾਰਚ ਨੂੰ ਬਾਬਾ ਜੀ ਦਾ ਅਤੁੱਟ ਲੰਗਰ ਦੁਪਹਿਰ 1 ਵਜੇ ਤੋਂ ਵਰਤਾਇਆ ਜਾਵੇਗਾ, ਜਦਕਿ ਰਾਤ 8 ਵਜੇ ਵਿਸ਼ਾਲ ਚੌਂਕੀ ਦਾ ਆਯੋਜਨ ਕੀਤਾ ਜਾਵੇਗਾ। ਇਸ ਮੌਕੇ ਪ੍ਰਸਿੱਧ ਗਾਇਕ ਸੁੱਖਾ ਭਗਤ ਅਤੇ ਸੋਨੂੰ ਸੈਣੀ ਆਪਣੀਆਂ ਭੇਟਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।ਉਨ੍ਹਾਂ ਦੱਸਿਆ ਕਿ 31 ਮਾਰਚ ਨੂੰ ਸਿੱਧ ਜੋਗੀ ਬਾਬਾ ਬਾਲਕ ਨਾਥ ਜੀ ਦੀ ਸਲਾਨਾ ਯਾਤਰਾ ਰਵਾਨਾ ਹੋਵੇਗੀ ।

## ਮੈਗਾ ਮਾਪੇ-ਅਧਿਆਪਕ ਮੀਟਿੰਗ ਤੇ ਮਾਪਿਆਂ ਦੀ ਵਰਕਸ਼ਾਪ

**ਫਗਵਾੜਾ (ਜਸਵਿੰਦਰ ਢੱਡਾ)** ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ, ਸਕੂਲ ਇੰਚਾਰਜ ਸ਼ਵੇਤਾ ਧੂਪੜ ਅਤੇ ਈ ਟੀ ਟੀ ਅਧਿਆਪਕ ਲਖਵਿੰਦਰ ਸਿੰਘ ਦੀ ਨਿਗਰਾਨੀ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਖੰਗੂੜਾ ਵਿਖੇ ਇੱਕ ਮੈਗਾ ਮਾਪੇ-ਅਧਿਆਪਕ ਮੀਟਿੰਗ ਅਤੇ ਮਾਪਿਆਂ ਦੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਅਧਿਆਪਕਾਂ ਨੇ ਮਾਪਿਆਂ ਨਾਲ 'ਮਾਪਿਆਂ ਦੀ ਭਾਗੀਦਾਰੀ', ਭਾਵ ਮਾਪਿਆਂ ਦੀ ਆਪਣੇ ਬੱਚਿਆਂ ਦੀ ਸਿੱਖਿਆ ਵਿੱਚ ਸਰਗਰਮ ਭੂਮਿਕਾ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ। ਮਾਪਿਆਂ ਨੂੰ ਸਾਲਾਨਾ ਰਿਪੋਰਟ ਕਾਰਡ ਦਿੱਤੇ ਗਏ ਅਤੇ ਅਧਿਆਪਕਾਂ ਨੇ ਉਨ੍ਹਾਂ ਨੂੰ ਆਪਣੇ ਵਿਦਿਆਰਥੀਆਂ ਦੇ ਅਕਾਦਮਿਕ ਪ੍ਰਦਰਸ਼ਨ ਬਾਰੇ ਜਾਣਕਾਰੀ ਦਿੱਤੀ।ਮਾਪਿਆਂ ਨੂੰ ਦੱਸਿਆ ਗਿਆ ਕਿ ਹਰੇਕ ਬੱਚਾ ਆਪਣੀ ਰਫ਼ਤਾਰ ਨਾਲ ਸਿੱਖਦਾ ਹੈ, ਇਸ ਲਈ ਉਨ੍ਹਾਂ ਦੇ ਅੰਕਾਂ ਦੀ ਤੁਲਨਾ ਦੂਜਿਆਂ ਦੇ ਅੰਕਾਂ ਨਾਲ ਨਹੀਂ ਕੀਤੀ ਜਾਣੀ ਚਾਹੀਦੀ।ਮਾਪਿਆਂ ਨੂੰ ਸੂਚਿਤ ਕੀਤਾ ਗਿਆ ਕਿ ਨਵਾਂ ਸੈਸ਼ਨ 1 ਅਪ੍ਰੈਲ, 2026 ਤੋਂ ਸ਼ੁਰੂ ਹੋ ਰਿਹਾ ਹੈ, ਅਤੇ ਉਨ੍ਹਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਾਰੇ ਬੱਚੇ ਪਹਿਲੇ ਦਿਨ ਸਕੂਲ ਜਾਣ ਤਾਂ ਜੋ ਉਹ ਆਪਣੀ ਸਿੱਖਿਆ ਜਾਰੀ ਰੱਖ ਸਕਣ।



## ਮਾਸਟਰ ਲਾਲ ਸਿੰਘ ਦਾ ਵਿਛੋੜਾ ਕਹਾਣੀ ਦੇ ਇੱਕ ਯੁੱਗ ਦਾ ਅੰਤ : ਸੰਧੂ, ਜੌਹਲ

**ਦਸੂਹਾ (ਕਰਨੈਲ ਮਾਂਗਟ)** ਪ੍ਰਸਿੱਧ ਕਹਾਣੀਕਾਰ ਲਾਲ ਸਿੰਘ ਦੇ ਗ੍ਰਹਿ ਵਿਖੇ ਕਹਾਣੀਕਾਰ ਵਰਿਆਮ ਸਿੰਘ ਸੰਧੂ ਤੇ ਡਾ. ਲਖਵਿੰਦਰ ਸਿੰਘ ਜੌਹਲ ਉਨਾਂ ਦੇ ਸਦੀਵੀ ਵਿਛੋੜਾ ਦੇ ਜਾਣ ਤੇ ਉਹਨਾਂ ਦੇ ਪੁੱਤਰ ਐੱਸ ਡੀ ਓ. ਅਮਰਜੀਤ ਸਿੰਘ ਨਾਲ ਅਫ਼ਸੋਸ ਕਰਨ ਪਹੁੰਚੇ । ਇਸ ਮੌਕੇ ਉਹਨਾਂ ਮਾਸਟਰ ਲਾਲ ਸਿੰਘ ਦੇ ਸਦੀਵੀ ਵਿਛੋੜਾ ਦੇ ਜਾਣ ਉੱਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਉਹਨਾਂ ਨਾਲ ਬਿਤਾਏ ਪਲਾਂ ਨੂੰ ਭਾਵੁਕ ਸ਼ਬਦਾਂ ਅਤੇ ਯਦੀਵੀ ਯਾਦਾਂ ਨੂੰ ਤਾਜ਼ਾ ਕੀਤਾ । ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਉਨ੍ਹਾਂ ਦੀਆਂ ਕਹਾਣੀਆਂ ਮਨੁੱਖੀ ਚੇਤਨਾ ਤੇ ਸਮਾਜਿਕ ਤਬਦੀਲੀ ਦੀ ਗੱਲ ਕਰਦੀਆਂ ਹਨ । ਉਹਨਾਂ ਪੰਜਾਬੀ ਕਹਾਣੀ ਨੂੰ ਇੱਕ ਨਵੀਂ ਦਿਸ਼ਾ ਦਿੱਤੀ,ਜਦਕਿ ਉਹਨਾਂ ਦੇ ਦਿਹਾਂਤ ਨਾਲ ਕਹਾਣੀ ਦੇ ਖੇਤਰ ਦੇ ਇੱਕ ਯੁੱਗ ਦਾ ਅੰਤ ਹੋ ਗਿਆ । ਉਹਨਾਂ ਕਿਹਾ ਕਿ ਉਹ ਤੀਸਰੀ ਪੀੜੀ ਦੇ ਸਿਰਮੌਰ ਕਹਾਣੀਕਾਰ ਸਨ ਅਤੇ ਉਹਨਾਂ ਦੀਆਂ ਕਹਾਣੀਆਂ ਸਮਾਜ ਨੂੰ ਨਵੀਂ ਸੇਧ ਦੇਣ ਵਾਲੀਆਂ ਹਨ । ਡਾ. ਲਖਵਿੰਦਰ ਸਿੰਘ ਜੌਹਲ ਨੇ ਕਹਾਣੀਕਾਰ ਲਾਲ ਸਿੰਘ ਦੀਆਂ ਕਹਾਣੀਆਂ ਨੂੰ ਸਮਾਜਿਕ ਯਥਾਰਥਵਾਦੀ ਅਤੇ ਮਨੋਵਿਗਿਆਨਕ ਕਹਾਣੀਆਂ ਦੱਸਦਿਆਂ ਆਖਿਆ ਕਿ ਲਾਲ ਸਿੰਘ ਦੀਆਂ ਕਹਾਣੀਆਂ ਦੇ ਪਾਤਰ ਹਰ ਪ੍ਰਸਥਿਤੀਆਂ ਵਿੱਚੋਂ ਮਨੁੱਖ ਨੂੰ ਨਿਕਲਣ ਦੀ ਜੁਗਤ ਸਿਖਾਉਂਦੀਆਂ ਹਨ । ਇਸ ਮੌਕੇ ਸੀਨੀਅਰ ਪੱਤਰਕਾਰ ਜਗਜੀਤ ਸਿੰਘ ਭੁੱਲਰ ਨੇ ਕਿਹਾ ਕਿ ਕਹਾਣੀਕਾਰ ਲਾਲ ਸਿੰਘ ਪੰਜਾਬੀ ਸਾਹਿਤ ਖਾਸ ਕਰਕੇ ਪੰਜਾਬੀ ਕਹਾਣੀ ਦਾ ਅਮੋਲ ਰਤਨ ਹੈ , ਜਿਹੜਾ ਸਦੀਆਂ ਤੱਕ ਸਤਿਕਾਰਿਆ ਜਾਵੇਗਾ । ਇਸ ਮੌਕੇ ਪੰਮੀ ਦਿਵੇਦੀ , ਦਿਲਪ੍ਰੀਤ ਕਾਹਲੋਂ ਤੇ ਸੁਰਿੰਦਰ ਸਿੰਘ ਨੇਕੀ ਨੇ ਕਿਹਾ ਕਿ ਲਾਲ ਸਿੰਘ ਦੀਆਂ ਕਹਾਣੀਆਂ ਆਮ ਮਨੁੱਖ ਦੀ ਜ਼ਿੰਦਗੀ , ਸਮਾਜਿਕ ਅਨਿਆਏ , ਗਰੀਬੀ , ਸੰਘਰਸ਼ ਅਤੇ ਮਨੁੱਖੀ ਰਿਸ਼ਤਿਆਂ ਨੂੰ ਬੜੀ ਸਾਦਗੀ ਪਰ ਗਹਿਰੇ ਅਰਥ ਪੇਸ਼ ਕਰਦੀਆਂ ਹਨ ।ਉਹਨਾਂ ਦੀਆਂ ਰਚਨਾਵਾਂ ਅੱਜ ਵੀ ਪ੍ਰੇਰਨਾ ਸਰੋਤ ਹਨ।



# ਬੇਗਮਪੁਰਾ ਟਾਈਗਰ ਫੋਰਸ ਨੇ ਯੂ ਜੀ ਸੀ ਐਕਟ ਲਾਗੂ ਕਰਨ ਲਈ ਰਾਸ਼ਟਰਪਤੀ ਨੂੰ ਭੇਜਿਆ ਮੰਗ ਪੱਤਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਬੇਗਮਪੁਰਾ ਟਾਈਗਰ ਫੋਰਸ ਪੰਜਾਬ ਦੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫੋਰਸ ਦੇ ਹਲਕਾ ਸ਼ਾਮ ਚੁਰਾਸੀ ਦੇ ਪ੍ਰਧਾਨ ਬੰਟੀ ਹਰਿਆਣਾ ਦੀ ਪ੍ਰਧਾਨਗੀ ਹੇਠ ਭਾਰਤ ਦੇ ਰਾਸ਼ਟਰਪਤੀ ਨੂੰ ਤਹਿਸੀਲ ਭੂੰਗਾ ਦੇ ਨਾਇਬ ਤਹਿਸੀਲਦਾਰ ਰਾਜ ਕੁਮਾਰ ਰਾਹੀਂ ਯੂ ਜੀ ਸੀ ਐਕਟ 2016 ਨੂੰ ਹੂਬਹੂ ਤੁਰੰਤ ਲਾਗੂ ਕਰਨ ਸਬੰਧੀ ਇੱਕ ਮੰਗ ਪੱਤਰ ਭੇਜਿਆ ਗਿਆ। ਇਸ ਸਬੰਧੀ ਬੰਟੀ ਹਰਿਆਣਾ ਨੇ ਦੱਸਿਆ ਕਿ ਭਾਰਤ ਸਰਕਾਰ ਨੇ ਐੱਸ ਸੀ, ਐੱਸ ਟੀ, ਬੀ ਸੀ ਅਤੇ ਅੰਗਹੀਣ ਕੈਟਾਗਰੀਆਂ ਦੇ ਵਿਦਿਆਰਥੀਆਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਲਈ ਯੂਜੀਸੀ ਐਕਟ 2016 ਬਣਾਇਆ ਸੀ, ਜਿਸ ਨੂੰ ਭਾਰਤ ਸਰਕਾਰ ਨੇ 13 ਜਨਵਰੀ 2016 ਨੂੰ ਲਾਗੂ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਸ ਐਕਟ ਰਾਹੀਂ ਸਮਾਜ ਦੇ ਗਰੀਬ ਅਤੇ ਦਲਿਤ ਵਿਦਿਆਰਥੀਆਂ ਨੂੰ ਉੱਚ-ਵਿੱਦਿਅਕ ਅਦਾਰਿਆਂ ਵਿੱਚ ਹੋ ਰਹੇ ਦੁਰਵਿਵਹਾਰ ਨੂੰ ਰੋਕਣ ਦੀਆਂ ਸਖਤ ਹਦਾਇਤਾਂ ਸਨ। ਜਿਨਾਂ ਨਾਲ ਇਨ੍ਹਾਂ ਵਿਦਿਆਰਥੀਆਂ ਨੂੰ ਵੀ ਜਨਰਲ ਵਰਗ ਦੇ ਵਿਦਿਆਰਥੀਆਂ ਵਾਂਗ ਸਮਾਨ ਮੌਕੇ ਦੇਣ ਦੀ ਵਿਵਸਥਾ ਹੈ। ਇਨ੍ਹਾਂ ਵਿਦਿਆਰਥੀਆਂ ਵਿਰੁੱਧ ਅਪਮਾਨਜਨਕ ਮਾਹੌਲ ਬਣਾਉਣ ਦੀ ਪਾਬੰਦੀ ਲਗਾਈ ਗਈ ਹੈ ਅਤੇ ਦੋਸ਼ੀ ਵਿਦਿਆਰਥੀਆਂ ਵਿਰੁੱਧ ਨੂੰ ਸਖਤ ਸਜ਼ਾ ਦੇਣ ਦੀ ਵਿਵਸਥਾ ਹੈ, ਜਿਸ ਨਾਲ ਸਮਾਜ ਦੇ ਗਰੀਬ ਵਿਦਿਆਰਥੀਆਂ ਨੂੰ ਉੱਚ ਵਿੱਦਿਅਕ ਅਦਾਰਿਆਂ ਵਿੱਚ ਵਧੀਆ ਮਾਹੌਲ ਮਿਲਣ ਨਾਲ ਉਨ੍ਹਾਂ ਦਾ ਮਨੋਬਲ ਬਹੁਤ ਉੱਚਾ ਹੋਣ ਦੀ ਆਸ ਹੈ। ਦੇਸ਼ ਦੇ ਬਹੁਤੇ ਉੱਚ-ਵਿੱਦਿਅਕ ਅਦਾਰਿਆਂ ਵਿੱਚ ਸਮਾਜ ਦੇ ਪਿਛੜੇ ਅਤੇ ਗਰੀਬ ਵਿਦਿਆਰਥੀਆਂ ਨਾਲ ਬਹੁਤ ਮਾੜਾ ਵਿਵਹਾਰ ਕੀਤਾ ਜਾਂਦਾ ਹੈ, ਜਿਸ ਕਾਰਨ ਬੀਤੇ ਸਮੇਂ ਵਿੱਚ ਕਈ ਵਿਦਿਆਰਥੀ ਨੇ ਵਿਵਸਥਾ ਤੋਂ ਦੁਖੀ ਹੋ ਕੇ ਆਤਮ-ਹੱਤਿਆ ਵੀ ਕਰ ਲਈ। ਉਹਨਾਂ ਕਿਹਾ ਕਿ ਅਜਿਹੀਆਂ ਅਨੈਤਿਕ ਅਤੇ ਘਿਨੌਣੀਆਂ ਕਾਰਵਾਈਆਂ ਨੂੰ ਰੋਕਣ ਲਈ ਯੂਜੀਸੀ ਐਕਟ 2016 ਬਹੁਤ ਸਹਾਈ ਹੋਣ ਦੀ ਆਸ ਹੈ। ਇਸ ਮੌਕੇ ਹੋਰਨਾਂ ਤੋ ਇਲਾਵਾ ਰਵਿੰਦਰਾ, ਸੁਖਵਿੰਦਰ ਸਿੰਘ, ਰਮਨ ਕੁਮਾਰ ਆਦਿ ਹਾਜ਼ਰ ਸਨ।



## ਡਾ. ਚਰਨਜੀਤ ਸਿੰਘ ਵੱਲੋਂ ਲੋਕਾਂ ਨਾਲ ਸੰਵਾਦ ਦੀ ਕੀਤੀ ਸ਼ੁਰੂਆਤ

**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**: ਪੰਜਾਬ ਸਰਕਾਰ ਦੇ ਚਾਰ ਸਾਲ ਪੂਰੇ ਹੋਣ ਦੇ ਮੌਕੇ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਵੱਲੋਂ ਹਲਕੇ ਵਿੱਚ ਲੋਕਾਂ ਨਾਲ ਸਿੱਧਾ ਸੰਵਾਦ ਸ਼ੁਰੂ ਕੀਤਾ ਗਿਆ, ਜਿਸ ਤਹਿਤ ਉਨ੍ਹਾਂ ਪਿੰਡਾਂ ਕੋਟਲੀ, ਦੁੱਗਰੀ, ਸ਼ਾਂਤਪੁਰ ਅਤੇ ਰੋਲੂਮਾਜਰਾ ਆਦਿ ਪਿੰਡਾਂ ਵਿੱਚ ਲੋਕਾਂ ਨਾਲ ਮਿਲ ਕੇ ਸਰਕਾਰ ਦੀਆਂ ਲੋਕ ਹਿੱਤ ਪ੍ਰਾਪਤੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਚਾਰ ਸਾਲਾਂ ਵਿੱਚ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਹਨ।ਪੰਜਾਬ ਦੇ ਲੋਕਾਂ ਲਈ 10 ਲੱਖ ਰੁਪਏ ਤੱਕ ਦੀ ਸਿਹਤ ਗਾਰੰਟੀ, ਮਹਿਲਾਵਾਂ ਨੂੰ ਸਤਿਕਾਰ ਵਜੋਂ 1000 ਅਤੇ 1500 ਰੁਪਏ ਦੇਣ ਦੇ ਵਾਅਦੇ, ਸਕੂਲ ਆਫ਼ ਐਮੀਨੈਂਸ ਰਾਹੀਂ ਮਿਆਰੀ ਸਿੱਖਿਆ ਅਤੇ ਆਮ ਆਦਮੀ ਕਲੀਨਿਕਾਂ ਰਾਹੀਂ ਮੁਫ਼ਤ ਇਲਾਜ ਵਰਗੀਆਂ ਯੋਜਨਾਵਾਂ ਲੋਕ ਹਿੱਤ ਲਾਗੂ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਸੂਬੇ ਦੇ ਲਗਭਗ 90 ਫ਼ੀਸਦੀ ਘਰੇਲੂ ਬਿਜਲੀ ਖਪਤਕਾਰਾਂ ਨੂੰ 600 ਯੂਨਿਟਾਂ ਤੱਕ ਸਬਸਿਡੀ ਦੇ ਨਾਲ ਜ਼ੀਰੋ ਬਿੱਲ ਮਿਲ ਰਹੇ ਹਨ।ਇਸ ਤੋਂ ਇਲਾਵਾ ਨਹਿਰੀ ਪ੍ਰਣਾਲੀ ਨੂੰ ਮਜ਼ਬੂਤ ਕਰਕੇ ਲਗਭਗ 80 ਫ਼ੀਸਦੀ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਇਆ ਜਾ ਰਿਹਾ ਹੈ, ਜਿਸ ਨਾਲ ਜ਼ਮੀਨੀ ਪਾਣੀ ਦੀ ਵਰਤੋਂ ਘਟੇਗੀ ਅਤੇ ਪਾਣੀ ਦਾ ਪੱਧਰ ਸੁਧਰੇਗਾ । ਇਸ ਮੌਕੇ ਸਿਆਸੀ ਸਕੱਤਰ ਜਗਤਾਰ ਸਿੰਘ ਘੜੂੰਆ, ਮਾਰਕੀਟ ਕਮੇਟੀ ਦੇ ਚੇਅਰਮੈਨ ਸਕਿੰਦਰ ਸਿੰਘ ਸਹੇੜੀ, ਕੌਂਸਲਰ ਭੁਪਿੰਦਰ ਸਿੰਘ ਭੂਰਾ, ਸਰਪੰਚ ਹਰਿੰਦਰ ਸਿੰਘ ਕਾਕਾ, ਸ਼ਮਸ਼ੇਰ ਸਿੰਘ ਮੰਗੀ, ਸਰਪੰਚ ਜਗਦੇਵ ਸਿੰਘ ਅਤੇ ਪਰਮਜੀਤ ਸਿੰਘ ਆਦਿ ਹਾਜ਼ਰ ਸਨ।



# ਨਵਾਂ ਜ਼ਮਾਨਾ ਐਤਵਾਰਤਾ



ਹਰਿਆਣਾ ਦੇ ਕਿਲ੍ਹੇ ਤੇ ਮਹਿਲ
(ਆਖਰੀ ਸਫ਼ੇ 'ਤੇ)

ਮੈਂ ਰੌਸ਼ਨਦਾਨ ਜਦ ਵੀ
ਚੇਤਿਆਂ ਦੇ ਖੋਲ੍ਹ ਲੈਂਦਾ ਹਾਂ,
ਕਿ ਖ਼ੁਦ ਨੂੰ ਗਲ਼ ਲਗਾ ਲੈਂਦਾਂ
ਤੇ ਦਿਲ ਨੂੰ ਫੋਲ ਲੈਂਦਾਂ ਹਾਂ।
- ਗੁਰਜੰਟ ਰਾਜੇਆਣਾ

Regd. No : L-4/Pb-JL-0023/2024-26, (R.N.I.-00068/57 ਜਲੰਧਰ : ਐਤਵਾਰ, 29 ਮਾਰਚ 2026 www.nawanzamana.in ਕੀਮਤ 5.00 ਰੁਪਏ


## ਮਾਰਕਸਵਾਦੀ ਦਰਸ਼ਨ ਦੀ ਵਿਗਿਆਨਕ ਦ੍ਰਿਸ਼ਟੀ

# ਕੇਵਲ ਮਾਰਕਸ ਨੂੰ ਯਾਦ ਕਰਨਾ ਕਾਫ਼ੀ ਨਹੀਂ

ਕਿਸ਼ਤ-3

**ਜਗਰੂਪ**

ਜੇ ਪ੍ਰੋਲਤਾਰੀਆ ਦਾ 'ਜਮਾਤੀ-ਘੋਲ' (ਮਿਸ਼ਨ) ਮੱਠਾ ਪੈ ਜਾਏ, ਰੁਕ ਜਾਏ ਜਾਂ ਸੌਂ ਜਾਏ, ਤਾਂ ਬੁਰਜੂਆ ਰਾਜਸੀ ਆਰਥਕਤਾ ਦਾ ਵਿਗਿਆਨ ਤੇਜ਼ੀ ਫੜ ਜਾਂਦਾ ਹੈ।ਇਹ ਜ਼ਿਕਰ ਮਾਰਕਸ ਵੱਲੋਂ 'ਦਾਸ ਕੈਪੀਟਲ' ਦੀ ਦੂਜੀ ਜਰਮਨ ਐਡੀਸ਼ਨ ਦੀ ਭੂਮਿਕਾ 'ਚ ਇਸ ਦਾ ਉਲੇਖ ਮਿਲਦਾ ਹੈ।(ਹੁਣ ਇਹ ਵਰਤਾਰਾ, 1960ਵਿਆਂ ਤੋਂ 'ਕਾਨੂੰਨੀ-ਮਾਰਕਸਵਾਦ' ਦੀ ਬਦੌਲਤ, ਸਿਧਾਂਤਕ ਵਿਗਾੜ ਕਾਰਨ ਜਾਰੀ ਹੈ) ਇਸ ਦਾ ਜਾਗਣਾ ਜ਼ਰੂਰੀ ਹੈ।

ਵਾਧੂ ਮੁੱਲ ਦਾ ਸਿਧਾਂਤ, ਢੇਰਾਂ ਦੇ ਢੇਰ 'ਮੁਨਾਫੇ ਜੋੜ ਦਿੰਦਾ ਹੈ, ਜਿਸ ਨਾਲ ਸਮਾਜ ਨਿੱਤ-ਦਿਨ ਅਸਾਵਾਂ, ਹੋਰ ਅਸਾਵਾਂ ਹੋਈ ਜਾਂਦਾ ਹੈ।ਇਕ ਪਾਸੇ ਦੌਲਤ, ਦੂਜੇ ਪਾਸੇ ਕੰਗਾਲੀ ਦਾ ਆਲਮ (ਪੱਸਰ ਜਾਂਦਾ) ਹੈ।

ਗਰੀਬ ਮੁਲਕਾਂ ਵਿੱਚ ਅਮੀਰੀ ਦੇ 'ਕਿਲ੍ਹੇ' ਅਤੇ ਅਮੀਰ ਮੁਲਕਾਂ ਵਿੱਚ ਗਰੀਬੀ ਦੇ 'ਛੱਪੜ' ਨੰਗੀ ਅੱਖ ਨਜ਼ਰ ਪੈਂਦੇ ਹਨ। ਜਿਸ ਅਨੁਪਾਤ ਨਾਲ ਸਰਮਾਇਆ ਵਧਦਾ ਹੈ, ਉਸੇ ਅਨੁਪਾਤ ਨਾਲ ਉਸ ਦੇ ਐਬ (ਮਲੇਛਪੁਣਾ) ਅਤੇ ਪ੍ਰੋਲਤਾਰੀ ਵਧਦੇ ਹਨ।

* 'ਜਮਾਤੀ ਘੋਲ' ਨੂੰ ਅਕਸਰ ਹੀ, 'ਆਰਥਿਕ ਘੋਲ'/ 'ਮਜ਼ਦੂਰ ਘੋਲ' ਨਾਲ ਰਲਗੱਡ ਰੂਪ ਵਿੱਚ ਮਿਲਾ ਦਿੱਤਾ ਗਿਆ ਦੇਖਦੇ ਹਾਂ। ਇਹਨਾਂ ਵਿਚਲੇ ਅੰਤਰ ਦੀ ਸਮਝਦਾਰੀ ਮੁੱਲਵਾਨ ਹੈ। ਇਸ ਜਾਣਕਾਰੀ ਬਗੈਰ ਜਮਾਤੀ-ਘੋਲ ਜਾਗ ਜਾਂ ਜਗਾਇਆ ਹੀ ਨਹੀਂ ਜਾ ਸਕਦਾ।

ਮਜ਼ਦੂਰ-ਘੋਲ, ਆਰਥਿਕ-ਹਿੱਤਾਂ ਦੀ ਅੰਸ਼ਕ ਪੂਰਤੀ ਨਾਲ ਸੰਬੰਧਤ ਹੁੰਦਾ ਹੈ। ਇਹ ਸੱਤਾ

(ਸਥਾਨਕ, ਖੇਤਰੀ ਜਾਂ ਸਮੁੱਚੀ) ਵਿਰੁੱਧ, ਮਜ਼ਦੂਰਾਂ ਦੀ ਵਧ ਰਹੀ ਚੇਤਨਾ ਅਤੇ ਕਿੱਤਾ-ਵਾਰ ਸੰਗਠਨ ਦੇ ਘੇਰੇ ਦੀ ਵਲਗਣ ਵਿੱਚ ਹੁੰਦਾ ਹੈ। ਇਹ ਸੱਤਾ ਨੂੰ ਚੁਣੌਤੀ ਨਹੀਂ ਬਣਦਾ, ਕੇਵਲ ਆਰਥਕ-ਹਿੱਤਾਂ ਦੀ ਅੰਸ਼ਕ ਪੂਰਤੀ ਤੱਕ ਸੀਮਤ ਹੁੰਦਾ ਹੈ।

ਜਦੋਂ ਕਿ 'ਜਮਾਤੀ ਘੋਲ' ; ਮਾਰਕਸ ਦੇ ਕਥਨ ਅਨੁਸਾਰ ;

'ਹਰ ਜਮਾਤੀ ਘੋਲ ਰਾਜਨੀਤਕ ਘੋਲ ਹੁੰਦਾ ਹੈ।'

ਇਹ ਸੱਤਾ ਨੂੰ ਚੁਣੌਤੀ ਦੀ ਸੰਭਾਵਨਾ ਨਾਲ ਭਰਪੂਰ ਹੁੰਦਾ ਹੈ। ਇਹ ਵੱਖਰੀ ਗੱਲ ਹੈ ਕਿ ਹਰ ਸੰਭਾਵਨਾ, ਸਫਲ ਭਾਵ ਇਨਕਲਾਬ ਵਿਚ ਤਬਦੀਲ ਨਹੀਂ ਹੁੰਦੀ ਹੈ।

ਇਸ ਸਮਾਜਕ ਵਰਤਾਰੇ ਦੀ ਤਰਤੀਬਵਾਰ ਸਮਝਦਾਰੀ ਵਿਚਲੀ ਘਾਟ ਕਾਰਨ 'ਆਰਥਕ-ਘੋਲਾਂ' ਨੂੰ ਹੀ 'ਰਾਜਨੀਤਕ-ਘੋਲ', ਭਾਵ ਜਮਾਤੀ-ਘੋਲ ਸਮਝ ਲੈਣ ਦੀ ਭੁੱਲ, ਗਲਤੀ ਤੋਂ ਗੁਨਾਹ ਤੱਕ ਵਧ ਗਈ ਹੈ। ਘੋਲਾਂ ਵਿਚ ਆਪ ਮੁਹਾਰਤਾ ਲਗਾਤਾਰ ਤੇਜ਼ੀ ਫੜ ਰਹੀ ਹੈ, ਜਿਸ ਵਿਚ ਸਿਧਾਂਤ ਦੀ ਅਣਦੇਖੀ ਤੇ ਮੌਕਾ ਤਾੜੂ ਪਣ ਭਾਰੂ ਹੈ। ਨਤੀਜਾ! ਮਜ਼ਦੂਰ ਜਮਾਤ ਦੀ ਹਰਾਵਲ ਦਸਤਾ ਆਗੂ-ਟੀਮ (ਗਿਣਤੀ ਵਿਚ ਵਧਦੀਆਂ ਕਮਿਊਨਿਸਟ ਪਾਰਟੀਆਂ) ਦਾ ਸਿਧਾਂਤਕ ਪੱਤਣ, ਰਾਜਨੀਤੀ ਦੇ ਖੇਤਰ ਵਿੱਚ ਪਛੜੇਵਾਂ ਬਣ ਉੱਭਰਿਆ ਹੈ। ਸਹੀ ਸਿਧਾਂਤਕ ਅਗਵਾਈ ਬਗੈਰ ਜਨਤਾ ਭੰਬਲਭੂਸੇ, ਧੁੱਸ-ਵ1ਾਦੀ, ਜ਼ੋਰ ਅਜ਼ਮਾਈ ਕਰ ਰਹੀ ਹੈ। ਸਮਾਜਕ ਹਾਲਾਤ ਸਾਜ਼ਗਾਰ ਹੋਣ ਦੇ ਬਾਵਜੂਦ, ਘੋਲਾਂ ਦੀ ਸਰਗਰਮੀ ਦਾ ਵਾਜਬ ਮੁੱਲ ਨਹੀਂ ਪੈ ਰਿਹਾ। 'ਹੋਵੇ ਸਰਕਾਰ (ਸਿਧਾਂਤ) ਤਾਂ ਮੁੱਲ ਪਾਵੇ, ਪਵੇ .., ਢੁੱਕਵਾਂ ਵਾਕ ਬਣ ਗਿਆ ਹੈ।

ਇਹ ਘਾਟ ਦੂਰ ਕਰਨ ਲਈ ਪੱਤਣ (ਹਾਸ਼ੀਏ) ਤੋਂ ਅਖਾੜੇ ਵਿਚ ਆਉਣ ਲਈ, ਹਕੀਕੀ, ਰਾਜਨੀਤਕ-ਧਿਰ ਬਣਨ ਲਈ, 'ਜਮਾਤੀ ਘੋਲ' ਦੇ 'ਰੂਹਾਨੀ ਹਥਿਆਰ' (spiritual weapon) ਨੂੰ ਜਗਾਉਣ ਅਤੇ ਤਿੱਖਾ ਵਰਤਣ ਦੀ ਮੁਹਾਰਤ ਹਾਸਲ ਕਰਨੀ, ਮੁੱਢਲੀ ਲੋੜ ਬਣੀ ਹੋਈ ਹੈ। ਘੋਲਾਂ ਦਾ ਵਿਗਿਆਨ, ਘੋਲਾਂ ਦੀਆਂ ਧਾਰਨਾਵਾਂ ਦੀ ਸਪੱਸ਼ਟਤਾ ਬਗੈਰ ਸਮਝੋਂ ਬਾਹਰ ਹੀ ਰਹਿੰਦਾ ਹੈ।

ਆਓ ਸਿਧਾਂਤਕ ਆਗੂਆਂ, ਨੀਂਹ ਨਿਵਾਜਾਂ ਦੀਆਂ ਲਿਖਤਾਂ ਤੋਂ ਰੋਸ਼ਨੀ ਲਈ, ਧਾਰਨਾਵਾਂ ਘੋਖੀਏ:

ਨਿਊਯਾਰਕ ਤੋਂ ਬੋਲਟੇ ਨੇ ਕਾਰਲ ਮਾਰਕਸ ਨੂੰ ਕੌਮਾਂਤਰੀ ਮਜ਼ਦੂਰ ਸੰਘ (9. ➡. 1 ) ਦੇ ਉਦੇਸ਼ ਬਾਰੇ ਪੁੱਛਿਆ ਤਾਂ ਜਵਾਬ ਵਿੱਚ:

'ਨਿਊਯਾਰਕ ਵਿਖੇ ਫਰੈਡਰਿਕ ਬੋਲਟੇ ਨੂੰ ਮਾਰਕਸ ਦਾ ਖ਼ਤ, ਨਵੰਬਰ 23,1871' ਸਪੱਸ਼ਟ ਕਰਦਾ ਹੈ:

'ਮਜ਼ਦੂਰ ਜਮਾਤ ਦੇ ਅੰਦੋਲਨ ਦਾ ਅੰਤਿਮ ਟੀਚਾ ਯਕੀਨਨ, ਇਸ ਜਮਾਤ ਲਈ ਰਾਜਨੀਤਕ ਸੱਤਾ ਜਿੱਤਣਾ ਹੈ ਅਤੇ ਇਸ ਦੇ ਲਈ ਲੋੜ ਹੈ ਕਿ ਮਜ਼ਦੂਰ ਜਮਾਤ ਦੀ ਜਥੇਬੰਦੀ ਹੋਵੇ ਅਤੇ ਇੱਕ ਅਜਿਹੀ ਜਥੇਬੰਦੀ ਜਿਹੜੀ ਇਸ ਦੇ ਆਰਥਿਕ ਸੰਘਰਸ਼ਾਂ ਵਿੱਚੋਂ ਉੱਠੇ, ਪਹਿਲੋਂ ਹੀ ਵਿਕਾਸ ਦੇ ਇੱਕ ਖਾਸ ਪੱਧਰ ਉੱਤੇ ਪਹੁੰਚੀ ਹੋਵੇ।

ਪਰੰਤੂ ਦੂਜੇ ਪਾਸੇ, ਉਹ ਹਰੇਕ ਅੰਦੋਲਨ ਜਿਸ ਵਿੱਚ ਮਜ਼ਦੂਰ ਜਮਾਤ ਹਾਕਮ ਜਮਾਤਾਂ ਨੂੰ ਇੱਕ ਜਮਾਤ ਦੇ ਤੌਰ 'ਤੇ ਟੱਕਰਦੀ ਹੈ, ਅਤੇ ਬਾਹਰੋਂ ਦਬਾਅ ਪਾ ਕੇ ਉਹਨਾਂ ਨੂੰ ਮਜਬੂਰ ਕਰਦੀ ਹੈ, ਇਕ ਰਾਜਨੀਤਕ ਅੰਦੋਲਨ ਹੈ।

ਮਿਸਾਲ ਵਜੋਂ ਕਿਸੇ ਖਾਸ ਫੈਕਟਰੀ ਜਾਂ ਇੱਥੋਂ ਤੱਕ ਕਿ ਕਿਸੇ ਖਾਸ ਕਿੱਤੇ ਵਿੱਚ ਹੜਤਾਲਾਂ ਆਦਿ ਰਾਹੀਂ ਇਕੱਲੇ-ਇਕੱਲੇ ਪੂੰਜੀਪਤੀ ਨੂੰ ਕੰਮ ਦਿਹਾੜੀ ਘੱਟ ਕਰਨ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕਰਨਾ ਨਿਰੋਲ ਇੱਕ ਆਰਥਿਕ ਅੰਦੋਲਨ ਹੈ।

ਦੂਜੇ ਪਾਸੇ, ਅੱਠ ਘੰਟੇ, ਆਦਿ ਦੇ ਇੱਕ ਕਾਨੂੰਨ ਦੇ ਜ਼ਰੀਏ ਮਜਬੂਰ ਕਰਨ ਲਈ ਅੰਦੋਲਨ ਇੱਕ ਰਾਜਨੀਤਿਕ ਅੰਦੋਲਨ ਹੈ।

ਅਤੇ ਇਸ ਤਰੀਕੇ ਨਾਲ ਕਿਰਤੀਆਂ ਦੇ ਅਲੱਗ-ਅਲੱਗ ਆਰਥਿਕ ਅੰਦੋਲਨਾਂ ਵਿੱਚੋਂ ਹਰ ਥਾਂ ਇਕ ਰਾਜਨੀਤਿਕ ਅੰਦੋਲਨ ਵਿਕਸਦਾ ਹੈ, ਕਹਿਣ ਦਾ ਮਤਲਬ ਹੈ ਇੱਕ ਜਮਾਤੀ ਅੰਦੋਲਨ ਜਿਸ ਦਾ ਟੀਚਾ ਆਪਣੇ ਹਿੱਤਾਂ ਨੂੰ, ਇਕ ਆਮ ਰੂਪ ਵਿੱਚ, ਇੱਕ ਅਜਿਹੇ ਰੂਪ ਵਿੱਚ ਜਿਸ ਵਿੱਚ ਆਮ, ਸਮਾਜਿਕ ਤੌਰ 'ਤੇ ਦਬਾਉ ਸ਼ਕਤੀ ਹੁੰਦੀ ਹੈ, ਅਮਲ ਵਿੱਚ ਲਿਆਉਣਾ ਹੁੰਦਾ ਹੈ। ਹਾਲਾਂਕਿ ਇਹਨਾਂ ਅੰਦੋਲਨਾਂ ਲਈ ਇੱਕ ਖਾਸ ਦਰਜੇ ਤੱਕ ਪਹਿਲਾਂ ਹੀ ਬਣੀ ਹੋਈ ਜਥੇਬੰਦੀ ਮੁਢਲੀ ਸ਼ਰਤ ਹੁੰਦੀ ਹੈ, ਮੋੜਵੇਂ ਤੌਰ 'ਤੇ ਉਹ ਇਸ ਜਥੇਬੰਦੀ ਨੂੰ ਵਿਕਸਤ ਕਰਨ ਲਈ ਐਨ ਬਰਾਬਰ ਦਾ ਹੀ ਇੱਕ ਸਾਧਨ ਹਨ।'

(ਜਿਨ੍ਹਾਂ ਨੂੰ ਇਹ ਔਖਾ ਲੱਗਦਾ ਤੇ ਕਹਿੰਦੇ ਨੇ ਸਮਝ ਨਹੀਂ ਆਉਂਦਾ, ਉਹਨਾਂ ਨੂੰ ਬਸ ਇਹੀ ਕਹਾਂਗਾ ਕਿ ਉਹ ਅਧਿਐਨ ਕਰਨ, ਸਮਝਣ ਦੀ ਪੱਧਰ ਤੱਕ ਉੱਚਾ ਉੱਠਣ, ਇਸ ਬਗੈਰ ਕੋਈ ਰਾਹ ਨਹੀਂ ਹੈ)

ਇੰਜ ਉਹਨਾਂ ਮਿਹਨਤਕਸ਼ ਜਮਾਤ ਦੇ 'ਆਰਥਿਕ ਘੋਲ' ਅਤੇ 'ਰਾਜਨੀਤਕ ਘੋਲ' ਦਾ ਵਖਰੇਵਾਂ ਸਪੱਸ਼ਟ ਕੀਤਾ ਸੀ, ਜੋ ਸਦਾ ਰਾਹ-ਦਸੇਰਾ ਹੈ।ਦੋਵਾਂ ਦੀ ਆਪਣੀ-ਆਪਣੀ ਮਹੱਤਤਾ ਹੈ, ਪਰ ਇਹ ਇਕ-ਦੂਜੇ ਦਾ ਥਾਂ ਨਹੀਂ ਲੈ ਸਕਦੇ।ਸਾਵਧਾਨੀ ਦੀ ਸਦਾ ਵੱਡੀ ਲੋੜ ਹੈ।

ਦੂਜੀ ਉਦਾਹਰਨ; 'ਟਰਾਟਸਕੀ ਤੇ ਬੁਖਾਰਨ ਦਾ ਲੈਨਿਨ ਉੱਤੇ ਇਤਰਾਜ਼ ਅਤੇ ਲੈਨਿਨ ਦਾ ਸਿਧਾਂਤਕ ਜਵਾਬ'! (ਜਿਸ ਦਾ ਅਧਿਅਨ ਸਾਡੇ ਅਜੋਕੇ ਦੌਰ 'ਚ ਵੀ ਜ਼ਰੂਰੀ ਹੈ) ਲੈਨਿਨ ਲਿਖਦੇ ਨੇ:

[ਇਹ ਬੜੀ ਅਨੋਖੀ ਗੱਲ ਹੈ ਕਿ ਸਾਨੂੰ ਅਜਿਹੇ ਮੁੱਢਲੇ ਸਵਾਲਾਂ ਵੱਲ ਪਰਤਣਾ ਪਵੇ, ਪਰ ਮੰਦੇ ਭਾਗਾਂ ਨੂੰ ਟਰਾਟਸਕੀ ਤੇ ਬੁਖਾਰਿਨ ਨੇ ਸਾਨੂੰ ਅਜਿਹਾ ਕਰਨ ਲਈ ਮਜਬੂਰ ਕਰ ਦਿੱਤਾ ਹੈ। ਉਹਨਾਂ ਦੋਵਾਂ ਨੇ ਮੈਨੂੰ ਨਿੰਦਿਆ ਹੈ ਕਿ ਮੈਂ ਮਾਮਲੇ ਦਾ ਰੁਖ 'ਬਦਲ' ਦਿੱਤਾ ਹੈ ਜਾਂ ਕਿ ਮੈਂ 'ਰਾਜਨੀਤਕ' ਪਹੁੰਚ ਅਪਣਾਈ ਹੈ, ਜਦੋਂ ਕਿ ਉਹਨਾਂ ਦੀ ਪਹੁੰਚ 'ਆਰਥਕ' ਹੈ। ਬੁਖਾਰਿਨ ਨੇ ਤਾਂ ਇਹ ਗੱਲ ਆਪਣੇ ਥੀਸਸਾਂ ਵਿੱਚ ਵੀ ਪਾ ਦਿੱਤੀ ਹੈ ਅਤੇ ਦੋਵਾਂ ਧਿਰਾਂ ਤੋਂ 'ਉੱਚਾ ਉੱਠਣ' ਦਾ ਯਤਨ ਕੀਤਾ ਹੈ, ਜਿਵੇਂ ਕਿਤੇ ਕਹਿ ਰਿਹਾ ਹੋਵੇ ਕਿ ਉਹ ਦੋਵਾਂ ਨੂੰ ਮਿਲਾ ਰਿਹਾ ਹੈ।

ਇਹ ਇੱਕ ਉੱਘੜਵੀਂ ਸਿਧਾਂਤਕ ਗਲਤੀ ਹੈ। ਮੈਂ ਆਪਣੇ ਭਾਸ਼ਣ ਵਿੱਚ ਫੇਰ ਕਿਹਾ ਸੀ ਕਿ ਰਾਜਨੀਤੀ ਆਰਥਿਕਤਾ ਦਾ ਇੱਕ ਗੱਠਵਾਂ ਪ੍ਰਗਟਾਅ ਹੁੰਦੀ ਹੈ, ਕਿਉਂਕਿ ਮੈਂ ਇਹਤੋਂ ਪਹਿਲਾਂ ਆਪਣੀ 'ਰਾਜਨੀਤਕ' ਪਹੁੰਚ ਨੂੰ ਅਜਿਹੇ ਢੰਗ ਨਾਲ ਭੰਡਿਆ ਜਾਂਦਾ ਸੁਣ ਲਿਆ ਸੀ, ਜੋ ਕਿਸੇ ਮਾਰਕਸਵਾਦੀ ਲਈ ਇੱਕਸਾਰਤਾ-ਰਹਿਤ ਹੁੰਦਾ ਹੈ ਅਤੇ ਆਗਿਆਯੋਗ ਨਹੀਂ ਹੁੰਦਾ। ਰਾਜਨੀਤੀ ਨੂੰ ਆਰਥਕਤਾ ਤੋਂ ਪਹਿਲ ਮਿਲਣੀ ਚਾਹੀਦੀ ਹੈ।ਇਸ ਤੋਂ ਉਲਟ ਦਲੀਲ ਦੇਣਾ ਮਾਰਕਸਵਾਦ ਦੇ ੳ ਅ ਨੂੰ ਭੁਲਾ ਦੇਣ ਵਾਲੀ ਗੱਲ ਹੁੰਦੀ ਹੈ।

ਕੀ ਮੈਂ ਆਪਣੇ ਰਾਜਨੀਤਕ ਲੇਖੇ-ਜੋਖੇ ਵਿੱਚ ਗਲਤ ਹਾਂ ? ਜੇ ਤੁਸੀਂ ਇਹ ਸਮਝਦੇ ਹੋ ਤਾਂ ਬੋਲੋ ਤੇ ਸਿੱਧ ਕਰੋ। ਪਰ ਜਦੋਂ ਤੁਸੀਂ ਕਹਿੰਦੇ ਹੋ (ਜਾਂ ਜਦੋਂ ਤੁਹਾਡਾ ਅੰਤਰੀਵ ਭਾਵ ਇਹ ਹੁੰਦਾ ਹੈ) ਕਿ ਰਾਜਨੀਤਕ ਪਹੁੰਚ 'ਆਰਥਕ' ਪਹੁੰਚ ਦੇ ਤੁੱਲ ਹੀ ਹੁੰਦੀ ਹੈ ਅਤੇ ਕਿ ਤੁਸੀਂ 'ਇੱਕ ਜਾਂ ਦੂਜੀ' ਅਪਣਾ ਸਕਦੇ ਹੋ, ਤਾਂ ਤੁਸੀਂ ਮਾਰਕਸਵਾਦ ਦਾ ੳ ਅ ਵੀ ਭੁੱਲ ਜਾਂਦੇ ਹੋ।]



ਜ਼ਰਾ ਸੋਚੋ; ਕੀ ਸਾਡੇ ਕੋਲ ਇਹਨਾਂ ਤੋਂ ਉਚੇਰੀ ਰਾਹ-ਦਸੇਰਾ ਸ਼ਕਸੀ-ਹਸਤੀ ਹੈ ? ਕੀ ਇਹ ਨਿਰੋਲ ਯਥਾਰਥਕ (ਗੱਲ) ਨਹੀਂ ਹੈ?

ਜਦੋਂ 'ਦਾਸ ਕੈਪੀਟਲ' ਬੁਰਜੂਆ ਤੇ ਪਰੋਲੇਤਾਰੀ ਦੇ ਦਵੰਦਵਾਦੀ ਘੋਲ ਦਾ ਪ੍ਰਗਟਾਅ ਹੈ। ਜਿਸ ਨੇ ਆਪਣੇ ਤੋਂ ਉਚੇਰੇ ਪੜਾਅ, ਸਮਾਜਵਾਦ ਵੱਲ ਜਾਣ

ਦਾ ਇਕ ਮਾਤਰ ਰਾਹ ; ਜਮਾਤੀ ਘੋਲ ਹੈ ਅਤੇ ਇਹ ਰਾਜਨੀਤਕ ਸੰਗਰਾਮ ਹੈ। ਜੋ ਵਿਗਿਆਨਕ ਹੈ। ਫਿਰ ਉਕਤਾਈ ਕਿੱਥੇ ਹੈ ? ਸਪੱਸ਼ਟ ਹੈ ਸਿਧਾਂਤ ਵਿਚ ਨਹੀਂ, ਸਿਧਾਂਤਕ ਵਿਗਾੜ ਵਾਲੇ ਅਮਲ ਵਿਚ ਹੈ!

'ਵਿਗਾੜੇ-ਸਿਧਾਂਤ' ਨੂੰ ਸਿਧਾਂਤ ਮੰਨ ਕੇ ਕੀਤੇ ਜਾ ਰਹੇ ਵਿਹਾਰ (ਅਮਲ) ਵਿਚ ਇਸ ਦੀਆਂ ਜੜ੍ਹਾਂ ਹਨ।

(5)

ਮਾਰਕਸ ਨੇ 'ਦਾਸ ਕੈਪੀਟਲ' ਬਾਰੇ ਕਿਹਾ :

['ਇਹ ਬੁਰਜੂਆਜੀ ਉਤੇ ਦਾਗਿਆ ਗਿਆ 'ਅਤਿਅੰਤ ਭਿਆਨਕ ਮਿਜ਼ਾਈਲ' ਹੈ। ਇਹ ਅਪੀਲ ਦੇ ਹੱਕ ਤੋਂ ਬਿਨਾਂ ਬੁਰਜੂਆਜੀ ਨੂੰ ਸੁਣਾਈ ਗਈ 'ਮੌਤ ਦੀ ਸਜ਼ਾ' ਹੈ।' —ਇਕ ਪ੍ਰਤਿਭਾ ਦਾ ਜਨਮ, ਸਫਾ 277 ]

ਫਿਰ ਕੀ ਵਜ੍ਹਾ ਹੈ ਕਿ 'ਮਿਜ਼ਾਇਲ' ਕੰਮ ਨਹੀਂ ਕਰ ਰਹੀ ?

ਮਿਜ਼ਾਇਲ, 'ਵਾਰਹੈਡ' (ਹਥਿਆਰ) ਤੋਂ ਬਗੈਰ ਘਾਤਕ ਨਹੀਂ ਰਹਿੰਦੀ, ਸਿਰਫ ਵਜੂਦ ਰਹਿ ਜਾਂਦੀ ਹੈ! 'ਦਾਸ ਕੈਪੀਟਲ' ਰੂਪੀ ਮਿਜ਼ਾਈਲ ਦਾ 'ਵਾਰਹੈਡ' ; ਜਮਾਤੀ ਘੋਲ ਦਾ ਹਥਿਆਰ ; 'ਛੁਟੇਰੀ ਕੰਮ ਦਿਹਾੜੀ' ਹੈ, ਜੋ ਸਿੱਧੇ ਰੂਪ ਵਿਚ 'ਵਾਧੂ ਮੁੱਲ ਦੇ ਸਿਧਾਂਤ' ਦਾ ਤੋੜ ਹੈ। ਵਾਧੂ ਮੁੱਲ ਦੇ ਸਿਧਾਂਤ ਨਾਲ ਬੁਰਜੂਆ ਅਮਲ, ਕਿਰਤ ਦੀ ਲੁੱਟ ਤਿੱਖੀ ਕਰਦਾ ਹੈ ਅਤੇ ਇਹ (ਛੁਟੇਰੀ ਕੰਮ ਦਿਹਾੜੀ), ਉਸ ਦਾ ਉਲਟਾ ਅਮਲ ਹੈ।ਇਹ ਲੁੱਟ ਰੋਕਦਾ ਹੈ ਅਤੇ ਇਸ ਦੀ ਚੇਤਨ ਸਮਝਦਾਰੀ ਦਾ ਅਮਲ, ਉਜਰਤੀ-ਗੁਲਾਮੀ ਦੇ ਖਾਤਮੇ ਦਾ ਸਿਧਾਂਤਕ ਐਲਾਨ-ਨਾਮਾ ਹੈ।

ਸਹੀ ਅਰਥਾਂ ਵਿਚ 'ਵਾਧੂ ਮੁੱਲ ਦੇ ਸਿਧਾਂਤ' ਨੂੰ ਬੁਰਜੂਆਜੀ ਕਿਰਤ ਦੀ ਲੁੱਟ ਲਈ ਵਰਤਦੀ ਹੈ ਅਤੇ 'ਛੁਟੇਰੀ ਕੰਮ ਦਿਹਾੜੀ' ਦੇ ਸਿਧਾਂਤ ਨੂੰ ਪ੍ਰੋਲਤਾਰੀਆ ਜਮਾਤੀ ਹਿੱਤ ਦੇ ਵਾਧੇ ਲਈ ਵਰਤਦਾ ਹੈ। ਇਹਨਾਂ ਦਾ ਚੇਤਨ-ਵਿਰੋਧ ਵਿਕਾਸ, ਨਵੇਂ ਸਮਾਜ ਦੀ ਵਿਗਿਆਨਕ ਨੀਂਹ; ਸਮਾਜਵਾਦ ਦਾ ਆਰੰਭ ਹੈ।

# ਬੁਰਜੂਆਜੀ ਵਾਧੂ ਮੁੱਲ ਨਿਚੋੜਨ ਲਈ ਕਿਰਤ ਉਤਪਾਦਕਤਾ ਵਧਾਉਣ ਉਤੇ ਕੇਂਦਰਤ ਕਰਦੀ ਹੈ, ਪਰ ਜਦੋਂ ਪ੍ਰੋਲਤਾਰੀ ਪੱਖ ਦੀ ਮਿਜ਼ਾਈਲ ਦੇ 'ਵਾਰਹੈਡ' (ਛੋਟੀ ਕੰਮ ਦਿਹਾੜੀ ਦੇ ਸਿਧਾਂਤਕ ਅਮਲ) ਦੀ ਵਰਤੋਂ ਰੁਕ ਜਾਂ ਰੋਕ ਦਿੱਤੀ ਜਾਂਦੀ ਹੈ, ਤਾਂ ਬੁਰਜੂਆਜੀ ਦਾ ਇੱਕ ਪਾਸੜ ਵਿਕਾਸ [ਮਸ਼ੀਨਾਂ, ਸਵੈ ਚਾਲਕ ਮਸ਼ੀਨਾਂ, ਕੰਪਿਊਟਰ, ਵਿਗਿਆਨਕ ਤਕਨੀਕੀ ਉਪਕਰਨ (ਰੋਬੋਟ) ਅਤੇ ਵਰਤਮਾਨ ਏ.ਆਈ. ਜੰਤਰ (devices)] ਹੀ ਸੰਭਵ ਹੁੰਦਾ ਹੈ। ਉਤਪਾਦਨ ਦੇ ਨਵੇਂ ਏ.ਆਈ.

ਜੰਤਰਾਂ ਨੂੰ 'ਸਿੱਧੀ ਪੈਦਾਵਾਰੀ ਸ਼ਕਤੀ' ਪ੍ਰਚਾਰਿਆ ਜਾਂਦਾ ਹੈ। ਜਿਸ ਵਿਚ ਜ਼ਿੰਦਾ ਕਿਰਤ ਦਾ ਨਾ-ਮਾਤਰ ਅੰਸ਼ ਹੁੰਦਾ ਹੈ। ਜੋ 'ਕੁਦਰਤੀ ਪੈਦਾਵਾਰ' (ਕੇਵਲ ਵਰਤੋਂ ਮੁੱਲ ਸਿਰਜਣ) ਦੇ ਨੇੜੇ ਪੁੱਜਣ ਦਾ ਪ੍ਰਭਾਵ ਪੈਦਾ ਕਰਦੀ ਹੈ। 'ਵਰਤੋਂ ਮੁੱਲ' ਦੀ ਸਿਰਜਣਾ, ਸਮਾਜਕ ਲੋੜਾਂ ਦੀ ਪੂਰਤੀ ਦਾ ਅਮਲ ਹੈ, ਜੋ ਸਮਾਜਕ ਯੋਜਨਾਬੰਦੀ ਦੀ ਲੋੜ ਨੂੰ ਉਭਾਰਦਾ ਹੈ ਅਤੇ ਬੇਲੋੜੇ ਉਤਪਾਦਨ ਨੂੰ ਨਿਕਾਰਦਾ ਹੈ।

ਮਾਰਕਸ ਦੇ 'ਦਾਸ ਕੈਪੀਟਲ' ਵਿਚਲੇ ਕਥਨ ਅਨੁਸਾਰ; 'ਸਰਮਾਇਆ ਆਪਣੀ ਸਿਖਰ ਵੱਲ ਪੁੱਜਦਾ ਹੈ, ਜਦੋਂ ਕੁਲ ਸਮਾਜਿਕ ਸਰਮਾਇਆ ਇਕ ਕੰਪਨੀ ਜਾਂ ਇੱਕ ਵਿਅਕਤੀ ਦੀ ਨਿਰਦੇਸ਼ਨਾ ਹੇਠ ਅਮਲ ਕਰਨ ਲੱਗਦਾ ਹੈ।'

ਚੇਤੇ ਰਹੇ, ਇਹ ਇੱਕ ਪਾਸੜ ਬੁਰਜੂਆ ਵਿਕਾਸ ਹੈ। ਇਹ ਉਦੋਂ ਰੂਪ ਧਾਰਦਾ ਹੈ, ਜਦੋਂ ਜਮਾਤੀ-ਘੋਲ

ਅਮਲ ਦੇ ਅਖਾੜੇ (ਲੜਾਈ ਦੇ ਮੈਦਾਨ) ਵਿੱਚੋਂ ਬਾਹਰ ਹੁੰਦਾ ਹੈ।

ਜਦੋਂ ਜਮਾਤੀ ਘੋਲ ਭਖਿਆ ਹੋਵੇ, ਉਦੋਂ ਬੁਰਜੂਆਜੀ

ਕੰਬਦੀ ਹੈ। ਪ੍ਰੋਲਤਾਰੀਆ ਅੱਗੇ ਵਧਦਾ ਹੈ।

ਉਸ ਦਾ ਜੰਗਜੂ ਨਾਹਰਾ, ਛੁਟੇਰੀ ਕੰਮ ਦਿਹਾੜੀ ਦਾ ਵਿਧਾਨਕ ਰੂਪ ਵਿਚ ਕਾਨੂੰਨ ਬਣਾਉਣਾ, ਅਤੇ ਉਸ ਨੂੰ ਸਖਤੀ ਨਾਲ ਲਾਗੂ ਕਰਨਾ ਹੁੰਦਾ ਹੈ।

ਮਾਰਕਸ ਨੇ ਇਸ ਸੂਤਰ ਨੂੰ; 'ਸੁਤੰਤਰ ਸਮਾਂ ਉਪਜਾਣ ਤੇ ਵੰਡਣ ਦਾ ਢੰਗ-ਸਿਧਾਂਤ' (Theory of free time mode of production and distribution) ਰਾਹੀਂ ਬਿਆਨ ਕੀਤਾ ਹੈ। ਇਹ ਉਸ ਦੇ 'ਇਤਿਹਾਸ ਦਾ ਪਦਾਰਥਵਾਦੀ ਵਿਖਿਆਣ', ਤੇ ਨਾਲ ਹੀ 'ਤਰਕ ਦੇ ਵਿਗਿਆਨ' ਦੀ ਵੀ ਉੱਤਮ ਪੇਸ਼ਕਾਰੀ ਹੈ।

'ਪੈਦਾਵਾਰ ਅਤੇ ਵੰਡ' ਦਾ ਢੰਗ ਸਗਵੇਂ ਅਤੇ ਸਾਪੇਖ ਹਨ। ਇਹਨਾਂ ਵਿਚਲਾ ਪਾੜਾ, ਇਕ ਪਾਸੜ ਅਤੇ ਆਸਾਵਾਂ ਹੋ ਜਾਂਦਾ ਹੈ।

ਉਦਾਹਰਨ ਦੇ ਤੌਰ 'ਤੇ, ਜਦੋਂ ਕਿਰਤ ਉਤਪਾਦਕਤਾ ਵਧੇ, ਤਾਂ ਵਾਧੂ ਮੁੱਲ ਦੀ ਵਧੇਰੇ ਸਿਰਜਣਾ ਹੋਵੇਗੀ।

ਬੁਰਜੂਆ ਪ੍ਰਬੰਧ ਅਧੀਨ ਕਿਰਤ ਦੀ ਲੁੱਟ ਤਿੱਖੀ ਹੋਵੇਗੀ। ਕਿਰਤ ਦਾ ਹਿੱਸਾ ਘਟੇਗਾ। ਸਮਾਜਕ ਪਾੜਾ, ਭਾਵ ਗੈਰ ਬਰਾਬਰੀ ਤੇਜ਼ੀ ਫੜੇਗੀ।

ਬੁਰਜੂਆ ਪ੍ਰਬੰਧ ਵਾਧੂ ਮੁੱਲ ਹੜੱਪਣ ਲਈ ਹੈ।

'ਸਮਾਜਵਾਦੀ' ਪ੍ਰਬੰਧ ਵਿਚ ਵੀ, ਉਤਪਾਦਕਤਾ ਵਧਾਉਣ ਅਤੇ ਵੰਡਣ ਦੀ ਵਿਗਿਆਨਕ, ਚੇਤਨ-ਵਿਉਂਤਬੰਦੀ ਉਪਰ ਕੇਂਦਰਤ ਕਰਨਾ ਹੁੰਦਾ ਹੈ।

ਇਸ ਬੁਨਿਆਦੀ ਨੇਮ ਦੀ ਅਣਦੇਖੀ, ਅਤੇ ਇਸ ਤੋਂ ਦੂਰੀ ਬਣਿਆਂ, ਲੰਬਾ ਅਰਸਾ ਹੋ ਗਿਆ ਹੈ। ਬੁਰਜੂਆ ਪੱਖੀ, ਕੂੜ-ਪ੍ਰਚਾਰ ਨੇ ਇਸ ਨੇਮ ਨੂੰ ਵਿਸਾਰ ਦਿੱਤਾ ਹੈ। ਜਮਾਤੀ ਚੇਤਨਾ ਤੋਂ ਊਣੇ, 'ਖੱਬੀ ਖਾਂ' ਕਹਾਉਂਦੇ ਆਗੂ ਵੀ ਛੁਟੇਰੀ ਕੰਮ ਦਿਹਾੜੀ ਦੇ ਸਵਾਲ 'ਤੇ ਟਪਲੇ ਖਾਂਦੇ ਮਿਲ ਜਾਣਗੇ। ਉਹਨਾਂ ਦੀ ਨਿਸ਼ਾਨੀ ਹੈ, ਉਹ ਹਾਲਤਾਂ ਦਾ ਕੇਵਲ ਵਿਖਿਆਨ ਬਾਖੂਬੀ ਕਰਦੇ ਮਿਲ ਜਾਣਗੇ, ਪਰ ਸਮੱਸਿਆ ਦਾ ਹੱਲ ਉਸ ਵਿੱਚੋਂ ਨਿਕਲਦਾ ਉਚੇਰਾ ਪ੍ਰਬੰਧ, ਉਸ ਦਾ ਰਸਤਾ ਦੱਸਣ ਵਿੱਚ ਨਾਕਾਮ ਹੁੰਦੇ ਹਨ। ਉਹ ਅਧਿਆਤਮਵਾਦੀ (ਗੇੜ-ਵਾਦੀ) ਵਕਤਾ ਹੁੰਦੇ ਹਨ। ਉਹਨਾਂ ਦਾ ਲਫਾਜੀ 'ਤੇ ਜ਼ੋਰ ਹੁੰਦਾ ਹੈ। ਉਹ ਰਾਜਸੀ-ਅਧਿਆਤਮਵਾਦ ਦੇ ਝੰਡਾ-ਬਰਦਾਰ ਹੁੰਦੇ ਹਨ।

ਵਿਰੋਧਵਿਕਾਸ ਦੇ ਉਤਮ-ਅਧਿਆਪਕ; ਲੈਨਿਨ ਦੁਆਰਾ ਇਸ ਨੇਮ ਦੇ ਵਿਖਿਆਣ ਦੀ ਸੇਧ, ਜੋ ਰੂਸੀ ਸਮਾਜਵਾਦੀ ਇਨਕਲਾਬ ਦੇ ਆਰੰਭਕ ਸਾਲ (1918) ਵਿਚ ਉਸ ਨੇ ਪ੍ਰਗਟਾਈ ਸੀ, ਉਹ ਸਦਾ ਚੇਤੇ ਰੱਖਣਯੋਗ ਹੈ : (ਜ਼ੋਰ ਦੇਣ ਲਈ ਦੁਹਰਾਉ ਹੈ)

'ਸਮਾਜਵਾਦੀ ਰਾਜ ਉਤਪਾਦਕਾਂ ਅਤੇ ਖਪਤਕਾਰਾਂ ਦੀਆਂ ਕਮਿਊਨਾਂ ਦੇ ਤਾਣੇ ਪੇਟੇ ਵਜੋਂ ਹੀ ਪੈਦਾ ਹੋ ਸਕਦਾ ਹੈ, ਜਿਹੜੀਆਂ ਕਮਿਊਨਾਂ ਆਪਣੇ ਉਤਪਾਦਨ ਅਤੇ ਖਪਤ ਦਾ ਇਮਾਨਦਾਰੀ ਨਾਲ ਲੇਖਾ ਰੱਖਦੀਆਂ ਹੋਣ, ਕਿਰਤ ਵਿਚ ਸੰਜਮ ਵਰਤਦੀਆਂ ਹੋਣ ਅਤੇ ਲਗਾਤਾਰ ਕਿਰਤ ਦੀ ਉਤਪਾਦਕਤਾ ਵਧਾ ਰਹੀਆਂ ਹੋਣ, ਅਤੇ ਇਸ ਤਰ੍ਹਾਂ ਕੰਮ ਦੀ ਦਿਹਾੜੀ ਘਟਾ ਕੇ ਸੱਤ, ਛੇ ਅਤੇ ਹੋਰ ਵੀ ਘੱਟ ਘੰਟਿਆਂ ਤੱਕ ਲਿਆਉਣਾ ਸੰਭਵ ਬਣਾਉਣ।'

ਜੇ ਕੁਤਾਹੀ ਹੋਵੇ ਤਾਂ ਦੁਰਦਸ਼ਾ ਦਾ ਇਤਿਹਾਸ ਸਾਹਮਣੇ ਹੈ। ਬਣੇ ਸਮਾਜਵਾਦੀ ਪ੍ਰਬੰਧ ਵੀ ਖੁਰ ਜਾਂਦੇ ਹਨ।

ਜੇ ਕਿਸੇ ਸਮਾਜਵਾਦੀ ਪ੍ਰਬੰਧ ਵਿਚ, ਜਦੋਂ ਉਤਪਾਦਕਤਾ ਵਧਦੀ ਹੈ ਤਾਂ ਵੰਡ ਸਾਵੀਂ ਕਰਨ ਲਈ, ਜਿਣਸਾਂ ਦੀ ਵੰਡ ਦੀ ਥਾਂ, 'ਜਿਣਸਾਂ ਦੀ ਮਾਂ-ਜਿਣਸ'; 'ਉਜਰਤੀ-ਕਿਰਤ-ਸਮਾਂ' (ਦਿਹਾੜੀ ਸਮਾਂ) ਘੱਟ ਕਰਕੇ, ਕਿਰਤੀ ਨੂੰ ਵਿਹਲਾ ਸਮਾਂ

(Free time) ਦੇਣਾ ਯਕੀਨੀ ਕਰਨਾ ਹੁੰਦਾ ਹੈ।

ਜੇ ਇਸ ਨੇਮ ਦਾ ਉਲੰਘਣ ਹੁੰਦਾ ਹੈ ਤਾਂ ਵਾਧੂ ਮੁੱਲ ਦੀ ਸਿਰਜਣਾ ਕਾਰਨ, ਉਸ ਦਾ ਜੁੜਾਓ (ਜਮਾਂ ਹੋਣਾ), ਅਤੇ ਉਸ ਦੀ ਨਜਾਇਜ਼ ਵਰਤੋਂ ਦਾ ਰਾਹ ਹੋਂਦ ਵਿਚ ਆ ਜਾਵੇਗਾ। ਫਿਰ ਭ੍ਰਿਸ਼ਟਾਚਾਰ ਜਨਮ ਲਵੇਗਾ, ਜੋ ਸਮਾਜਵਾਦ ਨੂੰ ਖਤਰਾ ਬਣ ਜਾਵੇਗਾ।

ਰੂਸੀ ਪ੍ਰੋਲਤਾਰੀਏ ਦੇ ਆਗੂ ਸਟਾਲਿਨ ਦਾ 1952 ਵਿਚ ਹੋਏ ਪਾਰਟੀ ਪਲੈਨਮ ਵਿਚ ਉੱਠੇ ਸਵਾਲਾਂ ਦਾ ਜਵਾਬ ਪੜ੍ਹ ਚੁੱਕੇ ਹਾਂ। ਜਿੱਥੇ ਉਹ ਕਹਿੰਦਾ 'ਕੰਮ ਦਿਹਾੜੀ ਸਮਾਂ ਛੇ ਘੰਟੇ ਅਤੇ ਫਿਰ ਪੰਜ ਘੰਟੇ ਕਰਨਾ ਹੋਵੇਗਾ ਅਤੇ ਨਾਲ ਹੀ ਉਜਰਤਾਂ ਵਧਾ ਕੇ ਦੁੱਗਣੀਆਂ ਕਰਨੀਆਂ ਹੋਣਗੀਆਂ।'

ਜੇ ਇਹਨਾਂ ਫੈਸਲਿਆਂ 'ਤੇ ਅਮਲ ਹੁੰਦਾ ਤਾਂ ਨਿਸ਼ਚਿਤ ਰੂਪ ਵਿਚ ਸਮਾਜਵਾਦ ਮਜ਼ਬੂਤ ਹੁੰਦਾ। ਨਵੇਂ ਮਨੁੱਖ ਦੀ ਸਿਰਜਣਾ ਹੁੰਦੀ।

ਪਲੈਨਮ ਦੇ ਦਸ ਮਹੀਨੇ ਪਿੱਛੋਂ ਸਟਾਲਿਨ ਦੀ ਮੌਤ ਹੋ ਗਈ। ਨਵੀਂ ਲੀਡਰਸ਼ਿਪ ਨੇ ਫੈਸਲੇ ਵਿਸਾਰ ਦਿੱਤੇ। ਨਤੀਜਾ? ਸਮਾਂ ਪਾ ਕੇ ਸਮਾਜਵਾਦੀ ਪ੍ਰਬੰਧ ਹੀ ਖੁਰ ਗਿਆ। ਜੋ ਵੱਡੀ ਸਿਧਾਂਤਕ ਸੱਟ ਬਣ ਗਿਆ।

'ਗੈਰ-ਵਿਰੋਧਵਿਕਾਸੀ' (ਭਾਵ ਅਧਿਆਤਮਵਾਦੀ) ਧਾਰਨਾ ਦੇ ਅਨੁਆਈ ਆਗੂ 'ਆਮ ਕੰਮ ਦਿਨ'

(Normal working day) ਦੀ ਉੜਾਉਣੀ ਤੇ ਅੜ ਖੜ੍ਹ ਜਾਂਦੇ ਹਨ। ਉਹ 8 ਘੰਟੇ ਉਪਰ ਹੀ ਟਿਕੇ ਰਹਿਣ ਲਈ ਜ਼ਿੱਦ ਕਰਦੇ ਹਨ।ਮਾਰਕਸ ਦੇ ਸਮੇਂ ਵਿਚ ਜਰਮਨ ਵਿਚਲੀਆਂ ਦੋ ਕਮਿਊਨਿਸਟ ਪਾਰਟੀਆਂ ਨੇ ਏਕੀ ਕਰਨ ਕੀਤਾ ਅਤੇ ਸਾਂਝਾ 'ਗੋਥਾ ਪ੍ਰੋਗਰਾਮ' ਪਰਵਾਨ ਕੀਤਾ। ਉਹਨਾਂ ਵਿਚ ਮਾਰਕਸ ਤੇ ਏਂਗਲਜ, ਦੋਵਾਂ ਦੇ ਮਿੱਤਰ ਵੀ ਸ਼ਾਮਲ ਸਨ। ਜੋ ਗਲਤੀਆਂ ਗੋਥਾ ਪ੍ਰੋਗਰਾਮ ਵਿਚ ਸਨ, ਉਸ 'ਤੇ ਮਾਰਕਸ ਨੇ 'ਗੋਥਾ ਪ੍ਰੋਗਰਾਮ ਦੀ ਅਲੋਚਨਾ' ਦਾ ਮਹੱਤਵਪੂਰਨ ਕਿਤਾਬਚਾ ਲਿਖਿਆ, ਜੋ ਮਾਰਕਸਵਾਦ ਦਾ ਅਹਿਮ ਦਸਤਾਵੇਜ਼ ਹੈ। ਜਿਸ ਵਿੱਚ ਕਾਰਲ ਮਾਰਕਸ ਨੇ 'ਵਿਗਿਆਨਕ-ਸਾਂਝੀਵਾਲਤਾ' ਨੂੰ ਪਰਿਭਾਸ਼ਿਤ ਕੀਤਾ ਹੈ। ਉਸ ਵਿਚ ਗੋਥਾ ਪ੍ਰੋਗਰਾਮ ਵਿਚਲੀ 'ਨਾਰਮਲ ਕੰਮ ਦਿਨ' ਦੀ ਧਾਰਨਾ ਦੀ ਅਲੋਚਨਾ ਵੀ ਸ਼ਾਮਲ ਹੈ।'ਨਾਰਮਲ ਕੰਮ ਦਿਨ', ਉਤਪਾਦਕ ਸ਼ਕਤੀਆਂ ਦੀ ਪੱਧਰ ਨਾਲ ਸਾਪੇਖਤਾ ਵਿਚ ਹੁੰਦਾ ਹੈ, ਨਾ ਕਿ ਆਦਰਸ਼ਕ-ਮਿਆਰੀ ਮਿੱਥ ਨਾਲ।'

**(ਚੱਲਦਾ, ਅਗਲੀ ਲੜੀ ਇੱਕ ਐਤਵਾਰ ਛੱਡ ਕੇ)**

# ਕਿਤਾਬ ਉਦਾਸ ਹੈ

**ਡਾ. ਗੁਰਬਖ਼ਸ਼ ਸਿੰਘ ਭੰਡਾਲ**

ਕਿਤਾਬ ਬਹੁਤ ਉਦਾਸ ਹੈ, ਹਤਾਸ਼ ਅਤੇ ਨਿਰਾਸ਼ ਹੈ। ਇਸ ਦਾ ਇਹ ਵਰਤਾਰਾ ਜਾਇਜ਼ ਹੈ। ਜਦ ਅਸੀਂ ਕਿਤਾਬ ਨੂੰ ਪਿਆਰ ਨਹੀਂ ਕਰਦੇ, ਇਸ ਨੂੰ ਸਹਿਲਾਉਂਦੇ ਨਹੀਂ, ਅਪਣਾਉਂਦੇ ਨਹੀਂ ਅਤੇ ਨਾ ਹੀ ਇਸ ਦੇ ਵਰਕਿਆਂ 'ਤੇ ਫੈਲੀ ਇਬਾਰਤ ਨੂੰ ਪੜ੍ਹਦੇ ਹਾਂ ਤਾਂ ਕਿਤਾਬ ਨੇ ਨਿਰਾਸ਼ ਹੋਣਾ ਹੀ ਹੋਇਆ।

ਬਹੁਤ ਅੱਖਰਦੀ ਹੈ ਕਿਤਾਬ ਨੂੰ ਇਕੱਲਤਾ। ਬੰਦ ਕਿਤਾਬ ਵਿਚ ਵਰਕਿਆਂ 'ਤੇ ਉੱਕਰੇ ਅੱਖਰਾਂ ਵਿਚਲੇ ਹਾਉਕਿਆਂ ਵਿਚ ਹੀ ਖੁਰ ਜਾਂਦੀ ਏ ਲਿਖਤ। ਜ਼ਰਜ਼ਰੀ ਵਰਕਿਆਂ ਨੂੰ ਫਰੋਲਣ ਵਾਲੇ ਹੱਥ ਹੀ ਕਿਤਾਬ ਤੋਂ ਮੁਨਕਰ ਹੋ ਜਾਣ ਤਾਂ ਕਿਤਾਬ ਵਿਚਾਰੀ ਕੀ ਕਰੇ?

ਕਿਤਾਬ ਸਭ ਤੋਂ ਵਧੀਆ ਦੋਸਤ। ਦੁੱਖ-ਸੁੱਖ ਸਾਂਝਾ ਕਰਦੀ। ਕੁਝ ਦੱਸਦੀ, ਕੁਝ ਪੁੱਛਦੀ। ਕੁਝ ਸਮਝਾਉਂਦੀ ਅਤੇ ਕਦੇ ਸਾਡੀ ਉਂਗਲ ਫੜ ਸਹੀ ਰਸਤੇ 'ਤੇ ਪਾਉਂਦੀ।

ਕਿਤਾਬ, ਗਿਆਨ ਦਾ ਭੰਡਾਰ। ਵਰਕਿਆਂ 'ਤੇ ਫੈਲਿਆ ਸੰਸਾਰ। ਗੁੱਝੀਆਂ ਰਮਜ਼ਾਂ ਫਰੋਲਦੀ। ਕੁਦਰਤੀ ਭੇਤਾਂ ਦੀ ਥਾਹ ਪਾਉਂਦੀ। ਚੌਗਿਰਦੇ ਵਿਚ ਵਾਪਰ ਰਹੇ ਭਾਣਿਆਂ ਨੂੰ ਸਮਝਾਉਂਦੀ।

ਕਿਤਾਬ ਤੋਂ ਹੀ ਪਤਾ ਲੱਗਦਾ ਕਿ ਮਨੁੱਖੀ ਸਰੀਰ ਦੀ ਕੀ ਹੈ ਬਣਤਰ? ਇਸ ਦੀਆਂ ਕਿਰਿਆਵਾਂ ਕਿੰਝ ਹੁੰਦੀਆਂ, ਕੀ ਵਾਪਰਦਾ, ਕਿਉਂ ਅਸੀਂ ਅਲਾਮਤਾਂ ਦਾ ਸ਼ਿਕਾਰ ਹੁੰਦੇ? ਸਾਡੇ ਦਿਲ-ਓ-ਦਿਮਾਗ ਦਾ ਕੀ ਆਪਸੀ ਸੰਬੰਧ? ਅਸੀਂ ਕਿਸ ਦੀ ਮੰਨਦਿਆਂ ਪ੍ਰਾਪਤੀਆਂ ਦੇ ਰਾਹੀ ਬਣਦੇ ਅਤੇ ਕਿਸ ਦੇ ਆਖੇ ਲੱਗ ਔਝੜ ਰਾਹਾਂ ਵਿਚ ਹੀ ਗਵਾਚ ਜਾਂਦੇ?

ਕਿਤਾਬ ਪਾਠਕ ਨੂੰ ਬਾਹਾਂ ਅੱਡੀ ਉਡੀਕਦੀ। ਆਪਣੇ ਕੋਲ ਬਿਠਾਉਣਾ, ਸੰਵਾਦ ਰਚਾਉਣਾ ਅਤੇ ਇਬਾਰਤ ਦੀ ਜੂਹੇ ਸ਼ਬਦਾਂ ਦੇ ਅਰਥਾਂ ਨੂੰ ਮਸਤਕ ਵਿਚ ਟਿਕਾਉਣਾ ਚਾਹੁੰਦੀ।

ਕਿਤਾਬ ਵਿੱਚੋਂ ਉੱਗਦੇ ਨੇ ਸੂਰਜ ਤੇ ਤਾਰੇ। ਅੰਬਰੀਂ ਉਡਾਣ ਦਾ ਸਿਰਨਾਵਾਂ। ਅਣਛੋਹੀਆਂ ਮੰਜ਼ਲਾਂ ਦੀ ਪ੍ਰਾਪਤੀ ਦਾ ਹੁਨਰ। ਕੁਝ ਅਣਕਿਹਾ ਅਤੇ ਅਣਸੋਚਿਆ ਕਰਨ ਦੀ ਤਰਕੀਬ। ਕੁਝ ਅਵੱਲੜਾ ਕਰਕੇ ਨਾਂਅ ਚਮਕਾਉਣ ਦੀ ਅਦਾਅ।

ਕਿਤਾਬ ਵਿਚ ਹੀ ਹੁੰਦਾ ਵਿਲੱਖਣਤਾਵਾਂ ਦਾ ਭੇਤ। ਮਨ ਚਾਹੇ ਸੁਪਨਿਆਂ ਦੀ ਪ੍ਰਾਪਤੀ ਦਾ ਰਾਜ਼। ਮਨ ਚਾਹੀ ਪ੍ਰਾਪਤੀ ਦਾ ਵਸੀਲਾ ਅਤੇ ਆਪਣੇ ਰਾਹਾਂ ਨੂੰ ਆਪਣੀ ਮਰਜ਼ੀ ਨਾਲ ਨਿਰਧਾਰਤ ਕਰਨ ਦਾ ਵੱਲ।

ਕਦੇ ਗਾਉਂਦੀ ਕਿਤਾਬ ਨਾਲ ਗੁਣਗੁਣਾਉਣਾ। ਇਸ ਦੀ ਇਬਾਰਤ ਨੂੰ ਆਪਣੇ ਅੰਤਰੀਵ ਵਿਚ ਸਮਾਉਣਾ। ਕਿਤਾਬ ਅਤੇ ਕਵਿਤਾ ਦਾ ਗੂੜ੍ਹਾ ਸੰਬੰਧ। ਕਿਤਾਬਾਂ ਕਵਿਤਾਵਾਂ ਵਰਗੀਆਂ ਹੁੰਦੀਆਂ ਅਤੇ ਕਵਿਤਾਵਾਂ ਕਿਤਾਬਾਂ। ਤੁਹਾਡੇ ਦਿਲ ਦੀ ਬਾਤ ਪਾਉਂਦੀ। ਤੁਹਾਡੀਆਂ ਤਰਜੀਹਾਂ ਨੂੰ ਸ਼ਬਦ ਦਿੰਦੀਆਂ। ਤੁਹਾਡੀਆਂ ਤਮੰਨਾਵਾਂ ਨੂੰ ਸੇਧ ਦੇ ਕੇ ਇਸ ਦੀ ਪੂਰਤੀ ਦਾ ਇਸ਼ਾਰਾ ਕਰਦੀਆਂ।

ਕਿਤਾਬ ਦਿਲਦਾਰ। ਰੂਹ ਦੀ ਹਾਨਣ। ਤੁਹਾਡੇ ਨਿੱਜ ਦਾ ਹਿੱਸਾ। ਤੁਹਾਡੀ ਰੂਹਦਾਰੀ ਦਾ ਮਾਣ। ਤੁਹਾਡੇ ਸਾਰੇ ਭੇਤਾਂ ਦੀ ਜਾਣੂ। ਤੁਹਾਡੇ ਲਈ ਸਮਝਾਂ, ਸਿਆਣਪਾਂ, ਸੁਮੱਤਾਂ ਅਤੇ ਸਾਵਧਾਨੀਆਂ ਦਾ ਸੰਸਾਰ। ਤੁਸੀਂ ਇਸ ਵਿੱਚੋਂ ਕਿਹੜੇ ਮਾਣਕ ਮੋਤੀ ਚੁਗਣੇ, ਇਹ ਤਾਂ ਤੁਹਾਨੂੰ ਹੀ ਕੈਫ਼ੀਅਤ ਹੋਣੀ ਚਾਹੀਦੀ। ਭਲਾ ਕਿਤਾਬ ਵਿਚਾਰੀ ਕੀ ਕਰੇ?

ਬੁੱਕ-ਸੈਲਫ਼ 'ਤੇ ਪਈਆਂ ਕਿਤਾਬਾਂ ਦੇ ਨੈਣਾਂ ਵਿਚ ਝਾਕਣਾ। ਤੁਹਾਨੂੰ ਅਹਿਸਾਸ ਹੋਵੇਗਾ ਕਿੰਨੀ ਰੀਝ ਹੁੰਦੀ ਕਿਤਾਬ ਨੂੰ ਕਿ ਕੋਈ ਤਾਂ ਮੈਨੂੰ ਹਿੱਕ ਨਾਲ ਲਾਵੇ। ਮੇਰੇ ਵਰਕੇ ਫਰੋਲੇ। ਸ਼ਬਦੀ ਇਬਾਰਤਾਂ ਦੀਆਂ ਘੁੰਢੀਆਂ ਖੋਲ੍ਹੇ ਅਤੇ ਇਨ੍ਹਾਂ ਵਿਚ ਜਗਦੇ ਅਰਥਾਂ ਦੇ ਚਿਰਾਗਾਂ ਨਾਲ ਆਪਣੀ ਮਾਨਸਿਕਤਾ ਨੂੰ ਰੁਸ਼ਨਾਵੇ।

ਯਾਦ ਰਹੇ ਕਿ ਕਿਤਾਬ ਤੋਂ ਬੇਮੁਖਤਾ ਬਹੁਤ ਹੀ ਘਾਟੇਵੰਦਾ ਸੌਦਾ। ਜ਼ਰਾ ਸੋਚਣਾ! ਕਿਤਾਬ ਵਿੱਚੋਂ ਮਿਲਦੇ ਗਿਆਨ ਦੀ ਅਣਹੋਂਦ ਕਾਰਨ ਬੰਦੇ ਨੂੰ ਕਿਵੇਂ ਸਮਝ ਆਵੇਗੀ ਕਿ ਸਾਡੇ ਬਜ਼ੁਰਗਾਂ ਨੇ ਇਤਿਹਾਸ ਕਿਵੇਂ ਰਚਿਆ? ਉਹ ਕਿਹੜੀਆਂ ਮੁਸ਼ੱਕਤਾਂ ਵਿੱਚੋਂ ਨਵੀਂ ਸਿਰਜਣਕਾਰੀ ਦਾ ਮਾਣ ਬਣੇ। ਰਹਿਬਰਾਂ ਦੀਆਂ ਸਿਖਿਆਵਾਂ ਤੋਂ ਵਿਰਵੇ ਹੋ ਕੇ ਭਲਾ ਅਸੀਂ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਕਿਵੇਂ ਤੁਰ ਸਕਾਂਗੇ? ਸਾਨੂੰ ਪੂਰਨਿਆਂ ਦਾ ਤਾਂ ਪਤਾ ਹੋਵੇ।

ਮੈਂ ਅਕਸਰ ਹੀ ਕਿਤਾਬ ਨੂੰ ਫੋਲਦਾਂ। ਇਸ ਦੀ ਦਿੱਖ ਦੇ ਉੱਘੜਦੇ ਨਕਸ਼ਾਂ ਵਿੱਚੋਂ ਹੀ ਇਸ ਦੀ ਅੱਖਰਕਾਰੀ ਦਾ ਅਹਿਸਾਸ ਹੋ ਜਾਂਦਾ। ਤੁਸੀਂ ਉਹ ਕਿਤਾਬ ਦੀ ਦਿਲਦਾਰੀ ਵਿੱਚੋਂ ਕੁਝ ਅਜਿਹਾ ਮਾਣਮੱਤਾ ਪ੍ਰਾਪਤ ਕਰਦੇ ਕਿ ਕਿਤਾਬ ਤੁਹਾਨੂੰ ਰੂਹ ਦੀ ਹਾਨਣ ਜਾਪਦੀ।

ਕਿਤਾਬਾਂ ਸਿਜਦੀਆਂ ਨੇ ਇਤਿਹਾਸ। ਇਨਕਲਾਬ ਲਈ ਪੈੜਾਂ ਬਣਦੀਆਂ ਨੇ ਕਿਤਾਬਾਂ। ਦੁਨੀਆ ਵਿਚ ਆਏ ਸਾਰੇ ਹੀ ਪਰਿਵਰਤਨਾਂ ਵਿਚ ਕਿਤਾਬਾਂ ਦੀ ਅਹਿਮ ਭੂਮਿਕਾ। ਕਦੇ ਸ਼ਹੀਦੇ-ਆਜ਼ਮ ਸ. ਭਗਤ ਸਿੰਘ ਦੀ ਜੀਵਨੀ ਨੂੰ ਪੜ੍ਹਨਾ ਅਤੇ ਸਮਝਣਾ ਕਿ ਕਿਤਾਬਾਂ ਵਿੱਚੋਂ ਉਸ ਨੇ ਕਿੰਨਾ ਕੁਝ ਪ੍ਰਾਪਤ ਕੀਤਾ, ਜਿਹੜਾ ਸੂਲੀ ਚੜ੍ਹਨ ਤੋਂ ਕੁਝ ਪਲ ਪਹਿਲਾਂ ਕਿਤਾਬ ਨਾਲ ਸੰਵਾਦ ਰਚਾ ਰਿਹਾ ਸੀ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਔਰੰਗਜ਼ੇਬ ਨੂੰ ਭੇਜਿਆ ਜ਼ਫ਼ਰਨਾਮਾ ਹੀ ਸੀ, ਜਿਸ ਨੇ ਇਕ ਹੰਕਾਰੀ, ਤੁਅੱਸਬੀ ਅਤੇ ਜ਼ਾਲਮ ਹੁਕਮਰਾਨ ਨੂੰ ਆਪਣੇ ਕੀਤੇ 'ਤੇ ਪਛਤਾਵੇ ਲਈ ਮਜਬੂਰ ਕੀਤਾ ਅਤੇ ਗੁਰੂ ਜੀ ਵੱਲ ਦੋਸਤੀ ਦਾ ਹੱਥ ਵਧਾਇਆ।

ਕਿਤਾਬਾਂ ਅਜ਼ੀਮ ਖ਼ਜ਼ਾਨਾ। ਬਜ਼ੁਰਗਾਂ ਦੀ ਸਭ ਤੋਂ ਮਹਿੰਗੀ ਅਤੇ ਅਣਮੋਲ ਨਿਸ਼ਾਨੀ, ਜਿਸ ਨੂੰ ਫਰੋਲਦਿਆਂ ਕਈ ਵਾਰ ਕੁਝ ਅਜਿਹਾ ਵੀ ਮਿਲਦਾ, ਜਿਹੜਾ ਕਈ ਵਾਰ ਸਾਡੀਆਂ ਪੀੜ੍ਹੀਆਂ ਨੇ ਕਿਆਸਿਆ ਵੀ ਨਹੀਂ ਹੁੰਦਾ।



ਕਿਤਾਬਾਂ ਦੀ ਸੰਗਤ ਵਿਚ ਬੰਦਾ ਕਦੇ ਵੀ ਇਕੱਲਾ ਨਹੀਂ ਹੁੰਦਾ। ਕਿਤਾਬ ਵਿਚਲੀ ਕਹਾਣੀ ਜਾਂ ਨਾਵਲ ਦਾ ਹਰ ਪਾਤਰ ਪਾਠਕ ਨਾਲ ਸੰਵਾਦ ਰਚਾਉਂਦਾ। ਜਦ ਪਾਠਕ ਉਸ ਪਾਤਰ ਵਿੱਚੋਂ ਖੁਦ ਨੂੰ ਭਾਲਦਾ ਪਾਤਰ ਹੀ ਬਣ ਜਾਂਦਾ ਤਾਂ ਕਿਤਾਬ ਆਪਣਾ ਮੁੱਲ ਮੋੜ ਦਿੰਦੀ। ਯਾਦ ਰਹੇ ਕਿ ਕਿਤਾਬ ਨਹੀਂ ਬੋਲਦੀ, ਇਸ ਦੇ ਸ਼ਬਦ ਬੋਲਦੇ। ਇਸ ਦੀ ਲਿਖਤ ਤੁਹਾਡੇ ਨੈਣਾਂ ਵਿਚ ਉਤਰਦੀ। ਇਸ ਦੀ ਅਰਥਕਾਰੀ ਤੁਹਾਨੂੰ ਅਚੇਤ ਅਤੇ ਸੁਚੇਤ ਰੂਪ ਵਿਚ ਕੁਝ ਅਜਿਹਾ ਤੁਹਾਡੇ ਅੰਦਰ ਧਰ ਜਾਂਦੀ ਕਿ ਤੁਹਾਨੂੰ ਪਤਾ ਲੱਗਦਾ ਕਿ ਅਜਿਹਾ ਤਾਂ ਕਦੇ ਸੋਚਿਆ ਵੀ ਨਹੀਂ ਸੀ ਜਾ ਸਕਦਾ।

ਕਈ ਵਾਰ ਕਿਤਾਬ ਬਹੁਤ ਨਿਰਾਸ਼ ਅਤੇ ਉਦਾਸ ਹੋ ਜਾਂਦੀ। ਉਹ ਹਤਾਸ਼ ਵੀ ਹੋ ਜਾਂਦੀ, ਜਦ ਪਾਠਕ ਨੂੰ ਉਡੀਕਦੀ ਕਿਤਾਬ ਬੇਬੱਸੀ ਦੇ ਆਲਮ ਵਿਚ ਸਿਉਂਕੀ ਹੋਈ ਨਜ਼ਰਬੰਦੀ ਦੀ ਆਉਧ ਹੰਢਾਉਂਦੀ ਆਖਰ ਨੂੰ ਮਿੱਟੀ ਹੋ ਜਾਂਦੀ ਅਤੇ ਇਸ ਦੇ ਤੜਫਦੇ ਅੱਖਰਾਂ ਦਾ ਦਰਦ, ਵਕਤ ਦੇ ਨਾਂਅ ਹੋ ਜਾਂਦਾ।

ਜ਼ਰਾ ਕਿਆਸ ਕਰਨਾ, ਉਨ੍ਹਾਂ ਗ੍ਰੰਥਾਂ ਅਤੇ ਲਿਖਤਾਂ ਦਾ ਜਿਹਨਾਂ ਨੇ ਆਉਣ ਵਾਲੇ ਵਕਤਾਂ ਵਿਚ ਬੀਤੇ ਦੀਆਂ ਕਈ ਪਰਤਾਂ ਨੂੰ ਫਰੋਲਣਾ ਅਤੇ ਉਸ ਇਤਿਹਾਸ ਨੂੰ ਆਉਣ ਵਾਲੀਆਂ ਨਸਲਾਂ ਦੇ ਨਾਂਅ ਕਰਨਾ ਸੀ, ਪਰ ਜੋ ਸਰਸਾ ਨਦੀ ਦੇ ਪਾਣੀਆਂ ਵਿਚ ਵਹਿ ਗਈਆਂ ਅਤੇ ਗ੍ਰੰਥਾਂ ਦੇ ਹੰਝੂਆਂ ਵਿਚ ਸਰਸਾ ਦਾ ਪਾਣੀ ਵੀ ਖੌਲਣ ਲੱਗ ਪਿਆ ਸੀ। ਉਨ੍ਹਾਂ ਭਿੱਜੇ ਅਤੇ ਗਲ਼ੇ ਵਰਕਿਆਂ ਵਿਚ ਉੱਕਰੇ ਅੱਖਰਾਂ ਨੂੰ ਸ਼ਾਇਦ ਆਖ਼ਰੀ ਪਨਾਹ ਪਾਣੀਆਂ ਨੇ ਹੀ ਦੇਣੀ ਸੀ।

ਕਈ ਵਾਰ ਮੈਂ ਸੋਚਦਾ ਹਾਂ ਕਿ ਕਿਤਾਬ ਦਾ ਕੀ ਕਸੂਰ ਕਿ ਪਾਠਕ ਇਸ ਤੋਂ ਰਹਿਨੁਮਾਈ ਲੈਣ ਤੋਂ ਹੀ ਉਕਤਾ ਗਿਆ। ਕਿਤਾਬ ਨੇ ਤਾਂ ਪਾਠਕ ਨੂੰ ਸ਼ਬਦੀ ਰਹਿਮਤਾਂ ਨਾਲ ਨਿਵਾਜਣਾ ਸੀ, ਪਰ ਪਾਠਕ ਹੀ ਕਿਤਾਬ ਤੋਂ ਪਤਾ ਨਹੀਂ ਕਿਉਂ ਹਤਾਸ਼ ਹੋ ਗਿਆ।

ਕਿਤਾਬ ਤੋਂ ਦੂਰ ਜਾਣ ਵਾਲੀਆਂ ਕੌਮਾਂ ਬੜੀ ਜਲਦੀ ਆਪਣਾ ਵਿਰਸਾ ਗਵਾ ਬਹਿੰਦੀਆਂ। ਨਵੀਆਂ ਨਸਲਾਂ ਨੂੰ ਕਿਤਾਬਾਂ ਤੋਂ ਬਗੈਰ ਕਿੰਝ ਪਤਾ ਲੱਗੇਗਾ ਕਿ ਉਨ੍ਹਾਂ ਦੇ ਵਡੇਰੇ ਕੌਣ ਸਨ? ਉਹ ਕਿਸ ਮਾਣਮੱਤੀ ਵਿਰਾਸਤ ਦੇ ਮਾਲਕ ਹਨ? ਕਿਵੇਂ ਇਸ ਵਿਰਾਸਤ ਨੂੰ ਸੰਭਾਲਿਆ ਜਾ ਸਕਦਾ? ਕਿਵੇਂ ਆਪਣੀਆਂ ਜੜ੍ਹਾਂ ਨਾਲ ਜੁੜ ਕੇ ਆਪਣੇ ਪੁਰਖਿਆਂ ਨੂੰ ਯਾਦ ਕੀਤਾ ਜਾ ਸਕਦਾ।

ਕਿਤਾਬਾਂ ਬਹੁਤ ਕੁਝ ਦਿੰਦੀਆਂ। ਕਈ ਵਾਰ ਇਕ ਹੀ ਕਿਤਾਬ ਬੰਦੇ ਦੀ ਕਾਇਆ-ਕਲਪ ਕਰ ਦਿੰਦੀ। ਇੰਝ ਵੀ ਹੁੰਦਾ ਕਿ ਕੋਈ ਇਕ ਹੀ ਕਵਿਤਾ, ਕਹਾਣੀ ਜਾਂ ਲੇਖ ਕਿਸੇ ਪਾਠਕ ਦੀ ਮਾਨਸਿਕਤਾ ਵਿਚ ਅਜਿਹੀ ਦਸਤਕ ਦਿੰਦਾ ਕਿ ਉਹ ਭੁਚੱਕਾ ਹੀ ਰਹਿ ਜਾਂਦਾ ਕਿ ਕੀ ਕੁਝ ਅਜਿਹਾ ਵੀ ਹੋ ਸਕਦਾ? ਮੈਂ ਅਜਿਹਾ ਕਿਉਂ ਨਹੀਂ? ਮੈਂ ਕਿਉਂ ਆਪਣੀ ਜ਼ਿੰਦਗੀ ਨੂੰ ਵਿਅਰਥ ਗਵਾ ਰਿਹਾ ਸੀ?

ਕਿਤਾਬਾਂ ਜੀਵਨ-ਦਾਨੀ, ਮਹਾਂ ਗਿਆਨੀ ਅਤੇ ਹਰਫ਼ਾਂ ਵਿਚ ਪਰੋਈ ਸਾਡੀ ਹੀ ਕਹਾਣੀ। ਸ਼ਬਦਾਂ ਵਿਚ ਉੱਗਦੀ ਸਵੇਰ। ਧੁੱਪ ਦੀਆਂ ਕਾਤਰਾਂ। ਚਾਨਣ ਦੀਆਂ ਰਿਸ਼ਮਾਂ। ਇਸ ਦੇ ਵਰਕਿਆਂ 'ਤੇ ਜਗਦੀਆਂ ਨੇ ਮੋਮਬੱਤੀਆਂ। ਅਸੀਂ ਇਸ ਰੌਸ਼ਨੀ ਵਿਚ ਖ਼ੁਦ ਨੂੰ ਕਿੰਨਾ ਰੁਸ਼ਨਾਉਣਾ, ਇਹ ਤਾਂ ਕਿਤਾਬਾਂ ਨਾਲ ਜੁੜ ਕੇ ਪਤਾ ਲੱਗਦਾ।

ਇਹ ਵੀ ਸਮਝ ਲੈਣਾ ਚਾਹੀਦਾ ਕਿ ਕਿਤਾਬਾਂ ਮੁਹਾਰਨੀ ਨਹੀਂ ਹੁੰਦੀਆਂ। ਇਨ੍ਹਾਂ ਵਿਚ ਉਤਰਨਾ ਪੈਂਦਾ। ਲਿਖਤ ਨੂੰ ਰੂਹ ਵਿਚ ਰਚਾਉਣਾ ਪੈਂਦਾ। ਇਸ ਦੀਆਂ ਪਰਤਾਂ ਵਿੱਚੋਂ ਖੁਦ ਨੂੰ ਉਲਥਾਉਣਾ ਪੈਂਦਾ। ਖੁਦ ਦੀ ਨਿਸ਼ਾਨਦੇਹੀ ਕਰਨੀ ਪੈਂਦੀ ਕਿ ਮੇਰੇ ਕਿਹੜੇ ਹਨੇਰੇ ਪੱਖ ਅਤੇ ਕਿਹੜੇ ਰੌਸ਼ਨ ਪੱਖ ਹਨ? ਕਿਹਨਾਂ ਪੱਖਾਂ ਤੋਂ ਅਣਜਾਣ ਹਾਂ ਅਤੇ ਕਿਹੜੀ ਦਿੱਬ ਦ੍ਰਿਸ਼ਟੀ 'ਤੇ ਮੈਂ ਨਜ਼ਰ ਹੀ ਨਹੀਂ ਮਾਰ ਸਕਿਆ? ਕਿਸੇ ਵੀ ਵਸਤ-ਵਰਤਾਰੇ ਨੂੰ ਕੋਈ ਲੈ ਕਿਵੇਂ ਦੇਖਦਾ ਅਤੇ ਇਸ ਨੂੰ ਸ਼ਬਦਾਂ ਵਿਚ ਢਾਲਦਾ? ਮੈਂ ਇਸ ਬਾਰੇ ਕੀ ਸੋਚਦਾ ਸੀ? ਕੀ ਮੇਰੇ ਸੋਚ ਲਿਖਤ ਦੇ ਹਾਣ ਦੀ ਸੋਚ ਜਾਂ ਮੈਨੂੰ ਆਪਣੀ ਸੋਚ ਦੇ ਦਾਇਰੇ ਵਿਸ਼ਾਲਣੇ ਚਾਹੀਦੇ? ਮੈਂ ਕਿਉਂ ਸੰਕੋਚਵੀਂ ਸੰਵੇਦਨਾ ਦਾ ਕੈਦੀ? ਕਿਉਂ ਨਹੀਂ ਮੈਂ ਆਪਣੀ ਸੁਹਜ ਸੰਵੇਦਨਾ ਨੂੰ ਅੰਬਰ ਜੇਡੀ ਵਿਸ਼ਾਲਤਾ ਅਤੇ ਸਮੁੰਦਰ ਜੇਡ ਡੂੰਘਾਈ ਦੇ ਸਕਿਆ?

ਕਦੇ-ਕਦੇ ਕਿਸੇ ਪੁਰਾਣੀ ਕਿਤਾਬ ਨੂੰ ਫਰੋਲਦਿਆਂ ਲੱਭ ਪੈਂਦਾ ਇਕ ਮੋਰ ਦਾ ਖੰਭ। ਇਸ ਦੇ ਮੱਧਮ ਪੈ ਚੁੱਕੇ ਰੰਗ। ਪਰ ਇਹ ਖੰਭ ਤੁਹਾਨੂੰ ਬੀਤੇ ਹੋਏ ਪਲਾਂ ਦੀ ਮਖ਼ਮੂਰੀ ਤੁਹਾਡੀ ਚੇਤਨਾ ਦੇ ਨਾਂਅ ਕਰ ਜਾਂਦਾ।

ਕਿਤਾਬ ਨੂੰ ਪੜ੍ਹਨਾ ਨਹੀਂ, ਸਗੋਂ ਇਸ ਵਿਚ ਗਵਾਚਣਾ ਹੁੰਦਾ ਤਾਂ ਹੀ ਕਿਤਾਬ ਦੀ ਅਹਿਮੀਅਤ ਦਾ ਅੰਦਾਜ਼ਾ ਹੁੰਦਾ। ਤੁਸੀਂ ਇਸ ਨੂੰ ਆਪਣੀ ਆਤਮਾ ਵਿਚ ਵਸਾਉਂਦੇ ਹੋ।

ਜ਼ਿੰਦਗੀ ਇਕ ਕਿਤਾਬ। ਇਸ ਦੇ ਕਿੰਨੇ ਕੁ ਵਰਕੇ ਤੁਸੀਂ ਪੜ੍ਹੇ ਅਤੇ ਕਿੰਨੇ ਅਣਪੜ੍ਹੇ? ਕੀ ਇਹ ਬੰਦ ਕਿਤਾਬ ਹੈ ਜਾਂ ਖੁੱਲ੍ਹੀ ਕਿਤਾਬ? ਕਦੇ ਜ਼ਰੂਰ ਸੋਚਣਾ! ਜ਼ਿੰਦਗੀ ਦੇ ਅਰਥ ਵੀ ਸਮਝ ਆ ਜਾਣਗੇ।

ਕਿਤਾਬਾਂ ਤੁਹਾਡੀ ਪ੍ਰਵਾਜ਼ ਦੇ ਪਰ, ਜੀਵਨ-ਸ਼ੈਲੀ ਦਾ ਅੰਦਾਜ਼, ਸੁਪਨਿਆਂ ਦੀਆਂ ਹਮਰਾਜ਼ ਅਤੇ ਤੁਹਾਡਾ ਅੰਤਰੀਵੀ

**ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ**

# ਜੰਗ ਮੱਧ-ਪੂਰਬ ਦੀ, ਮਾਰ ਭਾਰਤ ਵਿਚਲੇ ਕਾਰੋਬਾਰ ਤੇ ਕਿਰਤੀਆਂ ਦੀ ਜ਼ਿੰਦਗੀ ਤੱਕ ਵੀ

### ਦ੍ਰਿਸ਼ਟੀਕੋਣ

### ਜਤਿੰਦਰ ਪਨੂੰ

ਮੱਧ-ਪੂਰਬ ਵਿੱਚ ਲੱਗੀ ਜੰਗ ਭਾਵੇਂ ਭਾਰਤ ਤੋਂ ਚੋਖੀ ਦੂਰ ਹੈ, ਪਰ ਇਸ ਦੇ ਜਿਹੜੇ ਅਸਰ ਸਮੁੱਚੀ ਦੁਨੀਆ ਵਿੱਚ ਪੈਂਦੇ ਸੁਣੀਂਦੇ ਹਨ, ਓਦਾਂ ਦਾ ਜਾਂ ਓਦੋਂ ਉੱਨੀ-ਇੱਕੀ ਦੇ ਫਰਕ ਵਾਲਾ ਅਸਰ ਭਾਰਤ ਤੇ ਇਸ ਦੇ ਲੋਕਾਂ ਉੱਪਰ ਵੀ ਪਿਆ ਤੇ ਅਗਲੇ ਦਿਨਾਂ ਵਿੱਚ ਇਹ ਹੋਰ ਪੈ ਸਕਦਾ ਹੈ। ਇੱਕਦਮ ਲੋਕਾਂ ਵਿੱਚ ਘਬਰਾਹਟ ਫੈਲਣ ਲੱਗੀ ਕਿ ਉਸ ਖੇਤਰ ਵਿਚਲੀ ਇਸ ਜੰਗ ਨਾਲ ਸਾਡੇ ਦੇਸ਼ ਵਿੱਚ ਰਸੋਈ ਗੈਸ ਅਤੇ ਪੈਟਰੋਲ-ਡੀਜ਼ਲ ਦੀ ਕਮੀ ਹੋਣ ਕਾਰਨ ਸਮੱਸਿਆ ਪੇਸ਼ ਆ ਸਕਦੀ ਹੈ। ਲੋਕਾਂ ਨੇ ਇਸ ਸੋਚ ਦੀ ਘਬਰਾਹਟ ਹੇਠ ਲੋੜ ਦੀਆਂ ਚੀਜ਼ਾਂ ਇਕੱਠੀਆਂ ਕਰਨ ਵੱਲ ਮੂੰਹ ਕਰ ਲਿਆ ਤੇ ਬਹੁਤਾ ਜ਼ੋਰ ਰਸੋਈ ਗੈਸ ਅਤੇ ਪੈਟਰੋਲ-ਡੀਜ਼ਲ ਆਪਣੇ ਘਰਾਂ ਵਿੱਚ ਲਿਆਉਣ ਅਤੇ ਸੰਭਾਲਣ ਵਾਸਤੇ ਲੱਗਣ ਲੱਗ ਪਿਆ। ਨਤੀਜਾ ਇਸ ਦਾ ਇਹ ਨਿਕਲਿਆ ਕਿ ਗੈਸ ਏਜੰਸੀਆਂ ਮੂਹਰੇ ਸਿਲੰਡਰ ਲਾਈਨਾਂ ਵਿੱਚ ਪਏ ਨਜ਼ਰ ਆਉਣ ਲੱਗੇ ਅਤੇ ਪੈਟਰੋਲ ਪੰਪਾਂ ਉੱਤੇ ਵੀ ਕਾਰਾਂ-ਗੱਡੀਆਂ ਦੀਆਂ ਲਾਈਨਾਂ ਵਾਹਵਾ ਲੰਮੀਆਂ ਦਿਖਾਈ ਦੇਣ ਲੱਗ ਪਈਆਂ ਸਨ।

ਜਦੋਂ ਕਦੀ ਇਹੋ ਜਿਹੀ ਸਥਿਤੀ ਬਣਦੀ ਹੈ ਤਾਂ ਲੋਕਾਂ ਵਿਚਾਲੇ ਅਫਵਾਹਾਂ ਦਾ ਦੌਰ ਤੇਜ਼ ਹੋ ਜਾਂਦਾ ਤੇ ਉਹ ਇਸ ਦੇ ਅਸਰ ਹੇਠ ਹੋਰ ਜ਼ਿਆਦਾ ਘਬਰਾਹਟ ਵਿੱਚ ਆਣ ਕੇ ਉਹ ਕੁਝ ਖਰੀਦਣ ਲੱਗਦੇ ਹਨ, ਜਿਸ ਦੀ ਲੋੜ ਨਹੀਂ ਹੁੰਦੀ ਅਤੇ ਬਿਨਾਂ ਵਜ੍ਹਾ ਇਸ ਖਰੀਦ ਨਾਲ ਸਮੱਸਿਆ ਹੋਰ ਗੰਭੀਰ ਹੋ ਜਾਂਦੀ ਹੈ। ਇਸ ਵਾਰੀ ਜਿਹੜੀਆਂ ਅਫਵਾਹਾਂ ਦੇ ਫੈਲਣ ਦੀਆਂ ਖਬਰਾਂ ਮੀਡੀਏ ਵਿੱਚ ਆਈਆਂ ਸਨ, ਉਨ੍ਹਾਂ ਵਿੱਚੋਂ ਇੱਕ ਇਹ ਸੀ ਕਿ ਭਾਰਤ ਵਿੱਚ ਫਿਰ ਲਾਕਡਾਊਨ ਲੱਗਣ ਦੀ ਨੌਬਤ ਆ ਸਕਦੀ ਹੈ, ਕਿਉਂਕਿ ਦੇਸ਼ ਦੇ ਪ੍ਰਧਾਨ ਮੰਤਰੀ ਨੇ ਆਪਣੇ ਕਿਸੇ ਭਾਸ਼ਣ ਵਿੱਚ ਕੋਵਿਡ ਦੀ ਬਿਮਾਰੀ ਦੀ ਗੱਲ ਛੇੜੀ ਸੀ, ਜਿਸ ਤੋਂ ਲੋਕਾਂ ਨੇ ਆਪੋ-ਆਪਣੇ ਅਗਲੇ ਅਰਥ ਕੱਢਣੇ ਸ਼ੁਰੂ ਕਰ ਦਿੱਤੇ ਸਨ। ਬਾਅਦ ਵਿੱਚ ਭਾਰਤ ਸਰਕਾਰ ਦੀ ਇੱਕ ਸੀਨੀਅਰ ਅਧਿਕਾਰੀ ਨੇ ਕਈ ਗੱਲਾਂ ਦਾ ਸਪੱਸ਼ਟੀਕਰਨ ਵੀ ਕੀਤਾ, ਪਰ ਹਰ ਗੱਲ ਏਦਾਂ ਸਪੱਸ਼ਟੀਕਰਨ ਦਾ ਪੋਚਾ ਮਾਰਨ ਨਾਲ ਸਾਫ ਨਹੀਂ ਹੁੰਦੀ, ਲੋਕਾਂ ਦੇ ਮਨਾਂ ਵਿੱਚ ਜਿਹੜਾ ਭਰਮ ਇੱਕ ਵਾਰ ਫਸ ਗਿਆ, ਉਹ ਮੱਧ ਪੂਰਬ ਦੀ ਜੰਗ ਦੇ ਖਤਮ ਹੋਣ ਤੱਕ ਫਸਿਆ ਰਹੇਗਾ ਤੇ ਹਾਬੜ ਦੀ ਸਥਿਤੀ ਏਦਾਂ ਹੀ ਬਣੀ ਰਹਿ ਸਕਦੀ ਹੈ। ਕਰਨ ਵਾਲਾ ਸਭ ਤੋਂ ਪਹਿਲਾ ਕੰਮ ਤਾਂ ਇਹ ਹੋਣਾ ਚਾਹੀਦਾ ਸੀ ਕਿ ਉਨ੍ਹਾਂ ਲੋਕਾਂ ਨੂੰ ਨੱਥ ਪਾਉਣ ਦਾ ਪ੍ਰਬੰਧ ਕੀਤਾ ਜਾਵੇ, ਜਿਹੜੇ ਇਨ੍ਹਾਂ ਹਾਲਾਤ ਵਿੱਚ ਅਫਵਾਹਾਂ ਫੈਲਾਉਣ ਦਾ ਕੰਮ ਕਰਦੇ ਹਨ। ਇਹ ਬਹੁਤਾ ਕਰ ਕੇ ਸਮਾਜ ਵਿਰੋਧੀ ਅਨਸਰ ਹੁੰਦੇ ਹਨ। ਬੀਤੇ ਸਮੇਂ ਦਾ ਤਜਰਬਾ ਇਹ ਦੱਸਦਾ ਹੈ ਕਿ ਅਫਵਾਹਾਂ ਫੈਲਾਉਣ ਦਾ ਗੁਨਾਹ ਵੀ ਬਹੁਤ ਗਿਣ-ਮਿੱਥ ਕੇ ਕੀਤਾ ਜਾਂ ਕਰਵਾਇਆ ਹੋ ਸਕਦਾ ਹੈ।

ਦੂਸਰਾ ਪੱਖ ਹੈ ਹਕੀਕਤਾਂ ਦਾ। ਮੱਧ ਪੂਰਬ ਦੀ ਜੰਗ ਨੇ ਭਾਰਤ ਦੇ ਕਈ ਖੇਤਰਾਂ ਵਿੱਚ ਬੜਾ ਮਾਰੂ ਅਸਰ ਪਾਇਆ ਹੋਣ ਦੀ ਖਬਰ ਹੈ। ਮਿਸਾਲ ਵਜੋਂ ਖਾੜੀ ਦੇ ਦੇਸ਼ਾਂ ਨਾਲ ਕਾਰੋਬਾਰ ਲੱਗਭੱਗ ਠੱਪ ਹੋ ਗਿਆ ਹੈ। ਜਿਹੜਾ ਮਾਲ ਭਾਰਤ ਅਤੇ ਸਾਡੇ ਪੰਜਾਬ ਦੇ ਵਪਾਰੀ ਓਥੇ ਭੇਜ ਚੁੱਕੇ ਹਨ, ਉਹ ਜਾਂ ਹਾਲੇ ਤੱਕ ਬੰਦਰਗਾਹਾਂ ਤੇ ਏਅਰਪੋਰਟਾਂ ਉੱਤੇ ਰੁਕਿਆ ਪਿਆ ਹੋਣ ਕਾਰਨ ਉਸ ਦੀ ਰਕਮ ਫਸ ਗਈ ਹੈ ਜਾਂ ਓਥੇ ਪੁੱਜ ਵੀ ਗਿਆ ਤਾਂ ਇਨ੍ਹਾਂ ਹਾਲਾਤ ਵਿੱਚ ਅਗਲੀ ਧਿਰ ਪੈਸਾ ਨਾ ਦੇ ਸਕਣ ਦੀ ਮਜਬੂਰੀ ਦੱਸ ਕੇ ਹੱਥ ਖੜੇ ਕਰ ਰਹੀ ਹੈ। ਪੰਜਾਬ ਜਾਂ ਭਾਰਤ ਦੇ ਕਿਸੇ ਰਾਜ ਦਾ ਕਾਰੋਬਾਰੀ ਉਨ੍ਹਾਂ ਨਾਲ ਕੌੜਾ ਬੋਲ ਸਕਣ ਦੀ ਸਥਿਤੀ ਵਿੱਚ ਨਹੀਂ, ਕਿਉਂਕਿ ਜੰਗ ਸਦਾ ਤਾਂ ਰਹਿਣੀ ਨਹੀਂ, ਜਦੋਂ ਜੰਗ ਰੁਕ ਗਈ ਤਾਂ ਓਸੇ ਕਾਰੋਬਾਰੀ ਧਿਰ ਨਾਲ ਫਿਰ ਲੈਣ-ਦੇਣ ਕਰਨਾ ਪੈਣਾ ਹੈ, ਅੱਜ ਕੌੜਾ ਬੋਲਣਗੇ ਤਾਂ ਉਹ ਕਿਸੇ ਹੋਰ ਧਿਰ ਲਈ ਦਰਵਾਜ਼ੇ ਖੋਲ੍ਹ ਸਕਦੇ ਹਨ ਤੇ ਅੱਜ ਤੱਕ ਉਨ੍ਹਾਂ ਨਾਲ ਕੰਮ ਕਰਦੀ ਆਈ ਧਿਰ ਦਾ ਕੰਮ ਠੱਪ ਹੋ ਸਕਦਾ ਹੈ। ਇਸ ਦੇ ਉਲਟ ਪੰਜਾਬ ਦੇ ਜਿਨ੍ਹਾਂ ਕਾਰੋਬਾਰੀਆਂ ਨੇ ਖਾੜੀ ਦੇਸ਼ਾਂ ਦੇ ਕਾਰੋਬਾਰੀਆਂ ਰਾਹੀਂ ਸੰਸਾਰ ਦੇ ਕਿਸੇ ਵੀ ਦੇਸ਼ ਦੀ ਕਾਰੋਬਾਰੀ ਕੰਪਨੀ ਦਾ ਮਾਲ ਖਰੀਦ ਕੀਤਾ ਹੋਇਆ ਹੈ, ਉਨ੍ਹਾਂ ਨੂੰ ਛੇਤੀ ਪੇਮੈਂਟ ਭੇਜਣ ਲਈ ਤਾੜਨਾ ਦੇ ਨਾਲ ਧਮਕੀ ਵੀ ਦਿੱਤੀ ਜਾ ਰਹੀ ਹੈ।

ਸਾਨੂੰ ਇਹ ਗੱਲ ਮੰਨ ਕੇ ਚੱਲਣਾ ਚਾਹੀਦਾ ਹੈ ਕਿ ਮੱਧ ਪੂਰਬ ਦੀ ਜੰਗ ਲਮਕਵੀਂ ਵੀ ਹੋ ਸਕਦੀ ਹੈ ਅਤੇ ਪਿਛਲਾ ਤਜਰਬਾ ਦੱਸਦਾ ਹੈ ਕਿ ਏਦਾਂ ਹੋਣ ਦੀ ਸੰਭਾਵਨਾ ਅੱਜਕੱਲ੍ਹ ਆਮ ਹੈ। ਜਦੋਂ ਅਮਰੀਕਾ ਨੇ ਅਫਗਾਨਿਸਤਾਨ ਵਿੱਚ ਆਪਣੀ ਫੌਜ ਪੁਚਾਈ ਅਤੇ ਤਾਲਿਬਾਨ ਤੋਂ ਉਸ ਦੇਸ਼ ਨੂੰ ਛੁਡਾਉਣ ਦਾ ਦਾਅਵਾ ਕੀਤਾ ਸੀ, ਉਸ ਤੋਂ ਵੀਹ ਸਾਲ ਬਾਅਦ ਤੱਕ ਉਹ ਓਥੇ ਜੰਗ ਲੜਦਾ ਰਿਹਾ, ਪਰ ਸਫਲ ਨਹੀਂ ਸੀ ਹੋ ਸਕਿਆ। ਅਖੀਰ ਇੱਕ ਸਮਝੌਤੇ ਹੇਠ ਉਸ ਨੂੰ ਆਪਣੀ ਫੌਜ ਨੂੰ ਵਾਪਸ ਸੱਦਣ ਦਾ ਹੁਕਮ ਦੇਣਾ ਪਿਆ ਤੇ ਜਦੋਂ ਯੂਕਰੇਨ ਦੇ ਖਿਲਾਫ ਰੂਸ ਦੀ ਜੰਗ ਲੱਗੀ ਤਾਂ ਬਹੁਤ ਸਾਰੇ ਲੋਕਾਂ ਦਾ ਖਿਆਲ ਸੀ ਕਿ ਯੂਕਰੇਨ ਬਹੁਤਾ ਚਿਰ ਟਿਕਣ ਨਹੀਂ ਲੱਗਾ, ਪਰ ਉਹ ਜੰਗ ਅਜੇ ਤੱਕ ਕਿਸੇ ਸਿਰੇ ਨਹੀਂ ਲੱਗੀ। ਉਹ ਸਮਾਂ ਅੱਜ ਨਹੀਂ ਰਿਹਾ, ਜਦੋਂ ਫੌਜਾਂ ਚੜ੍ਹਾਈ ਕਰਦੀਆਂ ਅਤੇ ਆਪਣੇ ਤੋਂ ਘੱਟ ਗਿਣਤੀ ਫੌਜ ਜਾਂ ਘੱਟ ਫੌਜੀ ਸਾਮਾਨ ਵਾਲੇ ਦੇਸ਼ ਨੂੰ ਹਰਾ ਕੇ ਕਬਜ਼ਾ ਕਰਨ ਵਿੱਚ ਕਾਮਯਾਬ ਹੋ ਜਾਂਦੀਆਂ ਸਨ। ਅੱਜ ਦੇ ਸਮੇਂ ਵਿੱਚ ਆਹਮੋ-ਸਾਹਮਣੇ ਦੀ ਟੱਕਰ ਬਹੁਤੀ ਨਹੀਂ ਹੁੰਦੀ, ਤਕਨੀਕੀ ਤਰੀਕਿਆਂ ਨਾਲ ਜੰਗ ਲੜੇ ਜਾਣ ਦੀ ਖੇਡ ਭਾਰੂ ਰਹਿੰਦੀ ਹੈ ਤੇ ਇਸ ਵਿੱਚ ਛੋਟੇ ਦੇਸ਼ ਵੀ ਖੁਦ ਬਣਾਏ ਸਾਮਾਨ ਦੀ ਥਾਂ ਕਿਸੇ ਦੂਸਰੀ ਧਿਰ ਤੋਂ ਖਰੀਦੇ ਹੋਏ ਇਲੈਕਟਰਾਨਿਕ ਸਾਮਾਨ ਨਾਲ ਆਪਣੇ ਤੋਂ ਬਹੁਤ ਤਕੜੇ ਕਿਸੇ ਦੇਸ਼ ਦੀ ਫੌਜ ਸਾਹਮਣੇ ਚੋਖਾ ਲੰਮਾ ਸਮਾਂ ਟਿਕੇ ਰਹਿੰਦੇ ਵੇਖੇ ਜਾ ਚੁੱਕੇ ਹਨ। ਇਹ ਕੁਝ ਇਸ ਵੇਲੇ ਵੀ ਵਾਪਰ ਰਿਹਾ ਹੈ।

ਕੋਈ ਵਕਤ ਸੀ ਕਿ ਬ੍ਰਿਟੇਨ, ਜਰਮਨੀ, ਰੂਸ ਅਤੇ ਫਰਾਂਸ ਵਰਗੇ ਦੇਸ਼ਾਂ ਵਿਚਲੀਆਂ ਜੰਗੀ ਸਾਮਾਨ ਵਿੱਚ ਅਗੇਤ ਰੱਖਦੀਆਂ ਕੰਪਨੀਆਂ ਦੀ ਧੁੰਮ ਹੁੰਦੀ ਸੀ। ਦੂਸਰੀ ਸੰਸਾਰ ਜੰਗ ਪਿੱਛੋਂ ਅਮਰੀਕਾ ਇਸ ਕੰਮ ਵਿੱਚ ਬਾਕੀ ਦੁਨੀਆ ਦੇ ਨਾਲੋਂ ਅੱਗੇ ਲੰਘਦਾ ਜਾਪਣ ਲੱਗ ਪਿਆ, ਪਰ ਓਦੋਂ ਵੀ ਫਰਾਂਸ ਅਤੇ ਯੂਰਪ ਦੇ ਹੋਰ ਦੇਸ਼ਾਂ ਨੇ ਜੰਗੀ ਜਹਾਜ਼ ਅਤੇ ਮਿਜ਼ਾਈਲਾਂ ਦੇ ਉਤਪਾਦਨ ਵਿੱਚ ਅਮਰੀਕਾ ਨਾਲ ਟੱਕਰ ਜਾਰੀ ਰੱਖੀ ਸੀ। ਕੁਝ ਮੌਕੇ ਇਹੋ ਜਿਹੇ ਵੀ ਆਉਂਦੇ ਰਹੇ, ਜਦੋਂ ਅਮਰੀਕਾ ਵੱਲੋਂ ਪੂਰਾ ਕੂਟਨੀਤਕ ਦਬਾਅ ਵਰਤਣ ਦੇ ਬਾਵਜੂਦ ਭਾਰਤ ਵਰਗੇ ਦੇਸ਼ ਨੇ ਉਸ ਦਾ ਸਾਮਾਨ ਖਰੀਦਣ ਦੀ ਬਜਾਏ ਫਰਾਂਸ ਜਾਂ ਯੂਰਪ ਦੇ ਕਿਸੇ ਹੋਰ ਦੇਸ਼ ਕੋਲੋਂ ਅਮਰੀਕਾ ਦੇ ਮੁਕਾਬਲੇ ਚੰਗਾ ਲੱਗਦਾ ਸਾਮਾਨ ਖਰੀਦ ਲਿਆ ਸੀ। ਜਦੋਂ ਇਲੈਕਟਰਾਨਿਕ ਤਕਨੀਕ ਦਾ ਜੰਗੀ ਸਾਮਾਨ ਵਿੱਚ ਦਾਖਲੇ ਦਾ ਦੌਰ ਸ਼ੁਰੂ ਹੋਇਆ, ਓਦੋਂ ਦੇ ਉਹ ਦੇਸ਼ ਵੀ ਪਛੜਦੇ ਜਾਂਦੇ ਲੱਗਦੇ ਹਨ ਤੇ ਅਮਰੀਕਾ ਵਰਗੀ ਤਾਕਤ ਵੀ ਓਨੀ ਅਗੇਤ ਜਾਰੀ ਰੱਖਣ ਵਿੱਚ ਸਫਲ ਨਹੀਂ ਰਹੀ ਅਤੇ ਉਨ੍ਹਾਂ ਦੀ ਥਾਂ ਇਜ਼ਰਾਈਲ ਅੱਗੇ ਲੰਘਦਾ ਗਿਆ ਹੈ, ਉਹੋ ਇਜ਼ਰਾਈਲ ਜਿਹੜਾ ਦੂਸਰੀ ਜੰਗ ਦੇ ਬਾਅਦ ਪੈਦਾ ਹੋਇਆ ਸੀ। ਉਸ ਦੇ ਬਣਾਏ ਸਾਫਟਵੇਅਰ ਦੀ ਟੱਕਰ ਲਈ ਬਾਕੀ ਦੇਸ਼ ਅਜੇ ਤੱਕ ਖੁਦ ਨੂੰ ਨਿਤਾਣਾ ਮਹਿਸੂਸ ਕਰਦੇ ਹਨ ਤੇ ਸਿਰਫ ਚੀਨ ਬਾਰੇ ਸਮਝਿਆ ਜਾਂਦਾ ਹੈ ਕਿ ਉਹ ਇਨ੍ਹਾਂ ਕੰਮਾਂ ਵਿੱਚ ਕੁਝ ਵਿਖਾਵਾ ਕੀਤੇ ਬਿਨਾਂ ਇਜ਼ਰਾਈਲ ਤੇ ਅਮਰੀਕਾ ਦੋਵਾਂ ਦੇ ਮੁਕਾਬਲੇ ਵਿੱਚ ਪਛੜਿਆ ਨਹੀਂ, ਅੱਗੇ ਲੰਘਦਾ ਹੋ ਸਕਦਾ ਹੈ। ਪੁਲਾੜ ਦੀ ਖੋਜ ਵਿੱਚ ਕਦੀ ਰੂਸ ਤੇ ਅਮਰੀਕਾ ਵਿੱਚ ਮੁਕਾਬਲਾ ਹੁੰਦਾ ਸੀ, ਪਰ ਅੱਜ ਦੇ ਸਮੇਂ ਵਿੱਚ ਇਸ ਪੱਖ ਤੋਂ ਵੀ ਚੀਨ ਨੇ ਏਨੀ ਅਗੇਤ ਹਾਸਲ ਕਰ ਲਈ ਹੈ ਕਿ ਉਸ ਦੇ ਵਿਰੋਧੀ ਵੀ ਅਤੇ ਉਸ ਦੇ ਸਾਥੀ ਦੇਸ਼ ਵੀ ਉਸ ਦੀ ਤਾਕਤ ਅਤੇ ਮੁਹਾਰਤ ਦੀ ਚਰਚਾ ਨੂੰ ਰੱਦ ਕਰਨ ਤੋਂ ਕੰਨੀ ਕਤਰਾਉਂਦੇ ਜਾਪਦੇ ਹਨ।

ਹਾਲੇ ਪਿਛਲੇ ਸਾਲ ਦੀ ਗੱਲ ਹੈ, ਇਜ਼ਰਾਈਲ ਜਦੋਂ ਫਲਸਤੀਨ ਦੇ ਉੱਤੇ ਹਮਲਾਵਰੀ ਕਰਦਾ ਪਿਆ ਸੀ, ਸਾਹਮਣੇ ਫਲਸਤੀਨ ਇਕੱਲਾ ਤੇ ਨਿਤਾਣਾ ਜਾਪਦਾ ਸੀ, ਓਦੋਂ ਇਜ਼ਰਾਈਲ ਦੀ ਤਾਕਤ ਜ਼ਮੀਨੀ ਦੇ ਨਾਲ ਤਕਨੀਕ ਪੱਖੋਂ ਹਰ ਚਰਚਾ ਦਾ ਵਿਸ਼ਾ ਬਣਦੀ ਰਹੀ ਸੀ। ਅੱਜ ਉਹੋ ਇਜ਼ਰਈਲ ਜਦੋਂ ਇਰਾਨ ਦੇ ਵਿਰੁੱਧ ਜੰਗ ਲੜ ਰਿਹਾ ਹੈ, ਅਮਰੀਕਾ ਉਸ ਨਾਲ ਆਪਣੀ ਪੂਰੀ ਹਮਾਇਤ ਲਈ ਮੈਦਾਨ ਵਿੱਚ ਹੈ, ਤਾਂ ਜਿਸ ਇਰਾਨ ਨੂੰ ਇਜ਼ਰਾਈਲ ਦੇ ਮੁਕਾਬਲੇ ਵੀ ਅਤੇ ਇਜ਼ਰਾਈਲ ਤੇ ਅਮਰੀਕਾ ਦੋਵਾਂ ਮੁਕਾਬਲੇ ਬਹੁਤ ਮਾਮੂਲੀ ਸਮਝਿਆ ਜਾਂਦਾ ਰਿਹਾ ਸੀ, ਉਹ ਤਕਨੀਕੀ ਟੱਕਰ ਵਿੱਚ ਬਹੁਤਾ ਪਿੱਛੇ ਨਹੀਂ ਰਹਿ ਗਿਆ ਜਾਪਦਾ। ਯੂਕਰੇਨ ਦੇ ਡਰੋਨ ਜਦੋਂ ਰੂਸ ਦੀ ਰਾਜਧਾਨੀ ਨੇੜੇ ਜਾ ਕੇ ਹਮਲਾ ਕਰਨ ਲੱਗ ਪਏ ਸਨ ਅਤੇ ਉਨ੍ਹਾਂ ਸੰਸਾਰ ਦੀ ਇੱਕ ਵੱਡੀ ਤਾਕਤ ਸਮਝੇ ਜਾਂਦੇ ਰੂਸ ਨੂੰ ਚਿੰਤਾ ਵਿੱਚ ਪਾ ਰੱਖਿਆ ਸੀ, ਓਦੋਂ ਸਾਰੀ ਦੁਨੀਆ ਦੇ ਲੋਕ ਉਸ ਤੋਂ ਹੈਰਾਨ ਸਨ, ਪਰ ਇਸ ਵੇਲੇ ਜਿੱਦਾਂ ਦੀ ਜੰਗ ਮੱਧ ਪੂਰਬ ਵਿੱਚ ਚੱਲਦੀ ਹੈ, ਉਸ ਨੇ ਦੁਨੀਆ ਦੇ ਲੋਕ ਹੋਰ ਵੀ ਹੈਰਾਨ ਕੀਤੇ ਹੋ ਸਕਦੇ ਹਨ, ਕਿਉਂਕਿ ਏਨੇ ਸਖਤ ਮੁਕਾਬਲੇ ਦੀ ਆਸ ਨਹੀਂ ਸੀ ਕੀਤੀ ਜਾ ਸਕਦੀ। ਇਨ੍ਹਾਂ ਹਾਲਾਤ ਵਿੱਚ ਇਹ ਗੱਲ ਮੰਨ ਕੇ ਚੱਲਣਾ ਚਾਹੀਦਾ ਹੈ ਕਿ ਨਤੀਜਾ ਜੋ ਵੀ ਹੋਵੇ, ਇਹ ਜੰਗ ਛੇਤੀ ਸਿਰੇ ਲੱਗਣ ਵਾਲੀ ਨਹੀਂ।

ਅਸੀਂ ਮੁੱਢ ਤੋਂ ਲੋਕਾਈ ਦੇ ਉਸ ਵਰਗ ਵਿੱਚ ਸ਼ਾਮਲ ਰਹੇ ਹਾਂ, ਜਿਹੜਾ ਜੰਗਾਂ ਨੂੰ ਚੰਗਾ ਨਹੀਂ ਮੰਨਦਾ ਤੇ ਇਨ੍ਹਾਂ ਦੇ ਨਾ ਸਿਰਫ ਲੱਗਣ ਦਾ ਬੁਰਾ ਮਨਾਉਂਦਾ ਹੈ, ਸਗੋਂ ਕਿਸੇ ਵੀ ਥਾਂ ਚੱਲਦੀ ਜੰਗ ਮੁਕਾਉਣ ਲਈ ਸੰਸਾਰ ਦੀਆਂ ਅਮਨਪਸੰਦ ਧਿਰਾਂ ਨੂੰ ਅਪੀਲਾਂ ਕਰਦਾ ਰਿਹਾ ਹੈ। ਯੂਕਰੇਨ-ਰੂਸ ਦੀ ਜੰਗ ਸਾਥੋਂ ਚੋਖੀ ਦੂਰ ਚੱਲਦੀ ਸੀ, ਮੱਧ ਪੂਰਬ ਦੀ ਅਜੋਕੀ ਜੰਗ ਵੀ ਭਾਰਤ ਦੇ ਏਨੀ ਬਹੁਤੀ ਨੇੜੇ ਨਹੀਂ ਕਿ ਸਾਡੀ ਧਰਤੀ ਨੂੰ ਇੱਕਦਮ ਖਤਰਾ ਬਣ ਸਕਦਾ ਹੋਵੇ, ਪਰ ਪਿਛਲੇ ਸਾਲ ਜਦੋਂ ਭਾਰਤ-ਪਾਕਿਸਤਾਨ ਵਿਚਾਲੇ 'ਅਪਰੇਸ਼ਨ ਸਿੰਧੂਰ' ਵਾਲੀ ਖਹਿਬਾਜ਼ੀ ਚੱਲਦੀ ਸੀ ਤਾਂ ਅਸੀਂ ਓਦੋਂ ਵੀ ਇਹੋ ਜ਼ੋਰ ਦੇਂਦੇ ਰਹੇ ਸਾਂ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ, ਅਮਨ ਹੋਣਾ ਚਾਹੀਦਾ ਹੈ। ਬਾਅਦ ਵਿੱਚ ਜਿੱਦਾਂ ਵੀ ਹੋਇਆ, ਸਾਡੇ ਤੇ ਗਵਾਂਢੀ ਦੇਸ਼ ਦਾ ਉਹ ਸਿੱਧਾ ਟਕਰਾਅ ਰੁਕ ਗਿਆ ਤੇ ਫਿਰ ਉਹ ਦੌਰ ਚੱਲ ਪਿਆ, ਜਿਸ ਵਿੱਚ ਅਮਰੀਕੀ ਰਾਸ਼ਟਰਪਤੀ ਨੇ ਸਾਰਾ ਜ਼ੋਰ ਇਹ ਗੱਲ ਪ੍ਰਚਾਰਨ ਉੱਤੇ ਲਾ ਧਰਿਆ ਕਿ ਭਾਰਤ ਜੰਗ ਲੜਨ ਤੋਂ ਮੁੜਦਾ ਨਹੀਂ ਸੀ, ਸਾਡੇ ਟੈਰਿਫ ਦੇ ਦਬਕੇ ਮੂਹਰੇ ਉਸ ਨੂੰ ਝੁਕਣਾ ਪਿਆ ਹੈ। ਭਾਰਤ ਸਰਕਾਰ ਇਸ ਕੂਟਨੀਤਕ ਬੇਹੂਦਗੀ ਅੱਗੇ ਖੁੱਲ੍ਹ ਕੇ ਕਦੀ ਨਹੀਂ ਬੋਲ ਸਕੀ, ਜਿਸ ਤੋਂ ਦੇਸ਼ ਦੇ ਲੋਕ ਅਵਾਜ਼ਾਰ ਹੁੰਦੇ, ਪਰ ਓਦੋਂ ਪਿੱਛੋਂ ਜੰਗ ਦੇ ਬੱਦਲ ਫਿਰ ਭਾਰਤ ਦੇ ਆਕਾਸ਼ ਵੱਲ ਦੋਬਾਰਾ ਨਹੀਂ ਆਏ ਅਤੇ ਅਸੀਂ ਸੁੱਖ ਮੰਗਾਂਗੇ ਕਿ ਆਉਣੇ ਵੀ ਨਹੀਂ ਚਾਹੀਦੇ, ਕਿਉਂਕਿ ਅਸੀਂ ਭਾਰਤ ਦੇ ਲੋਕਾਂ ਨੇ ਗਵਾਂਢੀ ਮੁਲਕਾਂ ਨਾਲ ਜੰਗਾਂ ਦਾ ਮਾਹੌਲ ਕਈ ਵਾਰ ਭੁਗਤਿਆ ਹੋਇਆ ਹੈ, ਅਸੀਂ ਜੰਗਾਂ ਵਿੱਚ ਫਸੇ ਦੇਸ਼ਾਂ ਅਤੇ ਦੇਸ਼ਾਂ ਨਾਲੋਂ ਵੱਧ ਓਥੋਂ ਦੇ ਲੋਕਾਂ ਦਾ ਦਰਦ ਮਹਿਸੂਸ ਕਰ ਸਕਦੇ ਹਾਂ, ਇਸ ਲਈ ਇਸ ਵੇਲੇ ਜੰਗ ਵਾਲੀ ਮੌਤ ਦੀ ਘਾਟੀ ਵਿੱਚ ਉਲਝੇ ਦੇਸ਼ਾਂ ਦੇ ਲੋਕਾਂ ਲਈ ਕਾਮਨਾ ਕਰਾਂਗੇ ਕਿ ਓਥੇ ਅਮਨ ਛੇਤੀ ਕਾਇਮ ਹੋਵੇ ਅਤੇ ਮਨੁੱਖਤਾ ਤਬਾਹੀ ਦੇ ਝੱਖੜ ਤੋਂ ਬਚੀ ਰਹੇ।

ਗੱਲ ਜਿੱਥੋਂ ਸ਼ੁਰੂ ਕੀਤੀ ਸੀ, ਫਿਰ ਓਥੇ ਆ ਜਾਂਦੀ ਹੈ ਕਿ ਜੰਗ ਭਾਵੇਂ ਭਾਰਤ ਤੋਂ ਚੋਖੀ ਦੂਰ ਲੱਗੀ ਹੋਈ ਹੈ, ਇਸ ਦਾ ਬੁਰਾ ਅਸਰ ਭਾਰਤ ਅਤੇ ਪੰਜਾਬ ਦੇ ਲੋਕਾਂ ਦੀ ਆਮ ਜ਼ਿੰਦਗੀ ਉੱਤੇ ਵੀ ਪੈ ਰਿਹਾ ਹੈ ਅਤੇ ਕਾਰੋਬਾਰਾਂ ਉੱਤੇ ਵੀ। ਜਿਸ ਦਿਨ ਤੋਂ ਇਹ ਜੰਗ ਸ਼ੁਰੂ ਹੋਈ, ਸਿਰਫ ਕਾਰੋਬਾਰੀ ਲੋਕਾਂ ਵਾਸਤੇ ਨਹੀਂ, ਮਜ਼ਦੂਰ ਵਰਗ ਦੀਆਂ ਮੁਸ਼ਕਲਾਂ ਵੀ ਬਹੁਤ ਵਧ ਗਈਆਂ ਹਨ। ਜਦੋਂ ਕਾਰੋਬਾਰੀ ਲੋਕਾਂ ਦਾ ਮਾਲ ਅੱਗੇ ਪਹੁੰਚ ਨਹੀਂ ਰਿਹਾ ਤੇ ਜਿੰਨਾ ਪਹੁੰਚ ਗਿਆ, ਉਸ ਮੁਤਾਬਕ ਰਕਮਾਂ ਦੀ ਅਦਾਇਗੀ ਨਹੀਂ ਹੋਈ ਤਾਂ ਉਹ ਹੋਰ ਮਾਲ ਲਈ ਕਾਰਖਾਨੇ ਜਾਂ ਕਾਰੋਬਾਰ ਨਹੀਂ ਚਲਾ ਸਕਦੇ ਅਤੇ ਮਜ਼ਦੂਰਾਂ ਦੀ ਕਈ ਥਾਂਈਂ ਛਾਂਟੀ ਹੋਈ ਜਾ ਰਹੀ ਹੈ। ਏਦਾਂ ਦੀ ਮਾਰ ਦਾ ਸ਼ਿਕਾਰ ਹੋਏ ਮਜ਼ਦੂਰ ਪਰਵਾਰਾਂ ਵਿਚਲੇ ਜਿਹੜੇ ਏਥੇ ਰਹਿ ਕੇ ਦਿਨ ਗੁਜ਼ਾਰਨ ਦੀ ਸਥਿਤੀ ਵਿੱਚ ਵੀ ਹਨ, ਭਲੇ ਭਵਿੱਖ ਦੀ ਆਸ ਛੇਤੀ ਨਾ ਦਿੱਸਦੀ ਹੋਣ ਕਾਰਨ ਉਹ ਆਪਣੇ ਪਿਛਲੇ ਪਿੰਡਾਂ ਵੱਲ ਜਾਣ ਲੱਗ ਪਏ ਹਨ ਤੇ ਇਸ ਨਾਲ ਉਨ੍ਹਾਂ ਦੀ ਬਚਾ ਕੇ ਰੱਖੀ ਹੋਈ ਛੱਲੀ-ਪੂਣੀ ਵੀ ਖਰਚ ਹੋ ਰਹੀ ਹੈ। ਹਾਲੇ ਚਾਰ-ਪੰਜ ਸਾਲ ਪਹਿਲਾਂ ਕੋਵਿਡ ਦੀ ਬਿਮਾਰੀ ਵੇਲੇ ਏਦਾਂ ਦੀ ਹਿਜਰਤ ਦੀ ਮਾਰ ਮਗਰੋਂ ਉਹ ਸੰਭਲੇ ਨਹੀਂ ਸਨ ਕਿ ਮੱਧ ਪੂਰਬ ਦੀ ਅਜੋਕੀ ਜੰਗ ਨੇ ਇੱਕ ਵਾਰ ਫਿਰ ਉਨ੍ਹਾਂ ਦੇ ਪੈਰ ਉਖਾੜਨੇ ਸ਼ੁਰੂ ਕਰ ਦਿੱਤੇ ਹਨ। ਸਰਕਾਰਾਂ ਤਾਂ ਦਿੱਲੀ ਤੱਕ ਸੋਚਦੀਆਂ ਹਨ ਜਾਂ ਵੱਧ ਤੋਂ ਵੱਧ ਸੂਬਾਈ ਰਾਜਧਾਨੀਆਂ ਅਤੇ ਵੱਡੇ ਸ਼ਹਿਰਾਂ ਦੀਆਂ ਨਿੱਤ ਦੀਆਂ ਲੋੜਾਂ ਦੀ ਚਰਚਾ ਕਰਨ ਤੱਕ ਸੀਮਤ ਰਹਿ ਸਕਦੀਆਂ ਹਨ, ਆਮ ਆਦਮੀ ਦਾ ਦਰਦ ਸਾਡਾ ਸਮਾਜ ਕਦੋਂ ਸਮਝੇਗਾ, ਪਤਾ ਨਹੀਂ।

# ਬੱਬਰ ਅਕਾਲੀ ਲਹਿਰ ਦੌਰਾਨ ਮੂਕ ਕੁਰਬਾਨੀ ਹੰਢਾਉਣ ਵਾਲੇ ਪਿੰਡ

### ਪਿੰਡ ਫਸਿਆ-70

### ਵਿਜੇ ਬੰਬੇਲੀ

ਇਤਿਹਾਸ ਜੰਗਿ-ਏ-ਅਜ਼ਾਦੀ ਦਾ ਇੱਕ ਦੁਖਾਂਤ ਇਹ ਹੈ ਕਿ ਸੁਤੰਤਰਤਾ ਲਹਿਰ ਨਾਲ ਸੰਬੰਧਤ ਪਿੰਡਾਂ ਨੇ ਜਿਹੜਾ ਸੰਤਾਪ ਹੰਢਾਇਆ, ਬਾਰੇ ਅਸੀਂ ਕਰੀਬ ਹੁਣ ਤੱਕ ਚੁੱਪ ਹਾਂ। ਬਾਕੌਲ ਉਦਾਹਰਣ ਇਸ ਕਾਲਮ ਵਿੱਚ ਤੁਸੀਂ ਮੈਨੂੰ ਬੱਬਰ ਅਕਾਲੀ ਲਹਿਰ ਨਾਲ ਸੰਬੰਧਤ ਇੱਕ ਪਿੰਡ ਦੀ ਮਾਣਮੱਤੀ ਮੂਕ-ਕੁਰਬਾਨੀ ਅਤੇ ਦੂਜੇ ਦੀ ਗੌਰਵਮਈ, ਸੰਖੇਪ ਗਾਥਾ ਬਿਆਨਣ ਦੀ ਆਗਿਆ ਦਿਓ:

ਪਿੰਡ ਰੁੜਕੀ ਖਾਸ (ਗੜ੍ਹਸ਼ੰਕਰ-ਨਵਾਂਸ਼ਹਿਰ ਰੋਡ), ਜਿਸ ਦੀ ਮੋੜ੍ਹੀ ਸੈਣੀ ਬਰਾਦਰੀ ਵੱਲੋਂ ਗੱਡੀ ਹੋਣ ਕਾਰਨ ਲੋਕ-ਜ਼ੁਬਾਂ ਵਿੱਚ ਰੁੜਕੀ ਸੈਣੀਆਂ ਆਖਿਆ ਜਾਂਦਾ ਹੈ, ਨੂੰ ਸਿਰਲੱਥ ਬੱਬਰ ਰਤਨ ਸਿੰਘ ਰੱਕੜ ਨੂੰ ਪਨਾਹ ਦੇਣ ਅਤੇ ਬੱਬਰ ਵਿਚਾਰਧਾਰਾ ਦਾ ਨੇੜੂ ਪਿੰਡ ਹੋਣ ਦੇ ਸਿੱਟੇ ਵਜੋਂ ਬਰਤਾਨਵੀ ਸਾਮਰਾਜ ਨੇ ਪੂਰੀ ਤਰ੍ਹਾਂ ਸਿਰ ਪਰਨੇ ਕਰ ਦਿੱਤਾ ਸੀ:

* ਜੰਗਿ-ਏ-ਆਜ਼ਾਦੀ ਕਾਰਕੁਨਾਂ ਨੂੰ ਜੂਹ-ਬੰਦ ਕਰ ਦਿੱਤਾ ਗਿਆ। ਇੱਥੋਂ ਤੱਕ ਕਿ ਸਰਗਰਮ ਸੁਤੰਤਰਤਾ-ਹਮਦਰਦ ਵੀ ਬਿਨਾਂ ਸਰਕਾਰੀ-ਇਜਾਜ਼ਤ ਪਿੰਡ ਦੇ ਬਸੀਮੇ ਤੋਂ ਬਾਹਰ ਨਹੀਂ ਸੀ ਜਾ ਸਕਦੇ।
* ਆਮ ਜਾਣ ਅਤੇ ਆਉਣ ਵਾਲੇ ਨੂੰ ਸ਼ਨਾਖਤ ਅਤੇ ਮਕਸਦ ਦੱਸਣਾ ਪੈਂਦਾ ਸੀ।
* ਪਿੰਡ 'ਚ ਵਧਵੀਂ ਪੁਲਸ ਚੌਂਕੀ (1932-34) ਸਥਾਪਤ ਕਰਕੇ ਉਸ ਦਾ ਸਮੁੱਚਾ ਤਿਵਾਨ ਪਿੰਡ 'ਤੇ ਮੜ੍ਹ ਦਿੱਤਾ। ਭਾਵ ਪਿੰਡ ਵਿੱਚ ਪੁਲਸ ਚੌਕੀ ਪਾਉਣ ਦੇ ਇਵਜ਼ ਵਿੱਚ ਸਮੁੱਚਾ ਖਰਚਾ, ਪੱਠਾ-ਦੱਥਾ ਅਤੇ ਮੁਰਗ-ਮਸੱਲਾ ਤੱਕ ਵੀ ਪਿੰਡ ਸਿਰ ਥੋਪ ਦਿੱਤਾ ਸੀ।
* ਤਾ-ਪਿੰਡ ਨੂੰ 6000 ਰੁਪਏ (ਵੇਲੇ ਦੀ ਬਹੁਤ ਵੱਡੀ ਰਕਮ) ਜੁਰਮਾਨਾ ਕੀਤਾ ਗਿਆ।
* ਪਿੰਡ ਦੇ ਸਰਕਾਰੀ ਪੈਨਸ਼ਨਰਾਂ ਦੀਆਂ ਪੈਨਸ਼ਨਾਂ ਬੰਦ ਕਰ ਦਿੱਤੀਆਂ ਗਈਆਂ। ਇਹ ਬੱਜਰ ਫੈਸਲਾ ਲਗਾਤਾਰ ਪੰਜ ਵਰ੍ਹੇ ਲਾਗੂ ਰਿਹਾ।
* ਸਰਕਾਰੀ ਇਮਦਾਦ (ਗਰਾਂਟਾਂ) ਪ੍ਰਾਪਤ ਕਰਨ ਦਾ ਅਧਿਕਾਰ ਬਿਲਕੁਲ ਬੰਦ ਰਿਹਾ।

ਮੁੱਕਦੀ ਗੱਲ; ਸਮੁੱਚੇ ਗਰਾਂ ਨੂੰ ਮੁਕੰਮਲ ਬਲੈਕ-ਲਿਸਟ ਕਰ ਦਿੱਤਾ ਗਿਆ।

ਜੱਸੋਵਾਲ (ਸੈਲਾ ਖੁਰਦ, ਗੜ੍ਹਸ਼ੰਕਰ, ਹੁਸ਼ਿਆਰਪੁਰ)। ਬੱਬਰ ਸਰਗਰਮੀਆਂ ਦੇ ਕੁੱਝ ਬੇਹੱਦ ਨਾਮਣੇ ਇਸ ਸਿਰਮੌਰ ਪਿੰਡ ਨੂੰ 'ਬੱਬਰਾਂ ਦੀ ਹਾਈ ਕੋਰਟ' ਦਾ ਦਰਜਾ ਪ੍ਰਾਪਤ ਹੋਇਆ। ਜਦ ਬੱਬਰ ਅਕਾਲੀਆਂ ਵਿਰੁੱਧ ਬਗਾਵਤੀ ਕੇਸ ਪਹਿਲਾਂ ਲਾਹੌਰ ਦੀ ਵਿਸ਼ੇਸ਼ ਅਦਾਲਤ ਵਿੱਚ ਚੱਲ ਰਿਹਾ ਸੀ, ਤਦ ਅਖ਼ਬਾਰ 'ਦਾ ਟ੍ਰਿਬਿਊਨ, ਲਾਹੌਰ' ਨੇ ਆਪਣੇ 6 ਅਕਤੂਬਰ, 1923 ਦੇ ਅੰਕ ਵਿੱਚ ਸਫ਼ਾ 10 'ਤੇ ਵਿਸ਼ੇਸ਼ ਸੁਰਖੀ ਲਾਈ ਕਿ "ਬੱਬਰਾਂ ਦੀ ਹਾਈਕੋਰਟ ਜੱਸੋਵਾਲ ਤੋਂ 21 ਸਤੰਬਰ 1922 ਨੂੰ ਜਾਰੀ ਕੀਤੇ ਪੇਪਰ ਬੱਬਰ ਅਕਾਲੀ ਦੋਆਬਾ ਵਿੱਚ ਇਹ ਗੱਲ ਵੀ ਸਾਫ਼ ਤੌਰ 'ਤੇ ਦਰਜ ਕੀਤੀ ਗਈ ਸੀ, "ਉਹ ਸਾਰੇ ਸੂਰਮੇ ਜਿਨ੍ਹਾ ਨੇ ਦੇਸ਼ ਖਾਤਰ ਅੰਗਰੇਜ਼ ਦੀ ਨੌਕਰੀ ਨੂੰ ਲੱਤ ਮਾਰ ਦਿੱਤੀ ਹੈ ਅਤੇ ਉਹ ਵੀ ਜਿਨ੍ਹਾਂ ਨੂੰ ਗੋਰਿਆਂ ਦੇ ਅਹਿਲਕਾਰਾਂ ਨੇ ਹਥਿਆਰਬੰਦ ਫੋਰਸਾਂ ਵਿੱਚੋਂ ਡਿਸਮਿਸ ਕਰ ਦਿੱਤਾ ਹੈ, ਜੇ ਉਹ ਬੱਬਰਾਂ ਦੇ ਕੋਡ ਆਫ ਕੰਡਕਟ ਨੂੰ ਮੰਨਦੇ ਹਨ ਤਾਂ ਪਾਰਟੀ ਵਿੱਚ ਉਨ੍ਹਾਂ ਨੂੰ ਜੀ ਆਇਆਂ। ਜਿਹੜੇ ਆਤਸ਼ੀ ਹਥਿਆਰਾਂ ਸਮੇਤ ਆਉਣਗੇ, ਨੂੰ ਵਿਸ਼ੇਸ਼ ਮਾਣ ਦਿੱਤਾ ਜਾਵੇਗਾ।" ਉਦੋਂ ਵੇਲੇ ਦੀਆਂ ਵੱਡੀਆਂ ਅਤੇ ਦੇਸ਼-ਪੱਖੀ ਅਖ਼ਬਾਰਾਂ ਨਾ ਸਿਰਫ ਇਸ ਤਹਿਰੀਕ ਦਾ ਵਿਸ਼ੇਸ਼ ਨੋਟਿਸ ਲੈ ਰਹੀਆਂ ਸਨ, ਸਗੋਂ ਉਹ ਬੱਬਰਾਂ ਦੀ ਹਾਈ ਕੋਰਟ ਦੀ ਮਹੱਤਤਾ ਵੀ ਬੁੱਝਦੀਆਂ ਸਨ।

ਜੱਸੋਵਾਲ, ਜਿਹੜਾ ਹੁਸ਼ਿਆਰਪੁਰ-ਚੰਡੀਗੜ੍ਹ ਸ਼ਾਹ-ਮਾਰਗ 'ਤੇ ਵਾਕਿਆ ਸੈਲਾ ਖੁਰਦ ਦੀ ਚੜ੍ਹਦੀ ਬਾਹੀ ਜੈਜੋਂ ਦੋਆਬਾ ਨੂੰ ਜਾਂਦੀ ਰੇਲ ਲਾਇਨ ਉੱਤੇ ਘੁੱਗ ਵਸਦਾ ਹੈ, ਨੇ ਕਰੀਬ ਦਰਜਨ ਭਰ ਬੱਬਰ ਸੂਰਮਿਆਂ ਨੂੰ ਜਨਮ ਦਿੱਤਾ। ਅੰਤ ਦੀਆਂ ਸਖ਼ਤੀਆਂ-ਦੁਸ਼ਵਾਰੀਆਂ ਅਤੇ ਪਰੋਸੇ ਲਾਲਚਾਂ ਦੇ ਬਾਵਜੂਦ ਅੱਡ-ਅੱਡ ਬਰਾਦਰੀਆਂ ਨਾਲ ਭਰੇ-ਭਕੁੰਨੇ ਇਸ ਸੂਹੇ ਪਿੰਡ ਵਿੱਚੋਂ ਬਰਤਾਨਵੀ ਸਾਮਰਾਜ ਆਪਣੇ ਪੁਰਜ਼ਿਆਂ ਅਤੇ ਹੱਥ ਠੋਕਿਆਂ ਰਾਹੀਂ ਵੀ, ਇੱਕ ਵੀ ਮੁਖ਼ਬਰ ਪੈਦਾ ਨਾ ਕਰ ਸਕਿਆ। ਤੰਗੀਆਂ-ਤੁਰਸ਼ੀਆਂ ਦੇ ਬਾਵਜੂਦ ਸਾਰਾ ਪਿੰਡ ਖਿੜੇ ਮੱਥੇ ਇੰਤਹਾ ਪੀੜਾਂ ਅਤੇ ਜੁਰਮਾਨੇ ਝੱਲਦਾ ਰਿਹਾ। ਜੱਸੋਵਾਲ ਦੇ ਜਾਏ ਬੱਬਰ ਹਰੀ ਸਿੰਘ ਨੇ ਨਰਕੀ ਜੇਲ੍ਹ ਮੁਲਤਾਨ ਵਿੱਚ ਸਾਂਵੀਆਂ ਜੀਵਨ ਸਹੂਲਤਾਂ ਅਤੇ ਮਨੁੱਖੀ ਹੱਕਾਂ ਲਈ ਹੋਰਾਂ ਸੰਗ ਰਲ ਲੰਬੀ ਭੁੱਖ-ਹੜਤਾਲ ਰੱਖੀ, ਬੈਂਤਾਂ ਖਾਧੀਆਂ, ਮਰਨੀ ਮਰ ਗਿਆ, ਪਰ ਭੁੱਖ ਹੜਤਾਲ ਨੂੰ ਲਾਜ ਨਾ ਲਾਈ। ਇਸੇ ਪਿੰਡ ਦੇ ਬੱਬਰ ਮੁਨਸ਼ਾ ਸਿੰਘ, ਜਿਸ ਦੀ ਨਾ-ਮੁਰਾਦ ਸਖ਼ਤੀਆਂ ਕਾਰਨ ਜੇਲ੍ਹ ਵਿੱਚ ਮੌਤ ਹੋ ਗਈ ਸੀ, ਦੇ ਰਾਖ-ਅਸਤ ਬਕਸੇ ਨੂੰ ਉਦੋਂ ਤੱਕ ਹੱਥ-ਕੜੀ ਬੱਝੀ ਰਹੀ, ਜਦ ਤੱਕ ਸਜ਼ਾ ਦੇ 20 ਸਾਲ ਪੂਰੇ ਨਾ ਹੋ ਗਏ। ਸਭ ਨਾਲੋਂ ਵੱਧ ਕੁੱਟ ਖਾਣ ਵਾਲਾ ਹੱਠੀ ਸੂਰਮਾ ਤੇਜਾ ਸਿੰਘ ਜੱਸੋਵਾਲੀਆ ਹੋਇਆ, ਜਿਸ ਦੀ ਜ਼ਿੱਦ ਅਤੇ ਸਖ਼ਤ ਜਾਨ ਦੀ ਤਾਰੀਫ ਗੋਰੇ ਦਰੋਗਿਆਂ ਵੀ ਕੀਤੀ। ਮੂਹਰਲੀਆਂ ਸਫ਼ਾਂ ਦਾ ਬੱਬਰ ਹੋਣ ਦੇ ਬਾਵਜੂਦ ਲੰਬੇ ਕੱਦ ਵਾਲਾ ਇਹ ਨਿਮਰ ਯੋਧਾ ਬੱਬਰਾਂ ਨੂੰ ਹੱਥੀਂ ਪਕਾ ਕੇ ਖੁਆਉਂਦਾ।

ਇਸੇ ਜੱਸੋਵਾਲ ਵਿੱਚ ਕਈ ਵਾਰ ਸਿਰਮੌਰ ਬੱਬਰ ਨੀਤੀਗਤ ਅਤੇ ਹੈਰਤ ਅੰਗੇਜ਼ ਫ਼ੈਸਲਿਆਂ ਲਈ ਸਿਰ ਜੋੜ ਕੇ ਬੈਠੇ। ਇੱਥੇ ਬੱਬਰਾਂ ਦੀ ਉਡਾਰੂ ਪ੍ਰੈੱਸ ਬੱਬਰ ਨੇ ਫੇਰੀ ਪਾਈ। ਇੱਥੇ ਹਾਕਮਾਂ, ਸਮਾਜ ਵਿਰੋਧੀ ਅਨਸਰਾਂ, ਲੋਕ-ਦੋਖੀ ਤਕਤਾਂ ਅਤੇ ਦੇਸ਼ ਭਗਤਾਂ ਵਿਰੁੱਧ ਸਰਗਰਮ ਧਿਰਾਂ ਖਿਲਾਫ਼ ਫ਼ੈਸਲੇ ਜਾਰੀ ਹੁੰਦੇ। ਇੱਥੋਂ ਹੀ ਬੱਬਰਾਂ ਦੇ ਥਿੰਕ ਟੈਂਕ ਮਾਸਟਰ ਮੋਤਾ ਸਿੰਘ ਦੇ ਪਿੰਡ ਪਤਾਰਾ ਨੂੰ ਬੱਬਰਾਂ ਨੇ ਮੱਕਾ, ਕੋਟ ਫਤੂਹੀ ਚੀਫ ਕੋਰਟ ਅਤੇ ਜੱਸੋਵਾਲ ਨੂੰ ਹਾਈ ਕੋਰਟ ਐਲਾਨਿਆ ਗਿਆ। ਗੱਲ ਇਹ ਨਹੀਂ ਸੀ ਕਿ ਬੱਬਰਾਂ ਨੂੰ ਅੰਗਰੇਜ਼ ਦੁਆਰਾ ਥਾਪੀਆਂ ਤਹਿਸੀਲਾਂ ਅਤੇ ਜ਼ਿਲ੍ਹਿਆਂ ਦੀਆਂ ਹੱਦਬੰਦੀਆਂ ਪਸੰਦ ਨਹੀਂ ਸਨ, ਅਸਲ ਗੱਲ ਇਹ ਸੀ ਕਿ ਉਹ ਇਹ ਦੱਸਣਾ ਚਾਹੁੰਦੇ ਸਨ ਕਿ ਸਿੱਕਾ ਤੁਹਾਡੇ ਕਾਲੇ ਕਾਨੂੰਨਾਂ ਦਾ ਨਹੀਂ, ਬਲਕਿ ਹਕੀਕੀ ਦੇਸ਼ ਭਗਤਾਂ ਦਾ ਚੱਲਦਾ ਹੈ। ਵੇਲੇ ਦੀ ਸਰਕਾਰ ਅਤੇ ਬਰਤਾਨਵੀ ਸਾਮਰਾਜ ਦੀ 'ਤਾਕਤ' ਦੀ ਫੂਕ ਕੱਢਣ ਲਈ ਇਸੇ ਹਾਈਕੋਰਟ ਤੋਂ ਹੁਕਮ ਸੁਣਾ ਦਿੱਤਾ, 'ਰੋਪੜੋਂ ਮੁਕੇਰੀਆਂ ਤਾਂਈਂ ਜਾਂਦੀ 90 ਮੀਲ ਲੰਬੀ ਡਿਸਟ੍ਰਿਕਟ ਬੋਰਡ ਦੀ ਸੜਕ ਦੇ ਦੋਵੇਂ ਪਾਸੇ ਵਾਕਿਆ ਅੰਬਾਂ ਅਤੇ ਜਾਮਣਾਂ ਦੀ ਸਰਕਾਰੀ ਬੋਲੀ ਬੰਦ, ਇਹ ਕੁਦਰਤੀ-ਬਖਸ਼ਿਸ਼ ਸਥਾਨਕ ਲੋਕਾਂ ਦੀ ਜਾਇਦਾਦ ਹੈ, ਲੋਕ ਹੀ ਫਲ ਖਾਣਗੇ।' ਇਹ ਵੀ ਫਰਮਾਨ ਜਾਰੀ ਹੋਇਆ, 'ਕੋਈ ਵੀ ਸ਼ਖ਼ਸ ਆਪਣੀਆਂ ਜ਼ਰੂਰੀ ਲੋੜਾਂ ਹਿੱਤ, ਸਰਕਾਰੀ ਅਤੇ ਸਾਂਝੇ ਦਰੱਖਤਾਂ ਦੀ ਲੱਕੜ ਮੁਫ਼ਤ ਪ੍ਰਾਪਤ ਕਰ ਸਕਦਾ ਹੈ।' ਫਿਰ ਸਰਕਾਰੀ ਮਾਮਲਾ ਅਤੇ ਟੈਕਸ ਨਾ ਦੇਣ ਬਾਰੇ ਹੁਕਮ ਸਾਦਰ ਹੋਇਆ ਤਾਂ ਸਟੇਟ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਇੱਕ ਫ਼ੈਸਲਾ ਇਹ ਕਰ ਦਿੱਤਾ ਕਿ, 'ਜਲੰਧਰੋਂ-ਜੇਜੋਂ, ਵਰਾਸਤਾ ਫਗਵਾੜਾ-ਬੰਗਾ-ਰਾਹੋਂ/ਨਵਾਂ ਸ਼ਹਿਰ-ਗੜ੍ਹਸ਼ੰਕਰ-ਸੈਲਾ, ਜਾਂਦੀ ਸ਼ਿਵਾਲਕ ਐਕਸਪ੍ਰੈੱਸ ਦਾ ਕਿਰਾਇਆ ਬਿਲਕੁਲ ਮੁਆਫ਼।' ਡਰਦੇ-ਮਾਰਿਆਂ ਸਟੇਸ਼ਨ ਮਾਸਟਰਾਂ ਟਿਕਟ ਵੇਚਣੇ ਬੰਦ ਕਰ ਦਿੱਤੇ, ਸਰਕਾਰ ਨੂੰ ਫੌਜ ਲਾਉਣੀ ਪਈ।

ਜੱਸੋਵਾਲ ਵਿੱਚ ਟੁੱਟਵੇਂ ਰੂਪ 'ਚ ਬੱਬਰ ਕਈ ਵਾਰ ਜੁੜੇ, ਪਰ ਪਹਿਲੀ ਵੱਡੀ ਫ਼ੈਸਲਾਕੁੰਨ ਮੀਟਿੰਗ 25 ਦਸੰਬਰ 1922 ਨੂੰ, ਵੱਡ-ਅਕਾਰੀ ਟੋਭੇ ਕੰਢੇ ਬੱਬਰ ਹਰੀ ਸਿੰਘ ਦੇ ਵਾੜੇ 'ਚ ਜਿੱਥੇ ਸਫਰੀ ਪ੍ਰੈੱਸ ਨੇ ਵੀ ਕਰਮ ਕੀਤਾ, ਵਿੱਚ ਹੋਈ ਅਤੇ ਦੂਜੀ ਵਧਵੀਂ ਮੀਟਿੰਗ 30-31 ਦਸੰਬਰ ਨੂੰ ਪਿੰਡੋਂ ਬਾਹਰ ਸੰਤ ਫਕੀਰ ਸਿੰਘ ਦੀ ਕੁਟੀਆ ਵਿੱਚ ਹੋਈ ਸੀ। ਪਹਿਲੀ ਮੀਟਿੰਗ 'ਚ ਐਡੀਟਰ ਕਰਮ ਸਿੰਘ ਦੌਲਤਪੁਰ, ਬੱਬਰ ਕਿਸ਼ਨ ਸਿੰਘ ਗੜਗੱਜ, ਕਰਮ ਸਿੰਘ ਝੀਂਗੜ, ਦਲੀਪ ਸਿੰਘ ਗੋਸਲ, ਧੰਨਾ ਸਿੰਘ ਬਹਿਬਲਪੁਰ, ਉਦੇ ਸਿੰਘ ਰਾਮਗੜ੍ਹ ਝੁੰਗੀਆਂ, ਆਸਾ ਸਿੰਘ ਭਕੜੁੰਦੀ ਅਤੇ ਬਾਬੂ ਸੰਤਾ ਸਿੰਘ ਸਮੇਤ ਜੱਸੋਵਾਲ ਦਾ ਹਰੀ ਸਿੰਘ ਤੇ ਲਾਭ ਸਿੰਘ ਸ਼ਾਮਲ ਹੋਇਆ। ਦੂਜੀ ਵਿੱਚ, ਉਕਤਾਂ ਤੋਂ ਬਿਨਾਂ ਅਮਰ ਸਿੰਘ ਕਿਸ਼ਨਪੁਰਾ, ਬੂਟਾ ਸਿੰਘ ਪੰਡੋਰੀ ਨਿੱਜਰਾਂ ਅਤੇ ਰਾਮ ਸਿੰਘ ਮਜਾਰਾ ਕਲਾਂ ਸਣੇ, ਜੱਸੋਵਾਲ ਦੇ ਤਕਰੀਬਨ ਸਾਰੇ ਬੱਬਰ ਕਾਰਕੁੰਨ ਸ਼ਾਮਲ ਹੋਏ। ਇਹਨਾਂ ਮੀਟਿੰਗਾਂ ਵਿੱਚ ਬੇਹੱਦ ਨਿਰਣਈ ਫ਼ੈਸਲੇ ਲਏ ਗਏ। ਫਿਰ ਦੋ ਹੋਰ ਮਹੱਤਵਪੂਰਨ ਮੀਟਿੰਗਾਂ ਕ੍ਰਮਵਾਰ 22 ਫਰਵਰੀ 1923 ਅਤੇ 22 ਮਾਰਚ, 1923 ਨੂੰ ਹੋਈਆਂ। 22 ਮਾਰਚ ਵਾਲੀ ਮੀਟਿੰਗ 'ਚ ਹੀ ਗਵਰਨਰ ਪੰਜਾਬ ਬੇਹੱਦ ਹੈਰਤਅੰਗੇਜ਼ ਆਪਾ-ਵਾਰੂ ਸਨਦੀ ਖਤ ਲਿਖਿਆ ਗਿਆ ਸੀ, 'ਕਿਉਂ ਅੱਕੀਂ-ਪਲਾਹੀਂ ਹੱਥ ਮਾਰਦੇ ਫਿਰਦੇ ਹੋ, ਮਤ; ਲੋਕਾਂ ਨੂੰ ਨਪੀੜੋ, ਦੇਸ਼-ਦੁਸ਼ਮਣਾਂ ਦੇ ਕਤਲ ਤਾਂ ਸਿਰਫ ਤੇ ਸਿਰਫ ਅਸੀਂ ਤਿੰਨ ਯੋਧੇ, ਗ਼ਦਰੀ ਬੱਬਰ ਕਰਮ ਸਿੰਘ ਦੌਲਤਪੁਰ, ਬੱਬਰ ਉਦੇ ਸਿੰਘ ਝੁੰਗੀਆਂ ਅਤੇ ਬੱਬਰ ਧੰਨਾ ਸਿੰਘ ਹੀ ਕਰਦੇ ਹਾਂ। ਜੁਰਅਤ ਹੈ ਤਾਂ ਫੜੋ ਸਾਨੂੰ।'

ਇਸ ਨਗਰ ਦੀ ਸਿਰਮੌਰਤਾ, 'ਕੱਲੀ ਬੱਬਰ ਤਹਿਰੀਕ ਵਿੱਚ ਹੀ ਨਹੀਂ, ਆਪਣੇ ਆਗੋਸ਼ ਵਿੱਚ ਕਈ ਹੋਰ ਮਾਣ-ਮੱਤੀਆਂ ਗਾਥਾਵਾਂ ਵੀ ਸਮੋਈ ਬੈਠਾ ਹੈ, ਇਹ ਖੇੜਾ। ਸਿਰਫ ਦੋ ਗੱਲਾਂ ਇਸ ਪਿੰਡ ਦੇ ਕਈ ਹੋਰ ਫਰਜੰਦਾਂ ਸਮੇਤ ਬੱਬਰਾਂ ਨੇ ਵੀ ਕੀਰਤਪੁਰ ਅਤੇ ਆਨੰਦਪੁਰ ਸਾਹਿਬ ਦੇ ਗੁਰਧਾਮ ਆਜ਼ਾਦ ਕਰਾਉਣ ਵਿੱਚ ਨਾਮਣੇ ਵਾਲਾ ਹਿੱਸਾ ਪਾਇਆ ਸੀ। ਮਗਰੋਂ ਕਈ ਸਿਫਤੀ ਕਾਰਨਾਂ ਕਰਕੇ, ਇੱਥੋਂ ਦੇ ਕਰੀਬ ਸਾਰੇ ਦੇਸ਼ ਭਗਤ ਇਨਕਲਾਬੀ ਅਤੇ ਖੱਬੇ ਪੱਖੀ ਸਫ਼ਾਂ ਵਿੱਚ ਚਲੇ ਗਏ ਸਨ। ਇਸੇ ਨਗਰ ਵੱਲ ਚਰਚਿਤ ਕੀਰਤਪੁਰ ਕਾਂਡ ਮਗਰੋਂ ਯੁੱਗ ਪਲਟਾਈਏ ਹਰਬੰਸ ਸਿੰਘ ਸਰਹਾਲਾ ਅਤੇ ਉਸ ਦੇ ਸਾਥੀਆਂ ਨੇ ਚਾਲੇ ਪਾਏ ਸਨ। ਇੱਥੋਂ ਦਾ ਗੁਰਾਂ ਦਿੱਤਾ ਬਾਲਮੀਕੀ ਉਹ ਵਾਹਿਦ ਸ਼ਖ਼ਸ ਸੀ, ਜਿਸ ਨੇ ਅਜ਼ਾਦ ਹਿੰਦ ਫੌਜ ਵਿੱਚ ਪੀਡਾ ਰੋਲ ਨਿਭਾਅ ਕੇ ਪਿੰਡ ਦਾ ਸਿਰ ਹੋਰ ਉੱਚਾ ਕੀਤਾ ਸੀ। ਹਾਂ; ਸੁਤੰਤਰਤਾ ਲਹਿਰ ਦੇ ਇਸ ਕਲਗੀ ਪਿੰਡ ਵਿੱਚ ਆਜ਼ਾਦੀ ਉਪਰੰਤ, ਸੰਨ '48 ਵਿੱਚ ਚੌਧਰੀ ਬੱਗਾ ਰਾਮ ਆਦਿ-ਧਰਮੀ ਨੇ ਹੀ ਕਮਿਊਨਿਸਟ ਪਾਰਟੀ ਦਾ ਯੂਨਿਟ ਕਾਇਮ ਕੀਤਾ ਸੀ ਅਤੇ ਸ਼ਾਨਾਮੱਤੀ ਗੱਲ ਇਹ ਕਿ ਬੱਬਰ ਅਕਾਲੀ ਲਹਿਰ ਦੇ 'ਸਦਭਾਵੀ ਅਤੇ ਸਾਂਝੀਵਾਲਤਾ' ਵਾਲੇ ਖਾਸੇ ਕਾਰਨ ਪਿੰਡ ਦੇ 'ਜੱਟ-ਸਿੱਖ ਬੱਬਰਾਂ' ਨੇ ਵੀ ਉਸ 'ਹਿੰਦੂ-ਦਲਿਤ' ਦੀ ਅਗਵਾਈ ਕਬੂਲੀ।

ਮੋਬਾ. 94634-39075

# ਖੁਦਕੁਸ਼ੀਆਂ ਦੇ ਮੌਸਮ ਅੰਦਰ ਵਗੇ ਪੁਰੇ ਦੀ 'ਵਾਅ !

### ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-59

### ਸੁਰਜੀਤ ਸੁਮਨ

ਮੇਰੇ ਵਤਨ ਪੰਜਾਬ ਦੀ ਧਰਤੀ ਮਾਂ ਨੇ ਆਪਣੇ ਲਾਡਲਿਆਂ ਲਈ ਇੰਝ ਦੀਆਂ ਬਦ-ਦੁਆਵਾਂ ਤਾਂ ਕਦੀ ਵੀ ਨਹੀਂ ਚਿਤਵੀਆਂ ਹੋਣਗੀਆਂ, ਜਿਹੜੀਆਂ ਅੱਜ ਇਹਦੇ ਧੀਆਂ-ਪੁੱਤਰਾਂ ਨੂੰ ਸ਼ਰੇਆਮ ਨਿਗਲ਼ ਰਹੀਆਂ ਹਨ। ਇਹਦੇ ਧੀਅ-ਪੁੱਤਰ ਅੱਜ ਆਪਣਿਆਂ ਵੱਲੋਂ ਹੀ ਖੱਜਲ਼ ਕੀਤੇ ਜਾ ਰਹੇ ਹਨ, ਆਪਣਿਆਂ ਹੱਥੋਂ ਖੁਆਰ ਹੋ ਰਹੇ। ਜੇ ਅੱਜ ਵਰਗਾ ਵੇਲ਼ਾ ਨਾ ਹੁੰਦਾ ਤਾਂ ਉਹ ਸ਼ਾਇਦ ਇਨ੍ਹਾਂ ਦਾ ਇਹ ਡੰਗ ਵੀ ਸਹਿ ਲੈਂਦੇ। ਜ਼ਰਾ ਵਾਚਣਾ, ਅੱਜ ਉਹ ਵਿਦੇਸ਼ੀ ਧਾੜਵੀਆਂ ਵੱਲੋਂ ਖੁਆਰੀ ਨਹੀਂ ਝੱਲ ਰਹੇ, ਆਪਣਿਆਂ ਹੱਥੋਂ ਝੱਲ ਰਹੇ ਹਨ। ਕਿਸੇ ਵੇਲ਼ੇ ਉਹ ਇਹ ਕਹਿ ਕੇ ਵਕਤ ਟਪਾ ਲੈਂਦੇ ਸਨ, ਚਲੋ ਛੱਡੋ, ਉਹ ਕਿਹੜਾ ਆਪਣੇ ਹਨ ਪਰ ਅੱਜ ਉਹ ਕੀਹਦੀ ਮਾਂ ਨੂੰ ਮਾਸੀ ਕਹਿਣ? ਆਜ਼ਾਦ ਦੇਸ਼ ਦੀ ਹਸਤੀ ਅੰਦਰ ਅੱਜ ਉਹ ਆਪਣਿਆਂ ਹੱਥੋਂ ਹੀ ਲੁੱਟੇ-ਪੁੱਟੇ ਤੇ ਕੁੱਟੇ ਜਾ ਰਹੇ ਹਨ। ਮੇਰੇ ਸ਼ਾਇਰ ਮਿੱਤਰ ਮੰਦਰ ਗਿੱਲ ਸਾਹਿਬਚੰਦੀਆਂ ਆਪਣੇ ਗੀਤ ਰਾਹੀਂ ਅਜਿਹੇ ਸਮਿਆਂ ਦੀ ਤਰਜਮਾਨੀ ਕਰਦਿਆਂ ਨਿਹੋਰਾ ਜਿਹਾ ਮਾਰਦੇ ਹਨ। ਉਲਾਂਭਾ ਦਿੰਦੇ ਹਨ, 'ਭਾਈ, ਭਾਈ ਦਾ ਵੱਢਣ ਪਰਛਾਵਾਂ/ ਜ਼ਮਾਨਾ ਮਾੜਾ ਆਇਆ ਸੋਹਣਿਆਂ।' ਭਰਾ ਦਾ ਭਰਾ ਵੱਲੋਂ ਪਰਛਾਵਾਂ ਤੱਕ ਵੱਢੇ ਜਾਣ ਦੀ ਮਨਸ਼ਾ ਕਾਲ਼ੇ ਮਨਾਂ ਦੀ ਕਾਲ਼ਖ ਸਾਡੇ ਮੱਥਿਆ ਉੱਤੇ ਮਲ਼ ਰਹੀ ਹੈ। ਓਹਦੇ ਗੀਤ ਦੇ ਇਹ ਬੋਲ ਸੁਣ ਕੇ ਮੇਰਾ ਕਲੇਜਾ ਮੂੰਹ ਨੂੰ ਆਉਂਦਾ ਹੈ। ਚੁਫੇਰੇ ਨਜ਼ਰ ਮਾਰਦਾ ਹਾਂ, ਲਹੂਆਂ ਵਿੱਚ ਪਾਣੀ ਪਿਆ ਦਿਖਾਈ ਦਿੰਦਾ ਹੈ। ਹਰ ਪਾਸੇ ਕੌਰਵ-ਸਭਾਵਾਂ ਦਨਦਨਾਉਂਦੀ ਫਿਰਦੀਆਂ ਦਿਖਾਈ ਦਿੰਦੀਆਂ ਹਨ।

ਅਣਹੋਣੀ ਹੋਈ ਸੁਣ ਕੇ ਗਗਨਦੀਪ ਰੰਧਾਵਾ ਦੀ ਮਾਂ ਨੇ ਇੱਕ ਵਾਰ ਤਾਂ ਉੱਚੀ ਜਿਹੀ ਲੇਰ ਮਾਰੀ ਹੋਵੇਗੀ, 'ਵੇ ਤੈਨੂੰ ਖੁਦਕੁਸ਼ੀ ਕਰਨ ਲਈ ਤਾਂ ਨਹੀਂ ਸੀ ਪਾਲ਼ਿਆ/ ਪੜ੍ਹਾਇਆ ਵੇ ਮੇਰਿਆ ਰਾਜਿਆ ਪੁੱਤਾ। ਕਿਹੜੀਆਂ ਸਿਆਸਤਾਂ ਨੇ ਖਾ ਵੇ ਤੈਨੂੰ ਮੇਰਿਆ ਜਿਊਣ ਜੋਗਿਆ।' ਬੁੱਢੜੀ ਮਾਂ ਦੀ ਇਸ ਹੂਕ ਨੇ, ਇਸ ਕੂਕ ਨੇ ਇੱਕ ਵਾਰ ਤਾਂ ਓਸ ਪਿੰਡ ਦੀ ਫਿਜ਼ਾ ਨੂੰ ਜ਼ਰੂਰ ਦੰਦਲ਼ ਪਾਈ ਹੋਵੇਗੀ। ਮਹਿਸੂਸ ਕਰਨ ਵਾਲ਼ਿਆਂ ਨੇ ਮਹਿਸੂਸੀ ਹੋਵੇਗੀ। ਮੋਟੀ ਚਮੜੀ ਵਾਲ਼ਿਆਂ ਦੀ ਜਾਣੇ ਬਲਾਅ। ਉਹਦੇ ਛੋਟੇ ਛੋਟੇ ਧੀਅ-ਪੁੱਤਰ 'ਤੇ ਕੀ ਬੀਤੀ ਹੋਵੇਗੀ? ਉਨ੍ਹਾਂ ਦੇ ਮਨਾਂ ਵਿੱਚ ਕਿਹੜੇ ਕਿਹੜੇ ਸਵਾਲ ਉੱਠਦੇ ਹੋਣਗੇ, ਜਿਨ੍ਹਾਂ ਦਾ ਉਨ੍ਹਾਂ ਕੋਲ਼ ਕੋਈ ਵੀ ਜਵਾਬ ਨਹੀਂ ਹੋਵੇਗਾ। ਓਹਦੀ ਵਿਧਵਾ ਜਿਹੜੀ ਕੁਝ ਪਲ ਪਹਿਲਾਂ ਸੁਹਾਗਣ ਸੀ, ਦੀ ਜ਼ਿੰਦਗੀ ਦੇ ਰੰਗ, ਅੱਖ ਦੇ ਫੋਰ ਵਿੱਚ ਕਪੂਰ ਵਾਂਗ ਕਿੰਝ ਉੱਡ-ਪੁੱਡ ਗਏ ਹੋਣਗੇ, ਇਹ ਓਹਦਾ ਈ ਰੱਬ ਜਾਣਦਾ ਹੋਵੇਗਾ। ਇੱਕ ਵਾਰ ਤਾਂ ਉਹਨੂੰ ਜ਼ਿੰਦਗੀ ਵਿੱਚ ਅਚਾਨਕ ਛਾ ਗਏ ਗਾੜ੍ਹੇ ਹਨ੍ਹੇਰੇ ਨੇ ਅੰਨ੍ਹਾ ਈ ਕਰ ਦਿੱਤਾ ਹੋਵੇਗਾ। ਓਹਦੇ ਔਸਾਣ ਮਾਰੇ ਗਏ ਹੋਣਗੇ, 'ਹੇ ਖੁਦਾਇਆ ਇਹ ਕੈਸਾ ਭਾਣਾ ਵਾਪਰ ਗਿਆ?' ਇਸ ਪਰਿਵਾਰ ਦੀ ਜ਼ਿੰਦਗੀ ਵਿੱਚ ਆਏ ਇਨ੍ਹਾਂ ਭਿਆਨਕ ਪਲਾਂ ਨੂੰ ਕਿਸ ਨੇ ਸਰਾਪਿਆ ਹੋਵੇਗਾ, ਇਹ ਪਲ ਤਾਅ-ਉਮਰ ਉਨ੍ਹਾਂ ਦੇ ਬਾਕੀ ਬਚੇ ਸਾਹਾਂ ਲਈ ਉਲਝੇ ਸਵਾਲ ਬਣ ਕੇ ਹਮੇਸ਼ਾ ਡਸਦੇ ਰਹਿਣਗੇ।

ਖੁਦਕੁਸ਼ੀਆਂ 'ਤੇ ਹੋ ਰਹੀ ਸਿਆਸਤ ਦਾ ਕੋਈ ਦੀਨ-ਧਰਮ ਨਹੀਂ ਹੁੰਦਾ। ਇਨ੍ਹਾਂ ਸਿਆਸੀ ਲੋਕਾਂ ਨੂੰ ਸਿਰਫ ਇੱਕੋ ਇੱਕ ਚੀਜ਼, ਸਿਰਫ ਕੁਰਸੀ ਦਿਖਾਈ ਦਿੰਦੀ ਹੈ। ਸਤਾਈ ਦੇ ਮੁੱਖ ਮੰਤਰੀ ਦੀ ਕੁਰਸੀ। ਉਹ ਇਸ ਕੁਰਸੀ ਲਈ ਕੁਝ ਵੀ ਕਰ ਗੁਜ਼ਰਨ ਲਈ ਤਿਆਰ ਹਨ। ਇਸ ਲਈ ਚਾਹੇ ਇਮਾਨਦਾਰ ਲੋਕਾਂ ਨੂੰ ਉਹ ਆਪਣੇ ਆਪ 'ਤੇ ਕੁਰਬਾਨ ਕਰ ਲੈਣ, ਉਨ੍ਹਾਂ ਦੀ ਬਲੀ ਲੈ ਲੈਣ, ਉਨ੍ਹਾਂ ਨੂੰ ਇਸ ਨਾਲ਼ ਕੋਈ ਲੈਣ-ਦੇਣ ਨਹੀਂ। ਬੱਸ ਉਨ੍ਹਾਂ ਦਾ ਹੱਥ ਤਾਂ ਮੁੱਖ ਮੰਤਰੀ ਦੀ ਕੁਰਸੀ ਨੂੰ ਪੈ ਜਾਣਾ ਚਾਹੀਦਾ ਹੈ। ਇੱਕ ਵਾਰ ਪਿਆ ਹੱਥ, ਉਨ੍ਹਾਂ ਦੀਆਂ ਕੁਲਾਂ ਤਾਰ ਦੇਵੇਗਾ। ਪਰ ਉਹ ਨਹੀਂ ਜਾਣਦੇ ਕਿ ਰੱਬ ਦੀ ਲਾਠੀ ਵਿੱਚ ਆਵਾਜ਼ ਨਹੀਂ ਹੁੰਦੀ। ਜਦੋਂ ਇਹ ਚੁੱਪ-ਚਾਪ ਵਰ੍ਹਦੀ ਹੈ ਤਾਂ ਬੰਦੇ ਨੂੰ ਅਰਸ਼ ਤੋਂ ਫਰਸ਼ 'ਤੇ ਲਿਆ ਸੁੱਟਦੀ ਹੈ। ਇੱਕ ਵਾਰ ਫਿਰ ਮੇਰੇ ਮਨ ਦੀ ਸਕਰੀਨ 'ਤੇ ਜਨਾਬ ਤਜੱਮਲ ਕਲੀਮ ਦਾ ਸ਼ੇਅਰ ਉੱਭਰਿਆ ਹੈ, 'ਮੇਰੇ ਲੀੜੇ ਰੱਤ ਭਰੇ ਨੇ/ ਤੇਰੇ ਹੱਥ ਵੀ ਸਾਫ 'ਤੇ ਨਈਂ ਨਾ।' ਗਗਨਦੀਪ ਰੰਧਵਾ ਨੂੰ ਖੁਦਕੁਸ਼ੀ ਲਈ ਮਜਬੂਰ ਕਰਨ ਵਾਲ਼ੇ ਵਜ਼ੀਰ ਦੇ ਹੱਥ ਵੀ ਤਾਂ ਸਾਫ ਨਹੀਂ ਰਹੇ। ਇਸ ਹਰਕਤ ਨਾਲ਼ ਓਹਦੇ ਸਿਰ 'ਤੇ ਸਜਿਆ ਤਾਜ ਵੀ ਤਾਂ ਅਹੁ ਜਾ ਪਿਆ ਹੈ। ਕੁਦਰਤ ਦਾ ਇਨਸਾਫ ਹੋਰ ਕਿਸ ਨੂੰ ਕਹਿੰਦੇ ਹਨ? ਇਸ ਦੇ ਬਾਵਜੂਦ ਲੋਕ ਤਰਾਹ-ਤਰਾਹ ਕਰ ਰਹੇ ਹਨ। ਉਹ ਆਪਣੀਆਂ ਹੱਡ-ਬੀਤੀਆਂ ਸੁਣਾਉਣ ਤਾਂ ਕਿਸ ਨੂੰ ਸੁਣਾਉਣ? ਉਨ੍ਹਾਂ ਦੇ ਦੁੱਖਾਂ ਦਾ ਕੋਈ ਪਾਰਾਵਾਰ ਨਹੀਂ। ਉਨ੍ਹਾਂ ਨੂੰ ਪਹਾੜ ਜਿੱਡੇ ਜਿੱਡੇ ਦੁੱਖ ਨੁਆਰਨ ਵਾਲ਼ਾ ਕੋਈ ਵੀ ਦਿਖਾਈ ਨਹੀਂ ਦਿੰਦਾ। ਜਿਹੜਾ ਵੀ ਸਿਆਸੀ ਬੰਦਾ ਉਨ੍ਹਾਂ ਦੀ ਬਾਂਹ ਫੜਦਾ ਹੈ, ਉਹ ਉਨ੍ਹਾਂ ਦੀ ਬਾਂਹ ਹੀ ਲਾਹ ਕੇ ਲੈ ਜਾਂਦਾ ਹੈ। ਟੁੰਡਾ ਹੋਇਆ ਬੰਦਾ ਫਿਰ ਕਿਸ ਅੱਗੇ ਦਾਦ-ਫਰਿਆਦ ਕਰੇ, ਓਹਦੇ ਕੁਝ ਵੀ ਸਮਝ ਵਿੱਚ ਨਹੀਂ ਆਉਂਦਾ।

ਸੋਚਾਂ ਦੇ ਵਡੰਬਰ ਵਿੱਚ ਫਸਿਆ ਮੈਂ ਹੌਲ਼ੀ ਹੌਲ਼ੀ ਸਵੇਰ ਦੀ ਸੈਰ ਨੂੰ ਤੁਰਿਆ ਜਾ ਰਿਹਾ ਹਾਂ। ਮੈਨੂੰ ਮੀਂਹ ਦੀ ਤਕੜੀ ਵਾਛੜ ਨੇ ਰੋਕ ਲਿਆ ਹੈ। ਅੰਬਾਂ ਦੇ ਖੇਤ ਨੂੰ ਪਾੜ ਕੇ ਲੰਘੀ ਏਅਰਪੋਰਟ ਰੋਡ 'ਤੇ ਖੜ੍ਹਾ ਮੈਂ ਵੱਡੇ ਬਾਈ ਪਿਆਰਾ ਸਿੰਘ ਪੁਆਧੀਏ ਨੂੰ ਉਡੀਕ ਰਿਹਾ ਹਾਂ। ਰੋਡ ਦੇ ਦੂਜੇ ਪਾਸੇ ਬਚੇ ਰਹਿ ਗਏ ਖੜ੍ਹੇ ਅੰਬਾਂ ਉੱਤੇ ਆਏ ਬੇਤਹਾਸ਼ਾ ਬੂਰ ਨੂੰ ਤੱਕਦਾ ਮਨ ਖੁਸ਼ ਹੋ ਜਾਂਦਾ ਹੈ। ਉੱਤਰੀ ਗੁੱਠ ਵਿੱਚੋਂ ਕਾਲ਼ੇ ਬੱਦਲ਼ਾਂ ਵਿੱਚੋਂ ਬਿਜਲੀ ਦੀ ਤਾਰ ਲਿਸ਼ਕੀ ਹੈ। ਜਾਪਿਆ ਜਿਵੇਂ ਬਿਜਲੀ ਦੀ ਇਹ ਤਾਰ ਕੁਝ ਸਾਲ ਪਹਿਲਾਂ ਇਨ੍ਹਾਂ ਅੰਬਾਂ ਉੱਤੇ ਵੀ ਪਈ ਹੋਵੇਗੀ, ਜਿਸ ਨੇ ਇਸ ਦੇ ਮਾਲਕਾਂ ਨੂੰ ਵਿਚਾਲਿਉਂ ਚੀਰ ਕੇ ਰੱਖ ਦਿੱਤਾ ਹੈ। ਹੁਣ ਮੈਂ ਤੇ ਪਿਆਰਾ ਸਿੰਘ ਲੰਮੀ ਸੈਰ ਲਈ ਜਾਵਾਂਗੇ। ਇੱਕ ਵਾਰ ਤਾਂ ਮੀਂਹ ਥਮ ਗਿਆ ਹੈ। ਸਾਸਰੀਕਾਲ ਕਹਿ ਹੱਥ ਮਿਲ਼ਾ ਪਿਆਰਾ ਸਿੰਘ ਸਲਿੱਪ ਰੋਡ ਦੇ ਕਿਨਾਰੇ ਹੀ ਬਹਿ ਗਿਆ ਹੈ। ਉਹ ਹੁਣ ਉੱਠਣ ਦਾ ਨਾਂ ਨਹੀਂ ਲੈ ਰਿਹਾ। ਓਹਦੇ ਮੱਥੇ ਦੇ ਵਲ਼ ਤੇ ਚਿਹਰੇ ਉੱਤੇ ਉੱਡ ਰਹੀਆਂ ਹਵਾਈਆਂ ਬਹੁਤ ਕੁਝ ਬਿਆਨ ਰਹੀਆਂ ਹਨ। ਜਿੱਥੇ ਉਹ ਬੈਠਾ ਹੈ, ਉਸ ਪਾਸੇ ਦੇ ਅੰਬਾਂ ਦੇ ਬੂਰ ਭਰੇ ਰੁੱਖਾਂ ਨੂੰ ਉਹ ਬਹੁਤ ਹੀ ਉਦਾਸ ਜਿਹੀਆਂ ਨਜ਼ਰਾਂ ਨਾਲ਼ ਤੱਕਦਾ ਬੋਲਣ ਲਗਦਾ ਹੈ।

'ਅੰਬਾਂ ਦੇ ਇਹ ਬੂਟੇ ਕਿਸੇ ਵੇਲ਼ੇ ਮੇਰੇ ਦੋਸਤ ਪ੍ਰਗਟ ਨੇ ਮਲੇਰਕੋਟਲਿਉਂ ਲਿਆਂਦੇ ਸਨ। ਉਹ ਮੈਨੂੰ ਵੀ ਨਾਲ਼ ਲੈ ਗਿਆ ਸੀ। ਅਸੀਂ ਇਨ੍ਹਾਂ ਦੇ ਬਹੁਤ ਅੰਬ ਖਾਧੇ। ਇਸ ਟੱਬਰ ਨੇ ਇੱਥੋਂ ਬਥੇਰੀ ਪੈਦਾਵਾਰ ਖਾਧੀ। ਬੜੀਆਂ ਤਰੱਕੀਆਂ ਕੀਤੀਆਂ। ਤਿੰਨ ਭਰਾ ਸਨ ਪ੍ਰਗਟ ਹੋਰੀਂ। ਇੱਕ ਕਨੇਡਾ ਜਾ ਬੈਠਾ। ਇਹ ਦੋਵੇਂ ਇੱਥੇ ਹੀ ਖੇਤੀ ਕਰਦੇ ਰਹੇ। ਬਹੁਤੀ ਜ਼ਮੀਨ ਇਨ੍ਹਾਂ ਪਹਿਲਾਂ ਈ ਬਾਜਵੇ ਨੂੰ ਵੇਚ ਦਿੱਤੀ, ਜਿਸ ਦੇ ਬਦਲੇ ਬੇਟ ਵਿੱਚ ਚੋਖੀ ਜ਼ਮੀਨ ਖਰੀਦ ਲਈ। ਪ੍ਰਗਟ ਦੇ ਵੱਡੇ ਭਰਾ ਦੇ ਬੱਚੇ ਕਿਸੇ ਕੰਮ ਦੇ ਨਾ ਨਿਕਲ਼ੇ। ਪੈਸੇ ਦਾ ਕੋਈ ਅੰਤ ਨਹੀਂ। ਘਰ ਵਿੱਚ ਵੜੇ ਨਸ਼ੇ ਤੇ ਅੜਬਾਈ ਦੇ ਦੈਂਤ ਨੇ ਇਨ੍ਹਾਂ ਦੀਆਂ ਕੋਠੀਆਂ-ਕਾਰਾਂ ਕਬਾੜੀਏ ਦੀ ਦੁਕਾਨ ਬਣਾ ਛੱਡੀਆਂ ਹਨ। ਇੱਕ ਦਿਨ ਪਤਾ ਨਹੀਂ ਕਿਆ ਹੋਇਆ। ਪਿੰਡ ਵਿੱਚ ਰੌਲ਼ਾ ਪੈ ਗਿਆ। ਪ੍ਰਗਟ ਨੇ ਖੁਦਕੁਸ਼ੀ ਕਰ ਲਈ। ਅਸੀਂ ਜਾ ਕੇ ਉਹਨੂੰ ਪੱਖੇ ਨਾਲ਼ੋਂ ਲਟਕਦਾ ਲਾਹਿਆ। ਹੁਣ ਪ੍ਰਗਟ ਚੇਤੇ ਆਉਂਦਾ ਹੈ ਤਾਂ ਜ਼ਿੰਦਗੀ ਵੀਰਾਨ ਜਾਪਣ ਲਗਦੀ ਹੈ। ਪਤਾ ਨਹੀਂ ਕਿਹੜੀ ਗੱਲੋਂ ਸਹੁਰਾ ਖਾਂਦਾ-ਪੀਂਦਾ ਪਰਿਵਾਰ ਉੱਜੜ ਗਿਆ।

ਤੂੰ ਫਰੀਦਕੋਟ ਦੇ ਪਿੰਡ ਹਰੀਨੌਂ ਦੇ ਕਿਸਾਨ ਭਰਾਵਾਂ ਦੀ ਖਬਰ ਪੜ੍ਹੀ? ਕਿਵੇਂ ਦੋਵਾਂ ਭਰਾਵਾਂ ਨੇ ਇਕੱਠਿਆਂ ਰੇਲ ਗੱਡੀ ਹੇਠ ਆ ਕੇ ਖੁਦਕੁਸ਼ੀ ਕਰ ਲਈ। ਪਤਾ ਨਹੀਂ ਉਨ੍ਹਾਂ ਦੇ ਮਨ ਵਿੱਚ ਕੀ ਆਇਆ। ਉਨ੍ਹਾਂ ਨੂੰ ਇੰਝ ਨਹੀਂ ਸੀ ਕਰਨਾ ਚਾਹੀਦਾ। ਹਾਲਾਤ ਨਾਲ਼ ਲੜਨਾ ਚਾਹੀਦਾ ਸੀ। ਦੇਖਿਆ ਜਾਵੇ ਤਾਂ ਉਹ ਹਾਲਾਤ ਨਾਲ਼ ਲੜ ਹੀ ਤਾਂ ਰਹੇ ਸਨ। ਹੁਣ ਭਲਾ ਇਨ੍ਹਾਂ ਦੇ ਛੋਟੇ ਛੋਟੇ ਬੱਚੇ ਕੀ ਕਰਨਗੇ? ਬੁੱਢੀ ਮਾਂ ਤੇ ਵਿਧਵਾ ਹੋਈਆਂ ਪਤਨੀਆਂ ਕਿਧਰੇ ਜੋਗੀਆਂ ਵੀ ਨਹੀਂ ਰਹੀਆਂ। ਇਹ ਕਿੱਥੇ ਡੁੱਬ ਮਰਨਗੀਆਂ। ਕਰਜ਼ਈ ਬੰਦਾ ਕੀ ਤੋਂ ਕੀ ਨਹੀਂ ਹੋ ਜਾਂਦਾ। ਧੀਆਂ-ਪੁੱਤਰਾਂ ਦੇ ਮਨਾਂ ਵਿੱਚ ਜਦੋਂ ਜਦੋਂ ਵੀ ਖੁਸ਼ੀਆਂ-ਗ਼ਮੀਆਂ ਉਪਜਣਗੀਆਂ, ਪਿਓ ਨੂੰ ਯਾਦ ਕਰਨਗੇ। ਕਿਸ ਦੇ ਗਲ਼ ਲੱਗ ਕੇ ਆਪਣਾ ਦੁੱਖ ਦੱਸਣਗੇ? ਕਿਸ ਨਾਲ਼ ਆਪਣੀਆਂ ਖੁਸ਼ੀਆਂ ਸਾਂਝੀਆਂ ਕਰਨਗੇ? ਕਿਸ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਲਈ ਆਵਾਜ਼ ਮਾਰਨਗੇ।'

ਬਾਈ ਪਿਆਰਾ ਸਿੰਘ ਪੁਆਧੀਆ ਦੇ ਮੂੰਹੋਂ ਹਜ਼ਾਰਾਂ ਸਵਾਲ ਕਿਰ ਰਹੇ ਹਨ। ਮੈਨੂੰ ਓਹਦੀਆਂ ਅੱਖਾਂ ਵਿੱਚੋਂ ਵੈਤਰਨੀ ਵਹਿ ਰਹੀ ਪ੍ਰਤੀਤ ਹੋਣ ਲਗਦੀ ਹੈ। ਖੁਦਕੁਸ਼ੀਆਂ ਕਰ ਗਏ ਕਿਸਾਨ-ਮਜ਼ਦੂਰ ਤੇ ਗਗਨਦੀਪ ਰੰਧਾਵਾ ਵਰਗਿਆਂ ਦੀਆਂ ਰੂਹਾਂ ਵਿਰਲਾਪ ਕਰਦੀਆਂ ਸੁਣਾਈ ਦੇਣ ਲਗਦੀਆਂ ਹਨ। ਮੇਰੇ ਮੂਹਰੇ ਮੇਰੇ ਵਤਨ ਦੇ ਰਾਜਿਆਂ-ਮਹਾਰਾਜਿਆਂ ਦੇ ਪਰਛਾਵੇ ਆ ਖੜ੍ਹਦੇ ਹਨ। ਮੈਂ ਉਨ੍ਹਾਂ ਸੰਬੋਧਨ ਹੋ ਕੇ ਇਹ ਗੀਤ ਗਾਉਣਾ ਚਾਹੁੰਦਾ ਹਾਂ, 'ਚੇਤੇ ਕਰ ਲਈਂ ਅਹਿਦ ਕਰੇ ਜੋ/ ਚੱਟ ਨਾ ਜਾਵੀਂ ਰੁੱਖ ਨੇ ਹਰੇ ਜੋ/ ਬੇਘਰ ਪੰਛੀ ਡਰੇ-ਡਰੇ ਜੋ/ ਪੌਣਾਂ ਵਿੱਚ ਸ਼ਰਾਰਤ ਘੋਲ਼ੇ/ ਤੂੰ ਢੋਲੇ ਦੀਆਂ ਲਾ, ਸਾਨੂੰ/ ਕੋਈ ਐਸਾ ਗੀਤ ਸੁਣਾ ਸਾਨੂੰ/ ਕੋਈ ਆਵੇ ਸੁੱਖ ਦਾ ਸਾਹ ਸਾਨੂੰ/ ਖੁਦਕੁਸ਼ੀਆਂ ਦੇ ਮੌਸਮ ਅੰਦਰ ਵਗੇ ਪੁਰੇ ਦੀ ਵਾਅ..।'

ਸੰਪਰਕ : 98144 30874

# ਬੱਬਰਾਂ ਦੇ ਲੇਖ ਬਾਰੇ ਦਰੁਸਤੀ ਤੇ ਹੋਰ ਜਾਣਕਾਰੀ !

### ਪ੍ਰਤੀਕਰਮ

### ਤਰਲੋਚਨ ਸਿੰਘ 'ਦੁਪਾਲਪੁਰ'

ਮਾਰਚ 22, 2026 ਦੇ 'ਐਤਵਾਰਤਾ' ਵਿਚ ਵਿਜੇ ਬੰਬੇਲੀ ਜੀ ਦਾ ਲੇਖ ਹਮੇਸ਼ਾ ਵਾਂਗ ਰੀਝ ਤੇ ਨੀਝ ਨਾਲ ਪੜ੍ਹਿਆ।ਅੱਧੀ ਸਦੀ ਤੋਂ ਕੁੱਝ ਸਾਲ ਹੋਰ ਵਾਧੂ ਜ਼ਿੰਦਗੀ ਬਿਸਤ ਦੁਆਬ ਵਿਚ ਜੀਵੀ ਹੋਣ ਕਰਕੇ ਬੱਬਰ ਅਕਾਲੀਆਂ ਦੇ ਕਿੱਸੇ ਪਿੰਡਾਂ ਦੀਆਂ ਸੱਥਾਂ ਵਿਚ ਵੀ ਬਹੁਤ ਸੁਣੇ ਅਤੇ ਮਗਰੋਂ ਕਿਤਾਬਾਂ ਪੜ੍ਹਨ ਸਦਕਾ ਬੱਬਰ ਅਕਾਲੀ ਸਾਹਿਤ ਪ੍ਰਤੀ ਮੇਰਾ ਬਹੁਤ ਝੁਕਾਅ ਰਿਹਾ ਹੈ।ਬੰਬੇਲੀ ਜੀ ਦੀ ਉਕਤ ਲੇਖ-ਲੜੀ ਨੰਬਰ 69 ਵਿੱਚ ਬੱਬਰ ਕਰਮ ਸਿੰਘ ਐਡੀਟਰ ਦੇ ਗੁਆਂਢੀ ਪਿੰਡ ਭਕੜੁੱਦੀ (ਹੁਣ ਕਿਸ਼ਨ ਪੁਰ) ਨੂੰ ਤਿੰਨ ਜਗਾਹ ਗਲਤ (ਫਕਰੂੰਦੀ ਭਕਰੂੰਦੀ) ਲਿਖਿਆ ਹੋਇਆ ਹੈ। ਸ਼ਾਇਦ ਕਿਸੇ ਅੰਗਰੇਜ਼ੀ ਲਿਖਤ ਵਿੱਚੋਂ ਪੜ੍ਹ ਕੇ ਲਿਖਣ ਕਾਰਨ ਅਜਿਹਾ ਹੋਇਆ ਹੋਵੇਗਾ।ਇੰਜ ਹੀ ਬੱਬਰਾਂ ਦੇ ਸੰਗੀ ਸਾਥੀ ਜਥੇਦਾਰ ਸੰਸਾਰ ਸਿੰਘ (ਜਿਨ੍ਹਾਂ ਦੇ ਮੈਂ ਬਜ਼ੁਰਗ ਅਵਸਥਾ ਵਿਚ ਦਰਸ਼ਨ ਕੀਤੇ ਹੋਏ ਹਨ) ਦੇ ਪਿੰਡ ਮਜਾਰਾ ਕਲਾਂ ਨੂੰ ਵੀ 'ਮੁਜਾਰਾ ਕਲਾਂ' ਲਿਖਿਆ ਗਿਆ ਹੈ।

ਬੱਬਰ ਕਰਮ ਸਿੰਘ ਦੇ ਪਿੰਡ ਦੌਲਤ ਪੁਰ ਵਿੱਚੋਂ ਲੰਘ ਕੇ ਅਸੀਂ ਜਦੋਂ ਆਪਣੇ ਨਾਨਕੇ ਪਿੰਡ ਧਮਾਈ ਨੂੰ ਜਾਂਦੇ ਹੁੰਦੇ ਸਾਂ ਤਦ ਰਾਹ ਵਿਚ ਹਿਆਤਪੁਰ ਰੁੜਕੀ ਪਿੰਡ ਨੂੰ ਜਾਂਦੀ ਲਿੰਕ ਰੋਡ ਉੱਤੇ ਸਾਈਨ ਬੋਰਡ ਲੱਗਾ ਹੁੰਦਾ ਸੀ-'ਬੱਬਰ ਧਰਮ ਸਿੰਘ ਮਾਰਗ !' ਕਈ ਸਾਲ ਤਾਂ ਉਹ ਬੋਰਡ ਗੜ੍ਹਸ਼ੰਕਰ-ਬਲਾਚੌਰ ਰੋਡ ਉੱਤੇ ਲੱਗਾ ਹੋਇਆ ਅਸੀਂ ਦੇਖਦੇ ਰਹੇ ਹਾਂ, ਪਰ ਲੰਮੇ ਅਰਸੇ ਤੋਂ ਹਿਆਤਪੁਰ ਰੁੜਕੀ ਦੇ ਬੱਬਰ ਧਰਮ ਸਿੰਘ ਦਾ ਨਾਂਅ ਕਿਤੇ ਨਹੀਂ ਦਿਸਿਆ।

ਇਸ ਲੇਖ ਵਿੱਚ ਬੱਬਰ ਅਕਾਲੀਆਂ ਦੇ 'ਉਡਾਰੂ ਪ੍ਰੈੱਸ' ਸਾਈਕਲੋਸਟਾਈਲ ਮਸ਼ੀਨ ਬਾਰੇ ਦੱਸਿਆ ਗਿਆ ਹੈ ਕਿ ਉਸ ਮਸ਼ੀਨ ਨੂੰ ਏਧਰ-ਓਧਰ ਲਿਜਾਣ ਲਈ ਕੋਈ ਤਕੜੇ ਜੁੱਸੇ ਵਾਲਾ ਸੱਜਣ ਹੀ ਚੁੱਕ ਸਕਦਾ ਸੀ। ਇਸ ਮਸ਼ੀਨ ਦੀ ਗੱਲ ਸੁਣਾਉਂਦੇ ਹੁੰਦੇ ਸਨ ਸਵਰਗੀ ਬੁੱਧ ਸਿੰਘ ਢਾਹਾਂ। ਕਹਿੰਦੇ ਜਦੋਂ ਬੰਗੇ ਲਾਗੇ ਸੂੰਢ ਪਿੰਡ ਦੇ ਅੰਗਰੇਜ਼ਪ੍ਰਸਤ ਲੋਕ ਇਕ ਸ਼ਾਮ ਬੱਬਰਾਂ ਦੇ ਗਰੁੱਪ ਮਗਰ ਪੈ ਗਏ ਤਾਂ ਸਾਈਕਲੋਸਟਾਈਲ ਮਸ਼ੀਨ ਚੁੱਕਣੀ ਪੈ ਗਈ ਸਿਹਤ ਪੱਖੋਂ ਜ਼ਰਾ ਲਿੱਸੇ ਦਲੀਪ ਸਿੰਘ ਗੋਸਲ ਨੂੰ। ਮੱਕੀਆਂ-ਕਮਾਦਾਂ ਵਿੱਚੀਂ ਭੱਜਦਿਆਂ ਗੋਸਲ ਸਾਹਿਬ ਦੇ ਮੋਢੇ ਅਤੇ ਪਿੱਠ ਛਿੱਲੀ ਗਈ। ਰਾਤੋ-ਰਾਤ ਕਿਸੇ ਟਿਕਾਣੇ 'ਤੇ ਪਹੁੰਚ ਕੇ ਗੋਸਲ ਸਾਹਬ ਆਪਣੇ ਬੱਬਰ ਸਾਥੀਆਂ ਨੂੰ ਹੱਸਦਿਆਂ ਕਹਿੰਦੇ-

'ਆਹ ਛਾਪੇ-ਖਾਨੇ ਨੇ ਅੱਜ ਤਾਂ ਮੇਰੇ ਮੋਢਿਆਂ 'ਤੇ ਹੀ ਇਸ਼ਤਿਹਾਰ ਛਾਪ ਦਿੱਤੇ ਆ ਭਰਾਵੋ!'

ਸੰਨ 67-68 ਵਿਚ ਜਦ ਮੈਂ ਹੋਸ਼ ਸੰਭਾਲੀ ਤਾਂ ਮੇਰਾ ਸਿੰਘ ਸਭੀਆ ਬਾਪ ਮੈਨੂੰ ਸਾਈਕਲ 'ਤੇ ਬਿਠਾ ਕੇ ਨੇੜੇ-ਤੇੜੇ ਦੇ ਇਤਿਹਾਸਕ ਪਿੰਡਾਂ, ਥਾਵਾਂ ਦੇ ਨਾਲ ਕਈ ਬਜ਼ੁਰਗਾਂ ਦੀ ਸੰਗਤ ਵਿਚ ਲਿਜਾਂਦਾ ਰਹਿੰਦਾ ਸੀ। ਸਾਡੇ ਪਿੰਡ ਦੁਪਾਲਪੁਰ ਤੋਂ ਲਹਿੰਦੇ ਪਾਸੇ ਕਾਜ਼ਮ ਪੁਰ ਪਿੰਡ ਦੀ ਗੁੱਠ ਵਿਚ ਵਾਕਿਆ ਇਕ ਘਰ ਹੁੰਦਾ ਸੀ। ਖਜੂਰਾਂ, ਫਲਾਹੀਆਂ, ਜੰਗਲੀ ਕਿੱਕਰਾਂ ਅਤੇ ਸਰਵ੍ਹਾੜ ਆਦਿ ਦੇ ਸੰਘਣੇ ਝਾੜ-ਝੂੰਡੇ ਵਿਚ ਘਿਰਿਆ ਹੋਣ ਕਰਕੇ ਇਲਾਕੇ ਵਿਚ ਉਹ ਘਰ 'ਬੱਬਰਾਂ ਦੇ ਝਿੜੇ' ਵਜੋਂ ਮਸ਼ਹੂਰ ਹੁੰਦਾ ਸੀ। ਆਪਣੇ ਬਾਪ ਨਾਲ ਉਦੋਂ ਕਾਜ਼ਮ ਪੁਰ ਗਏ ਹੋਏ ਨੇ ਮੈਂ ਉਸ ਝਿੜੇ ਵਿਚ ਰਹਿ ਰਹੇ ਇਕ ਬਜ਼ੁਰਗ ਦੇ ਦਰਸ਼ਨ ਕੀਤੇ ਹੋਏ ਨੇ।ਆਪਣਾ ਆਖਰੀ ਸਮਾਂ ਮੰਜੇ ਉੱਤੇ ਬਿਤਾਅ ਰਹੇ ਬੱਬਰਾਂ ਦੇ ਸਾਥੀ ਉਸ ਬਜ਼ੁਰਗ ਦਾ ਪ੍ਰਭਾਵਸ਼ਾਲੀ ਚਿਹਨ-ਚਕਰ ਮੇਰੇ ਮਨ-ਮਸਤਿਕ ਵਿਚ ਉੱਕਰਿਆ ਹੋਇਆ ਹੈ।ਉਨ੍ਹਾਂ ਵੱਲੋਂ ਭਾਈਆ ਜੀ ਨਾਲ ਕੀਤੀਆਂ ਗੱਲਾਂ ਦੇ ਕੁੱਝ ਬੋਲ ਵੀ ਧੁੰਦਲੇ-ਧੁੰਦਲੇ ਯਾਦ ਹਨ-



ਕਾਜ਼ਮਪੁਰ ਪਿੰਡ ਦੇ ਬਾਹਰਵਾਰ 'ਬਬਰਾਂ ਦੇ ਝਿੜੇ' ਵਾਲੇ ਥਾਂ ਉਸ ਪਰਵਾਰ ਦੀ ਕੋਠੀ।

ਉੱਧਰੋਂ ਪੁਲਸ ਦੀਆਂ ਡਾਂਗਾਂ ਨਾਲ ਜ਼ਖਮੀ ਤੇ ਨਿਢਾਲ ਹੋਏ ਸਿੰਘ ਆਉਂਦੇ ਦੇਖ ਕੇ ਸਾਡਾ ਜਥੇਦਾਰ ਕਹਿੰਦਾ-ਓਏ ਮੁੰਡਿਓ ਦੇਖ ਲਓ ਅੱਗੇ ਆਹ ਹਾਲ ਕਰਨਾਂ ਐਂ ਗੋਰੀ ਪੁਲਸ ਨੇ ..ਜੇ ਪਿੱਛੇ ਮੁੜਨਾ ਤਾਂ ਹੁਣੇ ਮੁੜਜੋ!

ਲਓ ਜੀ ਗਿਆਨੀ ਜੀ ਸਿੰਘਾਂ ਦੀਆਂ ਪਿੱਠਾਂ 'ਚੋਂ ਖ਼ੂਨ ਚੋਂਦਾ ਦੇਖ ਕੇ ਸਾਨੂੰ ਚੜ੍ਹ ਗਈਆਂ ਲਾਲੀਆਂ .. ਅਸੀਂ ਵੀ ਅੱਗੇ ਜਾ ਕੇ ਘੋਰ ਜ਼ੁਲਮ ਸਹਾਰਿਆ ..!

ਬੱਬਰਾਂ ਦੇ ਇਤਿਹਾਸ ਦੀਆਂ ਲਿਖਤਾਂ ਵਿਚ 'ਬੱਬਰਾਂ ਦੇ ਝਿੜੇ' ਵਾਲੇ ਇਸ ਪਿੰਡ ਕਾਜ਼ਮ ਪੁਰ ਦਾ ਜ਼ਿਕਰ ਹੋਣੋ ਪਤਾ ਨਹੀਂ ਕਿਵੇਂ ਰਹਿ ਗਿਆ ਹੋਵੇਗਾ?

ਬੱਬਰ ਅਕਾਲੀਆਂ ਬਾਰੇ ਹੀ ਇਕ ਗੱਲ ਹੋਰ-ਜਦੋਂ ਆਮ ਘਰਾਂ ਵਿਚ ਰੇਡੀਓ (ਟ੍ਰਾਂਜਿਸਟਰ) ਆ ਗਏ, ਉਦੋਂ ਅਕਾਸ਼ਵਾਣੀ ਜਲੰਧਰ ਦੇ ਦਿਹਾਤੀ ਪ੍ਰੋਗਰਾਮ ਵਿੱਚ ਇਕ ਵਾਰ ਅਸੀਂ ਕਿਸੇ ਬਜ਼ੁਰਗ ਅਜ਼ਾਦੀ ਘੁਲਾਟੀਏ ਦੀ ਇੰਟਰਵਿਊ ਸੁਣ ਰਹੇ ਸਾਂ।ਸਵਾਲ ਕਰਤਾ ਨੇ ਉਨ੍ਹਾਂ ਨੂੰ ਪੁੱਛਿਆ ਕਿ ਦੁਆਬੇ ਦੇ ਬੱਬਰ ਰਤਨ ਸਿੰਘ ਰੱਕੜ ਦੀ ਸੂਰਮਗਤੀ ਦੇ ਕਿੱਸੇ ਵੀ ਬੜੇ ਮਸ਼ਹੂਰ ਹਨ। ਕੀ ਤੁਸੀਂ ਜੰਗੇ-ਅਜ਼ਾਦੀ ਦੌਰਾਨ ਕਦੇ ਰੱਕੜ ਸਾਹਿਬ ਦੇ ਦਰਸ਼ਨ ਵੀ ਕੀਤੇ?

ਸੁਤੰਤਰਤਾ ਸੈਨਾਨੀ ਬਜ਼ੁਰਗ ਕਹਿੰਦੇ ਕਿ ਮੈਨੂੰ ਰੱਕੜ ਜੀ ਦੇ ਦਰਸ਼ਨ ਤਾਂ ਨਹੀਂ ਹੋਏ, ਪਰ ਉਨ੍ਹਾਂ ਦੀ ਬੱਬਰ ਸ਼ੇਰ ਵਰਗੀ ਗਰਜਵੀਂ ਆਵਾਜ਼ ਅੱਜ ਵੀ ਮੇਰੇ ਕੰਨਾਂ 'ਚ ਗੂੰਜਦੀ ਹੈ।

ਵਿਸਥਾਰ ਨਾਲ ਗੱਲ ਦੱਸਦਿਆਂ ਉਹ ਅਜ਼ਾਦੀ ਘੁਲਾਟੀਏ ਬਜ਼ੁਰਗ ਕਹਿੰਦੇ-

'ਇਕ ਗੱਦਾਰ ਦੀ ਗੱਦਾਰੀ ਕਾਰਨ ਮੈਂ ਜੇਲ੍ਹ ਵਿਚ ਬੰਦ ਸਾਂ।ਮੇਰੀ ਬੈਰਕ ਵਿਚ ਰੋਟੀ ਦੇਣ ਆਉਂਦੇ ਇਕ ਪੁਲਸੀਏ ਨੇ ਮੈਨੂੰ ਰੋਟੀ ਫੜਾ ਕੇ ਭੱਦੀ ਜਿਹੀ ਟਿੱਚਰ ਕੀਤੀ ਅਖੇ ਲੈ 'ਚੂਰੀ' ਖਾ ਲੈ ਸੂਰਮਿਆ ।

ਮੈਂ ਤਾਂ ਹਾਲੇ ਕੁੱਝ ਨਾ ਬੋਲਿਆ, ਪਰ ਮੇਰੇ ਨਾਲ ਦੀ ਬੈਰਕ ਵਿੱਚੋਂ ਸ਼ੇਰ ਦੇ ਦਹਾੜਨ ਵਰਗੀ ਆਵਾਜ਼ ਗੂੰਜੀ-

ਆਹ ਕਿਹੜਾ ਹਰਾਮੀ ਆਪਣੀ ਮੌਤ ਨੂੰ 'ਵਾਜ਼ਾਂ ਮਾਰਦਾ ਐ ਓਏ? ਸਾਡੇ ਦੇਸ਼ ਭਗਤ ਨੂੰ ਟਿੱਚਰ ਕਰਕੇ ਮਰਨਾਂ ਐਂ ਤੂੰ ???

ਬਜ਼ੁਰਗ ਕਹਿੰਦਾ ਕਿ ਨਾਲ ਦੀ ਬੈਰਕ 'ਚੋਂ ਗਰਜ਼ ਸੁਣ ਕੇ ਪੁਲਸੀਏ ਦੀਆਂ ਲੱਤਾਂ ਕੰਬਣ ਲੱਗ ਪਈਆਂ ਸਨ, ਨਾਲੇ ਉਹ ਮਾਫੀ ਮੰਗਣ ਵਾਲੀ ਟੋਨ 'ਚ ਬੋਲਿਆ-

ਜੀ ਰੱਕੜ ਸਾਬ੍ਹ ..ਰੱਕੜ ਸਾਬ੍ਹ, ਮ .ਮ ਮੈਂ ਤਾਂ ਕੁਛ ਨੀ ਕਿਹਾ ਜੀ!

ਬੱਬਰ ਰਤਨ ਸਿੰਘ ਰੱਕੜ ਵੀ ਸਾਡੇ ਇਲਾਕੇ ਦੇ ਪਿੰਡ ਰੱਕੜ ਬੇਟ ਤੋਂ ਸਨ, ਜਿਨ੍ਹਾਂ ਦੀ ਸੂਰਮਗਤੀ ਦੇ ਕਿੱਸੇ ਸਾਡੇ ਇਲਾਕੇ ਦੀਆਂ ਪੇਂਡੂ ਸੱਥਾਂ ਵਿੱਚ ਅਕਬਰ-ਬੀਰਬਲ ਦੀਆਂ ਕਥਾਵਾਂ ਵਾਂਗ ਸੁਣੇ-ਸੁਣਾਏ ਜਾਂਦੇ ਸਨ।

'ਦਾਤਾ ਤੇ ਭਗਤ ਸੂਰਮੇ
ਤਿੰਨੇ ਜੱਗ ਜਿਊਂਦੇ ਨੇ !'

ਸੰਪਰਕ : 001-408-905-5517

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਰਿਸ਼ਤਿਆਂ ਦੇ ਅਧੂਰੇਪਨ ਦੀ ਕਹਾਣੀ

**ਕਾਦਰ**

(ਨਾਵਲ)
ਹਰਜੀਤ ਅਟਵਾਲ
ਸਫੇ : 104, ਮੁੱਲ : 195 ਰੁਪਏ
ਸੰਗਮ ਪਬਲੀਕੇਸ਼ਨਜ਼, ਸਮਾਣਾ






ਫੋਕਸ

**ਚਰਚਾ ਇਕ ਪੁਸਤਕ ਦੀ**

**ਡਾ. ਭੁਪਿੰਦਰ ਕੌਰ**

ਸਮਕਾਲੀ ਪੰਜਾਬੀ ਨਾਵਲ ਵਿੱਚ ਹਰਜੀਤ ਅਟਵਾਲ ਨੇ ਇਕ ਪ੍ਰਤਿਭਾਸ਼ੀਲ ਨਾਵਲਕਾਰ ਵਜੋਂ ਇਕ ਵਿਸ਼ੇਸ਼ ਪਹਿਚਾਣ ਬਣਾਈ ਹੈ। ਉਸ ਦਾ ਹਰ ਨਾਵਲ ਵੱਖੋ-ਵੱਖਰੇ ਕਿਸਮ ਦੇ ਕਿਰਦਾਰਾਂ ਅਤੇ ਬਿਰਤਾਂਤਕ ਸੰਦਰਭਾਂ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਪੇਸ਼ ਕਰਦਾ ਹੈ। ਇਸੇ ਲਈ ਹਰ ਨਾਵਲ ਆਪਣੇ ਵਿਲੱਖਣ ਕਥਾ ਸੰਦਰਭ ਤੇ ਅਨੁਭਵ ਜਗਤ ਦੀ ਇਕ ਖ਼ੂਬਸੂਰਤ ਮਿਸਾਲ ਕਹੀ ਜਾ ਸਕਦੀ ਹੈ। ਹਰਜੀਤ ਅਟਵਾਲ ਨੂੰ ਪ੍ਰਵਾਸ ਦੇ ਜੀਵਨ ਦੀ ਤੇ ਉਥੇ ਰਹਿ ਰਹੇ ਪ੍ਰਵਾਸੀਆਂ ਦੀ ਮਾਨਸਿਕਤਾ ਦੀ ਡੂੰਘੀ ਸਮਝ ਹੈ। ਉਸੇ ਅਨੁਭਵ ਵਿੱਚੋਂ ਨਿਕਲਿਆ ਇਹ ਨਾਵਲ 'ਕਾਦਰ' ਮਨਾਂ ਦੀ ਬਾਤ ਪਾਉਂਦਾ ਹੈ। ਨਾਵਲ ਦਾ ਹਰ ਪਾਤਰ ਆਪਣੇ ਅੰਦਰ ਕਿੰਨਾ ਕੁਝ ਲੁਕਾ ਕੇ ਰੱਖਦਾ ਹੈ। ਆਪਣੇ ਮਿੱਤਰ ਕਹਾਣੀਕਾਰ ਜਿੰਦਰ ਨੂੰ ਸਮਰਪਿਤ ਇਹ ਨਾਵਲ ਰਿਸ਼ਤਿਆਂ ਦੇ ਅਧੂਰੇਪਣ ਦੀ ਕਹਾਣੀ ਹੈ। ਨਾਵਲ ਦਾ ਸਰੋਕਾਰ ਪ੍ਰਵਾਸੀਆਂ ਦਾ ਜੀਵਨ ਹੈ, ਮਸਰੂਫੀਅਤ ਭਰੇ ਜੀਵਨ ਵਿੱਚ ਤਾਰ-ਤਾਰ ਹੋ ਰਹੇ ਰਿਸ਼ਤੇ, ਅਯਾਸ਼ੀ ਭਰਿਆ ਜੀਵਨ ਜਿਊਂਦੇ ਪਾਤਰ ਵੱਲੋਂ ਔਰਤ 'ਤੇ ਕੀਤਾ ਤਸ਼ੱਦਦ, ਹਮਦਰਦੀ ਦੇ ਚਾਹਵਾਨ ਪਾਤਰਾਂ ਨੂੰ ਕਿਤੋਂ ਵੀ ਹਮਦਰਦੀ ਨਾ ਮਿਲਣਾ ਤੇ ਪਰਵਾਸੀਆਂ ਦਾ ਪੰਜਾਬ ਵਾਪਸੀ ਆਪਣੇ ਹੀ ਤੇ ਭਰਾਵਾਂ ਦਾ ਕਿ ਕਿਤੇ ਹਿੱਸਾ ਨਾ ਮੰਗ ਲੈਣ, ਵਰਗੇ ਵਿਸ਼ਿਆਂ ਦੀ ਪੇਸ਼ਕਾਰੀ ਕੀਤੀ ਹੈ। ਨਾਵਲ ਵਿਚਲੇ ਪਾਤਰ ਸੋਹਮ, ਕੁਲਜੀਤ, ਸੁਖਰਾਜ ਤੇ ਪੱਲਵੀ ਅਧੂਰੇਪਨ ਨੂੰ ਹੰਢਾਉਂਦੇ ਹੋਏ ਨਜ਼ਰ ਆਉਂਦੇ ਹਨ ਤੇ ਕੋਈ ਕਿਸੇ ਨੂੰ ਇਸ ਗੱਲ ਦੀ ਸ਼ਿਕਾਇਤ ਵੀ ਨਹੀਂ ਕਰਦਾ। ਨਾਵਲ ਪੜ੍ਹਦਿਆਂ ਹੋਇਆਂ ਪਾਠਕ ਵੀ ਉਸ ਅਧੂਰੇਪਨ ਨੂੰ ਆਪਣੇ ਸਰੀਰ 'ਤੇ ਹੰਢਾਉਂਦਾ ਹੋਇਆ ਮਹਿਸੂਸ ਕਰਦਾ ਹੈ। ਨਾਵਲ ਚੇਤਨਾ ਪ੍ਰਵਾਹ ਦੀ ਜੁਗਤ ਨਾਲ ਸ਼ੁਰੂ ਹੁੰਦਾ ਹੈ। ਉੱਤਮ ਪੁਰਖੀ ਪਾਤਰ ਸੋਹਮ ਸੋਚਦਾ ਹੈ ਕਿ ਮਨੁੱਖ ਨੂੰ ਆਪਣੇ ਦਿਲ ਵਿੱਚ ਇਕ ਹਰਾ ਪੌਦਾ ਲਾਈ ਰੱਖਣਾ ਚਾਹੀਦਾ ਹੈ। ਸ਼ਾਇਦ ਕਦੇ ਕੋਈ ਗਾਉਂਦੀ ਚਿੜੀ ਉਸ ਉੱਤੇ ਆ ਬੈਠੇ, ਪਰ ਚਿੜੀ ਦੀ ਉਡੀਕ ਕਰਨ ਨਾਲੋਂ ਆਪਣੇ ਰਾਹ ਚਲਦੇ ਜਾਣਾ ਚਾਹੀਦਾ ਹੈ। ਸੋਹਮ ਨੇ ਵੀ ਇੱਕ ਅਜਿਹਾ ਹੀ ਪੌਦਾ ਆਪਣੇ ਦਿਲ ਵਿੱਚ ਲਾਈ ਰੱਖਿਆ, ਪੱਲਵੀ ਨਾਲ ਪਿਆਰ ਤੇ ਸਾਂਝ ਦਾ ਪੌਦਾ, ਪਰ ਪਿਆਰ ਦਾ ਇਜ਼ਹਾਰ ਉਸ ਨੂੰ ਗੁਨਾਹਗਾਰ ਬਣਾ ਸਕਦਾ ਸੀ, ਜੋ ਗੁਨਾਹ ਉਸ ਨੇ ਨਹੀਂ ਕੀਤਾ। ਪਤਨੀ ਕੁਲਜੀਤ ਨਾਲ ਰਹਿੰਦਿਆਂ ਉਹ ਮਹਿਸੂਸ ਕਰਦਾ ਸੀ ਕਿ ਜਿਹੜੀ ਬੇਗਾਨਗੀ ਵੀਹ-ਪੱਚੀ ਸਾਲਾਂ ਦੇ ਵਿਆਹ ਵਿੱਚ ਆਉਂਦੀ ਹੈ, ਉਹ ਸੱਤ-ਅੱਠ ਸਾਲ ਦੇ ਵਿਆਹ ਵਿੱਚ ਆ ਵੜੀ ਸੀ, ਕਿਉਂਕਿ ਕੁਲਜੀਤ ਆਪਣੀ ਜੌਬ ਨਾਲ ਹੀ ਜੁੜੀ ਰਹਿੰਦੀ ਸੀ। ਉਸ ਦੀ ਕਿਤੇ ਵੀ ਸੋਹਮ ਨਾਲ ਕੋਈ ਸਾਂਝ ਨਹੀਂ ਸੀ, ਬਸ ਜੌਬ-ਜੌਬ-ਜੌਬ ਜਾਂ ਬੱਚਿਆਂ ਦੀਆਂ ਵੰਡੀਆਂ ਹੋਈਆਂ ਜ਼ਿੰਮੇਵਾਰੀਆਂ। ਕੁਲਜੀਤ ਸਾਧਾਰਨ ਕੈਸ਼ੀਅਰ ਤੋਂ ਮੈਨੇਜਰ ਬਣ ਗਈ। ਸੋਹਮ ਨੇ ਸੋਚਿਆ ਕਿ ਹਾਲਾਤ ਠੀਕ ਹੋ ਜਾਣਗੇ, ਪਰ ਜਦੋਂ ਉਸ ਦੀ ਮੈਨੇਜਰੀ ਘਰ ਵਿੱਚ ਆ ਵੜੀ ਤਾਂ ਉਹ ਦੋਵੇਂ ਆਪਣੇ-ਆਪ ਵਿੱਚ ਹੋਰ ਸਿਮਟ ਕੇ ਰਹਿ ਗਏ। ਸ਼ਾਇਦ ਇਸੇ ਲਈ ਸੋਹਮ ਆਪਣੀ ਪਤਨੀ ਤੇ ਬੱਚਿਆਂ ਦੇ ਹੁੰਦਿਆਂ ਹੋਇਆਂ ਵੀ ਇਕੱਲਤਾ ਤੇ ਅਧੂਰਾਪਣ ਹੰਢਾ ਰਿਹਾ ਸੀ। ਜੇ ਉਹ ਆਪਣੀ ਪਤਨੀ ਕੁਲਜੀਤ ਦੇ ਹੁੰਦਿਆਂ ਹੋਇਆਂ ਵੀ ਅਧੂਰਾ ਨਾ ਹੁੰਦਾ ਤੇ ਸ਼ਾਇਦ ਉਹ ਪੱਲਵੀ ਵੱਲ ਆਕਰਸ਼ਿਤ ਨਾ ਹੁੰਦਾ। ਜੇ ਪੱਲਵੀ ਵੀ ਸੁਖਰਾਜ ਨਾਲ ਖੁਸ਼ ਹੁੰਦੀ ਤਾਂ ਸ਼ਾਇਦ ਸੋਹਮ ਤੋਂ ਹਮਦਰਦੀ ਦੀ ਤਵੱਕੋ ਨਾ ਕਰਦੀ। ਸੋਹਮ ਨੇ ਪੱਲਵੀ ਨਾਲ ਸਾਂਝ ਦੀ ਗੱਲ ਆਪਣੇ ਤੱਕ ਹੀ ਸੀਮਤ ਰੱਖੀ। ਇਸ ਦੀ ਆਪਣੇ ਦੋਸਤ ਸੁਖਰਾਜ ਤੇ ਪਤਨੀ ਕੁਲਜੀਤ ਨੂੰ ਭਿਣਕ ਵੀ ਨਾ ਪੈਣ ਦਿੱਤੀ ਕਿਉਂਕਿ ਇਸ ਨਾਲ ਉਸ ਦੀ ਜ਼ਿੰਦਗੀ ਵਿੱਚ ਤੇ ਉਹਨਾਂ ਦੀ ਜ਼ਿੰਦਗੀ ਵਿੱਚ ਤੂਫਾਨ ਖੜਾ ਹੋ ਸਕਦਾ ਸੀ। ਪੱਲਵੀ ਨੂੰ ਵੀ ਇਸ ਗੱਲ ਦਾ ਅਹਿਸਾਸ ਸੀ ਕਿ ਜੇ ਸੁਖਰਾਜ ਨੂੰ ਪਤਾ ਲੱਗ ਗਿਆ ਤਾਂ ਉਹ ਗੁੱਸਾ ਕਰੇਗਾ। ਇਸੇ ਲਈ ਆਪਣੀ ਪਹਿਲੀ ਮਿਲਣੀ ਦੌਰਾਨ ਉਸ ਨੇ ਸੋਹਮ ਨੂੰ ਕਿਹਾ, ਸੋਹਮ ਜੀ, ਕੀ ਇਹ ਹੋ ਸਕਦੈ ਕਿ ਅੱਜ ਦਾ ਦਿਨ ਆਪਾਂ ਆਪਣੇ ਇਤਿਹਾਸ ਵਿੱਚੋਂ ਖ਼ਾਰਜ ਹੀ ਕਰ ਦੇਈਏ?........ਤੇ ਇਹ ਵੀ ਕਿ ਆਪਾਂ ਪਹਿਲਾਂ ਵੀ ਕਿਤੇ ਮਿਲੇ ਸਾਂ? ਇਹ ਝੂਠ ਸੋਹਮ ਤੇ ਪੱਲਵੀ ਦੇ ਗੁਨਾਹਾਂ ਦੀ ਪਹਿਲ ਸੀ ਕਿ ਦੋਹਾਂ ਨੇ ਆਪਣੇ-ਆਪਣੇ ਪਰਵਾਰ ਤੋਂ ਇਹ ਗੱਲ ਲੁਕਾ ਕੇ ਰੱਖੀ। ਹੌਲੀ-ਹੌਲੀ ਆਪਣੀ ਜ਼ਿੰਦਗੀ ਦੀ ਮਸਰੂਫੀਅਤ ਵਿੱਚ ਸੋਹਮ ਇੰਨਾ ਗਲਤਾਨ ਹੋ ਗਿਆ ਕਿ ਉਸ ਦੇ ਚੇਤੇ ਵਿੱਚੋਂ ਪੱਲਵੀ ਵਿਸਰ ਗਈ,ਪਰ ਉਸ ਦੇ ਟੈਕਸਟ ਮੈਸੇਜ ਕੁੜੀ ਜੰਮਣ 'ਤੇ ਏਨੀਆਂ ਚਪੇੜਾਂ ਖਾਣੀਆਂ ਪੈਂਦੀਆਂ, ਨਰਕ ਮੇਰਾ ਅੰਤਹੀਣ ਸਫ਼ਰ ਹੈ।

ਮੈਂ ਜਲੰਧਰ ਦੇ ਮਿਲਟਰੀ ਹਸਪਤਾਲ ਵਿੱਚ ਕੱਟੀ-ਵੱਢੀ ਪਈ ਹਾਂ, ਕੋਈ ਬਚਾਅ ਸਕਦਾ ਹੈ ਤਾਂ ਬਚਾਅ ਲਓ।

ਕੁੱਟ ਮੈਂ ਸਾਰੀ ਉਮਰ ਖਾਧੀ, ਪਰ ਕ੍ਰਿਕਟ ਦੇ ਬੈਟ ਦਾ ਮਜ਼ਾ ਪਹਿਲੀ ਵਾਰ ਚੱਖਿਆ।

ਸੋਹਮ ਨੂੰ ਝੰਜੋੜ ਕੇ ਰੱਖ ਦਿੰਦੇ, ਪਰ ਉਹ ਕੁਝ ਨਾ ਕਰ ਸਕਦਾ। ਇਹ ਮੈਸੇਜ ਦੁਬਾਰਾ ਤੋਂ ਪੱਲਵੀ ਦੀ ਯਾਦ ਦਿਵਾ ਦਿੰਦੇ। ਉਹ ਆਪਣੀ ਭੈਣ ਲਖਵੀਰਾਂ ਕੋਲ ਵੀ ਨਾ ਜਾਂਦਾ, ਕਿਉਂਕਿ ਉਹ ਉੱਥੇ ਰਹਿ ਰਹੀ ਪੱਲਵੀ ਦਾ ਸਾਹਮਣਾ ਨਹੀਂ ਸੀ ਕਰਨਾ ਚਾਹੁੰਦਾ। ਸੁਖਰਾਜ ਪੱਲਵੀ ਦੇ ਸੁਭਾਅ ਦੇ ਬਿਲਕੁਲ ਉਲਟ ਸੀ, ਵੱਧ ਤੋਂ ਵੱਧ ਔਰਤਾਂ ਦਾ ਸਾਥ ਮਾਨਣਾ ਹੀ ਉਸ ਦਾ ਨਿਸ਼ਾਨਾ ਸੀ। ਉਹ ਇਕੱਲੇ ਰਹਿਣਾ ਜ਼ਿਆਦਾ ਪਸੰਦ ਕਰਦਾ ਸੀ, ਉਸ ਨੂੰ ਕੈਨੇਡੀਅਨ ਵਾਂਗ ਤੁਰਦਿਆਂ-ਫਿਰਦਿਆਂ ਖਾਣ ਦੀ ਆਦਤ ਪੈ ਗਈ ਸੀ। ਕਦੇ ਦੇਸੀ ਖਾਣਾ ਖਾਣ ਨੂੰ ਦਿਲ ਕਰੇ ਤਾਂ ਭੈਣ ਲਖਵੀਰ ਵੱਲ ਚਲੇ ਜਾਂਦਾ, ਮਹਾਂ ਦੀ ਦਾਲ ਲਈ ਦਿਲ ਕਰੇ ਤਾਂ ਗੁਰਦੁਆਰੇ। ਇਸ ਦੇ ਉਲਟ ਸੋਹਮ ਕਿਸੇ ਸਾਥ ਦਾ ਚਾਹਵਾਨ ਸੀ। ਉਹਦੀ ਸੋਚ ਸੀ ਕਿ ਜੇ ਕੋਈ ਸਾਥ ਹੋਵੇ ਤਾਂ ਲਾਈਫ ਕੁਝ ਵੱਖਰੀ ਹੁੰਦੀ ਹੈ। ਵਿਆਹ ਕਰਾ ਕੇ ਵੀ ਉਹ ਆਪਣੇ-ਆਪ ਨੂੰ ਇਕੱਲਾ ਮਹਿਸੂਸ ਕਰਦਾ ਸੀ। ਕੁਲਜੀਤ ਨਾਲ ਵਿਆਹ ਕਰਾ ਕੇ ਵੀ ਉਹ ਸੱਤ-ਅੱਠ ਸਾਲਾਂ ਵਿੱਚ ਉਹ ਸਾਂਝ ਨਾ ਬਣਾ ਸਕਿਆ, ਜੋ ਪੱਲਵੀ ਨਾਲ ਇੱਕ ਮਿਲਣੀ ਦੌਰਾਨ ਹੀ ਬਣ ਗਈ। ਅਸਲ ਵਿੱਚ ਸੋਹਮ ਦਾ ਪੱਲਵੀ ਵੱਲ ਝੁਕਾਅ ਦਾ ਕਾਰਨ ਹੀ ਕੁਲਜੀਤ ਦੀ ਬੇਪਰਵਾਹੀ ਸੀ। ਇਸ ਦੇ ਉਲਟ ਸੁਖਰਾਜ ਨੇ ਪੱਲਵੀ ਨਾਲ ਵਿਆਹ ਸਿਰਫ਼ ਬੱਚਿਆਂ ਲਈ ਹੀ ਕਰਵਾਇਆ ਸੀ, ਪਰ ਜਦੋਂ ਪੱਲਵੀ ਉਸ ਨੂੰ ਮੁੰਡਾ ਜੰਮ ਕੇ ਨਾ ਦੇ ਸਕੀ ਤਾਂ ਉਸ ਨੇ ਪੱਲਵੀ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ।ਉਹ ਪੱਲਵੀ ਨੂੰ ਬਹੁਤ ਤੰਗ ਕਰਿਆ ਕਰਦਾ ਸੀ। ਸ਼ਾਮਲੀ ਦੇ ਵਿਆਹ 'ਤੇ ਦੁਬਾਰਾ ਜਦੋਂ ਪੱਲਵੀ ਤੇ ਸੋਹਮ ਦਾ ਮੇਲ ਹੁੰਦਾ ਹੈ ਤਾਂ ਪੱਲਵੀ ਆਪਣੇ ਸਾਰੇ ਗਿਲੇ-ਸ਼ਿਕਵੇ ਸੋਹਮ ਨਾਲ ਸਾਂਝੇ ਕਰਦੀ ਹੈ, ਪੱਲਵੀ ਸੋਹਮ ਵੱਲੋਂ ਹਮਦਰਦੀ ਦੀ ਚਾਹਵਾਨ ਸੀ। ਸੁਖਰਾਜ ਵੱਲੋਂ ਦਿੱਤੇ ਤਸੀਹਿਆਂ ਤੋਂ ਦੁਖੀ ਉਸ ਨੂੰ ਆਪਣਾ ਹਮਦਰਦ ਸੋਹਮ ਹੀ ਲੱਗਦਾ, ਪਰ ਸੋਹਮ ਇਸ ਨੂੰ ਪਿਆਰ ਸਮਝ ਬੈਠਦਾ ਹੈ। ਪੱਲਵੀ ਦੀ ਛੋਟੀ ਧੀ ਜਿਉਣੀ ਦੀ ਸ਼ਕਲ ਸੋਹਮ ਨਾਲ ਮਿਲਣਾ ਵੀ ਕੁਦਰਤੀ ਸੀ, ਜਦਕਿ ਸੋਹਮ ਦਾ ਪੱਲਵੀ ਨਾਲ ਕੋਈ ਜੈਨੇਟਿਕ ਸੰਬੰਧ ਨਹੀਂ ਸੀ। ਇਹ ਤਾਂ ਸਿਰਫ਼ ਸਾਈਕੋਲੋਜੀ ਸੀ ਕਿ ਮਾਂ ਜਿਸ ਬਾਰੇ ਜ਼ਿਆਦਾ ਸੋਚੇ, ਆਉਣ ਵਾਲੇ ਬੱਚੇ 'ਤੇ ਉਸ ਦਾ ਪ੍ਰਭਾਵ ਤਾਂ ਹੁੰਦਾ ਹੀ ਹੈ। ਜਦੋਂ ਜਿਊਣੀ ਸੋਹਮ ਤੋਂ ਉਸ ਨਾਲ ਰਲਦੀ ਸ਼ਕਲ ਬਾਰੇ ਸਵਾਲ ਪੁੱਛਦੀ ਤਾਂ ਸੋਹਮ ਇਸ ਨੂੰ ਕਾਦਰ ਦੀ ਕੁਦਰਤ ਕਹਿੰਦਾ। ਪੱਲਵੀ ਸੋਹਮ ਤੋਂ ਸਿਰਫ਼ ਹਮਦਰਦੀ ਚਾਹੁੰਦੀ ਸੀ। ਉਸ ਦਾ ਹਰ ਮੈਸੇਜ ਸਿਰਫ਼ ਇਨਸਾਨੀ ਹਮਦਰਦੀ ਦੀ ਮੰਗ ਕਰਦਾ ਸੀ। ਬੇਸ਼ੱਕ ਇਸ ਦਾ ਸੋਹਮ 'ਤੇ ਡੂੰਘਾ ਅਸਰ ਹੁੰਦਾ, ਪਰ ਉਹ ਇਸ ਦਾ ਜਵਾਬ ਦੇਣ ਨੂੰ ਤਬਾਹੀ ਦਾ ਰਾਹ ਮੰਨਦਾ ਸੀ। ਪੱਲਵੀ ਦਾ ਕਹਿਣਾ ਸੀ ਕਿ ਜੇ ਕੋਈ ਕਿਸੇ ਦੇ ਜ਼ਖ਼ਮਾਂ ਨੂੰ ਸਹਿਲਾ ਦੇਵੇ ਤਾਂ ਪੀੜ ਜਾਂਦੀ ਰਹਿੰਦੀ ਹੈ ਸਿਰਫ਼ ਇੰਨੀ ਕੁ ਉਸ ਨੂੰ ਉਡੀਕ ਸੀ। ਪੱਲਵੀ ਦੀ ਜ਼ਿੰਦਗੀ ਵਿੱਚ ਬਹੁਤ ਗਮ ਆਏ, ਪਰ ਉਸ ਨੇ ਗਮ ਦੀਆਂ ਚਿੜੀਆਂ ਨੂੰ ਆਪਣੇ ਸਿਰ ਵਿੱਚ ਆਲ੍ਹਣਾ ਨਹੀਂ ਪਾਉਣ ਦਿੱਤਾ, ਸ਼ਾਇਦ ਇਸੇ ਲਈ ਉਸ ਨੇ ਹਾਲਾਤ ਨਾਲ ਸਮਝੌਤਾ ਕਰ ਲਿਆ। ਉਹ ਤਾਂ ਸੋਹਮ ਤੋਂ ਸਿਰਫ਼ ਹਮਦਰਦੀ ਮੰਗਦੀ ਸੀ। ਉਸ ਨੂੰ ਕੋਈ ਵੀ ਹਮਦਰਦ ਨਹੀਂ ਸੀ ਮਿਲਿਆ, ਜੋ ਉਸ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਾ ਸਕੇ। ਪੱਲਵੀ ਸੋਹਮ ਤੋਂ ਆਸ ਕਰਦੀ ਰਹੀ, ਪਰ ਸੋਹਮ ਲੋਕਾਚਾਰੀ ਤੇ ਸਮਾਜ ਤੋਂ ਡਰਦਾ ਉਸ ਦੇ ਨੇੜੇ ਨਾ ਲੱਗਦਾ। ਸ਼ਾਮਲੀ ਦੇ ਵਿਆਹ 'ਤੇ ਹੀ ਜਦੋਂ ਪੱਲਵੀ ਉਸ ਨੂੰ ਬਲਰਾਜ ਦੇ ਸਟੋਰ ਛੱਡਣ ਜਾਂਦੀ ਹੈ ਤਾਂ ਉਹਨਾਂ ਦੋਵਾਂ ਵਿੱਚ ਖੁੱਲ੍ਹ ਕੇ ਗੱਲਾਂ ਹੁੰਦੀਆਂ ਹਨ। ਪੱਲਵੀ ਗਿਲਾ ਕਰਦੀ ਹੈ ਕਿ ਉਹ ਉਡੀਕਦੀ ਰਹੀ ਕਿ ਬਰਫ਼ ਪਿਘਲੇਗੀ, ਪਰ ਸੋਹਮ 'ਤੇ ਇਸ ਦਾ ਕੋਈ ਅਸਰ ਨਾ ਹੋਇਆ। ਸੋ ਉਹ ਵੀ ਅੱਗੋਂ ਪੱਲਵੀ ਨੂੰ ਸ਼ਿਕਾਇਤ ਕਰਦਾ ਹੈ ਕਿ ਜੇ ਉਹ ਬਰਫ਼ ਨੂੰ ਤੋੜਨ ਵਿੱਚ ਕਮਜ਼ੋਰ ਪੈ ਗਿਆ ਤਾਂ ਉਹ ਪਹਿਲ ਕਰ ਦਿੰਦੀ। ਪੱਲਵੀ ਇਸ ਮੌਕੇ ਨੂੰ ਖੁੰਝਾਉਣਾ ਨਹੀਂ ਚਾਹੁੰਦੀ ਤੇ ਕਾਰ ਇੱਕ ਪਾਸੇ ਖੜੀ ਕਰ ਲੈਂਦੀ ਹੈ। ਸੋਹਮ ਰੋਂਦੀ ਹੋਈ ਪੱਲਵੀ ਨੂੰ ਚੁੱਪ ਕਰਾਉਂਦਾ ਹੈ ਤੇ ਉਹਨਾਂ ਦੋਵਾਂ ਵਿੱਚ ਫਿਰ ਤੋਂ ਇੱਕ ਸਾਂਝ ਬਣ ਜਾਂਦੀ ਹੈ। ਸੋਹਮ ਉਸ ਦੇ ਦੋਵੇਂ ਹੱਥ ਆਪਣੇ ਹੱਥਾਂ ਵਿੱਚ ਲੈ ਕੇ ਘੁੱਟਦਾ ਹੈ ਤੇ ਸੋਹਮ ਉਸ ਦਾ ਹਮਦਰਦ ਬਣਨ ਦਾ ਫੈਸਲਾ ਕਰ ਹੀ ਲੈਂਦਾ ਹੈ। ਵੈਨਕੂਵਰ ਤੋਂ ਟੋਰਾਂਟੋ ਜਾਣ ਲਈ ਉਹ ਰਸਤੇ ਵਿੱਚ ਟੋਰਾਂਟੋ ਰੁਕਣ ਦਾ ਫੈਸਲਾ ਕਰ ਲੈਂਦਾ ਹੈ। ਕਹਾਣੀ ਦਾ ਅੰਤ ਇਹ ਸੰਕੇਤ ਦਿੰਦਾ ਹੈ ਕਿ ਕਈ ਵਾਰ ਜਦੋਂ ਕਿਸੇ ਚੀਜ਼ ਤੋਂ ਜ਼ਿੰਦਗੀ ਭਰ ਨੱਸਿਆ ਜਾਏ ਤਾਂ ਕੁਦਰਤ ਕਈ ਵਾਰ ਉਹਦੇ ਨਾਲ ਆਹਮਣਾ-ਸਾਹਮਣਾ ਕਰਵਾ ਦਿੰਦੀ ਹੈ। ਅਜਿਹਾ ਕੁਝ ਹੀ ਸੋਹਮ ਦੇ ਨਾਲ ਹੋਇਆ। ਜਿਸ ਚੀਜ਼ ਤੋਂ ਸੋਹਮ ਜ਼ਿੰਦਗੀ ਭਰ ਨੱਸਦਾ ਰਿਹਾ, ਅਖ਼ੀਰ ਜ਼ਿੰਦਗੀ ਨੇ ਉਸ ਨੂੰ ਉਸ ਮੋੜ 'ਤੇ ਲਿਆ ਕੇ ਹੀ ਖੜਾ ਕਰ ਦਿੱਤਾ। ਸੁਖਰਾਜ ਦੇ ਨਾ ਹੋਣ ਕਰਕੇ ਉਹ ਹੁਣ ਪੱਲਵੀ ਦੇ ਹਮਦਰਦ ਵਜੋਂ ਉਸ ਦੇ ਨਾਲ ਖੜਾ ਹੋਣ ਲਈ ਤਿਆਰ ਹੋ ਜਾਂਦਾ, ਇਸ ਨੂੰ ਵੀ ਉਹ ਕਾਦਰ ਦੀ ਮਰਜ਼ੀ ਹੀ ਦੱਸਦਾ ਹੈ। ਨਾਵਲਕਾਰ ਨੇ ਸਾਰੇ ਹੀ ਪਾਤਰਾਂ ਦੇ ਅਧੂਰੇਪਣ ਦੀ ਕਹਾਣੀ ਕਹੀ ਹੈ। ਸੋਹਮ ਪਤਨੀ ਦੇ ਹੁੰਦਿਆਂ ਵੀ ਕੁਲਜੀਤ ਪਤੀ ਦੀ ਬਜਾਏ ਜੌਬ ਵੱਲ ਜ਼ਿਆਦਾ ਧਿਆਨ ਦੇਣ ਕਾਰਨ ਸੁਖਰਾਜ ਆਪਣੀ ਅੱਯਾਸ਼ੀ ਕਾਰਨ ਤੇ ਪੱਲਵੀ ਇਕ ਚੰਗਾ ਤੇ ਹਮਦਰਦ ਸਾਥੀ ਨਾ ਮਿਲਣ ਕਰਕੇ ਅਧੂਰੇ ਸਨ। ਹਰਜੀਤ ਅਟਵਾਲ ਨੇ ਸੋਹਮ ਪਾਤਰ ਰਾਹੀਂ ਕੁਝ ਦਾਰਸ਼ਨਿਕ ਗੱਲਾਂ ਰਾਹੀਂ ਜ਼ਿੰਦਗੀ ਦੇ ਅਧੂਰੇਪਣ ਦੀ ਤੜਪ ਨੂੰ ਪੇਸ਼ ਕੀਤਾ ਹੈ। 14 ਹਿੱਸਿਆਂ ਵਿੱਚ ਵੰਡੇ ਇਸ ਨਾਵਲ ਦਾ ਮੁੱਖ ਫੋਕਸ ਸੋਹਮ ਤੇ ਪੱਲਵੀ 'ਤੇ ਰਹਿੰਦਾ। ਨਾਵਲ ਦਾ ਸਿਰਲੇਖ 'ਕਾਦਰ' ਵੀ ਢੁਕਵਾਂ ਹੈ। ਸੋਹਮ ਕਾਦਰ ਦੀ ਕੁਦਰਤ ਵਿੱਚ ਯਕੀਨ ਕਰਦਾ ਪਾਤਰ ਹੈ, ਕਿਉਂਕਿ ਪੱਲਵੀ ਤੇ ਸੋਹਮ ਦਾ ਮੇਲ ਕਾਦਰ ਦੀ ਮਰਜ਼ੀ ਨਾਲ ਹੀ ਹੋਣਾ ਸੀ, ਇਸੇ ਲਈ ਉਹ ਕਹਿੰਦਾ, ਮੈਂ ਅਕਸਰ ਆਪਣੇ ਆਪ ਨੂੰ ਹਾਲਾਤ ਦੇ ਹਵਾਲੇ ਛੱਡ ਦਿੰਨਾ ਜਿੱਦਾਂ ਕਿਸ਼ਤੀ ਛੱਲਾਂ ਸਹਾਰੇ ਛੱਡੀਦੀ ਐ,.... ਆਉਣ ਵਾਲੇ ਸਮੇਂ ਬਾਰੇ ਸਾਨੂੰ ਕੁਝ ਨਹੀਂ ਪਤਾ ਹੁੰਦਾ। ਬੇਸ਼ੱਕ ਸੋਹਮ ਕੁਝ ਗੱਲਾਂ ਕਾਦਰ 'ਤੇ ਛੱਡ ਕੇ ਆਪਣੇ ਮਨ ਨੂੰ ਸੰਤੁਸ਼ਟ ਕਰਦਾ ਹੈ, ਪਰ ਅੰਦਰੋਂ-ਅੰਦਰ ਉਹ ਇਹ ਲੜਾਈ ਆਪਣੇ ਆਪ ਨਾਲ ਲੜਦਾ ਪ੍ਰਤੀਤ ਹੁੰਦਾ ਹੈ। ਨਾਵਲ ਦੇ ਅੰਤ ਵਿੱਚ ਉਹ ਆਪਣੇ ਦੁਆਰਾ ਛੱਡੀ ਅਧੂਰੀ ਕਹਾਣੀ ਨੂੰ 'ਟੋਰੰਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ' ਰਾਹੀਂ ਲੰਡਨ ਜਾਣ ਦੇ ਫੈਸਲੇ ਰਾਹੀਂ ਉਹ ਇਸ ਕਹਾਣੀ ਨੂੰ ਪੂਰਾ ਕਰਨ ਦਾ ਯਤਨ ਕਰਦਾ ਹੈ। ਨਾਵਲ ਵਿਚਲਾ ਰੱਸ ਪਾਠਕ ਨੂੰ ਇਕ ਬੈਠਕ ਵਿੱਚ ਹੀ ਨਾਵਲ ਪੜ੍ਹਨ ਲਈ ਉਤਸ਼ਾਹਿਤ ਕਰਦਾ ਹੈ। ਸਾਰੇ ਨਾਵਲ ਵਿੱਚ ਪ੍ਰਭਾਵ ਦੀ ਏਕਤਾ ਵੀ ਬਣੀ ਰਹਿੰਦੀ ਹੈ। ਬਹੁਤ ਵਧੀਆ ਨਾਵਲ ਹੈ। ਆਸ ਹੈ ਕਿ ਪਿਛਲੇ ਨਾਵਲਾਂ ਦੀ ਤਰ੍ਹਾਂ ਇਸ ਨੂੰ ਵੀ ਭਰਪੂਰ ਹੁੰਗਾਰਾ ਮਿਲੇਗਾ। ਇਸ ਖ਼ੂਬਸੂਰਤ ਨਾਵਲ ਨੂੰ ਸਾਹਿਤ ਜਗਤ ਵਿੱਚ ਜੀ ਆਇਆਂ।

ਮੋਬਾ. 98555-95818

# ਦਲਿਤ ਸਰੋਕਾਰਾਂ ਦੀ ਭਾਵੁਕਤਾ ਮੁਕਤ ਪਛਾਣ ਕਰਦੀ ਦ੍ਰਿਸ਼ਟੀ

**ਸਾਹਿਤ ਚਿੰਤਨ**

**ਨਿਰੰਜਣ ਬੋਹਾ**

## ਭਗਵੰਤ ਰਸੂਲਪੁਰੀ ਦੀ ਕਥਾ ਦ੍ਰਿਸ਼ਟੀ : ਦਲਿਤ ਪਰਿਪੇਖ

ਡਾ. ਸੰਦੀਪ ਕੌਰ ਨੂਰਦੀ
ਪੰਨੇ-96, ਮੁੱਲ-200 ਰੁਪਏ
ਪਰਵਾਜ਼ ਪ੍ਰਕਾਸ਼ਨ, ਜਲੰਧਰ




ਭਾਵੇਂ ਭਗਵੰਤ ਰਸੂਲਪੁਰੀ ਦੀ ਕਥਾ ਦ੍ਰਿਸ਼ਟੀ ਦੇ ਅਨੇਕਾਂ ਹੀ ਮਾਨਵੀ ਪਸਾਰ ਹਨ, ਪਰ ਉਸ ਦੀ ਕਹਾਣੀ ਦਾ ਦਲਿਤ ਪਰਿਪੇਖ ਉਸ ਨੂੰ ਵਿਸ਼ੇਸ਼ ਤੌਰ 'ਤੇ ਉਨ੍ਹਾਂ ਕਹਾਣੀਕਾਰਾਂ ਦੀ ਕਤਾਰ ਵਿੱਚ ਲਿਆ ਖੜ੍ਹਾ ਕਰਦਾ ਹੈ, ਜਿਨ੍ਹਾਂ ਦੇ ਜ਼ਿਹਨ ਵਿਚ ਹੱਡੀਂ ਹੰਢਾਈ ਦਲਿਤ ਵੇਦਨਾ ਦਾ ਯਥਾਰਥਕ ਅਨੁਭਵ ਅਤੇ ਦਲਿਤ ਮੁਕਤੀ ਦਾ ਭਰੋਸੇਯੋਗ ਮਾਡਲ ਸੁਰੱਖਿਅਤ ਹੈ। ਇਹ ਰਸੂਲਪੁਰੀ ਦੀ ਕਹਾਣੀ ਕਲਾ ਦੀ ਖਾਸ ਪ੍ਰਾਪਤੀ ਹੈ ਕਿ ਸਬਾਲਟਰਨ ਕਬੀਲਿਆਂ ਤੇ ਦਲਿਤ ਜੀਵਨ ਪੱਧਤੀ ਦੇ ਅਧਿਐਨ ਵਿਚ ਡੂੰਘੀ ਦਿਲਚਸਪੀ ਰੱਖਦੀ ਖੋਜਾਰਥੀ ਡਾ. ਸੰਦੀਪ ਕੌਰ ਨੂਰਦੀ ਨੇ ਆਪਣੀ ਨਵੀਂ ਖੋਜ ਪੁਸਤਕ 'ਭਗਵੰਤ ਰਸੂਲਪੁਰੀ ਦੀ ਕਥਾ ਦ੍ਰਿਸ਼ਟੀ : ਦਲਿਤ ਪਰਿਪੇਖ' ਰਾਹੀਂ ਉਸ ਦੀ ਕਹਾਣੀਆਂ ਦੀਆਂ ਉਨ੍ਹਾਂ ਵਿਸ਼ੇਸ਼ਤਾਈਆਂ ਨੂੰ ਵਿਸ਼ੇਸ਼ ਤੌਰ 'ਤੇ ਉਭਾਰਿਆ ਹੈ, ਜਿਹੜੀਆਂ ਸਮਕਾਲ ਦੇ ਕਹਾਣੀਕਾਰਾਂ ਵਿਚ ਉਸ ਨੂੰ ਵੱਖਰੀ ਪਛਾਣ ਦਿੰਦੀਆਂ ਹਨ। ਖੋਜੀ ਲੇਖਿਕਾ ਉਸ ਦੀਆਂ ਛੇ ਕਥਾ ਪੁਸਤਕਾਂ 'ਕੁਵੇਲੇ ਤੁਰਿਆ ਪਾਂਧੀ', 'ਮੈਂ, ਸ਼ੈਤਾਨ ਤੇ ਇੰਦੂਮਣੀ', 'ਤੀਜਾ ਨੇਤਰ', 'ਮਰਨ ਰੁੱਤ', 'ਕੁੰਭੀ ਨਰਕ' ਤੇ 'ਡਲਿਵਰੀ ਮੈਨ' ਵਿੱਚੋਂ ਦਲਿਤ ਸਰੋਕਾਰਾਂ ਨਾਲ ਸੰਬੰਧਤ 32 ਕਹਾਣੀਆਂ ਦਾ ਬਹੁ-ਪਰਤੀ, ਬਹੁ-ਸਰੋਕਾਰੀ ਤੇ ਬਹੁ-ਮੰਤਵੀ ਅਧਿਐਨ ਕਰਕੇ ਉਸ ਦੀ ਕਥਾ ਦ੍ਰਿਸ਼ਟੀ ਦੀਆਂ ਨਿਵੇਕਲੀਆਂ ਰਮਜ਼ਾਂ ਰਾਹੀਂ ਸਿਰਜਿਤ ਹੁੰਦੇ ਦਲਿਤ ਮੁਕਤੀ ਦੇ ਪਰਿਪੇਖ ਨੂੰ ਪਰਿਭਾਸ਼ਿਤ ਕਰਨ ਦੀ ਇਮਾਨਦਾਰ ਕੋਸ਼ਿਸ਼ ਕਰਦੀ ਹੈ। ਉਸ ਦੀ ਇਹ ਕੋਸ਼ਿਸ਼ ਲੇਖਕ ਤੇ ਪਾਠਕ ਦੋਹਾਂ ਲਈ ਨਿਆਂਕਾਰੀ ਸਾਬਤ ਹੋਈ ਹੈ।

ਭਗਵੰਤ ਰਸੂਲਪੁਰੀ ਦੀ ਕਥਾ ਦ੍ਰਿਸ਼ਟੀ ਦੇ ਦਲਿਤ ਪਰਿਪੇਖ ਬਾਰੇ ਸਿਲਸਿਲੇਵਾਰ ਸੰਵਾਦਕ ਚਰਚਾ ਕਰਨ ਲਈ ਇਸ ਪੁਸਤਕ ਵਿਚ ਅੱਠ ਸੁਤੰਤਰ ਚੈਪਟਰ ਸ਼ਾਮਲ ਕੀਤੇ ਗਏ ਹਨ, ਜੋ ਦਲਿਤ ਮਨੁੱਖ ਦੀ ਹੋਂਦ ਨਾਲ ਜੁੜੇ ਸੁਆਲਾਂ ਬਾਰੇ ਕਹਾਣੀਕਾਰ ਦੀ ਸਮਝ ਨੂੰ ਉਚੇਚੇ ਤੌਰ 'ਤੇ ਆਪਣੇ ਵਿਸ਼ਲੇਸ਼ਣੀ ਬੋਧ ਦਾ ਹਿੱਸਾ ਬਣਾਉਂਦੇ ਹਨ। ਪੁਸਤਕ ਦਾ ਪਹਿਲਾ ਚੈਪਟਰ 'ਦਲਿਤ ਮਨੁੱਖ ਦੀ ਮਨੋਰੋਗੀ ਵੇਦਨਾ', ਰਸੂਲਪੁਰੀ ਦੀ ਕਹਾਣੀ 'ਕੀੜਾ', 'ਕਸੂਰਵਾਰ', 'ਸ਼ੈਤਾਨ', 'ਡਾਕੂਮੈਂਟਰੀ', 'ਦੀਪਾ ਅਜਿਹਾ ਨਹੀਂ', 'ਗੰਧ' ਤੇ 'ਵਿੱਥਾਂ ਦੇ ਪਾਰ' ਨੂੰ ਆਪਣੇ ਫੋਕਸ ਵਿਚ ਰੱਖ ਕੇ ਸਮਾਜਿਕ, ਆਰਥਿਕ ਤੇ ਮਾਨਸਿਕ ਅਪੂਰਤੀਆਂ ਦਾ ਮਨੋ- ਸੰਤਾਪ ਹੰਢਾ ਰਹੇ ਦਲਿਤ ਵਰਗ ਦੇ ਪਾਤਰਾਂ ਅੰਦਰਲੀ ਹੀਣਤਾ, ਮਨੋਰੋਗੀ ਵੇਦਨਾ ਤੇ ਦੁਬਿਧਾ ਦਾ ਬਹੁਪਰਤੀ ਅਧਿਐਨ ਪੇਸ਼ ਕਰਦਾ ਹੈ। ਇਹਨਾਂ ਕਹਾਣੀਆਂ ਦੇ ਪਾਠ ਤੋਂ ਬਾਅਦ ਬਣੀ ਸਮਝ ਅਨੁਸਾਰ ਦਲਿਤ ਮਨੁੱਖ ਦੀ ਨਿੱਘਰੀ ਆਰਥਿਕਤਾ ਜਿੱਥੇ ਉਸ ਦੀ ਸਮਾਜਿਕ ਹੋਂਦ ਦਾ ਵਿਸਥਾਰ ਨਹੀਂ ਹੋਣ ਦਿੰਦੀ, ਉੱਥੇ ਉਸ ਦੀਆਂ ਕਾਮੁਕ ਤ੍ਰਿਪਤੀ ਦੇ ਰਾਹ ਦੀ ਰੁਕਾਵਟ ਵੀ ਬਣਦੀ ਹੈ ।ਡਾ. ਸੰਦੀਪ ਦੀ ਖੋਜੀ ਦ੍ਰਿਸ਼ਟੀ ਅਪ੍ਰਾਪਤੀਆਂ ਤੇ ਅਤ੍ਰਿਪਤੀਆਂ ਕਾਰਨ ਪੈਦਾ ਹੋਈਆਂ ਮਾਨਸਿਕ ਗੁੰਝਲਾਂ ਦਾ ਸ਼ਿਕਾਰ ਹੋਏ ਕਹਾਣੀਆਂ ਦੇ ਪਾਤਰਾਂ ਦੇ ਮਨ ਦੀ ਗਹਿਰਾਈ ਤੱਕ ਅੱਪੜ ਕੇ ਉਹ ਕਾਰਨ ਲੱਭਦੀ ਹੈ, ਜਿਹੜੇ ਉਹਨਾਂ ਨੂੰ ਮਨੋਰੋਗੀ ਬਣਾਉਣ ਵਿਚ ਵੱਡੀ ਭੂਮਿਕਾ ਨਿਭਾਉਂਦੇ ਹਨ।

ਪੁਸਤਕ ਦੇ ਚੈਪਟਰ 'ਦਲਿਤ ਅਤੇ ਪੂੰਜੀਵਾਦੀ ਪਸਾਰ' ਅਨੁਸਾਰ ਭਾਵੇਂ ਪੂੰਜੀਵਾਦੀ ਯੁੱਗ ਦੀ ਆਮਦ ਨੇ ਛੂਆਛਾਤ ਵਰਗੀਆਂ ਅਲਾਮਤਾਂ ਨੂੰ ਖਤਮ ਕਰਕੇ ਦਲਿਤ ਵਰਗ ਨੂੰ ਕੁਝ ਮਾਨਸਿਕ ਰਾਹਤ ਪ੍ਰਦਾਨ ਕੀਤੀ ਹੈ, ਪਰ ਇਸ ਯੁੱਗ ਨੇ ਦਲਿਤ ਵਰਗ ਤੋਂ ਉਸ ਦੇ ਪ੍ਰੰਪਰਾਗਤ ਕਿੱਤੇ ਖੋਹ ਕੇ ਉਸ ਨੂੰ ਸਮਾਜਿਕ ਤੇ ਆਰਥਿਕ ਤੌਰ 'ਤੇ ਹੋਰ ਵੀ ਹਾਸ਼ੀਆਗਤ ਤੇ ਹੀਣਾ ਬਣਾ ਦਿੱਤਾ ਹੈ। ਪੁਸਤਕ ਅਨੁਸਾਰ ਮਸ਼ੀਨੀਕਰਨ ਨੇ ਉਸ ਦੇ ਰੁਜ਼ਗਾਰ ਦੇ ਵਸੀਲਿਆਂ ਨੂੰ ਵੀ ਉਸ ਤੋਂ ਖੋਹ ਲਿਆ ਹੈ, ਜਿਸ ਕਾਰਨ ਪੀੜ੍ਹੀ-ਦਰ-ਪੀੜ੍ਹੀ ਚਮੜਾ ਰੰਗਣ ਦਾ ਕੰਮ ਕਰਦੇ ਰਹੇ ਇਸ ਵਰਗ ਦੇ ਲੋਕ ਹੁਣ ਸਰਮਾਏਦਾਰਾਂ ਵੱਲੋਂ ਲਾਏ ਚਮੜਾ ਰੰਗਣ ਦੇ ਕਾਰਖਾਨਿਆਂ ਵਿਚ ਮਜ਼ਦੂਰੀ ਕਰਨ ਲਈ ਮਜਬੂਰ ਹਨ। ਰਸੂਲਪੁਰੀ ਦੀ ਕਹਾਣੀ 'ਕਬਰਗਾਹ' ਤੇ 'ਕੁੰਭੀ ਨਰਕ' ਦੇ ਪਾਠ ਦੇ ਹਵਾਲੇ ਨਾਲ ਲੇਖਿਕਾ ਪੂੰਜੀਵਾਦੀ ਯੁੱਗ ਦੇ ਖਪਤ ਸੱਭਿਆਚਾਰ ਵੱਲੋਂ ਸਮਾਜ ਦੀਆਂ ਨੈਤਿਕ ਕੀਮਤਾਂ ਦਾ ਘਾਣ ਕੀਤੇ ਜਾਣ ਦੀਆਂ ਉਦਾਹਰਨਾਂ ਦੀ ਸ਼ਿੱਦਤ ਬਿਆਨੀ ਕਰਦੀ ਹੈ ਕਿ ਕਿਸ ਤਰ੍ਹਾਂ ਸਰਮਾਏਦਾਰ ਦਲਿਤ ਲੋਕਾਂ ਦੀਆਂ ਮਜਬੂਰੀਆਂ ਨੂੰ ਆਪਣੇ ਸਵਾਰਥ ਲਈ ਵਰਤ ਰਹੇ ਹਨ ਤੇ ਇਸ ਸਮੇਤ ਸਮਾਜ ਦਾ ਸਾਰਾ ਗਰੀਬ ਤਬਕਾ ਸਰਮਾਏ ਵੱਲੋਂ ਕੀਤੀ ਲੁੱਟ ਨੂੰ ਸਹਿਣ ਕਰ ਰਿਹਾ ਹੈ।

ਚੈਪਟਰ 'ਦਲਿਤ ਪਛਾਣ ਅਤੇ ਮੁਕਤੀ ਦਾ ਪ੍ਰਵਚਨ' ਦਲਿਤ ਵਰਗ ਵੱਲੋਂ ਆਪਣੇ ਸਮਾਜਿਕ, ਆਰਥਿਕ, ਰਾਜਨੀਤਕ ਤੇ ਸੱਭਿਆਚਾਰਕ ਅਧਿਕਾਰਾਂ ਲਈ ਸਦੀਆਂ ਤੋਂ ਲੜੇ ਜਾ ਰਹੇ ਸੰਘਰਸ਼ ਦਾ ਭਾਵੁਕਤਾ ਮੁਕਤ ਦ੍ਰਿਸ਼ਟੀਕੋਨ ਤੋਂ ਲੇਖਾ-ਜੋਖਾ ਕਰਦਾ ਹੈ। ਇਸ ਚੈਪਟਰ ਅਨੁਸਾਰ ਰਸੂਲਪੁਰੀ ਦੀਆਂ ਕਹਾਣੀਆਂ 'ਡੰਕਾ', 'ਜੜ੍ਹਾਂ', 'ਰੰਗਾਂ ਦੀ ਸਾਂਝ-ਸਮਾਜ ਵਿਗਿਆਨ', 'ਫੈਸਲਾ' ਅਤੇ 'ਗੜ੍ਹੀ ਪਿੰਡ ਦੀ ਕਹਾਣੀ' ਆਦਿ ਦਲਿਤ ਪਛਾਣ ਤੇ ਮੁਕਤੀ ਦੇ ਪ੍ਰਵਚਨ ਬਾਰੇ ਆਪਣੇ ਨਜ਼ਰੀਏ ਨੂੰ ਸਪੱਸ਼ਟ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਰੱਖਦੀਆਂ । ਉਹ ਇਸ ਤੱਥ ਨੂੰ ਚੰਗੀ ਤਰ੍ਹਾਂ ਸਮਝਦਾ ਹੈ ਕਿ ਦਲਿਤ ਵਰਗ ਨੂੰ ਹੈਂਕੜ ਤੇ ਧੱਕੜਪੁਣੇ ਨਾਲ ਦਬਾਅ ਕੇ ਰੱਖਣ ਵਾਲੀ ਜਗੀਰਦਾਰਾ ਯੁੱਗ ਦੀ ਹਵੇਲੀ ਹੁਣ ਸਰਮਾਏਦਾਰੀ ਯੁੱਗ ਵਿਚ ਚੁਸਤੀਆਂ, ਚਲਾਕੀਆਂ ਤੇ ਦੰਭੀ ਮਾਨਸਿਕਤਾ ਵਾਲੀ ਕੋਠੀ ਵਿਚ ਬਦਲ ਚੁੱਕੀ ਹੈ। ਹੁਣ ਪੂੰਜੀਪਤੀ ਜਮਾਤ ਦੀਆਂ ਲੁੱਟ ਦੇ ਪੈਂਤੜਿਆਂ ਵਿਚ ਵੀ ਵੱਡੀ ਤਬਦੀਲੀ ਆ ਚੁੱਕੀ ਹੈ ਤੇ ਇਹ ਜਮਾਤ ਦਲਿਤ ਲੋਕਾਂ ਨੂੰ ਤਰ੍ਹਾਂ-ਤਰ੍ਹਾਂ ਦੇ ਸਬਜ਼ਬਾਗ ਵਿਖਾ ਕੇ ਆਪਣੀ ਸਥਾਪਤੀ ਦੇ ਸੰਦ ਵਜੋਂ ਵਰਤ ਰਹੀ ਹੈ । ਇਸ ਲਿਖਤ ਦੇ ਵਿਚਾਰਧਾਰਕ ਨਿਚੋੜ ਅਨੁਸਾਰ ਰਸੂਲਪੁਰੀ ਦੀਆਂ ਕਹਾਣੀਆਂ ਦਲਿਤ ਮੁਕਤੀ ਦੀਆਂ ਸੰਭਾਵਨਾਵਾਂ ਤੇ ਚੁਣੌਤੀਆਂ ਨੂੰ ਧਿਆਨ ਵਿਚ ਰੱਖ ਕੇ ਵਿੱਦਿਆ ਪ੍ਰਾਪਤੀ ਨੂੰ ਹੀ ਦਲਿਤ ਮੁਕਤੀ ਵੱਲ ਜਾਂਦਾ ਸਭ ਤੋਂ ਬਿਹਤਰ ਰਾਹ ਮੰਨਦੀਆਂ ਹਨ।

ਲੇਖਿਕਾ ਭਗਵੰਤ ਰਸੂਲਪੁਰੀ ਦੀਆਂ ਕਹਾਣੀਆਂ 'ਮਾਸਾਹਾਰੀ', 'ਕਸੂਰਵਾਰ', 'ਸੂਰਜ ਦੀ ਕਿਰਨ', 'ਤੀਜਾ ਨੇਤਰ', 'ਡਾਕੂਮੈਂਟਰੀ' ਤੇ 'ਮਹਾਂਮਾਯਾ' ਦੇ ਹਵਾਲੇ ਨਾਲ ਦੋਹਰੇ ਸ਼ੋਸ਼ਣ ਦਾ ਸ਼ਿਕਾਰ ਦਲਿਤ ਨਾਰੀ ਦੀਆਂ ਆਹਤ ਮਨੋ-ਸੰਵੇਦਨਾਵਾਂ ਬਾਰੇ ਵੀ ਬਹੁ-ਸਰੋਕਾਰੀ ਸੰਵਾਦਕ ਚਰਚਾ ਛੇੜਦੀ ਹੈ। ਇਹਨਾਂ ਕਹਾਣੀਆਂ ਦੇ ਬੋਧ ਅਨੁਸਾਰ ਇਕ ਤਾਂ ਦਲਿਤ ਔਰਤ ਨਿਮਨ ਵਰਗ ਨਾਲ ਸੰਬੰਧਤ ਹੋਣ ਕਾਰਨ ਸਮਾਜਿਕ ਤੇ ਆਰਥਿਕ ਪੱਖੋਂ ਦੱਬੀ-ਕੁਚਲੀ ਹੈ ਤੇ ਦੂਜਾ ਉਸ ਨੂੰ ਆਪਣੀ ਹੀ ਵਰਗ ਦੀ ਮਰਦਾਵੀਂ ਸੱਤਾ ਦੇ ਜਬਰ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ।ਇਨ੍ਹਾਂ ਕਹਾਣੀਆਂ ਅਨੁਸਾਰ ਭਾਵੇਂ ਦਲਿਤ ਨਾਰੀ ਘਰ ਦੀ ਆਰਥਿਕਤਾ ਨੂੰ ਉਪਰ ਚੁੱਕਣ ਲਈ ਮਰਦ ਤੋਂ ਵੀ ਵੱਧ ਯੋਗ ਯੋਗਦਾਨ ਪਾ ਰਹੀ ਹੈ, ਪਰ ਫਿਰ ਵੀ ਉਹ ਘਰ ਦੀ ਹਕੂਮਤੀ ਧਿਰ ਮਰਦ ਹੀ ਹੈ ਤੇ ਔਰਤ ਉਸ ਦੀਆਂ ਮਨ ਆਈਆਂ ਸਹਿਣ ਕਰਨ ਲਈ ਮਜਬੂਰ ਹੈ।

ਪੁਸਤਕ ਦਾ ਇੱਕ ਵੱਖਰਾ ਚੈਪਟਰ ਦਲਿਤ ਮੁਕਤੀ ਵਿਚ ਵੱਡੀ ਰੁਕਾਵਟ ਬਨਣ ਵਾਲੇ ਆਪਸੀ ਤਨਾਓ ਤੇ ਟਕਰਾਓ ਬਾਰੇ ਤਿੱਖੀ ਸੰਵਾਦਕ ਚਰਚਾ ਛੇੜਦਾ ਹੈ। ਇਹ ਇਸ ਵਰਗ ਦਾ ਕੌੜਾ ਸੱਚ ਹੈ ਕਿ ਇਸ ਵਿਚ ਪੈਦਾ ਹੋਇਆ ਮੱਧ ਵਰਗ ਨਵੀਂ ਪੂੰਜੀਵਾਦੀ ਚੇਤਨਾ ਗ੍ਰਹਿਣ ਕਰਕੇ ਆਪਣੇ ਹੀ ਵਰਗ ਦੇ ਲੋਕਾਂ ਦੀ ਲੁੱਟ ਕਰਨ ਤੇ ਉਨ੍ਹਾਂ ਨੂੰ ਦਬਾਅ ਕੇ ਰੱਖਣ ਦੇ ਮਾਮਲੇ ਵਿੱਚ ਕਥਿਤ ਉੱਚ ਵਰਗ ਦੇ ਲੋਕਾਂ ਤੋਂ ਘੱਟ ਨਹੀਂ ਹੈ। ਆਪਣੀ ਉਕਤ ਸਮਝ ਦੀ ਪੁਸ਼ਟੀ ਲਈ ਲੇਖਿਕਾ ਰਸੂਲਪੁਰੀ ਦੀ ਕਹਾਣੀ 'ਵਿੱਥਾਂ ਤੋਂ ਪਾਰ', 'ਕੁੰਭੀ ਨਰਕ' ਤੇ 'ਕੁਵੇਲੇ ਤੁਰਿਆ ਪਾਂਧੀ' ਨੂੰ ਉਚੇਚੇ ਤੌਰ 'ਤੇ ਆਪਣੇ ਅਧਿਐਨ ਦਾ ਹਿੱਸਾ ਬਣਾਉਂਦੀ ਹੈ।

ਚੈਪਟਰ 'ਦਲਿਤ ਮਨੁੱਖ ਦੀ ਰਿਸ਼ਤੇਦਾਰ ਪ੍ਰਣਾਲੀ ਦੇ ਬਦਲਦੇ ਸਮੀਕਰਨ' ਪੂਰਵਲੇ ਚੈਪਟਰ ਦਾ ਅਗਲਾ ਵਿਸਥਾਰ ਪੇਸ਼ ਕਰਦਾ ਹੈ । ਇਹ ਚੈਪਟਰ ਰਸੂਲਪੁਰੀ ਦੀ ਕਥਾ ਦ੍ਰਿਸ਼ਟੀ ਰਾਹੀਂ ਰੂਪਮਾਨ ਹੋਣ ਵਾਲੇ ਰਿਸ਼ਤਾ-ਨਾਤਾ ਪ੍ਰਬੰਧ ਬਾਰੇ ਚਰਚਾ ਕਰਦਾ ਹੈ ਤਾਂ ਇਹ ਤੱਥ ਉੱਭਰ ਕੇ ਸਾਹਮਣੇ ਆਉਂਦੇ ਹਨ ਕਿ ਦਲਿਤ ਵਰਗ ਵੱਲੋਂ ਗ੍ਰਹਿਣ ਕੀਤੀ ਜਾ ਰਹੀ ਪੂੰਜੀਵਾਦੀ ਚੇਤਨਾ ਕਾਰਨ ਸਮਾਜ ਦੇ ਹੋਰ ਵਰਗਾਂ ਵਾਂਗ ਇਸ ਵਰਗ ਦੇ ਰਿਸ਼ਤੇ ਵੀ ਆਪਣੀ ਹੰਢਣਸਾਰਤਾ ਤੇ ਭਰੋਸੇਯੋਗਤਾ ਗੁਆਉਂਦੇ ਜਾ ਰਹੇ ਹਨ। ਰਸੂਲਪੁਰੀ ਦੀ ਕਹਾਣੀ 'ਪਿੰਜਰ', 'ਕਾਫਰ', 'ਧੁੰਦ ਨੂੰ ਚੀਰਦਾ ਸੂਰਜ', 'ਬਾਰ ਪਰਾਇਆ ਬੈਸਣਾ' ਤੇ 'ਮਰਨ ਰੁੱਤ' ਦਾ ਪਾਠ ਸਮੀਖਿਅਕ ਨੂੰ ਇਸ ਨਤੀਜੇ ਤੱਕ ਪੁੱਜਦਾ ਕਰਦਾ ਹੈ ਕਿ ਦਲਿਤ ਵਰਗ ਦੇ ਪਰਿਵਾਰਕ ਤੇ ਸਾਕਾਦਾਰੀ ਸੰਬੰਧਾਂ ਵਿੱਚ ਆਉਣ ਵਾਲੀਆਂ ਤਰੇੜਾਂ ਦੇ ਕਾਰਨ ਜਮਾਤੀ ਹੀ ਨਹੀਂ, ਸਗੋਂ ਜਾਤੀ ਵੀ ਹਨ । ਇਸ ਪਾਸੇ ਆਰਥਿਕ ਥੁੜਾਂ ਤੇ ਮਾਨਸਿਕ ਅਤ੍ਰਿਪਤੀਆਂ ਇਹਨਾਂ ਸੰਬੰਧਾਂ ਵਿਚ ਤਣਾਓ ਪੈਦਾ ਕਰਦੀਆਂ ਹਨ ਤੇ ਦੂਜੇ ਪਾਸੇ ਪਦਾਰਥਕ ਹਵਸ ਅਧੀਨ ਧਨਾਢ ਸ਼੍ਰੇਣੀ ਵਿਚ ਸ਼ਾਮਲ ਹੋਏ ਆਪਣੇ ਹੀ ਇਹਨਾਂ ਦੀ ਮਾੜੀ ਸਥਿਤੀ ਦਾ ਫਾਇਦਾ ਚੁੱਕ ਰਹੇ ਹਨ।

ਪੁਸਤਕ ਦੇ ਅੰਤਲੇ ਚੈਪਟਰ ਵਿਚ ਸਮਕਾਲੀ ਦਲਿਤ ਕਹਾਣੀ ਵਿਚ ਭਗਵੰਤ ਰਸੂਲਪੁਰੀ ਦੇ ਸਥਾਨ ਦਾ ਮੁਲਾਂਕਣ ਕੀਤਾ ਗਿਆ ਹੈ। ਇਹ ਮੁਲਾਂਕਣ ਸਮਕਾਲੀ ਦਲਿਤ ਚੇਤਨਾ ਦੀ ਕਹਾਣੀ ਵਿਚ ਰਸੂਲਪੁਰੀ ਦੀ ਮੋਹਰੀ ਭੂਮਿਕਾ ਨੂੰ ਸਵੀਕਾਰਦਾ ਹੈ ਤੇ ਇਹ ਵੀ ਮੰਨਦਾ ਹੈ ਕਿ ਉਸ ਦੀਆਂ ਕਹਾਣੀਆਂ ਦਲਿਤ ਵਰਗ ਦੀ ਜਾਤੀਵਾਚਕ ਪਛਾਣ ਦੇ ਸਾਂਸਕ੍ਰਿਤਕ ਅਵਚੇਤਨ ਦੀਆਂ ਜੜ੍ਹਾਂ ਤੱਕ ਪਹੁੰਚਦੀ ਹੈ ਤੇ ਉਸ ਕੋਲ ਦਲਿਤ ਚਿੰਤਨ ਦਾ ਨਵਾਂ ਤੇ ਮੌਲਿਕ ਅਨੁਭਵ ਹੈ। ਪੁਸਤਕ ਦਾ ਅੰਤਲਾ ਸਿੱਟਾ ਇਹ ਹੈ ਕਿ ਰਸੂਲਪੁਰੀ ਦਲਿਤ ਸਮਾਜ ਦੀਆਂ ਮਹੀਨ ਪਰਤਾਂ ਨੂੰ ਖੋਲ੍ਹਣ ਤੇ ਵੇਦਨਾ ਨੂੰ ਪ੍ਰਗਟ ਕਰਨ ਦੇ ਮਾਮਲੇ ਵਿਚ ਆਪਣੇ ਸਮਕਾਲੀ ਕਥਾਕਾਰਾਂ ਨਾਲ ਬਹੁਤ ਵੱਖਰਤਾ ਰੱਖਦਾ ਹੈ ਤੇ ਇਹੀ ਵੱਖਰਤਾ ਹੀ ਉਸ ਦੀ ਵੱਡੀ ਪ੍ਰਾਪਤੀ ਹੈ।

ਇਸ ਪੁਸਤਕ ਰਾਹੀਂ ਡਾ. ਸੰਦੀਪ ਕੌਰ ਦੀ ਆਪਣੀ ਆਲੋਚਨਾਤਮਕ ਦ੍ਰਿਸ਼ਟੀ ਦੇ ਵੀ ਬਹੁਤ ਸਾਰੇ ਪਸਾਰ ਸਾਹਮਣੇ ਆਏ ਹਨ, ਜੋ ਭਵਿੱਖ ਵਿਚ ਉਸ ਨੂੰ ਕਥਾ ਸਾਹਿਤ ਬਾਰੇ ਨਿੱਗਰ ਸਮਝ ਰੱਖਦੀ ਚਿੰਤਕ ਵਜੋਂ ਸਥਾਪਤ ਕਰ ਸਕਦੇ ਹਨ। ਇਕ-ਦੋ ਥਾਈਂ ਉਸ ਦੀ ਸਮੀਖਿਆ ਦੀ ਭਾਸ਼ਾਈ ਬਣਤਰ ਵਿਚ ਅਸਪੱਸ਼ਟਤਾ ਝਲਕੀ ਹੈ, ਪਰ ਕੁਲ ਮਿਲਾ ਕੇ ਉਸ ਦੀ ਸਮੀਖਿਆ ਵਿਚ ਮੌਲਿਕਤਾ ਵੀ ਹੈ ਤੇ ਗਹਿਰਾਈ ਵੀ। ਮੈਂ ਉਸ ਦੀ ਭਾਵੁਕਤਾ ਤੇ ਨਿਆਂਕਾਰੀ ਆਲੋਚਨਾ ਦ੍ਰਿਸ਼ਟੀ ਦਾ ਹਾਰਦਿਕ ਸਵਾਗਤ ਕਰਦਾ ਹਾਂ।

ਮੋਬਾ. 89682-82700

## ਦੇਸ ਪ੍ਰਦੇਸ

(ਵਾਰਤਕ)
ਜਨਕ ਸਿੰਘ
ਪੰਨੇ : 47+16, ਮੁੱਲ : 250 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ




ਪ੍ਰਵਾਸੀ ਲੇਖਕ ਜਨਕ ਸਿੰਘ ਦੀ ਹਥਲੀ ਪੁਸਤਕ 'ਦੇਸ ਪ੍ਰਦੇਸ' ਸ਼ਾਇਦ ਉਸ ਦੀ ਪਹਿਲੀ ਵਾਰਤਕ ਪੁਸਤਕ ਹੈ, ਜਿਸ ਵਿਚ ਉਸ ਨੇ ਸੱਤ ਲੇਖ ਅਤੇ ਲੇਖਾਂ ਨਾਲ ਸੰਬੰਧਤ ਰੰਗਦਾਰ ਤਸਵੀਰਾਂ ਵੀ ਛਾਪੀਆਂ ਹਨ। ਇਹ ਪੁਸਤਕ ਉਸ ਨੇ ਆਪਣੇ ਸਵਰਗੀ ਪਿਤਾ ਹਵੇਲੀ ਸਿੰਘ ਜਿਹੜੇ ਪੰਜਾਬ ਪੁਲਸ ਵਿਚ ਕ੍ਰਿਤਾਰਥ ਰਹੇ ਹਨ ਅਤੇ ਮਾਤਾ ਕਸ਼ਮੀਰ ਕੌਰ ਨੂੰ ਸਮਰਪਿਤ ਕੀਤੀ ਹੈ। ਇਸ ਪੁਸਤਕ ਵਿਚ ਉਸ ਨੇ ਆਪਣੇ ਬਚਪਨ ਦੇ ਪਿੰਡ ਕਾਲੇਵਾਲ ਬੀਤ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਕੈਨੇਡਾ ਤੱਕ ਦੇ ਤਜਰਬਿਆਂ ਨੂੰ ਇਹਨਾਂ ਲਿਖਤਾਂ ਵਿੱਚ ਬਿਆਨ ਕੀਤਾ ਹੈ।

ਲੇਖਕ ਮੌਲਿਕ ਤੌਰ 'ਤੇ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦਾ ਜੰਮਪਲ ਹੈ, ਪਰ ਇਸ ਸਮੇਂ ਕੈਨੇਡਾ ਵਾਸੀ ਹੈ। ਉਸ ਦੀ ਪੁਸਤਕ ਨੂੰ ਵਾਚਦਿਆਂ ਧਿਆਨ ਵਿੱਚ ਆਉਂਦਾ ਹੈ ਕਿ ਉਹ ਕਾਮਰੇਡ ਟਾਈਪ ਦਾ ਵਿਅਕਤੀ ਹੈ ਅਤੇ ਉਸ ਨੇ ਪਹਿਲੇ ਲੇਖ ਵਿਚ ਸਾਲ 1968 ਦਾ ਜ਼ਿਕਰ ਕੀਤਾ ਹੈ, ਜਦੋਂ ਛੋਟਾ ਸੀ ਅਤੇ ਅਣਜਾਣੇ ਵਿੱਚ ਦਰਸ਼ਨ ਸਿੰਘ ਕੈਨੇਡੀਅਨ ਦੀ ਜਿੱਤ ਦੇ ਨਾਅਰੇ ਲਾਉਣ ਲੱਗਾ, ਇੱਥੋਂ ਹੀ ਉਸ ਨੂੰ ਸਿਆਸੀ ਗੁੜ੍ਹਤੀ ਮਿਲੀ ਹੈ। ਇਹ ਉਹਨਾਂ ਸਾਲਾਂ ਦਾ ਵਰਨਣ ਕਰਦਾ ਹੈ, ਜਦੋਂ ਜ਼ਮੀਨਾਂ ਦੀ ਮੁਰੱਬੇਬੰਦੀ ਹੁੰਦੀ ਹੈ, ਜਿਸ ਦੀ ਵਿਆਖਿਆ ਉਹ ਆਪਣੀ ਕਲਮ ਨਾਲ ਕਰਦਾ ਹੈ। ਉਸ ਸਮੇਂ ਦੀ ਰਿਸ਼ਵਤ ਬਾਰੇ ਕਸ਼ਮੀਰ ਸਿੰਘ ਚਰਨ ਦੁਆਰਾ ਚਮਚਿਆਂ ਦੀ ਪ੍ਰੀਭਾਸ਼ਾ ਨੂੰ ਕਾਵਿ ਰੂਪ ਵਿੱਚ ਪੇਸ਼ ਕਰਦਾ ਹੈ ਅਤੇ ਜ਼ਮੀਨ ਦੀ ਹੋਈ ਕਾਣੀ ਵੰਡ ਦਾ ਚਿੱਠਾ ਖੋਹਲਦਾ ਹੈ। ਉਸ ਨੇ ਅਗਲੇ ਲੇਖ ਕੰਢੀ ਬੀਤ ਇਲਾਕੇ ਦਾ ਪੁਰਾਣਾ ਜੀਵਨ ਕੁਝ ਦਿਲਚਸਪ ਪਹਿਲੂ ਰਾਹੀ ਪੇਂਡੂ ਜੀਵਨ ਦਾ ਖਾਕਾ ਉਲੀਕਦਾ ਹੈ। ਉਸ ਸਮੇਂ ਦੀ ਮੁੱਖ ਸਮੱਸਿਆ ਜਿਹੜੀ ਪੇਂਡੂ ਲੋਕਾਂ ਨੂੰ ਆ ਰਹੀ ਸੀ ਅਤੇ ਜਾਨਵਰਾਂ ਤੋਂ ਫ਼ਸਲਾਂ ਬਚਾਉਣ ਲਈ ਮਣੇ ਬਣਾਉਣ ਦੀ ਗੱਲ ਕਰਦਾ ਹੈ।

ਦਰੱਖਤਾਂ ਦੀ ਕਟਾਈ, ਦਰੱਖਤਾਂ ਦੀ ਚੋਰੀ, ਪਹਾੜਾਂ ਦੀ ਟੁੱਟ-ਭੱਜ, ਰਕਬੇ ਦੀ ਖਰੀਦੋ-ਫਰੋਖਤ ਕੁਦਰਤੀ ਉਜਾੜੇ ਵੱਲ ਇਸ਼ਾਰਾ ਕਰਦੀ ਹੈ। ਚੇਤਿਆਂ ਵਿੱਚ ਵਸੇ ਪੇਂਡੂ ਜੀਵਨ ਤੇ ਕਿਰਦਾਰ ਵਿਚ ਵੰਡ ਦੇ ਦਿਨਾਂ ਨੂੰ ਯਾਦ ਕੀਤਾ ਗਿਆ ਹੈ। ਪਾਤਰ ਵਤਨ ਸਿੰਘ ਦੇ ਪੱਗ ਬੰਨ੍ਹਣ ਵੇਲੇ ਇਕ ਅੱਖ ਨੂੰ ਲੁਕਾ ਲੈਣ ਦਾ ਰਾਜ਼ ਉਸ ਦਾ ਧਾੜਵੀਆਂ ਦੇ ਟੋਲੇ ਵਿਚ ਰਲਣਾ ਅਤੇ ਮੁਸਲਿਮ ਭਾਈਚਾਰੇ ਫਾਇਰ ਕਰਨ ਨਾਲ ਅੱਖ ਵਿੱਚ ਸ਼ਰਾ ਲਗਣਾ ਦੱਸਦਾ ਹੈ ਅਤੇ ਨਾਲ ਹੀ ਇਕ ਵਿਆਹੁਤਾ ਮੁਟਿਆਰ ਦਾ ਖੂਹ ਵਿੱਚ ਛਾਲ ਮਾਰਨ ਦੀ ਦਰਦਨਾਕ ਕਹਾਣੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਦਾ ਬਿਰਤਾਂਤ ਸਿਰਜਦਾ ਹੈ।

1990-91 ਦੌਰਾਨ ਚੱਲੇ ਕਿਸਾਨ ਅੰਦੋਲਨ ਵਿਚ ਆਈਆਂ ਦਿੱਕਤਾਂ, ਮਜਬੂਰੀਆਂ ਅਤੇ ਪ੍ਰੇਸ਼ਾਨੀਆਂ ਝੱਲਣੀਆਂ ਅਤੇ ਲੇਖਕ ਦੀ ਕੀਤੀ ਜੇਲ੍ਹ ਯਾਤਰਾ ਵਿਚ ਜੇਲ੍ਹ ਅੰਦਰਲੇ ਪ੍ਰਬੰਧਾਂ ਅਤੇ ਤਕਲੀਫ਼ਾਂ ਦਾ ਵਰਨਣ ਵੀ ਇਸ ਲੇਖ ਵਿਚ ਵਿਸਥਾਰਤ ਤੌਰ 'ਤੇ ਕੀਤਾ ਗਿਆ ਹੈ। ਪੁਸਤਕ ਦਾ ਅੰਤਿਮ ਲੇਖ ਭਾਰਤ ਤੋਂ ਕੈਨੇਡਾ ਜੀਵਨ ਸਫ਼ਰ ਤੇ ਤਜਰਬੇ ਵਿਚ ਉਹ ਦੱਸਦਾ ਹੈ ਕਿ ਪੰਜਾਹ ਸਾਲ ਤੋਂ ਵੱਧ ਸਮਾਂ ਉਹ ਭਾਰਤ ਵਿਚ ਰਿਹਾ ਹੈ ਤੇ ਫਿਰ ਕੈਨੇਡਾ ਦੀ ਧਰਤੀ 'ਤੇ ਵਾਸ ਕਰਨ ਲੱਗ ਪਿਆ। ਕੈਨੇਡਾ ਜਾਣ ਦਾ ਸਮਾਂ ਸਾਲ 2011 ਲਿਖਦਾ ਹੈ। ਜਿੱਥੇ ਇਕ ਪਾਸੇ ਦਿਨ ਤੇ ਇਕ ਪਾਸੇ ਰਾਤ ਦਾ ਅੰਤਰ ਹੁੰਦਾ ਹੈ। ਭਾਰਤ ਵਿੱਚ ਰਹਿੰਦਿਆਂ ਰਾਜਨੀਤਕ ਅਤੇ ਸਮਾਜਿਕ ਖੇਤਰ ਦੇ ਤਾਣੇ-ਬਾਣੇ ਨੂੰ ਇਸ ਨੇ ਬੜੀ ਨੇੜਿਓਂ ਵੇਖਿਆ। ਕੈਨੇਡਾ ਵਿੱਚ ਇੱਕ ਵੱਖਰੀ ਦੁਨੀਆ, ਵੱਖਰਾ ਰਹਿਣ-ਸਹਿਣ ਹੁੰਦਾ ਹੈ। ਇਸ ਲੇਖ ਰਾਹੀਂ ਇਕ ਦਿਲਚਸਪ ਵਾਕਿਆ ਵੀ ਮਿਲਦਾ ਹੈ ਕਿ ਉਸ ਦੇ ਸਹੁਰਾ ਸਾਬ੍ਹ ਦਾ ਨਾਂਅ ਉਸ ਦੀ ਪਤਨੀ ਦੇ ਪਾਸਪੋਰਟ 'ਤੇ ਰਤਨ ਸਿੰਘ ਦੀ ਥਾਂ ਰਤਨ ਚੰਦ ਲਿਖਣ ਕਰਕੇ ਉਸ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਫਿਰ ਸੋਧ ਦੇ ਕੰਮ ਲਈ ਧੱਕੇ-ਧੋਲੇ, ਖੱਜਲ-ਖੁਆਰੀ ਅਤੇ ਰਿਸ਼ਵਤ ਵੀ ਦੇਣੀ ਪਈ, ਹਾਲਾਂਕਿ ਉਹ ਰਿਸ਼ਵਤ ਦੇਣ ਲਈ ਮਾਨਸਿਕ ਤੌਰ 'ਤੇ ਤਿਆਰ ਨਹੀਂ ਸੀ।

ਅਣਜਾਣੇ ਮੁਲਕ ਵਿਚ ਬੋਲੀ, ਕੰਮਾਂਕਾਰਾਂ ਅਤੇ ਹੋਰ ਤਰ੍ਹਾਂ ਦੀਆਂ ਔਕੜਾਂ ਤਾਂ ਆਉਣੀਆਂ ਹੀ ਹੁੰਦੀਆਂ ਹਨ, ਜਿਹਨਾਂ ਦਾ ਸਾਹਮਣਾ ਲੇਖਕ ਨੇ ਕੀਤਾ। ਇਸੇ ਤਰ੍ਹਾਂ ਦੀਆਂ ਹੋਰ ਵੀ ਮੁਸ਼ਕਲਾਂ ਦਾ ਪੁਸਤਕ ਵਿਚ ਵੇਰਵਾ ਵਿਸਥਾਰ ਨਾਲ ਦਰਜ ਕੀਤਾ ਹੋਇਆ ਹੈ। ਨਾਲ ਰੰਗਦਾਰ ਤਸਵੀਰਾਂ ਵਿੱਚ ਪਰਮਜੀਤ ਸਿੰਘ ਬੋਪਾਰਾਏ, ਦਲਵਿੰਦਰ ਗਿੱਲ, ਜਗਤਾਰ ਸਿੰਘ ਨਾਗਰਾ, ਉਥੋਂ ਦੇ ਸਮਾਗਮਾਂ ਦੀਆਂ ਤਸਵੀਰਾਂ ਅਤੇ ਦਸ਼ਮੇਸ਼ ਕਲਚਰ ਕੈਲਗਰੀ ਦੇ ਗੁਰੂ ਘਰ ਦੀਆਂ ਫੋਟੋਆਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਫੋਟੋਆਂ ਸ਼ਾਮਲ ਹਨ। ਲੇਖਕ ਵੱਲੋਂ ਪੁਸਤਕ ਰਾਹੀਂ ਸਾਂਝੀ ਕੀਤੀ ਜਾਣਕਾਰੀ ਤੋਂ ਕਈ ਗੱਲਾਂ ਦਾ ਗਿਆਨ ਹੁੰਦਾ ਹੈ।

— ਤੇਜਿੰਦਰ ਚੰਡਿਹੋਕ

# ਪੁਸਤਕ ਰੀਵਿਊ

## ਜੱਸੀ ਅਤੇ ਜਲਗਾਹਾਂ ਦੀ ਰਹੱਸਮਈ ਦੁਨੀਆ

(ਬਾਲ ਕਹਾਣੀ ਸੰਗ੍ਰਹਿ)
ਡਾ. ਡੀ.ਪੀ. ਸਿੰਘ
ਸਫ਼ੇ-109, ਕੀਮਤ 200 ਰੁਪਏ
ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ




ਡਾ. ਡੀ.ਪੀ ਸਿੰਘ ਨੇ ਵਿਗਿਆਨ ਤੇ ਵਾਤਾਵਰਨ ਸੰਬੰਧੀ ਇਹ ਬਾਲ ਕਹਾਣੀ ਸੰਗ੍ਰਹਿ 'ਪੰਜਾਬੀ ਬਾਲਾਂ ਦੀ ਜ਼ਰਖੇਜ਼ ਕਲਪਨਾ ਦੀ ਉਡਾਰੀ' ਨੂੰ ਸਮਰਪਿਤ ਕੀਤਾ ਹੈ। ਇਸ ਕਹਾਣੀ ਸੰਗ੍ਰਹਿ 'ਚ ਕੁੱਲ ਚੌਵੀ ਕਹਾਣੀਆਂ ਦੀ ਸਾਂਝ ਹੈ। ਇਹ ਪੁਸਤਕ ਬਾਲ ਮਨਾਂ ਦੇ ਮਨੋਰੰਜਨ ਦੇ ਨਾਲ-ਨਾਲ ਉਹਨਾਂ ਨੂੰ ਵਿਗਿਆਨਕ ਤਕਨਾਲੋਜੀ ਅਤੇ ਵਾਤਾਵਰਨ ਬਾਰੇ ਅਦਭੁੱਤ ਤੇ ਵਡਮੁੱਲੀ ਜਾਣਕਾਰੀ ਪ੍ਰਦਾਨ ਕਰਦੀ ਹੈ। ਕਹਾਣੀਆਂ ਬੱਚਿਆਂ ਦੀ ਕਲਪਨਾ ਨੂੰ ਵਿਸਥਾਰ ਦੇਣ ਦੇ ਨਾਲ-ਨਾਲ ਉਹਨਾਂ ਨੂੰ ਬੁਨਿਆਦੀ ਵਿਗਿਆਨਕ ਸਿਧਾਂਤਾਂ ਨਾਲ ਜੋੜਨ ਦਾ ਖਾਸ ਉਪਰਾਲਾ ਹੈ। ਕਹਾਣੀਆਂ ਵਿਗਿਆਨਕ ਨਜ਼ਰੀਏ ਦੇ ਨਾਲ-ਨਾਲ ਬੱਚਿਆਂ ਨੂੰ ਕੁਦਰਤੀ ਸ੍ਰੋਤਾਂ ਦੀ ਸਾਂਭ-ਸੰਭਾਲ, ਕੁਦਰਤੀ ਜੀਵਾਂ ਦੀ ਸੁਰੱਖਿਆ, ਮਾਨਸਿਕ ਵਿਕਾਸ ਅਤੇ ਨੈਤਿਕ ਕਦਰਾਂ-ਕੀਮਤਾਂ ਬਾਰੇ ਵੀ ਸੁਚੇਤ ਕਰਦੀਆਂ ਹਨ।

ਬਹੁਤੀਆਂ ਕਹਾਣੀਆਂ 'ਕੁਦਰਤ ਦਾ ਜਾਦੂ', 'ਗੋਲੂ ਤੇ ਜਲ ਚੱਕਰ', 'ਉਦਾਸ ਬੱਤਖਾਂ' ਆਦਿ ਕਹਾਣੀਆਂ ਵਾਤਾਵਰਨ 'ਚ ਅਸੰਤੁਲਨ ਬਾਰੇ ਸੰਕੇਤ ਕਰਦੀਆਂ ਹਨ ਕਿ ਕਿਵੇਂ ਮਨੁੱਖੀ ਗਤੀਵਿਧੀਆਂ ਕਾਰਨ ਹਵਾ ਮੰਡਲ 'ਚ ਕਾਰਬਨ ਡਾਈਆਕਸਾਈਡ ਤੇ ਜ਼ਹਿਰੀਲੀਆਂ ਗੈਸਾਂ ਦੇ ਵਧਣ ਕਾਰਨ ਧਰਤੀ ਦਾ ਤਾਪਮਾਨ ਲਗਾਤਾਰ ਵਧ ਰਿਹਾ ਹੈ। ਇਸ ਤਰ੍ਹਾਂ ਗਲੋਬਲ ਵਾਰਮਿੰਗ ਬਾਰੇ ਬੱਚਿਆਂ ਨੂੰ ਸੁਚੇਤ ਕੀਤਾ ਗਿਆ ਹੈ। ਚੌਗਿਰਦੇ 'ਚ ਚਿੜੀਆਂ ਦੇ ਘਟਣ 'ਤੇ ਚਿੰਤਾ ਪ੍ਰਗਟਾਈ ਗਈ ਹੈ। ਕੁਝ ਹੋਰ ਕਹਾਣੀਆਂ ਜਿਵੇਂ 'ਮੰਗਲ ਗ੍ਰਹਿ ਦਾ ਵਾਸੀ', 'ਐਟਮਾਂ ਦੀ ਰਹੱਸਮਈ ਦੁਨੀਆ', 'ਬੱਚੇ ਤੇ ਰੋਬੋਟ', 'ਵੀਨਸ ਗ੍ਰਹਿ ਦੀ ਸੈਰ' ਆਦਿ ਕਹਾਣੀਆਂ ਵਿਗਿਆਨ ਤਕਨਾਲੋਜੀ ਦੇ ਖੇਤਰ ਵਿੱਚ ਬੱਚਿਆਂ ਦੀ ਦਿਲਚਸਪੀ ਪੈਦਾ ਕਰਨ ਲਈ ਬਹੁਤ ਲਾਹੇਵੰਦ ਹਨ। ਪੁਸਤਕ ਦੀਆਂ ਕਹਾਣੀਆਂ ਨਾ ਸਿਰਫ਼ ਮਾਨਸਿਕ ਵਿਕਾਸ ਤੇ ਵਾਤਾਵਰਨ ਪ੍ਰਤੀ ਜਾਗਰੂਕਤਾ ਪੈਦਾ ਕਰਦੀਆਂ ਹਨ, ਨਾਲ ਹੀ ਨੈਤਿਕ ਕਦਰਾਂ-ਕੀਮਤਾਂ ਦਾ ਸੰਚਾਰ ਵੀ ਕਰਦੀਆਂ ਹਨ। ਅਜੋਕੇ ਦੌਰ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਬਾਲ ਅਵਸਥਾ ਤੋਂ ਹੀ ਤਿਆਰ ਕਰਨ ਦੀ ਲੋੜ ਹੈ। ਇਹ ਪੁਸਤਕ ਇਸ ਕਾਰਜ ਲਈ ਬਹੁਤ ਲਾਹੇਵੰਦ ਹੈ। ਇਸ ਲਈ ਇਸ ਪੁਸਤਕ ਨੂੰ 'ਜੀ ਆਇਆਂ' ਕਹਿਣਾ ਬਣਦਾ ਹੈ।

## ਅਸਲੀ ਆਲ੍ਹਣੇ

ਰਘੁਵੀਰ ਸਿੰਘ ਕਲੋਆ
ਸਫ਼ੇ-64, ਕੀਮਤ-200 ਰੁਪਏ
ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ




ਰਘੁਵੀਰ ਸਿੰਘ ਕਲੋਆ ਵੱਲੋਂ ਸਿਰਜੀ ਇਹ ਪੁਸਤਕ ਵੀਹ ਬਾਲ ਕਹਾਣੀਆਂ ਨਾਲ ਸ਼ਿੰਗਾਰੀ ਗਈ ਹੈ। ਖ਼ੂਬਸੂਰਤ ਦਿੱਖ ਵਾਲੀ ਇਹ ਪੁਸਤਕ ਸਹਿ-ਸੁਭਾਅ ਬੱਚਿਆਂ ਨੂੰ ਆਪਣੇ ਵੱਲ ਖਿੱਚਣ ਦੀ ਸਮਰੱਥਾ ਰੱਖਦੀ ਹੈ। ਪੁਸਤਕ ਦੀ ਹਰ ਕਹਾਣੀ ਕਿਸੇ ਨਾ ਕਿਸੇ ਸੰਦੇਸ਼ ਨੂੰ ਮੁੱਖ ਰੱਖ ਕੇ ਸਿਰਜੀ ਗਈ ਹੈ। 'ਬੋਲਾਂ ਦੀ ਮਿਠਾਸ' ਕਹਾਣੀ 'ਚ ਕਾਂ ਅਤੇ ਕੋਇਲ ਰਾਹੀਂ ਸਮਝਾਉਣ ਦਾ ਯਤਨ ਕੀਤਾ ਗਿਆ ਹੈ ਕਿ ਮਿੱਠੇ ਬੋਲ ਕਿਸੇ ਵੀ ਨੁਕਸਾਨ ਨੂੰ ਢਕ ਲੈਂਦੇ ਹਨ, ਜਦੋਂ ਕਿ ਕੁਰੱਖਤ ਬੋਲ ਬਿਨਾਂ ਕਸੂਰ ਤੋਂ ਵੀ ਬੰਦੇ ਨੂੰ ਦੋਸ਼ੀ ਬਣਾ ਦਿੰਦੇ ਹਨ। 'ਮਨੀ ਦਾ ਮਨ' ਕਹਾਣੀ ਸੰਦੇਸ਼ ਦਿੰਦੀ ਨਜ਼ਰ ਆਉਂਦੀ ਹੈ ਕਿ ਕਾਮਯਾਬੀ ਹਾਸਲ ਕਰਨ ਲਈ ਆਲਸ ਤਿਆਗਣਾ ਪੈਂਦਾ ਹੈ। 'ਲਾਟਰੀ' ਕਹਾਣੀ ਮਿਹਨਤ ਲਈ ਪ੍ਰੇਰਦੀ ਹੋਈ ਦੱਸਦੀ ਹੈ ਕਿ ਕਿਸਮਤ ਲਾਟਰੀਆਂ ਨਾਲ ਨਹੀਂ, ਮਿਹਨਤ ਨਾਲ ਚਮਕਦੀ ਹੈ। ਮਿਹਨਤ ਦੀ ਚਮਕ ਕਦੇ ਫਿੱਕੀ ਨਹੀਂ ਹੁੰਦੀ।

ਇਸੇ ਤਰ੍ਹਾਂ ਇਹ ਕਹਾਣੀਆਂ ਪ੍ਰੇਰਿਤ ਕਰਦੀਆਂ ਹਨ ਕਿ ਸਾਨੂੰ ਕਿਸੇ ਨਾਲ ਉਲਝਣ ਦੀ ਲੋੜ ਨਹੀਂ ਹੁੰਦੀ। ਸਾਡਾ ਆਪਣਾ ਮੁਕਾਬਲਾ ਆਪਣੇ ਨਾਲ ਹੋਣਾ ਚਾਹੀਦਾ। ਸਾਨੂੰ ਆਪਣੀ ਕਾਬਲੀਅਤ ਨਿਖਾਰਨ 'ਤੇ ਆਪਣੀ ਊਰਜਾ ਲਾਉਣੀ ਚਾਹੀਦੀ ਹੈ। ਕਹਾਣੀਆਂ 'ਅਸਲੀ ਆਲ੍ਹਣੇ', 'ਰੰਗ ਬਿਰੰਗੀਆਂ ਤਿਤਲੀਆਂ', 'ਰੱਜੀਆਂ ਰੂਹਾਂ ਵਾਲੇ' ਰਾਹੀਂ ਬੱਚਿਆਂ ਨੂੰ ਕੁਦਰਤ ਨਾਲ ਜੋੜਨ ਦਾ ਸੋਹਣਾ ਯਤਨ ਕੀਤਾ ਗਿਆ ਹੈ।

ਜੇਕਰ ਵਾਤਾਵਰਨ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਬੱਚਿਆਂ ਨੂੰ ਬਾਲ ਉਮਰ 'ਚ ਹੀ ਜਾਗਰੂਕ ਕੀਤਾ ਜਾਵੇ ਤਾਂ ਉਹ ਆਪਣੇ ਤੋਂ ਵੱਡਿਆਂ ਨੂੰ ਵੀ ਉਹਨਾਂ ਦੀਆਂ ਅਣਗਹਿਲੀਆਂ ਕਾਰਨ ਹੁੰਦੇ ਪ੍ਰਦੂਸ਼ਣਾਂ ਬਾਰੇ ਸੁਚੇਤ ਕਰ ਸਕਦੇ ਹਨ। 'ਸਮੁੰਦਰ ਦੀ ਚੇਤਾਵਨੀ' ਜਲ ਪ੍ਰਦੂਸ਼ਣ ਦੇ ਕਾਰਨਾਂ ਨੂੰ ਉਜਾਗਰ ਕਰਦੀ ਹੋਈ ਬੱਚਿਆਂ 'ਚ ਪ੍ਰਦੂਸ਼ਣ ਖਿਲਾਫ਼ ਆਵਾਜ਼ ਉਠਾਉਣ ਦੀ ਵਧੀਆ ਚਿਣਗ ਲਾਉਂਦੀ ਪ੍ਰਤੀਤ ਹੁੰਦੀ ਹੈ।

ਬੱਚਿਆਂ ਦੇ ਮਨੋਵਿਗਿਆਨ ਨੂੰ ਸਮਝਦਿਆਂ ਹੋਇਆਂ ਅਜਿਹੀਆਂ ਕਹਾਣੀਆਂ ਦੀ ਰਚਨਾ ਕੀਤੀ ਹੈ, ਜਿਹੜੀਆਂ ਮਨੋਰੰਜਨ ਦੇ ਨਾਲ- ਨਾਲ ਨੈਤਿਕ ਕਦਰਾਂ-ਕੀਮਤਾਂ ਦਾ ਸੰਚਾਰ ਵੀ ਕਰਦੀਆਂ ਹਨ। ਬੱਚਿਆਂ ਨੂੰ ਚੰਗੇ ਨਾਗਰਿਕ ਬਣਨ ਲਈ ਪ੍ਰੇਰਿਤ ਕਰਦੀਆਂ ਹਨ। ਪੁਸਤਕ ਲਈ ਲੇਖਕ ਨੂੰ ਬਹੁਤ-ਬਹੁਤ ਮੁਬਾਰਕ।

— ਮਨਦੀਪ ਰਿੰਪੀ

# ਪ੍ਰਲੇਸ ਵੱਲੋਂ ਤਸਕੀਨ ਦੀ ਕਿਤਾਬ 'ਪੰਜਾਬੀ ਲੋਕ ਸੰਗੀਤ' 'ਤੇ ਗੋਸ਼ਟੀ

**ਜਲੰਧਰ** : ਬੀਤੇ ਦਿਨੀਂ ਪ੍ਰਗਤੀਸ਼ੀਲ ਲੇਖਕ ਸੰਘ (ਜਲੰਧਰ ਇਕਾਈ) ਵੱਲੋਂ ਯੁਵਾ ਚਿੰਤਕ ਤਸਕੀਨ ਦੀ ਕਿਤਾਬ 'ਪੰਜਾਬੀ ਲੋਕ ਸੰਗੀਤ-ਹਰੀ ਕ੍ਰਾਂਤੀ ਦੇ ਆਰ-ਪਾਰ' ਉੱਤੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਗੋਸ਼ਟੀ ਕਰਵਾਈ ਗਈ, ਜਿਸ ਦੀ ਪ੍ਰਧਾਨਗੀ ਡਾ. ਸੇਵਾ ਸਿੰਘ ਨੇ ਕੀਤੀ। ਕਿਤਾਬ 'ਤੇ ਪੇਪਰ ਪੜ੍ਹਦਿਆਂ ਡਾ. ਗੁਰਦੀਪ ਸਿੰਘ ਢਿੱਲੋਂ ਨੇ ਕਿਹਾ ਕਿ ਕਿਤਾਬ ਇਹ ਕਹਿੰਦੀ ਹੈ ਕਿ ਹਰੀ ਕ੍ਰਾਂਤੀ ਲੋਕ ਮਨ ਦੀ ਜ਼ਮੀਨ ਨੂੰ ਬੰਜਰ ਕਿਵੇਂ ਬਣਾਉਂਦੀ ਹੈ ਤੇ ਹਰੀ ਕ੍ਰਾਂਤੀ ਫੋਕ ਤੇ ਲੋਕ ਦੇ ਅਰਥ ਕਿਵੇਂ ਬਦਲਦੀ ਹੈ। ਇਹ ਕਿਤਾਬ ਕਿਸੇ ਮਸਲੇ ਦੀਆਂ ਜੜ੍ਹਾਂ ਲੱਭਦੀ ਤੇ ਗਾਇਕੀ ਰਾਹੀਂ ਸਮਝਦੀ ਹੋਈ ਨਾਲ ਹੀ ਸੌ ਸਾਲ ਦੇ ਇਤਿਹਾਸ ਦਾ ਅਧਿਐਨ ਵੀ ਕਰਦੀ ਹੈ। ਮੰਡੀ ਸੰਗੀਤ 'ਚ ਆ ਕੇ ਸਮਾਜ ਆਪਣਾ ਜਮਾਤੀ ਅਰਥ ਕਿਵੇਂ ਗਵਾ ਲੈਂਦਾ ਹੈ। ਅੱਗੇ ਕਿਤਾਬ ਇਹ ਵੀ ਦੱਸਦੀ ਹੈ ਕਿ ਜਦੋਂ ਸਮਾਜ ਜਾਂ ਸੰਗੀਤ ਦਾ ਰਿਸ਼ਤਾ ਸੁਸਾਇਟੀ ਨਾਲੋਂ ਟੁੱਟਦਾ ਹੈ ਤਾਂ ਉਹ ਸੁਸਾਇਟੀ ਬੰਜਰ ਕਿਵੇਂ ਹੁੰਦੀ ਹੈ । ਸੱਤਾ ਸ਼ਬਦ ਨੂੰ ਆਪਣੇ ਪ੍ਰਵਚਨ ਵਿੱਚ ਕਿਵੇਂ ਢਾਲਦੀ ਹੈ। ਇਨ੍ਹਾਂ ਥੀਸਿਸ ਨਾਲ ਤਸਕੀਨ ਪੰਜਾਬ, ਇਤਿਹਾਸ ਤੇ ਕਲਚਰ ਦੀ ਹਿਸਟੋਗ੍ਰਾਫੀ ਕਰਦਾ ਹੈ । ਕਿਤਾਬ 'ਤੇ ਕਿੰਤੂ ਕਰਦਾ ਉਹ ਅੱਗੇ ਕਹਿੰਦਾ ਹੈ ਕਿ ਇਹ ਗਾਇਕੀ ਜੋ ਖਪਤਵਾਦੀ ਕਲਚਰ ਪੈਦਾ ਕਰਦੀ ਹੈ, ਇਹਨੂੰ ਲੋਕ ਸੰਗੀਤ ਕਹਿਣਾ ਕਿੰਨਾ ਕੁ ਜਾਇਜ਼ ਹੈ । ਗੋਸ਼ਟੀ ਦੀ ਵਿਉਂਤਬੰਦੀ ਤੇ ਸਟੇਜ ਸੰਚਾਲਨਾ ਸੰਘ ਦੇ ਜਨਰਲ ਸਕੱਤਰ ਭਗਵੰਤ ਰਸੂਲਪੁਰੀ ਨੇ ਸੁਚੱਜੇ ਢੰਗ ਨਾਲ ਨਿਭਾਈ ।

ਗੋਸ਼ਟੀ ਦਾ ਆਰੰਭ ਕਰਦਿਆਂ ਪ੍ਰੋ. ਐੱਚ.ਐੱਸ. ਡਿੰਪਲ ਨੇ ਕਿਤਾਬ ਦੇ ਹਵਾਲੇ ਨਾਲ ਕਿਹਾ ਕਿ ਇਕ ਪਾਸੇ ਅਜਿਹੀ ਗਾਇਕੀ ਸੀ, ਜੋ ਲੋਕਾਂ ਨਾਲ ਜੁੜੀ ਹੋਈ ਸੀ। ਜਦੋਂ ਗਾਇਕੀ 'ਚ ਮੰਡੀ ਦਾ ਦਖ਼ਲ ਵਧਣ ਨਾਲ ਬੁੱਧੀਜੀਵੀ ਵਰਗ ਇਕ ਪਾਸੇ ਹੋ ਜਾਂਦਾ ਏ, ਜਿਸ ਨਾਲ ਗਾਇਕੀ 'ਚ ਬੌਧਿਕ ਤੇ ਸਮਾਜਿਕ ਸਰੋਕਾਰ ਇਕ ਪਾਸੇ ਹੋ ਜਾਂਦੇ ਹਨ। ਇਹ ਜੋ ਖਲਾਅ ਪੈਦਾ ਹੁੰਦਾ ਏ। ਇਹ ਖਪਤ ਸੱਭਿਆਚਾਰ ਦੇ ਹਵਾਲੇ ਹੋ ਜਾਂਦਾ ਏ । ਦੋਹਾਂ ਦੇ ਦੋਫਾੜ ਹੋਣ ਦਾ ਨਿਖੇੜਾ ਪਹਿਲੀ ਵਾਰ ਤਸਕੀਨ ਦੇ ਕਿਤਾਬ ਵਿਚ ਪੇਸ਼ ਚਿੰਤਨ ਵਿੱਚ ਦਿਖਾਈ ਦਿੰਦਾ ਹੈ। ਨਾਵਲਕਾਰ ਬਲਬੀਰ ਪਰਵਾਨਾ ਨੇ ਬਹਿਸ ਨੂੰ ਅੱਗੇ ਤੋਰਦਿਆਂ ਕਿਹਾ ਕਿ ਤਸਕੀਨ ਦੀ ਇਸ ਕਿਤਾਬ ਵਿੱਚ ਵਿਰੋਧਾਭਾਸ ਵੀ ਹੈ । ਜਦੋਂ ਤਸਕੀਨ ਗਾਇਕੀ ਤੇ ਹਰੇ ਇਨਕਲਾਬ ਦੀ ਗੱਲ ਕਰਦਾ ਹੈ ਤਾਂ ਬਹੁਤ



ਮੁੱਲਵਾਨ ਗੱਲਾਂ ਕਰਦਾ ਹੈ, ਪਰ ਜਦੋਂ ਉਹ ਕਿਤਾਬ 'ਚ ਕੇਂਦਰੀ ਪੰਜਾਬ ਦਾ ਇਤਿਹਾਸ ਤੇ ਸਾਂਝੀਵਾਲਤਾ ਜਾਂ ਕਿਸਾਨੀ ਅੰਦੋਲਨ ਦੀ ਗੱਲ ਕਰਦਾ ਹੈ ਤਾਂ ਉਹ ਗੱਲਾਂ ਉਹਦੇ ਥੀਸਿਸ ਦੇ ਖਿਲਾਫ਼ ਚਲੇ ਜਾਂਦੀਆਂ ਹਨ। ਉਹ ਆਪਣੇ ਹੀ ਥੀਸਿਸ ਨੂੰ ਕਿਤੇ ਨਾ ਕਿਤੇ ਰੱਦ ਕਰਦਾ ਹੈ। ਇਸ ਕਿਤਾਬ ਵਿੱਚ ਇਹ ਅੰਤਰ ਵਿਰੋਧ ਬਹੁਤ ਵੱਡਾ ਹੈ। ਹਰੀ ਕ੍ਰਾਂਤੀ ਵਾਲਾ ਲੇਖ ਬਹੁਤ ਕਮਾਲ ਦਾ ਹੈ । ਡਾ. ਸ਼ੈਲਸ ਨੇ ਬੋਲਦਿਆਂ ਕਿਹਾ ਕਿ ਤਸਕੀਨ ਦਾ ਯਤਨ ਬਹੁਤ ਅੱਛਾ ਹੈ, ਪਰ ਕਿਤਾਬ ਵਿੱਚ ਨਿਰੰਤਰਤਾ ਦੀ ਘਾਟ ਹੈ। ਇਹ ਗੱਲਾਂ ਕਰਦਾ-ਕਰਦਾ ਦੂਜੇ ਪਾਸੇ ਚਲਾ ਜਾਂਦਾ, ਤਸਕੀਨ ਕਿਤਾਬ ਵਿੱਚ ਕਹਿੰਦਾ ਹੈ ਗੀਤ-ਗੀਤਕਾਰੀ ਨੂੰ ਹਰੀ ਕ੍ਰਾਂਤੀ ਬਦਲਦੀ ਹੈ। ਗ਼ਲਤ ਹੈ। ਗੀਤਕਾਰ ਨੇ ਗੀਤਾਂ ਦੇ ਸਰੋਤ ਸਮਾਜ 'ਚੋਂ ਲੈਣੇ ਹੁੰਦੇ ਨੇ। ਹਰੀ ਕ੍ਰਾਂਤੀ ਨੇ ਗੀਤਾਂ ਵਿੱਚ ਬਦਲਾ ਨਹੀਂ ਲਿਆਂਦਾ। ਹਰੀ ਕ੍ਰਾਂਤੀ ਨੇ ਸਰਮਾਏਦਾਰੀ ਨੂੰ ਤੇਜ਼ ਕੀਤਾ। ਅੱਗੇ ਤਸਕੀਨ ਇਸ ਸੰਕਟ ਦਾ ਸਾਰਾ ਹੱਲ ਅਤੀਤ 'ਚੋਂ ਵੇਖਦਾ ਹੈ। ਗੈਂਗਵਾਰ ਦਾ ਵਰਤਾਰਾ ਜਦੋਂ ਗਾਇਕੀ 'ਚੋਂ ਆਉਂਦਾ ਹੈ, ਉਹਦੀਆਂ ਜੜ੍ਹਾਂ ਕਿੱਥੇ ਹਨ, ਉਹ ਏਥੋਂ ਦੇ ਰਾਜਨੀਤਕ, ਸਮਾਜਿਕ ਪ੍ਰਬੰਧ ਵਿੱਚ ਹਨ।

ਹਰਵਿੰਦਰ ਭੰਡਾਲ ਨੇ ਕਿਤਾਬ 'ਤੇ ਬੋਲਦਿਆਂ ਕਿਹਾ ਕਿ ਤਸਕੀਨ ਦੀਆਂ ਬਹੁਤ ਸਾਰੀਆਂ ਗੱਲਾਂ ਨਾਲ ਮੈਂ ਸਹਿਮਤ ਨਹੀਂ । ਇਸ ਕਿਤਾਬ ਵਿੱਚ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਹਨ। ਉਸ ਨੇ ਪੰਜਾਬੀ ਗਾਇਕੀ ਨੂੰ ਅਧਾਰ ਬਣਾ ਕੇ ਪੰਜਾਬੀ ਗਾਇਕੀ ਦਾ ਵਿਸ਼ਲੇਸ਼ਣ ਕੀਤਾ, ਇਹ ਪਹਿਲੀ ਵਾਰ ਹੋਇਆ। ਪਰ ਇਹ ਸੰਪੂਰਨ ਨਹੀਂ । ਉਸ 'ਚ ਸੰਵਾਦ ਦੀਆਂ ਬਹੁਤ ਸੰਭਾਵਨਾਵਾਂ ਹਨ । ਤਸਕੀਨ ਕਿਤਾਬ ਵਿੱਚ ਕਹਿੰਦਾ ਹੈ ਕਿ ਜਿਹੜੀ ਗਾਇਕੀ ਆਈ ਇਸ ਕਰਕੇ ਸਾਡੀ ਰਹਿਤਲ ਇਸ ਤਰ੍ਹਾਂ ਦੀ ਹੋ ਗਈ । ਮੈਂ ਕਹਿੰਦਾ ਕੀ ਹਰੀ ਕ੍ਰਾਂਤੀ ਅਜਿਹੀ ਚੀਜ਼ ਸੀ, ਜੋ ਨਵੀਂ ਤਰ੍ਹਾਂ ਨਾਲ ਵੱਢ ਮਾਰਦੀ ਹੈ । ਇਹ 'ਪਲਪ' ਗਾਇਕੀ ਹੈ, ਜਿਸ ਦੀ ਗੱਲ ਹੋਈ ਹੈ। ਇਸ 'ਪਲਪ' ਗਾਇਕੀ ਨੇ ਉਸ ਤਰ੍ਹਾਂ ਦੀਆਂ ਕਦਰਾਂ-ਕੀਮਤਾਂ ਫੈਲਾਉਣੀਆਂ ਹੁੰਦੀਆਂ ਹਨ, ਜੋ ਸੱਤਾ ਦੀ ਸਥਾਪਤੀ ਲਈ ਜ਼ਰੂਰੀ ਹੁੰਦੀਆਂ ਹਨ।

ਸੰਘ ਦੇ ਮੀਤ ਪ੍ਰਧਾਨ ਜੁਗਿੰਦਰ ਸੰਧੂ ਨੇ ਬੋਲਦਿਆਂ ਕਿਹਾ ਕਿ ਮੈਂ ਕਿਤਾਬ ਇਕ ਪਾਠਕ ਦੇ ਨਜ਼ਰੀਏ ਤੋਂ ਪੜ੍ਹੀ ਹੈ । ਗਾਇਕੀ, ਇਤਿਹਾਸ ਤੇ ਸੱਭਿਆਚਾਰ ਬਾਰੇ ਅਨੇਕਾਂ ਹਵਾਲੇ, ਵੇਰਵੇ ਪਹਿਲੀ ਵਾਰ ਪੜ੍ਹਨ ਨੂੰ ਮਿਲਦੇ ਹਨ। ਕਿਤਾਬ ਇਹ ਸਮਝਾਉਂਦੀ ਹੈ ਕਿ ਹਰੀ ਕ੍ਰਾਂਤੀ ਤੇ ਚਮਕੀਲੇ ਦੀ ਗਾਇਕੀ ਨਾਲ ਪੰਜਾਬ 'ਤੇ ਕਿਸ ਤਰ੍ਹਾਂ ਦਾ ਅਸਰ ਪਿਆ। ਕਿਤਾਬ ਦੇ ਐਨੇ ਪਸਾਰ ਹਨ ਕਿ ਇਕ ਗੋਸ਼ਟੀ ਵਿੱਚ ਸਾਰੀਆਂ ਗੱਲਾਂ ਨਹੀਂ ਹੋ ਸਕਦੀਆਂ ।

ਗੋਸ਼ਟੀ ਦੀ ਪ੍ਰਧਾਨਗੀ ਕਰ ਰਹੇ ਪ੍ਰਸਿੱਧ ਚਿੰਤਕ ਡਾ. ਸੇਵਾ ਸਿੰਘ ਨੇ ਆਪਣੇ ਲੰਮੇ ਤੇ ਵਿਚਾਰ ਉਤੇਜਿਤ ਭਾਸ਼ਣ ਵਿੱਚ ਕਿਹਾ ਕਿ ਅੱਜ ਇਹ ਸਮਝਣਾ ਜ਼ਰੂਰੀ ਹੈ ਕਿ ਇਹ ਜਿਹੜੇ ਗੀਤ ਲਿਖੇ ਜਾ ਰਹੇ ਨੇ, ਇਹ ਕਿਸ ਕਲਾਸ ਲਈ ਲਿਖੇ ਜਾ ਰਹੇ ਨੇ। ਤੇ ਇਨ੍ਹਾਂ ਨੂੰ ਕਿਹੜੀ ਕਲਾਸ ਫਾਈਨਾਂਸ ਕਰ ਰਹੀ ਸੀ। ਏਥੇ ਹਰੀ ਕ੍ਰਾਂਤੀ ਸ਼ਬਦ ਦੀ ਵਰਤੋਂ ਨਹੀਂ ਸੀ ਹੋਣੀ ਚਾਹੀਦੀ । 'ਨਾਓ ਰਿੱਚ' ਸ਼ਬਦ ਆਉਣਾ ਚਾਹੀਦਾ ਸੀ । ਨਾਓ ਰਿੱਚ ਕਲਾਸ ਹੈ ਹਰੀ ਕ੍ਰਾਂਤੀ ਫਨੋਮਨਾ ਹੈ । ਏਥੇ ਕਿਤਾਬ ਦੇ ਵਿਰੋਧਾਭਾਸ ਦੀ ਗੱਲ ਹੋਈ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਵਿਰੋਧਾਭਾਸ ਨਹੀਂ ਪ੍ਰਤੀਰੋਧ ਸੀ । ਪੰਜਾਬ 'ਚ ਕੀ ਹੋਇਆ ਕਿ 'ਨਾਓ ਰਿੱਚ' ਕਲਾਸ ਨੇ ਟਰਾਇਬਲ ਲੋਕਾਂ ਦੇ ਕਲਚਰ ਨੂੰ ਤਬਾਹ ਕੀਤਾ । ਜੋ ਚਮਕੀਲਾ ਜਾਂ ਉਸ ਵਰਗਿਆਂ ਨੇ ਗੀਤ ਲਿਖੇ ਤੇ ਗਾਏ, ਉਹ ਟਰਾਇਬਲ ਸੁਸਾਇਟੀ ਨੂੰ, ਸੁਤੰਤਰ ਔਰਤ ਜੋ ਹਰ ਤਰ੍ਹਾਂ ਦਾ ਕੰਮ ਕਰਦੀ ਹੈ, ਸੋਚਦੀ ਵੀ ਹੈ, ਇਹ ਸਾਰਾ ਕਲਚਰ 'ਨਾਓ ਰਿੱਚ' ਕਲਾਸ ਨੇ ਤਬਾਹ ਕੀਤਾ । ਇਹ ਗੱਲ ਸਮਝਣ ਦੀ ਲੋੜ ਹੈ । ਗੀਤ ਕਿਵੇਂ ਲਿਖੇ ਜਾਂਦੇ ਨੇ ? ਤੁਸੀਂ ਪੈਸਾ ਦਿਓ । ਗੀਤ ਲਿਖਵਾ ਲਓ। ਮਸਲਾ ਅਸਲ ਵਿੱਚ ਇਹ ਹੈ। ਜੇਕਰ ਇਸ ਕਲਚਰ ਨੂੰ ਅਸੀਂ ਸਮਝਦੇ ਨਹੀਂ, ਉਦੋਂ ਤੱਕ ਟ੍ਰਾਇਬਲ ਕਲਚਰ ਨੂੰ ਅਸੀਂ ਸਮਝ ਨਹੀਂ ਸਕਦੇ । ਇਹ ਹਿੱਸਾ ਤਸਕੀਨ ਦੀ ਕਿਤਾਬ ਦਾ ਹੈ । ਦੂਜਾ ਕਿਸਾਨ ਅੰਦੋਲਨ ਹੈ, ਜੋ ਰਾਜਨੀਤਿਕ ਨਹੀਂ ਸੀ। ਤਸਕੀਨ ਸਾਨੂੰ ਸਭਿਆਚਾਰਕ ਕ੍ਰਾਂਤੀ ਦਾ ਰਸਤਾ ਦਿਖਾਉਂਦਾ ਹੈ । ਇਹ ਨਾ ਇਤਿਹਾਸ ਬੋਧ ਤੋਂ ਬਗੈਰ ਹੋ ਸਕਦਾ ਹੈ ਨਾ ਕਲਾਸ ਐਂਗਲ ਤੋਂ ਬਗੈਰ ਹੋ ਸਕਦਾ ਹੈ । ਉਨ੍ਹਾਂ ਅੱਗੇ ਨਿੱਘਰ ਰਹੀ ਬੌਧਿਕਤਾ ਬਾਰੇ ਵੀ ਤਿੱਖੀ ਸੁਰ ਵਿੱਚ ਵਿਚਾਰ ਪ੍ਰਗਟ ਕੀਤੇ ।

ਕਿਤਾਬ ਦੇ ਲੇਖਕ ਤਸਕੀਨ ਨੇ ਕਿਹਾ ਕਿ ਇਸ ਕਿਤਾਬ ਨੂੰ ਮੈਂ ਤਕਰੀਬਨ ਪੰਦਰਾਂ ਸਾਲਾਂ 'ਚ ਪੂਰਾ ਕੀਤਾ ਹੈ । ਵੇਖੋ ਹਰ ਬੰਦਾ ਚਾਹੁੰਦਾ ਹੈ ਕਿ ਮੇਰੀ ਸੈਲਫ਼ ਰਿਸਪੈਕਟ ਹੋਵੇ । ਇਸ ਸੰਦਰਭ 'ਚ ਮੈਂ ਪੰਜਾਬ ਦੇ ਮਨੁੱਖ ਤੇ ਇਤਿਹਾਸ ਦੀ ਸੋਚ ਨੂੰ ਸਮਝਣ ਦਾ ਯਤਨ ਕੀਤਾ ਹੈ । ਮੈਂ ਗਾਇਕੀ ਦੇ ਵਰਤਾਰੇ ਨੂੰ ਉਸ ਤਰ੍ਹਾਂ ਸਮਝਣ ਦਾ ਯਤਨ ਨਹੀਂ ਕੀਤਾ, ਜਿਵੇਂ ਸਾਡੇ ਮਾਰਕਸਵਾਦੀ ਸਮਝਦੇ ਹਨ । ਮੇਰੇ ਸਾਹਮਣੇ ਬਾਬਾ ਨਾਨਕ, ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ ਵੀ ਹੈ । ਸਭ ਦਾ ਵਿਜ਼ਨ ਕਿਤਾਬ 'ਚ ਹੈ । ਇਤਿਹਾਸ ਨੂੰ ਸਾਨੂੰ ਇਸਲਾਮਿਕ ਨਜ਼ਰੀਏ ਤੋਂ ਵੀ ਦੇਖਣ ਦੀ ਲੋੜ ਹੈ । ਮੇਰੀ ਕਿਤਾਬ ਵਿੱਚ ਇਹ ਨਜ਼ਰੀਆ ਤੁਸੀਂ ਵੇਖੋਗੇ। ਬਾਕੀ ਮੈਂ 'ਨਾਓ ਰਿੱਚ' ਸ਼ਬਦ ਨਹੀਂ ਵਰਤਿਆ, ਬਲਕਿ 'ਨਵ ਧਨਾਡ' ਸ਼ਬਦ ਵਰਤਿਆ ਸੀ । ਮੈਂ ਮਹਿਸੂਸ ਕੀਤਾ ਜਦੋਂ ਹਰੀ ਕ੍ਰਾਂਤੀ ਆਉਂਦੀ ਹੈ ਤਾਂ ਅਰਥਚਾਰਾ ਕਿਵੇਂ ਬਦਲਦਾ ਹੈ, ਸਾਡਾ ਮੱਧਕਾਲ ਸੈਲਫ਼ ਰਿਸਪੈਕਟ ਦੀ ਗੱਲ ਵੀ ਕਰਦਾ ਹੈ । ਮੈਂ ਉਸ ਸੰਦਰਭ ਵਿੱਚ ਗਾਇਕੀ ਨੂੰ ਸਮਝਿਆ ਹੈ । ਪੂੰਜੀ ਕਿਵੇਂ ਮਨੁੱਖੀ ਗੌਰਵ ਨੂੰ ਖਾ ਜਾਂਦੀ ਹੈ । ਮੈਂ ਗੀਤਾਂ ਰਾਹੀਂ ਉਸ ਨੂੰ ਸਮਝਣ ਦੀ ਕੋਸ਼ਿਸ਼ ਵੀ ਕੀਤੀ ਹੈ । ਤੁਸੀਂ ਕਿਤਾਬ ਬਾਰੇ ਐਨੀਆਂ ਗੱਲਾਂ ਦੱਸੀਆਂ, ਤੁਹਾਡਾ ਧੰਨਵਾਦ। ਗੋਸ਼ਟੀ ਵਿੱਚ ਸੁਰਜੀਤ ਜੱਜ, ਕੁਲਦੀਪ ਸਿੰਘ ਬੇਦੀ, ਇਕਬਾਲ ਚਾਚਾ, ਮਨਜਿੰਦਰ ਕਮਲ, ਬਿੰਦਰ ਬਸਰਾ, ਰਾਕੇਸ਼ ਆਨੰਦ, ਕਾ. ਕੇਸਰ, ਰਮੇਸ਼ ਚੋਹਕਾ ਤੇ ਹੋਰਨਾਂ ਨੇ ਭਾਗ ਲਿਆ ।

## ਸਮਕਾਲ

---- ਭਗਵੰਤ ਰਸੂਲਪੁਰੀ----

### ਸ਼ਬਦ : ਅੱਠ ਕਹਾਣੀਆਂ

ਸ਼ਬਦ-114 (ਅਪ੍ਰੈਲ-ਜੂਨ, 2026) ਅੰਕ ਛਪ ਗਿਆ ਹੈ। ਇਸ ਵਾਰ ਪਰਚੇ ਵਿੱਚ ਅੱਠ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਪ੍ਰਿਯੰਵਦ ਦੀ 'ਮਾਇਆ' ਅਤੇ ਕੁਨਾਲ ਸਿੰਘ ਦੀ 'ਵਿਸਰਜਨ' ਦੋ ਕਹਾਣੀਆਂ ਕਮਾਲ ਦੀਆਂ ਹਨ। ਆਪਣੇ ਵਿਸ਼ੇ, ਨਿਭਾ ਅਤੇ ਪੇਸ਼ਕਾਰੀ ਕਰਕੇ ਇਨ੍ਹਾਂ ਨੂੰ ਉੱਚ ਪੱਧਰ ਦੀਆਂ ਕਹਾਣੀਆਂ ਕਹਿਣ ਵਿੱਚ ਕੋਈ ਝਿਜਕ ਨਹੀਂ। ਉਸ ਦੇ ਨਾਲ ਪਰਵਾਸੀ ਕਥਾਕਾਰ ਬਲਵੀਰ ਕੌਰ ਸੰਘੇੜਾ ਦੀ ਕਹਾਣੀ 'ਰੋਡ ਟੂ ਪੀ. ਆਰ.' ਪਰਵਾਸ ਦੇ ਨਵੇਂ ਵਰਤਾਰਿਆਂ ਦੇ ਕਈ ਪੱਖ ਉਭਾਰਦੀ ਹੈ। ਪਛਾਣ, ਹੋਛਾਪਨ ਅਤੇ ਹਿੰਸਾ ਨੂੰ ਸਵਾਲ ਕਰਦਾ ਬਲਵੰਤ ਕੌਰ ਦਾ ਲੇਖ 'ਬੁੱਲ੍ਹਾ ਕੀ ਜਾਣਾਂ ਮੈਂ ਕੌਣ' ਹਿੰਸਾ ਦਾ ਬਹੁ ਪੱਖੀ ਵਿਸ਼ਲੇਸ਼ਣ ਕਰਨ ਵਾਲਾ ਹੈ। 10 ਪੰਨੇ ਦੇ ਹਵਾਲੇ ਵੀ ਵਿਸ਼ੇਸ਼ ਧਿਆਨ ਤੇ ਚਿੰਤਨ ਦੀ ਮੰਗ ਕਰਨ ਵਾਲੇ ਹਨ।



ਨੌਵੀਂ 'ਕੇਸਰ ਸਿੰਘ ਵਾਲਾ ਕਹਾਣੀ ਗੋਸ਼ਟੀ' ਵਿੱਚ ਪੜ੍ਹੀਆਂ ਗਈਆਂ ਕਹਾਣੀਆਂ ਸਮੇਤ ਸੰਖੇਪ ਵਿਚਾਰ ਚਰਚਾ ਨੂੰ ਇਸ ਅੰਕ ਵਿੱਚ ਪ੍ਰਕਾਸ਼ਤ ਕੀਤਾ ਗਿਆ ਹੈ। ਜਸਪਾਲ ਮਾਨਖੇੜਾ ਨੇ ਇਸ ਗੋਸ਼ਟੀ ਦੇ ਪਿਛੋਕੜ ਬਾਰੇ ਝਾਤ ਮਾਰੀ ਹੈ। ਉਪਰੰਤ ਸੁਰਿੰਦਰ ਨੀਰ (ਅੱਧੀ ਸਦੀ ਦੀ ਔਰਤ), ਅਜਮੇਰ ਸਿੱਧੂ (ਤੈਨੂੰ ਮਰਨਾ ਨਹੀਂ ਸੀ ਚਾਹੀਦਾ), ਰਵੀ ਸ਼ੇਰਗਿੱਲ (ਬੁੱਲ੍ਹਾਂ 'ਚ ਘੁੱਟੀ ਮੁਸਕਰਾਹਟ), ਪਰਗਟ ਸਿੰਘ ਸਤੌਜ (ਖੰਡੀ ਦਾ ਕੰਡਾ) ਅਤੇ ਅੰਮ੍ਰਿਤਪਾਲ ਕਲੇਰ (ਖ਼ਰਾ ਹੱਡ) ਆਦਿ ਪੰਜ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਕਹਾਣੀਆਂ ਦਾ ਮੁੱਢਲਾ ਪਾਠ ਪੜ੍ਹ ਕੇ ਲੱਗਿਆ ਕਿ ਕਹਾਣੀਆਂ ਕਿਸੇ ਨਾ ਕਿਸੇ ਪੱਖ ਤੋਂ ਗੌਲ਼ਣਯੋਗ ਹਨ। ਇਨ੍ਹਾਂ ਕਹਾਣੀਆਂ ਉੱਤੇ ਡਾ.ਗੁਰਦੀਪ ਢਿੱਲੋਂ, ਡਾ. ਸੰਦੀਪ ਰਾਣਾ, ਐੱਚ. ਐੱਸ. ਡਿੰਪਲ, ਪਰਮਜੀਤ ਮਾਨ, ਭੁਪਿੰਦਰ ਸਿੰਘ ਮਾਨ, ਪਰਮਜੀਤ ਪਟਿਆਲਾ, ਗੁਰਦੇਵ ਖੋਖਰ, ਦਰਸ਼ਨ ਜੋਗਾ, ਹਰਵਿੰਦਰ ਸਿੰਘ, ਮਨਜੀਤ ਸਿੰਘ, ਨਿਰੰਜਣ ਬੋਹਾ, ਸੰਦੀਪ ਸਮਰਾਲਾ, ਸਵਾਮਾ ਸਰਬਜੀਤ, ਭੋਲਾ ਸਿੰਘ ਸੰਘੇੜਾ, ਅਜ਼ੀਮ ਸ਼ੇਖਰ, ਡਾ. ਚੰਦਰ ਪ੍ਰਕਾਸ਼, ਅਲਫ਼ਾਜ਼, ਡਾ. ਹਰੀਸ਼, ਜਗਤਾਰ ਆਵਾਰਾ, ਬਲਵਿੰਦਰ ਭੁੱਲਰ ਆਦਿ ਨੇ ਇਨ੍ਹਾਂ ਕਹਾਣੀਆਂ ਦੇ ਵਿਚਾਰ ਚਰਚਾ ਕੀਤੀ। ਇਸ ਤਰ੍ਹਾਂ ਦੀਆਂ ਗੋਸ਼ਟੀਆਂ ਇਕ ਸਾਰਥਕ ਉਪਰਾਲਾ ਹੈ। ਕਹਾਣੀਕਾਰਾਂ ਨੂੰ ਸੇਧ ਤੇ ਕਾਫੀ ਸਿੱਖਣ ਨੂੰ ਮਿਲ ਜਾਂਦਾ ਹੈ। ਅਗਲੇ ਪੰਨਿਆਂ ਉੱਤੇ ਡਾ. ਗੁਰਪਾਲ ਸਿੰਘ ਸੰਧੂ ਨੇ ਪ੍ਰੋ. ਹਰਭਜਨ ਸਿੰਘ ਦੀ ਕਿਤਾਬ 'ਸੁਰਖ਼ ਰਾਹਾਂ ਦੀਆਂ ਸਿਮਰਤੀਆਂ' 'ਤੇ ਖੋਜ ਭਰਪੂਰ ਲਿਖਿਆ ਹੈ। ਜਸਵਿੰਦਰ ਕੌਰ ਬਿੰਦਰਾ ਨੇ ਤਿੰਨ ਨਵੇਂ ਕਹਾਣੀ ਸੰਗ੍ਰਹਿ ਕਬਰਾਂ ਵਿੱਚ ਉੱਗੇ ਫੁੱਲ (ਰਾਜਪ੍ਰੀਤ ਬੇਨੀਪਾਲ), ਸ਼ਾਇਦ ਮੈਨੂੰ ਪਛਾਣ ਲੈਣ (ਰਵਿੰਦਰ ਰੁਪਾਲ), ਸੁਪਨੇ ਦਾ ਗਵਾਹ ਨਹੀਂ ਹੁੰਦਾ (ਸੰਦੀਪ ਸਮਰਾਲਾ) ਦੀ ਪੜਚੋਲ ਕੀਤਾ ਹੈ। 'ਸ਼ਬਦ' ਪੜ੍ਹਨਯੋਗ ਸਮੱਗਰੀ ਨਾਲ ਭਰਪੂਰ ਹੈ। ਸ਼ਬਦ ਦੇ ਪੰਨੇ :160, ਮੁੱਲ :100 ਰੁਪਏ, ਮੁੱਖ ਸੰਪਾਦਕ : ਹਰਜੀਤ ਅਟਵਾਲ, ਸੰਪਾਦਕ : ਜਿੰਦਰ (98148-03254) ਰਚਨਾਵਾਂ ਭੇਜਣ ਲਈ : email: jinder340@gmail.com

### ਨਿੱਕੀਆਂ ਕਰੂੰਬਲਾਂ : ਬਾਲ ਸਾਹਿਤ ਦੀ ਨਿੱਗਰ ਪੇਸ਼ਕਾਰੀ

'ਨਿੱਕੀਆਂ ਕਰੂੰਬਲਾਂ' ਦਾ ਮਾਰਚ-ਅਪ੍ਰੈਲ,2026 ਪ੍ਰਕਾਸ਼ਤ ਹੋ ਗਿਆ ਹੈ। ਸੰਪਾਦਕੀ ਵਿੱਚ ਬਲਜਿੰਦਰ ਮਾਨ ਨੇ ਮਨੁੱਖ ਨੂੰ ਮੁਹੱਬਤ ਦਾ ਬੀਜ ਬੀਜਣ ਦਾ ਹੋਕਾ ਦਿੱਤਾ ਹੈ। ਅੰਕ ਵਿੱਚ ਇਕ ਦਰਜਨ ਬਾਲ ਕਹਾਣੀਆਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਕਹਾਣੀਆਂ ਤਹਿਤ, ਸਾਡਾ ਦੇਸ਼ ਜ਼ਿੰਦਾਬਾਦ (ਪ੍ਰਿੰ. ਵਿਜੈ ਕੁਮਾਰ), ਨਵੀਂ ਡਾਇਰੀ (ਹਰੀ ਕ੍ਰਿਸ਼ਨ ਮਾਇਰ), ਅਫਰੀਕਨ ਲਾਇਨ ਸਫ਼ਾਰੀ (ਅਮਨਦੀਪ ਸਿੰਘ), ਸੁਖੀ ਇਨਸਾਨ (ਡਾ. ਕੁਲਬੀਰ ਸਿੰਘ ਸੂਰੀ), ਸਕੂਲ ਵੈਨ ਜਾਂ ਬੱਸ 'ਚ ਸਫ਼ਰ ਕਰਨ ਸਮੇਂ (ਰਘਬੀਰ ਸਿੰਘ ਮਾਨ), ਅੱਗ ਬੁਝਾਉਣ ਵਾਲੇ ਹੱਥ (ਹਰਜੀਤ ਕੌਰ ਵਿਰਕ), ਮੈਂ ਬੁੱਧੂ ਨਹੀਂ (ਜਸਵੀਰ ਸਿੰਘ ਰਾਣਾ), ਚਿੜ੍ਹੀ ਤੇ ਹਾਥੀ (ਸੰਜੀਵ ਧਰਮਾਣੀ), ਰੁੱਖ ਅਤੇ ਵੇਲ਼ (ਬਹਾਦਰ ਸਿੰਘ ਗੋਸਲ), ਅਜਿਹਾ ਮਜਾਕ ਨਹੀਂ (ਹਰਿੰਦਰ ਸਿੰਘ ਗੋਗਨਾ), ਕੁੱਕੜ ਕੁੱਕੜੀ (ਈਸ਼ਦੀਪ ਕੌਰ ਈਸ਼ਾ) ਤੇ ਇੱਕ ਸਵਾਲ (ਡਾ. ਸੁਖਰਾਜ ਬਾਜਵਾ) ਦੀਆਂ ਕਹਾਣੀਆਂ ਸਮੇਤ ਦਰਸ਼ਨ ਸਿੰਘ ਆਸ਼ਟ ਦਾ ਨਾਵਲ 'ਫੁੱਲ ਖਿੜ ਪਏ' ਵੀ ਪ੍ਰਕਾਸ਼ਤ ਹੋਇਆ ਹੈ। ਬਲਜਿੰਦਰ ਮਾਨ ਦਾ ਇਕਾਂਗੀ 'ਜ਼ਿੰਮੇਵਾਰ ਮਾਪੇ' ਵੀ ਛਪਿਆ ਹੈ। ਇਸ ਤੋਂ ਇਲਾਵਾ ਦਵਿੰਦਰ ਬੋਹਾ (ਨਿੱਕੀਆਂ ਕਰੂੰਬਲਾਂ' ਰਸਾਲੇ ਬਾਰੇ), ਤੀਰਥ ਸਿੰਘ ਢਿੱਲੋਂ, ਜਸਵਿੰਦਰ ਢੱਡਾ, ਮਨਜੀਤ ਕੌਰ ਦੇ ਜਾਣਕਾਰੀ ਭਰਪੂਰ ਲੇਖ ਹਨ। ਓਮਕਾਰ ਸੂਦ ਬਹੋਨਾ, ਜਗਜੀਤ ਸਿੰਘ ਲੱਡਾ, ਆਤਮਾ ਸਿੰਘ ਚਿੱਟੀ, ਮੁਹੰਮਦ ਅਸਰਫ਼ ਸੁਹੇਲ, ਹਰਪ੍ਰੀਤ ਪੱਤੋ, ਮਨਜੀਤ ਘੜੈਲੀ, ਕਮਲਜੀਤ ਨੀਲੋਂ ਅਤੇ ਹੋਰਨਾਂ ਦੀਆਂ ਬਾਲ ਕਵਿਤਾਵਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਹਰ ਰਚਨਾ ਦੇ ਨਾਲ ਸਬੰਧਤ ਸਕੈਚ ਪ੍ਰਕਾਸ਼ਤ ਕੀਤਾ ਗਿਆ ਹੈ। ਅੰਤ ਵਿੱਚ ਕੁਝ ਕਿਤਾਬਾਂ ਦੇ ਰੀਵਿਊ ਅਤੇ ਹੋਰ ਸਮੱਗਰੀ ਪੜ੍ਹਨ ਨੂੰ ਮਿਲ ਜਾਂਦੀ ਹੈ। ਨਿੱਕੀਆਂ ਕਰੂੰਬਲਾਂ ਦੇ ਪੰਨੇ :58, ਮੁੱਲ : 70 ਰੁਪਏ, ਮੁੱਖ ਸੰਪਾਦਕ : ਬਲਜਿੰਦਰ ਮਾਨ (98150-18947) ਰਚਨਾਵਾਂ ਭੇਜਣ ਲਈ : email: karumblan1995@gmail.com



### ਅਣੂ : ਜੂਨ, 2026

ਅਣੂ ਦਾ ਹੱਥਲਾ ਅੰਕ ਮਿੰਨੀ ਕਵਿਤਾਵਾਂ, ਕਹਾਣੀਆਂ ਤੇ ਲੇਖ ਨਾਲ ਹਾਜ਼ਰ ਹੋਇਆ ਹੈ। ਸੰਪਾਦਕੀ ਪੱਬਜੀ ਨਾਂ ਦੀ ਘਾਤਕ ਖੇਡ 'ਤੇ ਹੈ। ਦਰਸ਼ਨ ਖੇੜੀ ਦਾ ਲੇਖ 'ਨੈਤਿਕ ਉਲਟਫੇਰ ਦਾ ਮਨੋਵਿਗਿਆਨ' ਉਪਰੰਤ ਸੁਖਦੇਵ ਸ਼ਾਂਤ, ਰਣਜੀਤ ਅਜ਼ਾਦ ਕਾਂਝਲਾ, ਡਿਲੋਕ ਢਿੱਲੋਂ, ਸੁਖਵਿੰਦਰ ਦਾਨਗੜ੍ਹ ਦੀਆਂ ਕਹਾਣੀਆਂ, ਗੁਲਨਾਜ਼, ਜਸਦੇਵ ਲਲਤੋਂ, ਹਰਭਜਨ ਸਿੰਘ ਹੁੰਦਲ, ਮਹਿੰਦਰ ਮਾਨ, ਰਘਬੀਰ ਸਿੰਘ ਗਿੱਲ, ਕਸ਼ਮੀਰੀ ਲਾਲ ਚਾਵਲਾ ਦੀਆਂ ਕਵਿਤਾਵਾਂ, ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਤੇ ਲੇਖ ਸਮੇਤ ਕੁਝ ਹੋਰ ਸਮੱਗਰੀ ਪੜ੍ਹਨ ਨੂੰ ਮਿਲਦੀ ਹੈ। ਅਣੂ, ਮੁੱਲ : 5 ਰੁਪਏ, ਪੰਨੇ : 32, ਸੰਪਾਦਕ : ਸੁਰਿੰਦਰ ਕੈਲੇ (98725-91653)




### ਕਥਾ ਦੇਸ਼ : ਨਾਰੀ ਚਿੰਤਨ 'ਤੇ ਵਿਸ਼ੇਸ਼

'ਕਥਾ ਦੇਸ਼' ਹਿੰਦੀ ਭਾਸ਼ਾ ਦਾ ਚਰਚਿਤ ਰਸਾਲਾ ਹੈ। ਇਸ ਵਾਰ ਮਾਰਚ,2026 ਦਾ ਅੰਕ ਨਾਰੀਵਾਦੀ ਚਿੰਤਨ ਤੇ 'ਸਸਤ੍ਰੀ ਵਿਚਾਰਕੀ' ਸਿਰਲੇਖ ਹੇਠ ਅੰਕ ਸੰਪਾਦਤ ਕੀਤਾ ਹੈ। 162 ਪੰਨਿਆਂ ਦੇ ਇਸ ਅੰਕ ਵਿੱਚ ਨਾਰੀ ਚਿੰਤਕਾਂ ਤੇ ਲੇਖਕਾਂ ਦੀਆਂ ਮਹੱਤਵਪੂਰਨ ਲਿਖਤਾਂ ਪ੍ਰਕਾਸ਼ਤ ਹੋਈਆਂ ਹਨ। ਜਿਸ ਵਿੱਚ ਨਾਰੀ ਦੀ ਦੈਹਿਕ, ਮਾਨਸਿਕ, ਆਰਥਿਕ ਅਤੇ ਸਭਿਆਚਾਰਕ ਆਜ਼ਾਦੀ ਦੀ ਵਕਾਲਤ ਕੀਤੀ ਗਈ ਹੈ। ਹੱਥਲੇ ਅੰਕ ਵਿੱਚ ਮੁਰਦਲਾ ਗਰਗ, ਮਮਤਾ ਕਾਲੀਆ, ਮੁਨਾਲ ਪਾਂਡੇ, ਅਨਾਮਿਕਾ, ਸੁਧਾ ਆਰੋੜਾ, ਯੰਪਾ ਸ਼ਾਹ, ਰੋਹਿਣੀ ਅਗਰਵਾਲ, ਕਵਿਤਾ ਕ੍ਰਿਸ਼ਨਪੱਲਵੀ, ਗਰਿਮਾ ਸ੍ਰੀਵਾਸਤਵ, ਪੂਨਮ ਸਿੰਘ, ਸੁਪ੍ਰਿਯਾ ਪਾਠਕ, ਊਸ਼ਾ ਆਠਲੇ, ਗੀਤਾਸ਼੍ਰੀ, ਰਸ਼ਿਮ ਭਾਰਦਵਾਜ, ਜਿਓਤੀ ਚਾਵਲਾ, ਡਾ. ਵੰਧਨਾ, ਨਾਇਸ਼ ਹਸਨ, ਯੋਗਿਤਾ ਯਾਦਵ, ਸੁਜਾਤਾ, ਅਨੀਤਾ ਭਾਰਤੀ, ਪੂਨਮ ਵਾਸਮ, ਪ੍ਰੀਤੀ ਚੌਧਰੀ, ਨਿਵੇਦਿਤਾ ਸ਼ਕੀਲ ਸਮੇਤ ਹੋਰ ਨਾਰੀ ਚਿੰਤਕਾਂ ਅਤੇ ਲੇਖਕਾਂ ਦੇ ਮਹੱਤਪੂਰਨ ਲੇਖ ਪੜ੍ਹਨ ਨੂੰ ਮਿਲ ਜਾਂਦੇ ਹਨ। ਇਸ ਵਿਸ਼ੇਸ਼ ਅੰਕ ਦਾ 'ਵੰਦਨਾ ਰਾਗ' ਨੂੰ ਮਹਿਮਾਨ ਸੰਪਾਦਕ ਬਣਾਇਆ ਗਿਆ ਹੈ। ਉਹ ਸੰਪਾਦਕੀ ਵਿੱਚ ਲਿਖਦੀ ਹੈ, "ਇਹ ਅੰਕ ਇਕ ਸੁਪਨੇ ਨਾਲ ਸ਼ੁਰੂ ਹੋਇਆ। ਉਹ ਸੁਪਨਾ ਜਿਹੜਾ ਵਾਰ ਵਾਰ ਮੇਰੀ ਜਾਗੀ ਹਾਲਤ ਮੈਨੂੰ ਦਿਖਾਈ ਦਿੰਦਾ ਹੈ, ਇਹ ਦੁਨੀਆ ਇਕ ਦਿਨ ਬਦਲੇਗੀ, ਮੈਂ ਬਗਾਵਤ ਕਰਦੀ ਰਹਾਂਗੀ।" ਇਹ ਅੰਕ ਦਾ ਨਾਰੀਵਾਦੀ ਚਿੰਤਨ ਨਾਰੀ ਦੀਆਂ ਲਿਖਤਾਂ ਰਾਹੀਂ ਪੇਸ਼ ਹੋਇਆ ਹੈ। 35 ਦੇ ਕਰੀਬ ਲੇਖ ਨਾਰੀ ਦੀ ਸਮਾਜ ਵਿੱਚ ਸਪੇਸ ਨਿਰਧਾਰਤ ਕਰਨ ਵਾਲੇ ਹਨ। ਅੰਕ ਵਿੱਚ ਕਿਤਾਬ ਜਿੰਨੀ ਸਮੱਗਰੀ ਪ੍ਰਕਾਸ਼ਤ ਕੀਤੀ ਗਈ ਹੈ। ਭਾਰਤੀ ਅਤੇ ਵਿਸ਼ਵ ਦੇ ਨਾਰੀ ਚਿੰਤਨ ਨੂੰ ਨਾਰੀ ਲੇਖਕਾਂ ਤੇ ਵਿਦਵਾਨਾਂ ਦੀ ਦ੍ਰਿਸ਼ਟੀ ਤੋਂ ਸਮਝਣ ਲਈ ਇਹ ਅੰਕ ਮੁੱਲਵਾਨ ਹੈ। ਹੱਥਲੇ ਅੰਕ ਦੇ ਪੰਨੇ :162, ਮੁੱਲ :100 ਰੁਪਏ, ਪਤਾ : ਕਥਾ ਦੇਸ਼, ਐਲ-57, ਬੀ, ਦਿਲਸ਼ਾਦ ਗਾਰਡਨ, ਦਿੱਲੀ-110095, ਮੁਬਾਇਲ :73034-01407,77019-38525, email: kathadesh-new@gmail.com,ਕਥਾ ਦੇਸ਼ ਦੇ ਸੰਪਾਦਕ ਹਰਿਨਾਰਾਇਣ।




# ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਸਮਾਗਮ




**ਨਵੀਂ ਦਿੱਲੀ**-ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵੱਲੋਂ ਪੰਜਾਬੀ ਭਵਨ ਵਿਖੇ ਕੌਮਾਂਤਰੀ ਮਹਿਲਾ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ, ਜਿਸ ਦੌਰਾਨ ਪੰਜ ਕਵਿੱਤਰੀਆਂ ਨੇ ਆਪਣੀਆਂ ਕਵਿਤਾਵਾਂ ਦਾ ਪਾਠ ਕੀਤਾ। ਸਮਾਗਮ ਦੀ ਪ੍ਰਧਾਨਗੀ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਲੇਖਕਾ ਡਾ. ਵਨੀਤਾ ਨੇ ਕੀਤੀ। ਸਭਾ ਦੇ ਡਾਇਰੈਕਟਰ ਕੇਸਰਾ ਰਾਮ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਆਖਿਆ ਕਿ ਮਹਿਲਾਵਾਂ ਦੀਆਂ ਸਮਾਜਿਕ, ਆਰਥਿਕ ਤੇ ਰਾਜਨੀਤਕ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਅਤੇ ਜਿਨਸੀ ਬਰਾਬਰੀ ਪ੍ਰਤੀ ਜਾਗਰੂਕਤਾ ਵਧਾਉਣ ਲਈ ਅਤੇ ਮਹਿਲਾਵਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ਾਂ ਨੂੰ ਸਨਮਾਨਤ ਕਰਨ ਲਈ ਕੌਮਾਂਤਰੀ ਮਹਿਲਾ ਦਿਵਸ ਹਰ ਸਾਲ 8 ਮਾਰਚ ਨੂੰ ਮਨਾਇਆ ਜਾਂਦਾ ਹੈ। ਉਪਮਾ ਡਾਗਾ ਪਾਰਥ ਨੇ ਕਵੀ ਦਰਬਾਰ ਦੀ ਸ਼ੁਰੂਆਤ 'ਦਸਤੂਰ', 'ਪ੍ਰਿਜਮ' ਆਦਿ ਕਵਿਤਾਵਾਂ ਨਾਲ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਮਹਿਲਾਵਾਂ ਦੋ ਚੀਜ਼ਾਂ ਲੋਚਦੀਆਂ ਹਨ-ਸਨਮਾਨ ਅਤੇ ਪਛਾਣ। ਗਗਨ ਮੀਤ ਕੌਰ ਨੇ 'ਬੈਂਡਿਟ ਕੁਈਨ', 'ਤੂੰ ਤੁਰ', 'ਮਰਦਾਨਗੀ' ਤੇ 'ਕਿਵੇਂ ਆਖਾਂ ਜ਼ਿੰਦਗੀ ਮੁਬਾਰਕ' ਕਵਿਤਾਵਾਂ ਸੁਣਾਈਆਂ। ਛਿੰਦਰ ਕੌਰ ਨੇ 'ਕਰਮ', 'ਯਾਰ ਪੰਖੇਰੂ' ਆਦਿ ਕਵਿਤਾਵਾਂ ਸੁਣਾਉਂਦਿਆਂ ਇਨ੍ਹਾਂ ਸਤਰਾਂ 'ਤੇ ਭਰਪੂਰ ਦਾਦ ਹਾਸਲ ਕੀਤੀ। 'ਮਿੱਟੀ ਵੀ ਤੇਰੀ, ਸੱਚਾ ਵੀ ਤੇਰਾ, ਆਵਾ ਵੀ ਤੇਰਾ, ਮੈਂ ਤਾਂ ਬਸ ਢਲਣਾ ਹੈ।' ਤਰਿੰਦਰ ਕੌਰ ਨੇ 'ਯਸੋਦਰਾ', 'ਯਾਤਰਾ', 'ਮਾਂ' ਆਦਿ ਨਿੱਕੀਆਂ-ਨਿੱਕੀਆਂ ਕਵਿਤਾਵਾਂ ਸੁਣਾ ਕੇ ਚੰਗਾ ਸਮਾਂ ਬੰਨ੍ਹਿਆ। ਡਾ. ਵਨੀਤਾ ਨੇ 'ਅਹੰਕਾਰ', 'ਜ਼ਿੰਦਗੀ', 'ਸੰਘਣਾ ਬਿਰਖ', 'ਵਿਆਹੀਆਂ ਤ੍ਰੀਮਤਾਂ ਕਦੇ ਸੱਚ ਨਹੀਂ ਬੋਲਦੀਆਂ' ਆਦਿ ਕਵਿਤਾਵਾਂ ਸੁਣਾਉਂਦਿਆਂ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਅੱਜ ਦਾ ਯੁੱਗ ਨਾ ਨਾਰੀਵਾਦ ਦਾ ਹੈ ਤੇ ਨਾ ਹੀ ਮਰਦਵਾਦ ਦਾ, ਅੱਜ ਦਾ ਯੁੱਗ ਇਨਸਾਨੀਅਤ ਦਾ ਹੈ। ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਸਭਾ ਦੇ ਚੇਅਰਪਰਸਨ ਪ੍ਰੋ. ਰੇਣੁਕਾ ਸਿੰਘ, ਪ੍ਰੋ. ਰਵੇਲ ਸਿੰਘ, ਗੁਰਦੀਪ ਕੌਰ, ਰਾਜੀਵ ਸੇਠ, ਅਰੁਣ ਵਰਮਾ, ਜਗਤਾਰ ਜੀਤ, ਚਰਨਜੀਤ ਰਾਹੀ, ਸਤੀਸ਼ ਕੁਮਾਰ, ਖੋਜਾਰਥੀ, ਵਿਦਿਆਰਥੀ ਤੇ ਪ੍ਰਕਾਸ਼ਨ ਜਗਤ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ।

## ਕੁੱਤਾ ਜੂਨ ਅਤੇ ਮੈਂਡੋਲਿਨ 'ਤੇ ਗੋਸ਼ਟੀ



**ਟਾਂਡਾ ਉੜਮੁੜ** : ਬੀਤੇ ਦਿਨੀਂ ਸਾਹਿਤ ਆਸ਼ਰਮ ਟਾਂਡਾ ਉੜਮੁੜ ਵਲੋਂ ਮੋਹਣ ਮਤਿਆਲਵੀ ਦੀ ਪੁਸਤਕ 'ਕੁੱਤਾ ਜੂਨ ਅਤੇ ਮੈਂਡੋਲਿਨ' 'ਤੇ ਗੋਸ਼ਟੀ ਸੰਵਾਦ ਰਚਾਇਆ ਗਿਆ।ਸਮਾਗਮ ਵਿੱਚ ਡਾ. ਬਲਦੇਵ ਸਿੰਘ ਬੱਦਨ ਮੁੱਖ ਮਹਿਮਾਨ ਵਜੋਂ ਪਧਾਰੇ।ਪ੍ਰਧਾਨਗੀ ਮੰਡਲ ਵਿੱਚ ਡਾ. ਧਰਮਪਾਲ ਸਾਹਿਲ, ਮਦਨ ਵੀਰਾ, ਮੱਖਣ ਕੁਹਾੜ, ਅਮਰੀਕ ਡੋਗਰਾ, ਗੁਰਮੀਤ ਹਯਾਤਪੁਰੀ ਅਤੇ ਸਾਹਿਤ ਆਸ਼ਰਮ ਟਾਂਡਾ ਦੇ ਪ੍ਰਧਾਨ ਪ੍ਰੋ. ਮਲਕੀਤ ਜੌੜਾ ਜੀ ਸੁਸ਼ੋਭਿਤ ਹੋਏ। ਡਾ. ਨਿਰੰਜਨ ਸਰਪ੍ਰਸਤ ਸਾਹਿਤ ਆਸ਼ਰਮ ਟਾਂਡਾ ਨੇ ਹਾਜ਼ਰ ਸਾਹਿਤਕਾਰ ਅਦੀਬਾਂ ਨੂੰ ਜੀ ਆਇਆਂ ਆਖਿਆ।ਡਾ. ਰਾਮ ਮੂਰਤੀ ਨੇ ਪੁਸਤਕ 'ਕੁੱਤਾ ਜੂਨ ਅਤੇ ਮੈਂਡੋਲਿਨ' 'ਤੇ ਪਰਚਾ ਪੜ੍ਹਿਆ ਜਿਸ ਤੇ ਭਖਵੀਂ ਬਹਿਸ ਹੋਈ।ਬਹਿਸ ਵਿਚ ਡਾ. ਧਰਮਪਾਲ ਸਾਹਿਲ, ਮਦਨ ਵੀਰਾ, ਮੱਖਣ ਕੁਹਾੜ, ਗੁਰਮੀਤ ਹਯਾਤਪੁਰੀ, ਅਮਰੀਕ ਡੋਗਰਾ, ਪੰਮੀ ਦਿਵੇਦੀ, ਵਿਸ਼ਾਲ ਅਤੇ ਡਾ. ਵਿਕਰਮਜੀਤ ਨੇ ਭਰਪੂਰ ਸ਼ਿਰਕਤ ਕੀਤੀ।ਮੋਹਣ ਮਤਿਆਲਵੀ ਨੇ ਬਹਿਸ ਵਿਚ ਉੱਠੇ ਪ੍ਰਸ਼ਨਾਂ ਨੂੰ ਸਵਿਕਾਰਦਿਆਂ ਸਾਰੀਆਂ ਦਾ ਧੰਨਵਾਦ ਕੀਤਾ। ਸਮਾਗਮ ਦੇ ਅਗਲੇ ਦੌਰ ਵਿਚ ਕਨੇਡਾ ਰਹਿੰਦੇ ਸ਼ਾਇਰ ਬਲਦੇਵ ਸੀਹਰਾ ਦੀ ਪੁਸਤਕ 'ਗੁਜ਼ਾਰਿਸ਼' ਅਤੇ ਮੰਗਤ ਚੰਚਲ ਦੀ ਪੁਸਤਕ 'ਚੁੱਪ ਦਾ ਅਨੁਵਾਦ' ਨੂੰ ਲੋਕ ਅਰਪਣ ਕੀਤਾ ਗਿਆ।

# 12ਵਾਂ ਪੰਜਾਬੀ ਯੂਨੀਵਰਸਿਟੀ ਪੁਸਤਕ ਮੇਲਾ ਤੇ ਸਾਹਿਤ ਉਤਸਵ ਭਲਕੇ

**ਪਟਿਆਲਾ** : ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪੰਜ ਦਿਨਾਂ '12ਵਾਂ ਪੁਸਤਕ ਮੇਲਾ ਅਤੇ ਸਾਹਿਤ ਉਤਸਵ' ਯੂਨੀਵਰਸਿਟੀ ਵਿਖੇ ਸਥਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੇ ਨਜਦੀਕ ਤੇ ਕਲਾ ਭਵਨ ਵਿਖੇ ਉਤਸਵ ਦਾ ਉਦਘਾਟਨੀ ਸਮਾਰੋਹ ਉਪ ਕੁਲਪਤੀ ਡਾ. ਜਗਦੀਸ਼ ਸਿੰਘ ਦੀ ਪ੍ਰਧਾਨਗੀ ਹੇਠ 30 ਮਾਰਚ ਨੂੰ ਹੋ ਰਿਹਾ ਹੈ। ਜਿਸ ਵਿੱਚ ਜੰਗ ਬਹਾਦਰ ਗੋਇਲ ਦਾ ਮੁੱਖ ਭਾਸ਼ਣ, ਵਰਿਆਮ ਸੰਧੂ ਮੁੱਖ ਮਹਿਮਾਨ, ਰਘਬੀਰ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਣਗੇ। ਸਵਾਗਤੀ ਸ਼ਬਦ ਪੰਜਾਬੀ ਵਿਭਾਗ ਦੇ ਮੁੱਖੀ ਰਾਜਵੰਤ ਕੌਰ ਪੰਜਾਬੀ ਕਹਿਣਗੇ। ਪਹਿਲੀ ਬੈਠਕ ਵਿੱਚ ਕਵੀ ਦਰਬਾਰ ਹੋਵੇਗਾ, ਜਿਸ ਦੀ ਪ੍ਰਧਾਨਗੀ ਗੁਰਭਜਨ ਗਿੱਲ ਤੇ ਮੁੱਖ ਮਹਿਮਾਨ ਲਖਵਿੰਦਰ ਜੌਹਲ ਹੋਣਗੇ। ਦੂਜੀ ਬੈਠਕ 'ਚ ਬਲਵਿੰਦਰ ਕੌਰ ਬਰਾੜ ਨਾਲ ਸੰਵਾਦ ਚਰਨਜੀਤ ਕੌਰ ਕਰਨਗੇ। ਸ਼ਾਮ ਨੂੰ ਭੀਮ ਇੰਦਰ ਸਿੰਘ ਦੀ ਪ੍ਰਧਾਨਗੀ ਹੇਠ ਸਭਿਆਚਾਰਕ ਸ਼ਾਮ ਹੋਵੇਗੀ। 31 ਨੂੰ ਗਲਪਕਾਰ ਬਚਿੰਤ ਕੌਰ ਨਾਲ ਸੰਵਾਦ ਪਰਮੀਤ ਕੌਰ ਤੇ ਅਮਨਪ੍ਰੀਤ ਕੌਰ ਕਰਨਗੇ। ਦੂਜੀ ਬੈਠਕ 'ਚ 'ਨਾਟਕ, ਨਜ਼ਰੀਆ ਅਤੇ ਨਵੀਂ ਚੇਤਨਾ-ਰੰਗਮੰਚੀ ਆਵਾਜ਼ਾਂ ਦਾ ਸੰਵਾਦ' ਤਹਿਤ ਦੇਵਿੰਦਰ ਦਮਨ, ਕੇਵਲ ਧਾਲੀਵਾਲ, ਅਨੀਤਾ ਸਬਦੀਸ਼ ਨਾਲ ਸੰਵਾਦ ਕਰਨਗੇ ਸ਼ਹਿਨਾਜ਼ ਸੰਜੂ ਤੇ ਚਮਕੌਰ ਬਿੱਲਾ, ਇਸੇ ਦਿਨ ਸ਼ਾਮ ਨੂੰ 'ਗੀਤਕਾਰੀ, ਭਾਵਨਾ ਦੀ ਅਭਿਵਿਅਕਤੀ ਜਾਂ ਬਾਜ਼ਾਰ ਦੀ ਮੰਗ' ਤੇ ਧਰਮ ਕੰਮੇਆਣਾ, ਮਨਪ੍ਰੀਤ ਟਿਵਾਣਾ, ਅਮਰੀਕ ਸਿੰਘ ਤਲਵੰਡੀ, ਪਾਲੀ ਦੇਤਵਾਲੀਆ ਨਾਲ ਸਿਮਰਨਜੀਤ ਸਿੰਘ ਸੰਵਾਦ ਰਚਾਉਣਗੇ। ਸ਼ਾਮ ਨੂੰ 'ਸੰਗੀਤਕ ਸ਼ਾਮ' 'ਚ ਢਾਡੀ ਦੇਸ ਰਾਜ ਲਚਕਾਨੀ ਹਿੱਸਾ ਲੈਣਗੇ। 1 ਅਪ੍ਰੈਲ ਨੂੰ 'ਆਵਾਜ਼, ਤਸਵੀਰ ਤੇ ਸ਼ਬਦ-ਸੱਚ ਦੀ ਰਚਨਾ ਜਾਂ ਸੱਚ ਦੀ ਪੇਸ਼ਕਾਰੀ' ਵਿਸ਼ੇ ਤੇ ਵਰਿੰਦਰ ਵਾਲੀਆ, ਜਗਜੀਤ ਸਿੰਘ ਦਰਦੀ, ਹਰਜਿੰਦਰ ਪਾਲ ਸਿੰਘ ਵਾਲੀਆ, ਪਰਮਜੀਤ ਸਿੰਘ ਸੰਵਾਚ ਰਚਾਉਣਗੇ। ਦੂਜੀ ਬੈਠਕ ਵਿੱਚ ਸਰਦਾਰਾ ਸਿੰਘ ਜੌਹਲ ਨਾਲ ਸੁਰਜੀਤ ਸਿੰਘ ਭੱਟੀ ਰੂਬ ਰੂ ਕਰਨਗੇ। 'ਲੋਕ ਕਲਾਵਾਂ ਦਾ ਹਾਸ਼ੀਆਕਰਨ ਜ਼ਿੰਮੇਵਾਰ ਕੌਣ ?' ਵਿਸ਼ੇ ਤੇ ਹਰਦਿਆਲ ਥੂਹੀ, ਜਸਵਿੰਦਰ ਸ਼ਰਮਾ, ਦਵਿੰਦਰ ਕੌਰ ਢੱਟ' ਸੰਵਾਦ ਕਰਨਗੇ। ਸ਼ਾਮ ਨੂੰ ਸੰਗੀਤਕ ਸ਼ਾਮ ਹੋਵੇਗੀ। 2 ਅਪ੍ਰੈਲ ਨੂੰ ਆਰੰਭ ਵਿੱਚ 'ਡਿਜੀਟਲ ਯੁੱਗ ਵਿੱਚ ਮਾਤ ਭਾਸ਼ਾ-ਸਥਿਤੀ ਅਤੇ ਚੁਣੌਤੀਆਂ' ਤਹਿਤ ਭੁਪਿੰਦਰ ਸਿੰਘ ਖਹਿਰਾ, ਪਰਮਜੀਤ ਸਿੰਘ ਢੀਂਗਰਾ, ਰਮਨਪ੍ਰੀਤ ਕੌਰ ਬਠਿੰਡਾ ਨਾਲ ਰਾਜਵਿੰਦਰ ਸਿੰਘ ਸੰਵਾਦ ਰਚਾਉਣਗੇ। ਦੂਜੀ ਬੈਠਕ ਦਾ ਵਿਸ਼ਾ 'ਬਹੁਭਾਸ਼ੀ ਸੰਸਾਰ ਵਿੱਚ ਅਨੁਵਾਦ ਦੀ ਭੂਮਿਕਾ' ਹੋਵੇਗਾ ਜਿਸ ਵਿੱਚ ਰਾਜੇਸ਼ ਸ਼ਰਮਾ, ਸੁਰਿੰਦਰ ਸਿੰਘ ਤੇਜ, ਅਕਸ਼ੈ ਕੁਮਾਰ, ਸੁਰਜੀਤ ਸਿੰਘਨਾਲ ਸੰਵਾਦ ਹੋਵੇਗਾ ਉਪਰੰਤ 'ਪੁਸਤਕ ਲੋਕ ਅਰਪਣ ਤੇ ਵਿਚਾਰ ਚਰਚਾ' ਤੇ ਸ਼ਾਮ ਤੇ 'ਸੰਗੀਤਕ ਸ਼ਾਮ' ਹੋਵੇਗੀ।

ਅੰਤਲੇ ਦਿਨ ਪਹਿਲੀ ਬੈਠਕ 'ਚ 'ਪੰਜਾਬੀ ਗਲਪ ਵਿੱਚ ਪੰਜਾਬੀ ਬੰਦੇ ਦੀ ਘਾੜਤ ਦਾ ਸਵਾਲ' ਵਿਸ਼ੇ ਤੇ ਬਲਦੇਵ ਸਿੰਘ ਸੜਕਨਾਮਾ, ਜਿੰਦਰ, ਭਗਵੰਤ ਰਸੂਲਪੁਰੀ, ਜਰਨੈਲ ਸਿੰਘ ਤੇ ਨਕਸ਼ਦੀਪ ਪੰਜਕੋਹਾ ਆਦਿ ਨਾਲ ਸੰਵਾਦ ਗੁਰਮੁਖ ਸਿੰਘ ਵੱਲੋਂ ਰਚਾਇਆ ਜਾਵੇਗਾ। ਅਗਲੀ ਬੈਠਕ 'ਬਾਲ ਸਾਹਿਤ ਦਾ ਸੰਕਟ-ਗੁਣਵੱਤਾ ਜਾਂ ਘਾਟ' ਵਿਸ਼ੇ ਤੇ ਹੋਵੇਗੀ। ਜਿਸ ਵਿੱਚ ਹਿਰਦੇਪਾਲ ਸਿੰਘ, ਕੁਲਬੀਰ ਸਿੰਘ ਸੂਰੀ, ਦਰਸ਼ਨ ਸਿੰਘ ਆਸ਼ਟ, ਮਨਮੋਹਨ ਸਿੰਘ ਦਾਊਂ, ਅਮਰੀਕ ਸਿੰਘ ਤਲਵੰਡੀ' ਨਾਲ ਬਲਜਿੰਦਰ ਮਾਨ ਵੱਲੋਂ ਸੰਵਾਦ ਰਚਾਇਆ ਜਾਵੇਗਾ। ਵਿਦਾਇਗੀ ਸਮਾਰੋਹ 'ਚ ਸਵਾਗਤੀ ਸ਼ਬਦ ਰਾਜਵੰਤ ਕੌਰ ਪੰਜਾਬੀ ਵੱਲੋਂ, ਭਾਸ਼ਣ ਪ੍ਰਿੰ. ਸਰਵਣ ਸਿੰਘ, ਮੁੱਖ ਮਹਿਮਾਨ ਸੰਤ ਬਲਬੀਰ ਸਿੰਘ ਸੀਚੇਵਾਲ, ਵਿਸ਼ੇਸ਼ ਮਹਿਮਾਨ ਐੱਸ. ਪੀ. ਐੱਸ. ਉਬਰਾਏ, ਬਲਤੇਜ ਸਿੰਘ ਮਾਨ, ਪ੍ਰਧਾਨਗੀ ਡਾ. ਜਗਦੀਪ ਸਿੰਘ (ਉਪ ਕੁਲਪਤੀ) ਭਾਗ ਲੈਣਗੇ। ਧੰਨਵਾਦ ਜਸਵਿੰਦਰ ਸਿੰਘ ਬਰਾੜ ਕਰਨਗੇ। ਸ਼ਾਮ ਨੂੰ ਦੇਬੀ ਮਖ਼ਸੂਸਪੁਰੀ ਵੱਲੋਂ ਸੰਗੀਤਕ ਸ਼ਾਮ 'ਚ ਰੰਗ ਭਰਿਆ ਜਾਵੇਗਾ। ਸਾਰੀਆਂ ਬੈਠਕਾਂ ਦਾ ਮੰਚ ਸੰਚਾਲਨ ਕ੍ਰਮਵਾਰ ਗੁਰਸੇਵਕ ਲੰਬੀ, ਰਾਜਵੰਤ ਪੰਜਾਬੀ, ਲੱਛਮੀ ਤੇ ਹੋਰਨਾ ਵੱਲੋਂ ਕੀਤਾ ਜਾਵੇਗਾ। ਜਾਣਕਾਰੀ ਦਿੰਦੇ ਹੋਏ ਪੰਜਾਬੀ ਯੂਨੀ. ਪੰਜਾਬੀ ਵਿਭਾਗ ਦੇ ਮੁੱਖੀ ਰਾਜਵੰਤ ਕੌਰ ਪੰਜਾਬੀ ਨੇ ਦੱਸਿਆ ਕਿ ਇਸ ਦੌਰਾਨ ਪੰਜੇ ਦਿਨ ਪ੍ਰਕਾਸ਼ਕਾਂ ਤੇ ਪੁਸਤਕ ਵਿਕਰੇਤਾਵਾਂ ਵੱਲੋਂ ਪੁਸਤਕਾਂ ਦੇ ਸਟਾਲ ਲਗਾਏ ਜਾਣਗੇ। ਪੁਸਤਕ ਮੇਲਾ ਤੇ ਸਾਹਿਤ ਉਸਤਵ 'ਚ ਯੂਨੀਵਰਸਿਟੀ ਦੇ ਸਾਰੇ ਵਿਭਾਗ, ਪਬਲੀਕੇਸ਼ਨ ਬਿਊਰੋ, ਵੇਰਕਾ, ਸਰਬੱਤ ਦਾ ਭਲਾ ਟਰੱਸਟ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਦਾ ਸਹਿਯੋਗ ਤੇ ਸ਼ਮੂਲੀਅਤ ਰਹੇਗੀ।

## ਐਡਵੋਕੇਟ ਦਲੀਪ ਸਿੰਘ ਵਾਸਨ ਦਾ ਸਨਮਾਨ

**ਪਟਿਆਲਾ** : ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਪੰਜਾਬੀ ਦੇ ਉੱਘੇ ਲੇਖਕ ਐਡਵੋਕੇਟ ਦਲੀਪ ਸਿੰਘ ਵਾਸਨ (90) ਦੇ ਘਰ ਜਾ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਉਨ੍ਹਾਂ ਦਾ ਸਨਮਾਨ ਕਰਦਿਆਂ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਕਿਹਾ ਕਿ ਐਡਵੋਕੇਟ ਦਲੀਪ ਸਿੰਘ ਵਾਸਨ ਨੇ ਅੱਧੀ ਸਦੀ ਤੋਂ ਵੀ ਵਧੇਰੇ ਸਮਾਂ ਪੰਜਾਬੀ ਮਾਤ ਭਾਸ਼ਾ ਦੀ ਨਿਸ਼ਕਾਮ ਸੇਵਾ ਕਰਦਿਆਂ ਇਸ ਦੇ ਵਿਕਾਸ ਲਈ ਅਹਿਮ ਯੋਗਦਾਨ ਪਾਇਆ ਹੈ। ਸਭਾ ਦੇ ਜਨਰਲ ਸਕੱਤਰ ਦਵਿੰਦਰ ਪਟਿਆਲਵੀ, ਵਿੱਤ ਸਕੱਤਰ ਬਲਬੀਰ ਸਿੰਘ ਦਿਲਦਾਰ ਅਤੇ ਪ੍ਰੈੱਸ ਸਕੱਤਰ ਨਵਦੀਪ ਸਿੰਘ ਮੁੰਡੀ ਤੋਂ ਇਲਾਵਾ ਸੁਰਜੀਤ ਕੌਰ ਅਤੇ ਕਮਲਦੀਪ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ, ਜਿਨ੍ਹਾਂ ਨੇ ਵੱਖ-ਵੱਖ ਪੱਖਾਂ ਤੋਂ ਐਡਵੋਕੇਟ ਦਲੀਪ ਸਿੰਘ ਵਾਸਨ ਦੇ ਜੀਵਨ ਅਨੁਭਵ ਅਤੇ ਸਾਹਿਤ ਰਚਨਾ ਬਾਰੇ ਵਿਸਥਾਰ ਵਿਚ ਸੰਵਾਦ ਰਚਾਇਆ। ਆਪਣੀ ਰਚਨਾ ਪ੍ਰਕਿਰਿਆ ਬਾਰੇ ਚਰਚਾ ਕਰਦਿਆਂ ਐਡਵੋਕੇਟ ਵਾਸਨ ਨੇ ਕਿਹਾ ਕਿ ਭਾਵੇਂ ਉਹ ਸਰੀਰਕ ਤੌਰ 'ਤੇ ਪਹਿਲਾਂ ਵਾਂਗ ਕਾਰਜਸ਼ੀਲ ਨਹੀਂ ਰਹੇ, ਪਰੰਤੂ ਮਾਨਸਿਕ ਤੌਰ 'ਤੇ ਅਜੇ ਵੀ ਨਿਰੰਤਰ ਸਾਹਿਤ ਸਾਧਨਾ ਨਾਲ ਜੁੜੇ ਹੋਏ ਹਨ।



## ਲਿਖਾਰੀ ਸਭਾ ਵੱਲੋਂ ਸਾਹਿਤਕ ਬੈਠਕ

**ਮੰਡੀ ਗੋਬਿੰਦਗੜ੍ਹ** : ਪੰਜਾਬੀ ਲਿਖਾਰੀ ਸਭਾ ਮੰਡੀ ਗੋਬਿੰਦਗੜ੍ਹ ਦੀ ਮਹੀਨੇਵਾਰ ਸਾਹਿਤਕ ਬੈਠਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੰਨਿਆ ਵਿਖੇ ਉਪਕਾਰ ਸਿੰਘ ਦਿਆਲਪੁਰੀ ਦੀ ਪ੍ਰਧਾਨਗੀ ਹੇਠ ਹੋਈ।ਬੈਠਕ ਵਿਚ ਅਮਰ ਸਿੰਘ ਸੈਂਪਲਾਂ, ਰਾਮ ਸਿੰਘ ਅਲਬੇਲਾ, ਬਘੇਲ ਸਿੰਘ ਚੰਦਨ, ਮਨਦੀਪ ਸਿੰਘ ਮਾਣਕੀ, ਜ਼ੋਰਾਵਰ ਸਿੰਘ ਪੰਛੀ, ਗੁਰਪ੍ਰੀਤ ਸਿੰਘ ਬੀੜ ਕਿਸ਼ਨ, ਜਗਜੀਤ ਸਿੰਘ ਗੁਰਮ, ਸਨੇਹਇੰਦਰ ਸਿੰਘ ਮੀਲੂ, ਰਣਜੋਧ ਸਿੰਘ ਖਾਨਪੁਰੀ, ਸਰਦਾਰ ਪੰਛੀ, ਲੋਕ ਨਾਥ ਸ਼ਰਮਾ, ਅਨੂਪ ਸਿੰਘ ਖਾਨਪੁਰੀ, ਉਪਕਾਰ ਸਿੰਘ ਦਿਆਲਪੁਰੀ ਨੇ ਆਪਣੀਆਂ ਕਵਿਤਾਵਾਂ, ਗਜ਼ਲਾਂ ਤੇ ਗੀਤ ਸੁਣਾ ਕੇ ਖੂਬ ਰੰਗ ਬੰਨ੍ਹਿਆ। ਮੀਟਿੰਗ ਦੀ ਕਾਰਵਾਈ ਸਨੇਹਇੰਦਰ ਮੀਲੂ ਫਰੌਰ ਅਤੇ ਜਗਜੀਤ ਸਿੰਘ ਗੁਰਮ ਨੇ ਬਾਖੂਬੀ ਚਲਾਈ।ਮੁੜ ਮਿਲਣ ਦੇ ਵਾਅਦੇ ਨਾਲ ਪ੍ਰਧਾਨ ਵੱਲੋਂ ਸਭ ਦਾ ਧੰਨਵਾਦ ਕੀਤਾ।



# ਜਸਵੰਤ ਜ਼ਫਰ ਦੀ ਪੁਸਤਕ 'ਮੈਨੂੰ ਬੁੱਧੂ ਹੋਣਾ ਚਾਹੀਦਾ' 'ਤੇ ਗੋਸ਼ਟੀ




**ਪਟਿਆਲਾ** : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਪੰਜਾਬੀ ਦੇ ਉੱਘੇ ਸ਼ਾਇਰ ਅਤੇ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਜ਼ਫ਼ਰ ਦੀ ਕਾਵਿ-ਪੁਸਤਕ 'ਮੈਨੂੰ ਬੁੱਧੂ ਹੋਣਾ ਚਾਹੀਦਾ' 'ਤੇ ਵਿਚਾਰ-ਗੋਸ਼ਟੀ ਹੋਈ। ਇਸ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਡਾ. ਜਗਦੀਪ ਸਿੰਘ, ਉਪਕੁਲਪਤੀ ਨੇ ਕਿਹਾ ਕਿ ਜਸਵੰਤ ਜ਼ਫ਼ਰ ਦੀ ਲਿਖਤ ਵਿੱਚ ਬਹੁਤ ਡੂੰਘਾਈ ਹੈ, ਜੋ ਪਾਠਕ ਨੂੰ ਸੋਚਣ ਅਤੇ ਚਿੰਤਨ ਕਰਨ ਲਈ ਪ੍ਰੇਰਦੀ ਹੈ। ਜਸਵੰਤ ਜ਼ਫ਼ਰ ਤਰਕ ਦਾ ਸ਼ਾਇਰ ਹੈ। ਸਮਾਗਮ ਦੇ ਮੁੱਖ ਪ੍ਰਬੰਧਕ ਡਾ. ਗੁਰਸੇਵਕ ਸਿੰਘ ਲੰਬੀ, ਮੁਖੀ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਨੇ ਕਿਹਾ ਕਿ ਇਹ ਵਿਚਾਰ-ਚਰਚਾ ਵਿਭਾਗ ਦੀ ਯੋਜਨਾ 'ਅਹਿਮ ਪੁਸਤਕਾਂ ਬਾਰੇ ਵਿਚਾਰ-ਗੋਸ਼ਟੀ' ਤਹਿਤ ਰੱਖੀ ਗਈ ਹੈ। ਜਸਵੰਤ ਜ਼ਫ਼ਰ ਪੰਜਾਬੀ ਦਾ ਸਿਰਮੌਰ ਸ਼ਾਇਰ ਹੈ। ਉਹ ਬਹੁਤ ਸੂਖਮਤਾ ਨਾਲ ਆਲੇ-ਦੁਆਲੇ ਵਾਪਰਦੀਆਂ ਘਟਨਾਵਾਂ ਬਿਆਨ ਕਰਦਾ ਹੈ। ਵਿਅੰਗ ਉਸ ਦੀ ਕਵਿਤਾ ਦਾ ਮਿਆਰੀ ਗੁਣ ਹੈ। ਜਸਵੰਤ ਜ਼ਫ਼ਰ ਦੀ ਕਵਿਤਾ ਨੇ ਪੰਜਾਬੀ ਪਾਠਕ ਨੂੰ ਸੂਝਵਾਨ ਕੀਤਾ ਹੈ। ਪ੍ਰੋ. ਰਾਜਿੰਦਰਪਾਲ ਸਿੰਘ ਬਰਾੜ ਨੇ ਦੱਸਿਆ ਕਿ ਜਸਵੰਤ ਜ਼ਫ਼ਰ ਚੰਗੇ ਸਾਹਿਤਕਾਰ ਦੇ ਨਾਲ-ਨਾਲ ਚਿੱਤਰਕਾਰ, ਕਾਰਟੂਨਿਸਟ ਅਤੇ ਕਲਾ ਪ੍ਰੇਮੀ ਹਨ। ਉਹ ਲੰਮਾ ਸਮਾਂ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਉੱਚ ਅਹੁਦੇ 'ਤੇ ਬਿਰਾਜਮਾਨ ਰਹੇ। ਜਸਵੰਤ ਜ਼ਫ਼ਰ ਨੇ ਆਪਣੀ ਪੁਸਤਕ 'ਮੈਨੂੰ ਬੁੱਧੂ ਹੋਣਾ ਚਾਹੀਦਾ' ਜ਼ਰੀਏ ਸਿਆਣਪ ਅਤੇ ਮੂਰਖ਼ਤਾ ਦੇ ਅਰਥਾਂ ਉੱਤੇ ਪ੍ਰਸ਼ਨ ਚਿੰਨ੍ਹ ਲਗਾਇਆ ਹੈ। ਉਪਰੰਤ ਜਸਵੰਤ ਜ਼ਫ਼ਰ ਨੇ ਕਵਿਤਾ ਪਾਠ ਕੀਤਾ। ਡਾ. ਸੁਰਜੀਤ ਸਿੰਘ ਭੱਟੀ ਨੇ ਕਿਤਾਬ ਬਾਰੇ ਬੋਲਦਿਆਂ ਕਿਹਾ ਕਿ ਜ਼ਫ਼ਰ ਦੀਆਂ ਕਵਿਤਾਵਾਂ ਦੀ ਤਹਿ ਵਿੱਚ ਸਰਲਤਾ ਹੁੰਦੀ ਹੈ ਤੇ ਤੱਟ ਵਿੱਚ ਪੂਰਨ ਡੂੰਘਾਈ। ਉਹਨਾਂ ਨੇ 'ਸਵਰਗ ਨਰਕ' ਕਵਿਤਾ ਦੇ ਹਵਾਲੇ ਨਾਲ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ । ਡਾ. ਬਲਦੇਵ ਸਿੰਘ ਧਾਲੀਵਾਲ ਨੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਜਸਵੰਤ ਜ਼ਫ਼ਰ ਦੀ ਕਵਿਤਾ ਦਾ ਨਿਵੇਕਲਾ ਆਧਾਰ ਗੁਰਬਾਣੀ ਹੈ। ਉਸ ਦੀ ਕਵਿਤਾ ਰਹੱਸਵਾਦ ਦੇ ਰੂਪਾਂਤਰਣ ਵਾਲੀ ਕਵਿਤਾ ਹੈ। ਬਲਵਿੰਦਰ ਸਿੰਘ ਸੰਧੂ ਨੇ ਕਿਤਾਬ ਬਾਰੇ ਬੋਲਦਿਆਂ ਕਿਹਾ ਕਿ ਜਸਵੰਤ ਜ਼ਫ਼ਰ ਤਨਜ਼ ਦਾ ਕਵੀ ਹੈ। ਪ੍ਰੋ. ਯੋਗਰਾਜ ਅੰਗਰਿਸ਼ ਨੇ ਕਿਹਾ ਕਿ ਜਸਵੰਤ ਜ਼ਫ਼ਰ ਦੀਆਂ ਕਵਿਤਾਵਾਂ ਸਤਹੀ ਪੱਧਰ 'ਤੇ ਆਸਾਨ ਲੱਗਦੀਆਂ ਹਨ ਪਰ ਵਿਚਾਰਧਾਰਾਈ ਪੱਧਰ 'ਤੇ ਉਹਨਾਂ ਵਿੱਚ ਬਹੁਤ ਡੂੰਘਾਈ ਹੈ। ਪ੍ਰੋ. ਸੁਰਜੀਤ ਸਿੰਘ, ਪੰਜਾਬੀ ਵਿਭਾਗ ਨੇ ਜਸਵੰਤ ਜ਼ਫ਼ਰ ਦੀ ਕਵਿਤਾ 'ਜਵਾਬ' ਦੇ ਹਵਾਲੇ ਨਾਲ ਗੱਲ ਕਰਦਿਆਂ ਕਿਹਾ ਕਿ ਉਸ ਦੀ ਕਵਿਤਾ ਆਤਮ-ਸੰਘਰਸ਼ ਦੀ ਕਵਿਤਾ ਹੈ। ਡਾ. ਜਯੋਤੀ ਪੁਰੀ, ਅੰਗਰੇਜ਼ੀ ਵਿਭਾਗ ਨੇ 'ਧੰਨਵਾਦੀ ਸ਼ਬਦ' ਸਾਂਝੇ ਕਰਦਿਆਂ ਕਿਹਾ ਕਿ ਜਸਵੰਤ ਜ਼ਫ਼ਰ ਦੀ ਕਵਿਤਾ ਬੰਦੇ ਨੂੰ ਬੰਦਾ ਬਣਾਉਣ ਦੀ ਕਵਿਤਾ ਹੈ। ਮੰਚ ਸੰਚਾਲਨ ਡਾ. ਰਾਜਮਹਿੰਦਰ ਕੌਰ ਨੇ ਕੀਤਾ। ਇਸ ਸਮਾਗਮ ਵਿੱਚ ਡਾ. ਚਰਨਜੀਤ ਕੌਰ, ਡਾ. ਰਾਜਿੰਦਰ ਲਹਿਰੀ, ਡਾ. ਗੁਰਮੁਖ ਸਿੰਘ, ਡਾ. ਬਲਵਿੰਦਰ ਕੌਰ ਭੱਟੀ, ਡਾ. ਪਰਮਿੰਦਰਜੀਤ ਕੌਰ, ਡਾ. ਗੁਰਪ੍ਰੀਤ ਕੌਰ ਬਰਾੜ, ਪ੍ਰਿੰਸੀਪਲ ਗੁਰਸੇਵਕ ਸਿੱਧੂ, ਡਾ. ਵਰਿੰਦਰ, ਡਾ. ਜਸਵੀਰ ਕੌਰ, ਕਵੀ ਭਾਸ਼ੋ, ਅਵਤਾਰਜੀਤ, ਹਰਜੀਤ ਕੈਂਥ, ਤਰਲੋਕ ਢਿੱਲੋਂ ਆਦਿ ਹਾਜ਼ਰ ਸਨ।

# ਪਾਠਕਾਂ ਦੇ ਝਰੋਖੇ 'ਚੋਂ

## ਕਥਾਕਾਰੀ ਤੇ ਸਾਹਿਤ ਸਿਰਜਨਾ

22 ਮਾਰਚ ਦੇ 'ਐਤਵਾਰਤਾ' ਵਿਚ ਕਹਾਣੀਕਾਰ ਜਿੰਦਰ (ਹਰਜਿੰਦਰ) ਦੀ ਕਥਾਕਾਰੀ ਤੇ ਸਾਹਿਤ ਸਿਰਜਨਾ ਦਾ ਨਕਸ਼ਾ ਮੱਖਣ ਮਾਨ ਨੇ ਬਹੁਤ ਖੂਬਸੂਰਤ ਸ਼ੈਲੀ ਵਿਚ ਖਿੱਚਿਆ ਹੈ। ਜਲੰਧਰ ਦੇ ਕਹਾਣੀਕਾਰ ਜਿੰਦਰ ਨੇ ਆਪਣੀ ਜ਼ਿੰਦਗੀ ਵਿਚ ਬਹੁਤ ਸੰਘਰਸ਼ ਕੀਤਾ।ਕਈ ਕੰਮ ਕੀਤੇ, ਬੱਸ ਅੱਡੇ 'ਤੇ ਡਿਊਟੀ, ਫੇਰ ਹੋਰ ਨੌਕਰੀ ਕਰਨੀ, ਗੱਲਾਂ-ਗੱਲਾਂ ਵਿਚ ਮੱਖਣ ਮਾਨ ਨੇ ਜਿੰਦਰ ਦੇ ਤਿੱਖੇ ਸੁਭਾਅ ਦੀ ਚਰਚਾ ਵੀ ਕੀਤੀ ਹੈ।ਜਿੰਦਰ ਦੀ ਹਰਫਨਮੌਲਾ ਤਬੀਅਤ ਦਾ ਜ਼ਿਕਰ ਮੱਖਣ ਮਾਨ ਨੇ ਖੁੱਲ੍ਹ ਕੇ ਕੀਤਾ ਹੈ। ਜਿੰਦਰ ਬਾਰੇ ਹੋਰ ਵੀ ਲਿਖਿਆ ਜਾ ਸਕਦਾ ਹੈ। ਇਸ ਅੰਕ ਵਿਚ ਜਗਰੂਪ ਦੀ ਦਾਰਸ਼ਨਿਕ ਮਾਰਕਸ ਬਾਰੇ ਦੂਸਰੀ ਕਿਸ਼ਤ ਪੜ੍ਹ ਕੇ ਮਨ ਖੁਸ਼ ਹੋਇਆ। ਮਾਰਕਸ ਦਾ ਆਰਥਿਕਵਾਦ ਉਸ ਦੀ ਦੂਰਅੰਦੇਸ਼ੀ ਹੈ ।ਅੱਜ ਵੀ ਉਸ ਦੇ ਲਿਖੇ ਸਿਧਾਂਤ ਅਮਲ ਵਿਚ ਲਿਆਉਣ ਦੀ ਲੋੜ ਹੈ। ਡਾ. ਹਰੀਸ਼ ਮਲਹੋਤਰਾ ਬਰਮਿੰਘਮ ਦਾ ਲੇਖ 'ਅੰਧਵਿਸ਼ਵਾਸ' ਬਹੁਤ ਚਾਅ ਨਾਲ ਪੜ੍ਹਿਆ ।ਕਪਾਟ ਖੁੱਲ੍ਹ ਗਏ ।ਲੇਖਕ ਦਾ ਨਜ਼ਰੀਆ ਨਿਰੋਲ ਤਰਕਸ਼ੀਲ ਹੈ।ਸਾਰਾ ਲੇਖ ਪੜ੍ਹ ਕੇ ਸਵਰਗ-ਨਰਕ ਦੇ ਡਰ, ਅਗਲਾ-ਪਿਛਲਾ ਜੀਵਨ ਤੇ ਪੁਨਰ ਜਨਮ ਆਦਿ ਸਵਾਲਾਂ ਦੇ ਜਵਾਬ ਮਿਲੇ। ਇਹ ਸਾਰਾ ਅਡੰਬਰ ਆਰਥਿਕਤਾ ਤੇ ਰੋਟੀ ਨਾਲ ਜੁੜਿਆ ਹੋਇਆ ਹੈ। ਪ੍ਰੋ. ਮੋਹਨ ਸਿੰਘ ਤਾਂ ਹੀ ਕਹਿੰਦੇ ਹਨ-ਰੱਬ ਇਕ ਗੁੰਝਲਦਾਰ ਬੁਝਾਰਤ, ਰੱਬ ਇਕ ਗੋਰਖਧੰਦਾ ਖੋਲ੍ਹਣ ਲੱਗਿਆ ਪੇਚ ਏਸ ਦੇ ਕਾਫਰ ਹੋ ਜਾਏ ਬੰਦਾ । ਲੇਖਕ ਨੂੰ ਇਸ ਵਧੀਆ ਲਿਖਤ ਦੀ ਮੁਬਾਰਕ। ਗੁਰਨਾਮ ਢਿੱਲੋਂ ਦੀ ਕਵਿਤਾ ਦਾ ਆਨੰਦ ਲਿਆ। ਸੁਰਜੀਤ ਸੁਮਨ ਦਾ ਕਾਲਮ ਵੀ ਦਿਲਚਸਪ ਲੱਗਾ। 'ਗੱਲਾਂ ਵਿੱਚੋਂ ਗੱਲ' ਕੱਢਣ ਦਾ ਲੇਖਕ ਮਾਹਰ ਹੈ। ਬੱਬਰ ਅਕਾਲੀ ਲਹਿਰ ਦੇ ਹਮਸਾਏ ਪਿੰਡਾਂ ਦੀ ਜਾਣਕਾਰੀ ਵਿਜੇ ਬੰਬੇਲੀ ਨੇ ਦਿੱਤੀ, ਬਹੁਤ ਖੁਸ਼ੀ ਹੈ।

— ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

### ਪਾਠਕਾਂ ਲਈ

**ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।**

atwartazamana@gmail.com

- ਸੰਪਾਦਕ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਗਰੀਨ ਟ੍ਰਿਬਿਊਨਲ ਦੇ ਵਿਹੜੇ 'ਚ ਪੱਤਝੜ : ਜੈ ਮਜੂਮਦਾਰ**

**ਪੁਸਤਕ ਸੱਭਿਆਚਾਰ ਤੇ ਪੜ੍ਹਨ ਰੁਚੀ ਦਾ ਰੁਝਾਨ : ਹਰੀਸ਼ ਜੈਨ**

**'ਸਭ ਤੋਂ ਉਦਾਸ ਇਬਾਰਤ' : ਬਲਬੀਰ ਪਰਵਾਨਾ (ਫੋਕਸ) ਡਾ. ਸੰਦੀਪ ਰਾਣਾ**

**ਮੱਖਣ ਮਾਨ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ**

# ਜਗਵਿੰਦਰ ਜੋਧਾ ਦੀਆਂ ਨਵੀਂਆਂ ਕਵਿਤਾਵਾਂ




## ਮੁੜਿਆ ਪੰਨਾ

ਦਿਨ ਦੇ ਤੀਜੇ ਪਹਿਰ
ਬੈਰਕ ਦੇ ਬਾਹਰ ਆ ਖੜੀ
ਵਰਦੀ ਦੀ ਬੇਹਿਸ ਤੇ ਨਿਸੱਤੀ ਬਿੜਕ ਸੁਣ
ਜਾਣ ਲਿਆ ਸੀ ਉਸ ਨੇ
ਕਿ ਵਕਤ ਸਿਰ੍ਹਾਣੇ ਆ ਖੜਿਆ ਹੈ
ਪਹਿਲਾਂ ਤੋਂ ਇਮਕਾਨ ਸੀ ਉਸ ਨੂੰ
ਇਸ ਵੇਲੇ ਦਾ
ਇਹ ਵੀ ਸਾਰ ਸੀ ਕੁਰਸੀ ਦਾ ਡਰ
ਘੜੀ ਦੀਆਂ ਸੂਈਆਂ ਬਦਲਾ ਕੇ
ਸਮੇਂ ਦਾ ਪਹੀਆ ਤੇਜ਼ ਘੁਮਾ ਸਕਦਾ ਹੈ
ਓਹੀ ਹੋਇਆ
ਉਹ ਮੁਸਕਾਇਆ ਤੇ
ਉਡੀਕ ਨਾਲ ਭਾਰੀਆਂ ਅੱਖਾਂ
ਤੇ ਰਤਾ ਕੁ ਹੋਰ ਖੋਲ੍ਹ ਕੇ 'ਚਲ ਬਈ'
ਕਹਿ ਬਿਸਤਰ ਤੋਂ ਉੱਠਿਆ
ਨਾਲ ਹੀ ਉਸ ਨੇ
ਹੱਥ ਵਿਚ ਫੜੀ ਲੈਨਿਨ ਦੀ ਜੀਵਨ-ਕਥਾ ਦੀ ਪੋਥੀ
ਪੰਨਾ ਮੋੜ ਕੇ
ਕੋਲ ਪਈ ਕੁਰਸੀ 'ਤੇ ਧਰ'ਤੀ
ਜਿਵੇਂ ਮੁਸਾਫ਼ਿਰ ਕੋਈ
ਉੱਠ ਕੇ ਅਗਲੇ ਸਫ਼ਰ 'ਤੇ ਜਾਣ ਤੋਂ ਪਹਿਲਾਂ
ਮੁੜ ਆਉਣ ਲਈ ਸਾਂਭ ਰਿਹਾ ਹੋਵੇ ਬਚਦੇ ਕੰਮਾਂ ਦੀ ਸੂਚੀ
ਸਦਾ ਸਫ਼ਰ 'ਤੇ ਜਾਂਦੇ ਲੋਕੀਂ
ਕਦੋਂ ਕਿਤਾਬਾਂ ਦੇ ਪੰਨੇ ਇੰਝ ਮੋੜ ਕੇ ਜਾਂਦੇ
ਪਰ ਉਹ ਮੋੜ ਗਿਆ ਸੀ ਪੰਨਾ
ਤਾਂ ਕਿ ਇਸ ਤੋਂ ਅੱਗੇ ਇਸ ਪੁਸਤਕ ਨੂੰ
ਕੋਈ ਹੋਰ ਪੜ੍ਹੇਗਾ
ਬਾਕੀ ਕੰਮ ਕੋਈ ਹੋਰ ਕਰੇਗਾ
ਇਸ ਘਟਨਾ ਨੂੰ 80 ਸਾਲ ਗੁਜ਼ਰ ਚੁੱਕੇ ਨੇ
ਤੇ ਇਤਿਹਾਸ ਦੇ
ਕਿੰਨੇ ਪੰਨੇ ਪਰਤ ਗਏ ਨੇ
ਪਰ ਉਹ ਪੰਨਾ ਹੁਣ ਤੱਕ ਵੀ ਮੁੜਿਆ ਹੈ
ਕਾਲੀ ਰਾਤ ਸਗੋਂ ਪਹਿਲਾਂ ਤੋਂ ਗੂੜ੍ਹੀ ਹੋਈ
ਇਸ ਤੋਂ ਪਾਰ ਪਾਉਣ ਦਾ ਚਾਨਣ
ਕਿਸੇ ਨੂੰ ਵੀ ਲੱਭਦਾ ਨਾ ਕੋਈ
ਬਹਿਸ ਤਾਂ ਟੋਪੀ ਤੇ ਪੱਗ ਉੱਪਰ ਅਟਕੀ
ਚਿੱਟੇ, ਲਾਲ ਤੇ ਭਗਵੇਂ ਸਾਰੇ ਦਾਅਵੇਦਾਰ ਨੇ ਉਸ ਦੇ
ਪਰ ਸ਼ਬਦਾਂ ਤੱਕ
ਕੋਈ ਨਾ ਪਹੁੰਚੇ
ਪੋਥੀ ਦਾ ਮੁੜਿਆ ਪੰਨਾ ਫਿਰ ਸੁਲਗ ਰਿਹਾ ਹੈ

## ਫੀਦੇਲ, ਤੂੰ ਮਰਿਆ ਨਹੀਂ

ਮੈਂ ਤੇਰੀ ਮੌਤ ਦੀ ਖਬਰ ਨੂੰ ਮੰਨਣੋਂ ਇਨਕਾਰ ਕਰਦਾਂ ਫੀਦੇਲ
ਤੂੰ ਮਰਿਆ ਨਹੀਂ
ਇਹ ਅਫਵਾਹ ਉਸੇ ਪ੍ਰਚਾਰ ਤੰਤਰ ਨੇ ਫੈਲਾਈ ਹੈ
ਜੋ ਭਾਰਤ ਦੀ ਕੁੱਲ ਘਰੇਲੂ ਉਤਪਾਦਨ ਦਰ ਨੂੰ
ਚੀਨ ਤੋਂ ਬਿਹਤਰ ਦੱਸਦਾ ਹੈ
ਜੋ ਗਰੀਬ ਮੁਸਲਮਾਨ ਬਸਤੀਆਂ ਵਿਚ ਅੱਧੀ ਰਾਤੀਂ ਬੁੱਕਦੇ ਬੁਰਛਿਆਂ ਨੂੰ
ਰਾਸ਼ਟਰ ਭਗਤ ਕਹਿੰਦੈ ਫੀਦੇਲ
ਜਿਸ ਮੀਡੀਏ ਮੁਤਾਬਕ ਸੱਦਾਮ ਹੁਸੈਨ ਨੇ ਲੁਕੋਏ ਸਨ ਐਟਮੀ ਹਥਿਆਰ
ਜਿਹੜਾ ਮੀਡੀਆ ਤੈਨੂੰ ਤੀਵੀਂਬਾਜ਼ ਤੇ ਬਿਲ ਕਲਿੰਟਨ ਨੂੰ ਅਮਰੀਕੀ ਗੌਰਵ ਕਹਿੰਦਾ ਸੀ
ਫੀਦੇਲ ਤੇਰੀ ਮੌਤ ਦੀ ਖਬਰ ਸੁੱਖ ਦਾ ਸਾਹ ਹੈ
ਉਨ੍ਹਾਂ ਲਈ
ਜਿਨ੍ਹਾਂ ਰੂਸ ਦੇ ਖੰਡਰਾਂ ਵਿਚ
ਮਾਰਕਸਵਾਦ ਦਾ ਸੂਰਜ ਛਿਪਿਆ ਕਹਿ
ਜਿੱਤ ਦੇ ਭੰਗੜੇ ਪਾਏ ਸਨ
ਪਰ ਤੂੰ ਇਕ ਵਿਅਕਤੀ ਨਹੀਂ
ਇਕ ਭਾਵਨਾ ਏਂ ਫੀਦੇਲ
ਸੱਤਾ ਤੋਂ ਸਤੇ ਬੰਦੇ ਦੀ ਕਿਲਕਾਰੀ ਏਂ
ਤੂੰ ਸਵੈ ਗੌਰਵ ਦੀ ਚਿਣਗ ਏਂ ਫੀਦੇਲ
ਝੁਕੇ ਮਸਤਕ ਸਮੇਂ ਨਾਬਰੀ ਦੀ ਗਾਹਲ ਏਂ ਤੂੰ
ਉਹ ਜਿਸ ਨੇ ਹਵਾਨਾ ਜਿੱਤਿਆ ਸੀ
ਆਪਣੇ ਵੀਹ ਗੁਰੀਲਾ ਸਾਥੀਆਂ ਸਣੇ
ਮਰ ਚੁੱਕਿਆ ਹੋਵੇਗਾ ਉਹ
ਪਰ
ਜਦੋਂ ਤੱਕ ਦੁਨੀਆ ਦੀ ਆਖਰੀ ਝੌਂਪੜੀ ਵਿਚ
ਭੁੱਖੇ ਸੌਣ ਲਈ ਮਜਬੂਰ ਨੇ ਲੋਕ
ਜਦੋਂ ਤੱਕ ਮਜ਼ਦੂਰ ਬਸਤੀਆਂ ਵਿਚ
ਦੁੜੰਗੇ ਮਾਰਦਾ ਫਿਰਦੈ ਪੂੰਜੀਵਾਦ
ਤੂੰ ਕਿਵੇਂ ਮਰ ਸਕਦੈਂ ਫੀਦੇਲ
ਨਹੀਂ ਮਰ ਸਕਦਾ ਤੂੰ

## ਯਾਤਰੂ ਅਯਾਤਰੂ

ਹਰ ਵਾਰ ਪਹਾੜ 'ਤੇ ਆ ਕੇ ਸੋਚਦਾਂ
ਇਕ ਟ੍ਰੈਵਲਿੰਗ ਬਾਈਕ ਲਵਾਂ
ਦੂਰ ਦੂਰ ਘੁਮੱਕੜੀ ਮਾਣਾਂ
ਓਥੇ ਤੱਕ ਜਾਵਾਂ
ਜਿੱਥੇ ਤੱਕ ਬਾਈਕ ਤੇ ਟਾਇਰ
ਤੇ ਫਿਰ ਮੇਰੇ ਪੈਰ ਜਾਣ
ਇਕ ਟੈਂਟ ਲੈਣ ਦੀ ਸਲਾਹ ਬਣਾਉਣਾ
ਇਕ ਕੇਤਲੀ, ਇਕ ਮੈਗੀ ਬਣਾਉਣ ਵਾਲਾ ਭਾਂਡਾ
ਇਨ੍ਹਾਂ ਬਾਰੇ ਨੈੱਟ ਤੋਂ ਦਰਿਆਫਤ ਕਰਦਾਂ
ਫੇਰ ਕੁਛ ਹੋਰ ਚੀਜ਼ਾਂ ਲੱਭਦਾਂ
ਰੇਨ ਸੂਟ, ਯਾਤਰਾ ਸੋਟੀ
ਤੇ ਹਾਂ
ਵਧੀਆ ਜਿਹਾ ਰੈਕਸੈਕ
ਘਰ ਵਾਪਸ ਪਰਤਦਿਆਂ ਜਗ੍ਹਾ ਦੇਖਦਾ ਜਾਨਾਂ
ਜਿਥੇ ਟੈਂਟ ਲਾਇਆ ਜਾ ਸਕਦੈ
ਆਪਣੀ ਹੋਂਦ ਦੀ ਪ੍ਰਮਾਣਿਕਤਾ ਲਈ
ਬਹੁਤ ਕੁਛ ਵਾਧੂ ਲਾਹ ਦੇਣ ਦਾ ਸੋਚਦਾਂ
ਹੌਲੀ ਹੌਲੀ ਵਕਤ ਦਾ ਖੂਹ ਗਿੜਦਾ ਹੈ
ਮੈਂ ਤਰੱਕੀ ਬਾਰੇ ਸੋਚਦਾਂ
ਨਵਾਂ ਘਰ ਬਣਾਉਣ ਬਾਰੇ
ਕਾਰਾਂ ਦੇ ਨਵੇਂ ਮਾਡਲਾਂ ਬਾਰੇ ਮਾਲੂਮਾਤ ਲੈਨਾਂ
ਇਹੀ ਪ੍ਰਮਾਣਿਕ ਲਗਦਾ
ਯਾਤਰੂ ਹੋਣਾ ਵਿੱਸਰ ਜਾਂਦੈ
ਅਗਲੀ ਵਾਰ ਪਹਾੜ 'ਤੇ ਜਾਣ ਤੱਕ

## ਸ਼ਜਰਕਾਰੀ ਦੀ ਰੁੱਤ

ਸਿਆਲ ਦੀ ਯਖ਼ ਰੁੱਤ ਵਿਚ
ਪੱਤਿਆਂ ਦੇ ਵਸਤਰ ਉਤਾਰ ਕੇ
ਸੁੱਤੇ ਪਏ ਰੁੱਖ
ਜਾਗਦੇ ਬਹਾਰ ਦੀ ਆਮਦ ਨਾਲ
ਦੁੱਧ ਦੀਆਂ ਭਰੀਆਂ ਟਹਿਣੀਆਂ 'ਚੋਂ
ਝਾਕਦੀਆਂ ਨਵੀਆਂ ਅੱਖਾਂ
ਕਲਮਾਂ ਕੋਲੋਂ ਚੁੱਕਿਆ ਨਹੀਂ ਜਾਂਦਾ
ਪੁੰਗਾਰੇ ਦਾ ਚਾਅ
ਬੀਜਾਂ ਦੇ ਗਰਭ ਵਿੱਚ
ਨਵੀਂ ਜ਼ਿੰਦਗੀ ਕਰਵਟ ਲੈਂਦੀ
ਨਵਜੀਵਨ ਦਾ ਇਹ ਚੱਕਰ
ਧਰਤੀ ਨੂੰ ਸੌਂਪਣ ਲਈ
ਬਹੁਤ ਸਾਰੇ ਟੋਏ ਪੁੱਟੇ ਜਾਂਦੇ ਰਹੇ
ਆਦਿ ਕਾਲ ਤੋਂ ਹੀ
ਸ਼ਜਰਕਾਰੀ ਦਾ ਇਹ ਵੇਲਾ
ਸਾਲ ਭਰ ਉਡੀਕਦੀ ਕੁਦਰਤ
ਇਹ ਕੈਸੀ ਬਹਾਰ ਆਈ ਹੈ
ਕੈਸੀ ਹੈ ਇਹ ਸ਼ਜਰਕਾਰੀ
ਜਦ ਪੁੱਟੇ ਜਾ ਰਹੇ ਟੋਏ
ਕਬਰਾਂ ਦੇ ਅਰਥ ਲੈ ਗਏ
ਇਨ੍ਹਾਂ ਵਿੱਚ ਰੁੱਖਾਂ ਦੀਆਂ ਜੜ੍ਹਾਂ
ਸਾਹ ਨਹੀਂ ਲੈਂਦੀਆਂ
ਸਾਹ ਰੋਕ ਕੇ ਪਈ ਹੈ
ਜੰਗ ਵਿੱਚ ਵੰਡੀ ਗਈ ਮੌਤ

## ਗ਼ੈਰਹਾਜ਼ਰ ਰੰਗ

ਲਾਲੂ ਪਰੇਸ਼ਾਨ ਹੈ
ਤੇ ਉਦਾਸ ਵੀ
ਪਰਤ ਆਇਆ ਹੈ ਚੋਣਾਂ ਦਾ ਮੌਸਮ
ਝੰਡਿਆਂ ਦੀ ਬਹਾਰ
ਸਪੀਕਰਾਂ ਦਾ ਕੰਨ ਪਾੜਵਾਂ ਰੌਲ਼ਾ
ਵਾਅਦਿਆਂ, ਦਾਅਵਿਆਂ ਤੇ ਦੂਸ਼ਣਾਂ ਦਾ ਪ੍ਰਦੂਸ਼ਣ
ਤੇ ਰੰਗੀਨ ਪੋਸਟਰਾਂ 'ਤੇ ਹੱਥ ਜੋੜੀ ਦਿਸਦੀਆਂ
ਮੀਸਣੀਆਂ ਸੂਰਤਾਂ
ਲਾਲੂ ਦਾ ਦਿਲ ਕਰਦੈ
ਸੱਜੇ ਹੱਥ ਦੀ ਮੁੱਠੀ ਬਣਾ ਕੇ
ਬਚਪਨ ਤੋਂ ਰਟਿਆ ਨਾਹਰਾ ਹਵਾ ਵਿਚ ਉਛਾਲ ਦੇਵੇ
'ਚਿੱਟੇ ਬਗਲੇ ਨੀਲੇ ਮੋਰ, ਇਹ ਵੀ ਚੋਰ ਤੇ ਉਹ ਵੀ ਚੋਰ'
ਉਹ ਪੰਜਾਹਾਂ ਨੂੰ ਟੱਪੀਆਂ ਅੱਖਾਂ ਸੰਗੋੜ ਕੇ ਦੇਖਦਾ
ਉਹੀ ਝੰਡੇ, ਉਹੀ ਲੋਕ, ਉਹੀ ਨਾਅਰੇ, ਉਹੀ ਰੰਗ
ਪਰ ਉਸ ਨੂੰ ਇਕ ਰੰਗ ਨਹੀਂ ਦਿਸਦਾ
ਉਹ ਰੰਗ
ਜਿਸ ਉੱਪਰ ਉਸ ਦੇ ਬਾਪ ਮਹਿੰਗਾ ਰਾਮ ਨੇ
ਆਪਣੇ ਪਹਿਲੇ ਪੁੱਤ ਦਾ ਨਾਂਅ ਧਰਿਆ ਸੀ
'ਲਾਲ ਚੰਦ'
ਉਹ ਰੰਗ
ਜੋ ਬਚਪਨ ਤੋਂ ਹੀ ਉਨ੍ਹਾਂ ਦੇ
ਕੱਚੇ ਕੋਠੇ 'ਤੇ ਝੂਲਦਾ ਰਿਹਾ ਸੀ
ਤੇ ਜਿਸ ਰੰਗ ਦੇ ਕਿਸਾਨ ਸਭਾ ਦੇ ਇਜਲਾਸਾਂ ਦੇ ਪੋਸਟਰ ਪਿੰਡ ਦੀਆਂ ਕੰਧਾਂ 'ਤੇ ਲਾਉਂਦਾ ਰਿਹਾ ਸੀ ਉਹ
ਕਾਮਰੇਡ ਸਰਪੰਚ ਦੇ ਆਦੇਸ਼ ਅਨੁਸਾਰ
ਇਸੇ ਰੰਗ ਦੇ ਸੁਪਨੇ ਦੇਖੇ ਸਨ ਉਹਨੇ
ਜਵਾਨੀ ਦੇ ਚੜ੍ਹਨ ਤੋਂ ਲੈ ਕੇ
ਹਵਾ ਹੋ ਜਾਣ ਤੱਕ
ਉਸ ਰੰਗ ਦੇ ਪੈਰੋਕਾਰ ਹੁਣ ਪੜ੍ਹਦੇ ਨੇ
ਆਨੰਦ ਸਾਹਿਬ ਦੀਆਂ ਪੌੜੀਆਂ ਮੂੰਹ-ਜ਼ੁਬਾਨੀ
ਜਾਂ ਲੜਦੇ ਨੇ
ਅਖਬਾਰਾਂ ਦੀਆਂ ਚੇਅਰਮੈਨੀਆਂ
ਤੇ ਯਾਦਗਾਰੀ ਹਾਲਾਂ ਦੀਆਂ ਸਕੱਤਰੀਆਂ ਪਿੱਛੇ
ਲਾਲੂ ਉਦਾਸ ਹੈ
ਉਸ ਨੂੰ ਤੇ ਉਸ ਜਿਹੇ ਹਜ਼ਾਰਾਂ ਲੋਕਾਂ ਨੂੰ ਅਧਵਾਟੇ ਛੱਡ
ਕਿੱਥੇ ਤੁਰ ਗਿਆ 'ਲਾਲ' ਰੰਗ

## ਜਨਮ ਦਿਨ

ਸਾਥੀ ਪਾਸ਼
ਜੇ ਅੱਜ ਤੂੰ ਜਿਉਂਦਾ ਹੁੰਦਾ ਤਾਂ
ਇਕ ਘੱਟ ਸੱਤਰ ਸਾਲਾਂ ਦਾ ਹੋਣਾ ਸੀ
ਚਿੱਟੀ ਦਾੜ੍ਹੀ ਵਾਲਾ ਬਜ਼ੁਰਗ
ਓਹੋ ਜਿਹਾ
ਜਿਹੋ ਜਿਹਿਆਂ ਦੀਆਂ ਗੱਲਾਂ
ਚਾਅ ਨਾਲ ਸੁਣਦਾ ਹੁੰਦਾ ਸੀ ਤੂੰ
ਤੇਰੀ ਮੌਤ ਨੇ ਅਗਲੀਆਂ ਪੀੜ੍ਹੀਆਂ ਕੋਲੋਂ
ਕਈ ਗੱਲਾਂ ਖੋਹ ਲਈਆਂ
ਜਿਸ ਮੋਟਰ 'ਤੇ ਤੇਰਾ ਕਤਲ ਹੋਇਆ
ਉਸ ਦੇ ਚਲ੍ਹੇ ਵਿਚ ਘੁਲ ਗਈ ਸੀ ਤੇਰੀ ਕਵਿਤਾ
ਫੇਰ ਖਾਲ 'ਚ ਵਹਿ ਕੇ ਖੇਤ 'ਚ ਗਈ
ਤੇ ਹੌਲੀ-ਹੌਲੀ ਗਾਜਰ ਬੂਟੀ ਵਾਂਗ
ਪੂਰੇ ਪੰਜਾਬ 'ਚ ਫੈਲ ਗਈ
ਪੰਜਾਬ ਤੋਂ ਬਾਹਰ ਵੀ
ਜਿੱਥੇ ਵੀ ਸੰਘਰਸ਼ ਦੀ ਲੋੜ ਹੈ ਓਥੇ ਤੱਕ
ਇਕ ਗੋਲੀ ਤੈਨੂੰ ਕਿੱਥੇ ਮਾਰ ਸਕਦੀ ਸੀ
ਤੈਨੂੰ ਤਾਂ ਸੈਂਕੜੇ ਜ਼ੁਬਾਨਾਂ ਵੀ ਨਹੀਂ ਮਾਰ ਸਕੀਆਂ
ਨਾ ਹਜ਼ਾਰਾਂ ਤੁਹਮਤਾਂ
ਸਾਥੀ ਪਾਸ਼
ਤੂੰ ਮੇਰੇ ਜਿਹੇ ਬਹੁਤਿਆਂ ਲਈ
ਅੌਖੇ ਵੇਲੇ ਦਿੱਤਾ ਥਾਪੜਾ ਏ
ਸੰਘਰਸ਼ ਦੀ 'ਜਨਮ ਘੁੱਟੀ'
ਤੂੰ ਰੇਤ ਵਾਂਗੂੰ ਸਭ ਵਿਚ ਥੋੜ੍ਹਾ ਥੋੜ੍ਹਾ ਬਿਖਰ ਗਿਆ ਏਂ
ਤੇਰੇ ਬਹਾਨੇ ਆਪਣੇ ਗਵਾਚੇ ਆਪੇ ਨੂੰ
ਯਾਦ ਕਰਦੇ ਆਂ ਅਸੀਂ
ਜਨਮ ਦਿਨ ਮੁਬਾਰਕ ਸਾਥੀ ਪਾਸ਼

ਮੋਬਾ. 94654-64502

# ਚੱਲ ਡਿੰਪਲ, ਚੱਲੀਏ !

ਦੁਖਦਾ ਪੰਨਾ-1

**ਨਿੰਦਰ ਘੁਗਿਆਣਵੀ**

ਬਠਿੰਡੇ ਤੋਂ ਘੁੱਦੇ ਵਾਲੀ ਬੱਸੇ ਬਹਿਣਾ ਸੀ। ਬੱਸ ਵਿਚ ਕੁਝ ਕੁ ਸਵਾਰੀਆਂ ਹੀ ਬੈਠੀਆਂ ਸਨ, ਗਰਮੀ ਤੋਂ ਬਚਣ ਲਈ ਕੁਝ ਬਾਹਰ ਖੜੀਆਂ ਬੱਸ ਤੁਰਨ ਦੀ ਉਡੀਕ ਕਰ ਰਹੀਆਂ ਸਨ। ਬਾਰੀ ਵਿੱਚੋਂ ਦੀ ਮੂੰਹ ਕੱਢ ਕੇ ਇੱਕ ਨਿਆਣਾ ਬਾਹਰ ਖੜੇ ਮੁੰਡੇ ਨੂੰ ਬੋਲਿਆ, 'ਮਾਮਾ ਮਾਮਾ, ਮੈਨੂੰ ਕੁਲਫੀ ਲੈ ਦੇ।' ਮੁੰਡੇ ਨੇ ਝੱਟ ਕੁਲਫੀ ਲੈ ਕੇ ਭਾਣਜੇ ਨੂੰ ਫੜਾ ਦਿੱਤੀ। ਗਰਮੀ ਵਿਚ ਠੰਢੀ ਕੁਲਫ਼ੀ ਖਾਂਦਾ ਤੇ ਖੁਸ਼ ਹੋ ਰਿਹਾ ਨਿਆਣਾ ਮੈਨੂੰ ਬੜਾ ਪਿਆਰਾ-ਪਿਆਰਾ ਲੱਗਿਆ।

ਖੜੇ-ਖੜੇ ਹੀ ਮੈਨੂੰ ਮੇਰਾ (2019 ਵਿੱਚ) ਵਿੱਛੜਿਆ ਇਕੋ-ਇਕ ਭਾਣਜਾ ਡਿੰਪਲ ਚੇਤੇ ਆ ਗਿਆ। ਮੇਰੀਆਂ ਅੱਖਾਂ ਵਹਿਣ ਲੱਗੀਆਂ। ਲੋਕਾਂ ਤੋਂ ਮਸਾਂ ਅੱਥਰੂ ਲੁਕੋਏ ਤੇ ਪਾਸੇ ਜਾ ਕੇ ਰੁਮਾਲ ਕੱਢ ਕੇ ਪੂੰਝੇ।

'ਡਿੰਪਲ, ਉਦੋਂ ਤੂੰ ਨਿੱਕਾ ਜਿਹਾ ਸੀ, ਹੁਣ ਇਹ ਯਾਦ ਨਹੀਂ ਰਿਹਾ ਕਿਹੜਾ ਬਜ਼ਾਰ ਸੀ, ਤੂੰ ਆਖਿਆ ਸੀ, 'ਮਾਮਾ ਮਾਮਾ ਮਰੂੰਡਾ ਲੈ ਦੇ।' ਮੈਂ ਤੈਨੂੰ ਮਰੂੰਡਾ ਲੈ ਕੇ ਦਿੰਦਿਆਂ ਤੇ ਖਾਂਦਿਆਂ ਦੇਖ ਬੜਾ ਖੁਸ਼ ਹੋ ਰਿਹਾ ਸਾਂ। ਪਰ ਅੱਜ ਬੜਾ ਉਦਾਸ ਹੋਇਆ ਹਾਂ। ਬੱਸ ਚੱਲ ਪਈ ਹੈ ਘੁੱਦੇ ਵੱਲ ਨੂੰ। ਬਾਹਰ ਵੱਲ ਦੇਖ ਰਿਹਾ ਹਾਂ, ਖੇਤ, ਰੁੱਖ, ਮਨੁੱਖ ਤੇ ਹੋਰ ਬੜਾ ਕੁਝ ਪਿੱਛੇ-ਪਿੱਛੇ ਛੱਡਦੀ ਜਾਂਦੀ ਬੱਸ ਦੌੜ ਰਹੀ ਹੈ। ਮੇਰੇ ਮਨ-ਮਸਤਕ ਵਿਚ ਤੇਰੀਆਂ ਯਾਦਾਂ ਦੌੜ ਰਹੀਆਂ ਨੇ। ਤੂੰ ਸਾਥੋਂ ਖਹਿੜਾ ਜਿਹਾ ਛੁਡਾ ਕੇ ਫਟਾਫਟ ਦੌੜ ਗਿਆ ਸੀ। ਤੇਰੀ ਮਾਂ ਤੇਰੀਆਂ ਫੋਟੋਆਂ, ਤੇਰੇ ਕੱਪੜੇ ਤੇ ਤੇਰੀਆਂ ਵੀਡੀਓ ਵੇਖ-ਵੇਖ ਰੋਜ਼ ਮਰਦੀ ਹੈ, ਤੂੰ ਤਾਂ ਇਕ ਵਾਰੀ ਮੁੱਕ ਗਿਆ, ਉਹ ਪਲ-ਪਲ ਮੁੱਕਦੀ ਹੈ। ਆਪਣੇ ਭਰਾਵਾਂ ਵਿੱਚੋਂ ਪੁੱਤ ਦਾ ਚਿਹਰਾ ਢੂੰਡਦੀ ਹੈ। ਕਮਲਿਆ, ਕਾਹਦਾ ਵੈਰ ਸੀ ਸਾਡੇ ਨਾਲ ਤੇਰਾ? ਦੱਸ ਤਾਂ ਦਿੰਦਾ।'

'ਹਾਂ ਸੱਚ, ਡਿੰਪਲ— ਜਿੱਦਣ ਤੇਰੀਆਂ ਅਸਥੀਆਂ ਲੈ ਕੇ ਗੋਇੰਦਵਾਲ ਸਾਹਿਬ ਜਾਣਾ ਸੀ, ਸ਼ਮਸ਼ਾਨ ਘਾਟ ਵਿੱਚੋਂ ਤੁਰਦਿਆਂ ਅਸਥੀਆਂ ਵਾਲਾ ਕੁੱਜਾ ਮੇਰੇ ਹੱਥਾਂ ਵਿਚ ਪਕੜਿਆ ਹੋਇਆ ਸੀ, ਕਿਸੇ ਨੇ ਮੇਰੇ ਕੰਨ ਵਿਚ ਕਿਹਾ ਸੀ, 'ਤੁਰਨ ਲੱਗਾ ਇਉਂ ਆਖੀਂ ਕਿ ਚੱਲ ਡਿੰਪਲ ਚੱਲੀਏ!' ਮੈਂ ਇਵੇਂ ਹੀ ਆਖਿਆ ਸੀ, ਤਾਂ ਗਲਾ ਭਰ ਆਇਆ ਸੀ। ਸਾਗਰ ਵਿੱਚ ਅਸਥੀਆਂ ਦੀ ਪੋਟਲੀ ਖੋਲ੍ਹਦਿਆਂ ਆਖਿਆ ਸੀ, 'ਚੰਗਾ ਡਿੰਪਲ, ਚੱਲ ਤੂੰ— ਏਨਾ ਹੀ ਸੀ ਸਾਥ ਸਾਡੇ ਨਾਲ ਤੇਰਾ ਬੱਲਿਆ— ਪਰ ਤੂੰ ਤਾਂ ਗਿਆ ਹੀ ਨਹੀਂ ਹੈਂ ਕਿਤੇ', ਲਗਦਾ ਹੈ ਅੱਜ ਆਥਣੇ ਨਾਨਕੇ ਆਵੇਂਗਾ ਤੂੰ, ਨਾਨੀ ਬਥੇਰਾ ਖੁਸ਼ ਹੋਊ ਕਿ ਮੇਰਾ ਦੋਹਤਾ ਆਇਆ ਹੈ, ਮੈਂ ਉਡੀਕ ਕਰੂੰਗਾ ਤੇਰੀ ਡਿੰਪਲ।'

'ਚਲੋ ਬਈ ਚਲੋ, ਘੁੱਦੇ ਆਲੇ, ਚਲੋ ਘੁੱਦੇ ਆਲੇ ਬਈ।'

ਕੰਡਕਟਰ ਨੇ ਸੀਟੀ ਮਾਰੀ। ਯੂਨੀਵਰਸਿਟੀ ਦੇ ਗੇਟ ਵੱਲ ਜਾਂਦਿਆਂ ਮੇਰੇ ਕਦਮ ਲੜਖੜਾ ਰਹੇ ਨੇ। ਕਾਫੀ ਕੁਝ ਪਿੱਛੇ ਛੱਡ ਕੇ ਬੱਸ ਆਪਣੇ ਰਾਹ ਵੱਲ ਦੌੜ ਗਈ ਹੈ।

ਮੋਬਾਇਲ : 94174-21700

## ਮਨ, ਮਸਤਿਕ ਤੇ ਰੋਗ-ਪ੍ਰਤੀਰੋਧਕ ਤੰਤਰ ਦਾ ਸਫ਼ਰ

# ਸਾਈਕੋਨਿਊਰੋਇਮੀਊਨੋਲੋਜੀ ਦੀ ਕਹਾਣੀ



ਆਧੁਨਿਕ ਵਿਗਿਆਨ ਨੇ ਮਨੁੱਖੀ ਸਿਹਤ ਨੂੰ ਸਮਝਣ ਲਈ ਇੱਕ ਨਵਾਂ ਰਸਤਾ ਖੋਲ੍ਹਿਆ ਹੈ, ਜਿਸ ਨੂੰ ਸਾਈਕੋਨਿਊਰੋਇਮੀਊਨੋਲੋਜੀ (Psychoneuroimmunology) ਕਿਹਾ ਜਾਂਦਾ ਹੈ। ਇਹ ਵਿਗਿਆਨ ਮਨ (Psychology), ਮਸਤਿਕ ਅਤੇ ਨਰਵਸ ਸਿਸਟਮ (Neuroscience), ਅਤੇ ਰੋਗ-ਪ੍ਰਤੀਰੋਧਕ ਤੰਤਰ (Immunology) ਦੇ ਆਪਸੀ ਸੰਬੰਧਾਂ ਦਾ ਅਧਿਐਨ ਕਰਦਾ ਹੈ। ਸਧਾਰਨ ਭਾਸ਼ਾ ਵਿੱਚ ਇਹ ਸਮਝਾਉਂਦਾ ਹੈ ਕਿ ਸਾਡੇ ਵਿਚਾਰ, ਭਾਵਨਾਵਾਂ ਅਤੇ ਤਣਾਅ ਸਾਡੇ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ।

### ਇਤਿਹਾਸਕ ਪਿਛੋਕੜ

ਪੁਰਾਤਨ ਸਮਿਆਂ ਤੋਂ ਹੀ ਇਹ ਮੰਨਿਆ ਜਾਂਦਾ ਸੀ ਕਿ ਮਨ ਅਤੇ ਸਰੀਰ ਦਾ ਗਹਿਰਾ ਨਾਤਾ ਹੈ, ਪਰ 20ਵੀਂ ਸਦੀ ਦੇ ਅਖੀਰ ਵਿੱਚ ਵਿਗਿਆਨੀਆਂ ਨੇ ਇਸ ਨੂੰ ਤਜਰਬਾਤੀ ਤੌਰ 'ਤੇ ਸਾਬਤ ਕਰਨਾ ਸ਼ੁਰੂ ਕੀਤਾ। 1970 ਦੇ ਦਹਾਕੇ ਵਿੱਚ ਖੋਜਕਾਰਾਂ ਨੇ ਪਾਇਆ ਕਿ ਤਣਾਅ (Stress) ਸਾਡੇ ਇਮਿਊਨ ਸਿਸਟਮ ਨੂੰ ਕਮਜ਼ੋਰ ਕਰ ਸਕਦਾ ਹੈ। ਇਸ ਤੋਂ ਬਾਅਦ ਇਹ ਖੇਤਰ ਤੇਜ਼ੀ ਨਾਲ ਵਿਕਸਿਤ ਹੋਇਆ ਅਤੇ ਅੱਜ ਇਹ ਆਧੁਨਿਕ ਚਿਕਿਤਸਾ ਦਾ ਇੱਕ ਮਹੱਤਵਪੂਰਨ ਹਿੱਸਾ ਬਣ ਚੁੱਕਾ ਹੈ।

### ਇਸ ਦਾ ਵਿਕਾਸ ਅਤੇ ਮਹੱਤਤਾ

ਸਾਈਕੋਨਿਊਰੋਇਮੀਊਨੋਲੋਜੀ ਨੇ ਇਹ ਦਰਸਾਇਆ ਹੈ ਕਿ:

ਲੰਬੇ ਸਮੇਂ ਦਾ ਤਣਾਅ ਕਈ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ

ਖੁਸ਼ੀ, ਧਿਆਨ (Meditation), ਅਤੇ ਸਕਾਰਾਤਮਕ ਸੋਚ ਇਮੀਊਨ ਸਿਸਟਮ ਨੂੰ ਮਜ਼ਬੂਤ ਕਰਦੇ ਹਨ

ਮਨੋਵਿਗਿਆਨਕ ਸਿਹਤ ਅਤੇ ਸਰੀਰਕ ਸਿਹਤ ਇਕ-ਦੂਜੇ ਨਾਲ ਜੁੜੇ ਹੋਏ ਹਨ।

ਇਹ ਖੇਤਰ ਹੁਣ ਕੈਂਸਰ, ਦਿਲ ਦੀਆਂ ਬਿਮਾਰੀਆਂ ਅਤੇ ਮਾਨਸਿਕ ਰੋਗਾਂ ਦੇ ਇਲਾਜ ਵਿੱਚ ਵੀ ਵਰਤਿਆ ਜਾ ਰਿਹਾ ਹੈ।

ਮਨੁੱਖੀ ਭਲਾਈ ਵਿੱਚ ਇਸ ਦੀ ਭੂਮਿਕਾ

ਅੱਜ ਦੇ ਤੇਜ਼ ਰਫ਼ਤਾਰ ਵਾਲੇ ਜੀਵਨ ਵਿੱਚ ਤਣਾਅ, ਚਿੰਤਾ ਅਤੇ ਡਿਪ੍ਰੈਸ਼ਨ ਆਮ ਹੋ ਚੁੱਕੇ ਹਨ। ਸਾਈਕੋਨਿਊਰੋਇਮੀਊਨੋਲੋਜੀ ਸਾਨੂੰ ਇਹ ਸਿਖਾਉਂਦੀ ਹੈ ਕਿ:

ਆਪਣੇ ਮਨ ਨੂੰ ਸ਼ਾਂਤ ਰੱਖਣਾ ਸਿਹਤ ਲਈ ਜ਼ਰੂਰੀ ਹੈ

ਧਿਆਨ, ਯੋਗ ਅਤੇ ਪ੍ਰਾਣਾਯਾਮ ਸਰੀਰ ਨੂੰ ਸਿਹਤਮੰਦ ਰੱਖ ਸਕਦੇ ਹਨ

ਪਿਆਰ, ਸਹਿਯੋਗ ਅਤੇ ਸਮਾਜਿਕ ਜੁੜਾਅ ਇਮੀਊਨ ਤਾਕਤ ਨੂੰ ਵਧਾਉਂਦੇ ਹਨ

### ਨਤੀਜਾ

ਸਾਈਕੋਨਿਊਰੋਇਮੀਊਨੋਲੋਜੀ ਸਿਰਫ਼ ਇੱਕ ਵਿਗਿਆਨ ਨਹੀਂ, ਸਗੋਂ ਜੀਵਨ ਜਿਊਣ ਦਾ ਇੱਕ ਸਮੁੱਚਾ ਦ੍ਰਿਸ਼ਟੀਕੋਣ ਹੈ। ਇਹ ਸਾਨੂੰ ਦੱਸਦੀ ਹੈ ਕਿ ਜਦੋਂ ਮਨ ਸ਼ਾਂਤ ਅਤੇ ਸੰਤੁਲਿਤ ਹੁੰਦਾ ਹੈ ਤਾਂ ਸਰੀਰ ਆਪਣੇ ਆਪ ਨੂੰ ਠੀਕ ਕਰਨ ਦੀ ਸਮਰੱਥਾ ਰੱਖਦਾ ਹੈ। ਇਸ ਲਈ ਸਾਨੂੰ ਸਿਰਫ਼ ਦਵਾਈਆਂ 'ਤੇ ਨਹੀਂ, ਸਗੋਂ ਆਪਣੇ ਵਿਚਾਰਾਂ ਅਤੇ ਭਾਵਨਾਵਾਂ 'ਤੇ ਵੀ ਧਿਆਨ ਦੇਣਾ ਚਾਹੀਦਾ ਹੈ।

**- ਡਾ. ਪਰਦੀਪ ਨਾਂਗਲੂ**
+12792453149

ਆਖਰੀ ਸਫ਼ਾ ਦੀ ਬਾਕੀ

## ਹਰਿਆਣਾ ਦੇ ਕਿਲ੍ਹੇ ਤੇ ਮਹਿਲ...

1763 ਵਿੱਚ ਸਰਹਿੰਦ ਉੱਪਰ ਜਿੱਤ ਹਾਸਲ ਕਰਨ ਤੇ ਯਹੀਆ ਖਾਂ ਨੂੰ ਮਾਰਨ ਵਾਲਿਆਂ ਵਿੱਚ ਗਜਪਤ ਸਿੰਘ ਵੀ ਸ਼ਾਮਲ ਸੀ। ਸਰਹਿੰਦ ਨੂੰ ਫਤਿਹ ਕਰਨ ਤੋਂ ਬਾਅਦ ਗਜਪਤ ਸਿੰਘ ਨੇ 1772 ਵਿੱਚ ਜੀਂਦ ਅਤੇ ਸਫੀਦੋਂ ਪਰਗਨਿਆਂ ਉੱਪਰ ਕਬਜ਼ਾ ਕਰਕੇ ਜੀਂਦ ਰਿਆਸਤ ਦੀ ਨੀਂਹ ਰੱਖੀ ਸੀ। 1773-74 ਵਿੱਚ ਗਜਪਤ ਸਿੰਘ ਨੇ ਸਫੀਦੋਂ ਵਿਖੇ ਵਿਸ਼ਾਲ ਕਿਲ੍ਹੇ ਦਾ ਨਿਰਮਾਣ ਕਰਵਾਇਆ ਸੀ। ਇਹ ਜੀਂਦ ਰਿਆਸਤ ਵਿੱਚ ਬਣਿਆ ਪਹਿਲਾ ਕਿਲ੍ਹਾ ਸੀ। ਸਫੀਦੋਂ ਦਾ ਇਹ ਕਿਲ੍ਹਾ ਆਪਣੀ ਵਿਸ਼ਾਲਤਾ ਤੇ ਮਜ਼ਬੂਤੀ ਕਾਰਨ ਪ੍ਰਸਿੱਧ ਰਿਹਾ ਹੈ। ਲੱਗਭੱਗ 50 ਫੁੱਟ ਉੱਚੇ ਕਿਲ੍ਹੇ ਦੀ ਮਜ਼ਬੂਤੀ ਦਾ ਅੰਦਾਜ਼ਾ ਇਸ ਦੀਆਂ ਕੰਧਾਂ ਦੀ ਚੌੜਾਈ ਤੋਂ ਲਗਾਇਆ ਜਾ ਸਕਦਾ ਹੈ। ਸਫੀਦੋਂ ਦੇ ਕਿਲ੍ਹੇ ਦੀਆਂ ਕੰਧਾਂ ਦੀ ਚੌੜਾਈ 3 ਤੋਂ 5 ਫੁੱਟ ਤੱਕ ਵੇਖੀ ਗਈ ਹੈ। ਸਫੀਦੋਂ ਦਾ ਇਹ ਵਿਸ਼ਾਲ ਕਿਲ੍ਹਾ ਥੇਹ ਹੋ ਚੁੱਕਾ ਹੈ, ਸਿਰਫ਼ ਕੁਝ ਕੰਧਾਂ ਬਾਕੀ ਹਨ। ਉਂਜ ਸਿੱਖ ਰਾਜ ਤੋਂ ਪਹਿਲਾਂ ਵੀ ਸਫੀਦੋਂ ਵਿਖੇ ਇਕ ਕਿਲ੍ਹੇ ਦੀ ਹੋਂਦ ਦੇ ਪ੍ਰਮਾਣ ਮਿਲਦੇ ਹਨ। 1398 ਵਿੱਚ ਤੈਮੂਰ ਦੇ ਕੈਥਲ ਤੋਂ ਪਾਣੀਪਤ ਜਾਂਦਿਆਂ ਸਫੀਦੋਂ ਵਿਖੇ ਇਕ ਪ੍ਰਾਚੀਨ ਕਿਲ੍ਹੇ ਨੂੰ ਅੱਗ ਲਾ ਕੇ ਤਬਾਹ ਕਰਨ ਦੇ ਵੇਰਵੇ ਮਿਲਦੇ ਹਨ। ਹਰਿਆਣਾ ਦੇ ਕਿਲ੍ਹਿਆਂ ਵਿਚ ਕਿਲ੍ਹਾ ਲੋਹਗੜ੍ਹ ਦਾ ਜ਼ਿਕਰ ਕਰਨਾ ਜ਼ਰੂਰੀ ਹੈ।

ਬੰਦਾ ਸਿੰਘ ਬਹਾਦਰ ਨੇ ਸਾਢੌਰਾ ਅਤੇ ਨਾਹਨ ਦੇ ਵਿਚਕਾਰ ਕਿਲ੍ਹਾ ਲੋਹਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ। ਲੋਹਗੜ੍ਹ ਨੂੰ ਸਿੱਖ ਰਾਜ ਦੀ ਪਹਿਲੀ ਰਾਜਧਾਨੀ ਹੋਣ ਦਾ ਮਾਣ ਹਾਸਲ ਹੈ। ਇੱਥੋਂ ਹੀ ਬੰਦਾ ਸਿੰਘ ਬਹਾਦਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਅ 'ਤੇ ਸਿੱਕੇ ਜਾਰੀ ਕੀਤੇ ਸਨ। ਇੱਥੋਂ ਬੰਦਾ ਸਿੰਘ ਬਹਾਦਰ ਨੇ ਖ਼ਾਲਸਾ ਰਾਜ ਦੇ ਨਾਂਅ 'ਤੇ ਮੋਹਰ ਵੀ ਜਾਰੀ ਕੀਤੀ ਸੀ। ਕਿਲ੍ਹਾ ਲੋਹਗੜ੍ਹ ਨੂੰ ਦੁਨੀਆ ਦਾ ਵੱਡਾ ਕਿਲ੍ਹਾ ਮੰਨਿਆ ਗਿਆ ਹੈ। ਇਤਿਹਾਸਕਾਰਾਂ ਅਨੁਸਾਰ ਕਿਲ੍ਹਾ ਲੋਹਗੜ੍ਹ 52 ਭਾਗਾਂ ਵਿਚ ਵੰਡਿਆ ਹੋਇਆ ਸੀ। ਕਿਲ੍ਹਾ ਲੋਹਗੜ੍ਹ ਦੇ ਕੁਝ ਹਿੱਸੇ ਹਿਮਾਚਲ ਵਿਚ ਵੀ ਸਨ। 1713 ਈਸਵੀ ਵਿਚ ਮੁਗ਼ਲ ਫ਼ੌਜਾਂ ਨੇ ਲੋਹਗੜ੍ਹ ਕਿਲ੍ਹੇ ਦੇ ਸਾਰੇ ਭਾਗਾਂ ਨੂੰ ਨਸ਼ਟ ਕਰ ਦਿੱਤਾ ਸੀ। ਅੰਬਾਲਾ, ਯਮੁਨਾਨਗਰ ਤੇ ਪੰਚਕੂਲਾ ਦੇ ਪਿੰਡਾਂ ਵਿਚ ਅੱਜ ਕਿਲ੍ਹਾ ਲੋਹਗੜ੍ਹ ਦੇ ਨਿਸ਼ਾਨ ਤੇ ਬੁਰਜ ਵੇਖਣ ਨੂੰ ਮਿਲ ਜਾਂਦੇ ਹਨ। ਸਾਢੌਰਾ, ਸਾਰਵਾਨ, ਸਿਸੌਲੀ, ਹਿੰਗੋਲੀ, ਗਣੇਸ਼ਪੁਰ, ਰਾਮਗੜ੍ਹ, ਰਤਨਗੜ੍ਹ, ਲੇਦਾ ਖਾਸ, ਧੀਨ, ਮਥੇਰੀ ਜਟਾਂ ਆਦਿ ਪਿੰਡਾਂ ਵਿਚ ਕਿਲ੍ਹਾ ਲੋਹਗੜ੍ਹ ਦੇ ਨਿਸ਼ਾਨ ਅੱਜ ਵੀ ਹਨ। ਅਰਾਵਲੀ ਦੀਆਂ ਪਹਾੜੀਆਂ ਵਿਚ ਮਾਧੋਗੜ੍ਹ ਨਾਂਅ ਦੀ ਨਿੱਕੀ ਜਿਹੀ ਰਿਆਸਤ ਸੀ। ਇਸ ਰਿਆਸਤ ਦਾ ਘੇਰਾ ਦਸ-ਬਾਰਾਂ ਪਿੰਡਾਂ ਦਾ ਹੀ ਸੀ। ਮਾਧੋਗੜ੍ਹ ਰਿਆਸਤ ਦੇ ਰਾਜਪੂਤ ਰਾਜੇ ਮਾਧੋ ਸਿੰਘ ਨੇ ਅਰਾਵਲੀ ਦੀ ਇਕ ਪਹਾੜੀ ਦੇ ਹੇਠਾਂ ਸੈਨਿਕ ਟਿਕਾਣਾ ਤੇ ਪਹਾੜੀ ਉੱਪਰ ਕਿਲ੍ਹਾ ਬਣਾਇਆ ਸੀ।

ਕਿਲ੍ਹੇ ਵਾਲੀ ਪਹਾੜੀ ਦੇ ਹੇਠਾਂ ਅੱਜ ਪਿੰਡ ਮਾਧੋਗੜ੍ਹ ਵਸਿਆ ਹੋਇਆ ਹੈ। ਲੋਹਾਰੂ-ਮਹਿੰਦਰਗੜ੍ਹ ਸੜਕ ਉੱਪਰ ਸਥਿਤ ਮਾਧੋਗੜ੍ਹ ਦਾ ਕਿਲ੍ਹਾ ਚਾਰ ਭਾਗਾਂ ਵਿਚ ਵੰਡਿਆ ਹੋਇਆ ਹੈ। ਪਾਣੀ ਦੀ ਘਾਟ ਵਾਲੇ ਇਸ ਇਲਾਕੇ ਵਿਚ ਰਾਜੇ ਨੇ ਕਿਲ੍ਹੇ ਕੋਲ ਤਲਾਬ ਵੀ ਬਣਾਇਆ ਸੀ। ਇਹ ਤਲਾਬ ਅਰਾਵਲੀ ਦੀਆਂ ਪਹਾੜੀਆਂ ਦੇ ਵਿਚਕਾਰ ਕਰਕੇ ਸੀ। ਪਹਾੜੀਆਂ ਉੱਪਰ ਪੈਣ ਵਾਲੇ ਮੀਂਹ ਦਾ ਪਾਣੀ ਇਸ ਤਲਾਬ ਵਿਚ ਇਕੱਠਾ ਹੋ ਜਾਂਦਾ ਸੀ। ਮਾਧੋਗੜ੍ਹ ਦੇ ਕਿਲ੍ਹੇ ਦੇ ਹੇਠਾਂ ਬਵੰਜਾ ਕੋਠੜੀਆਂ ਬਣੀਆਂ ਹੋਈਆਂ ਹਨ। ਇਹ ਕੋਠੜੀਆਂ ਕੈਦੀਆਂ ਲਈ ਸਨ। ਇਨ੍ਹਾਂ ਕੋਠੜੀਆਂ ਤੱਕ ਪਹੁੰਚਣ ਲਈ ਰਸਤਾ ਕੋਈ ਭੇਤੀ ਹੀ ਲੱਭ ਸਕਦਾ ਸੀ। ਇਸ ਕਿਲ੍ਹੇ ਵਿਚ ਰਾਣੀ ਮਹਿਲ, ਵਿਸ਼ਰਾਮਘਰ ਤੇ ਹੋਰ ਇਮਾਰਤਾਂ ਬਣੀਆਂ ਹੋਈਆਂ ਹਨ। ਮਾਧੋਗੜ੍ਹ ਦੇ ਕਿਲ੍ਹੇ ਦੀਆਂ ਸਾਰੀਆਂ ਇਮਾਰਤਾਂ ਉਚਿੱਤ ਸਾਂਭ-ਸੰਭਾਲ ਨਾ ਹੋਣ ਕਾਰਨ ਥੇਹ ਹੋ ਚੱਲੀਆਂ ਹਨ।

ਮੋਬਾ. 94165-92149

ਸਫ਼ਾ 1 ਦੀ ਬਾਕੀ

## ਕਿਤਾਬ ਉਦਾਸ ਹੈ...

ਰਾਜ਼। ਕਿਤਾਬ ਪੜ੍ਹ ਕੇ ਬਦਲ ਜਾਂਦੀ ਹੈ ਤੁਹਾਡੀ ਸਮਝ, ਸੋਚ, ਵਿਚਾਰ ਅਤੇ ਕਿਸੇ ਵਸਤ ਵਰਤਾਰੇ ਨੂੰ ਦੇਖਣ ਦਾ ਨਜ਼ਰੀਆ। ਕਿਸੇ ਸ਼ਖਸ ਨੂੰ ਪਹਿਚਾਨਣ ਦਾ ਦਾਅਵਾ। ਕਿਸੇ 'ਤੇ ਭਰੋਸਾ ਕਰਨ ਅਤੇ ਕਿਸੇ ਨੂੰ ਆਪਣਾ ਬਣਾਉਣ ਦੀ ਤਰਕੀਬ। ਬਹੁਤ ਕੁਝ ਦਿੰਦੀਆਂ ਨੇ ਕਿਤਾਬਾਂ ਇਕ ਮਨੁੱਖ ਨੂੰ। ਕਿਤਾਬ ਪੜ੍ਹ ਕੇ ਭਾਵੇਂ ਤੁਸੀਂ ਭੁੱਲ ਵੀ ਜਾਵੋ, ਪਰ ਪੜ੍ਹੀ ਹੋਈ ਕਿਤਾਬ ਦਾ ਕੁਝ ਹਿੱਸਾ ਤਾਂ ਸਦਾ ਲਈ ਤੁਹਾਡੇ ਅਵਚੇਤਨ ਦਾ ਅੰਗ ਬਣ ਹੀ ਜਾਂਦਾ।

ਕਿਤਾਬ ਇਕ ਸੜਕ ਦੀ ਨਿਆਈਂ ਜਿਹੜੀ ਤੁਹਾਨੂੰ ਮੰਜ਼ਲ ਦੀ ਦੱਸ ਵੀ ਪਾਉਂਦੀ। ਉਂਗਲ ਲਾ ਕੇ ਤੋਰਦੀ ਹੀ ਅਤੇ ਨਿਰਧਾਰਤ ਪੈਂਡਿਆਂ ਰਾਹੀਂ ਤੁਹਾਡੇ ਖ਼ਾਬਾਂ ਦਾ ਸੱਚ ਤੁਹਾਡੇ ਸਾਹਵੇਂ ਉਪਜਾਉਂਦੀ।

ਕਿਤਾਬਾਂ ਰਾਹੀਂ ਹੀ ਅਸੀਂ ਸਧਾਰਨਤਾ ਵਿੱਚੋਂ ਅਸਧਾਰਨਤਾ ਦੇਖਦੇ। ਗੁੰਝਲਦਾਰ ਵਰਤਾਰਿਆਂ ਨੂੰ ਸਧਾਰਨ ਸ਼ਬਦਾਂ ਰਾਹੀਂ ਪ੍ਰਗਟ ਕਰਨ ਦੇ ਸਮਰੱਥ।

ਕਿਤਾਬਾਂ ਤੁਹਾਡੀ ਸਵੈ-ਪਰਖ ਦਾ ਸਭ ਤੋਂ ਸਮਰੂਪ ਅਤੇ ਸੁੰਦਰ ਪੈਮਾਨਾ। ਇਸ ਵਿੱਚੋਂ ਬਹੁਤ ਰੰਗ ਉੱਘੜਦੇ। ਕੁਝ ਕਾਲੇ, ਕੁਝ ਸਫ਼ੈਦ। ਕੁਝ ਪੀਲੇ ਅਤੇ ਕੁਝ ਨੀਲੇ। ਕੁਝ ਹਰੇ ਅਤੇ ਕੁਝ ਪੱਤਝੜੀ। ਇਹ ਰੰਗ ਦਰਅਸਲ ਤੁਹਾਡੀ ਮਾਨਸਿਕਤਾ ਦੀ ਪਰਖ-ਪੜਚੋਲ ਨੂੰ ਨਵੀਂ ਰੰਗਤ ਦਿੰਦੇ। ਤੁਹਾਨੂੰ ਉਸ ਰੰਗ ਵਿਚ ਰੰਗ ਜਾਂਦੇ ਜਿਹੜਾ ਤੁਹਾਡਾ ਹੀ ਮਜੀਠੀ ਰੰਗ ਹੁੰਦਾ।

ਕਿਤਾਬਾਂ ਪੜ੍ਹਦੇ ਰਿਹਾ ਕਰੋ। ਕਦੇ ਨਾ ਅੱਕੋ ਅਤੇ ਨਾ ਹੀ ਥੱਕੋ। ਕਿਤਾਬਾਂ ਤੋਂ ਉਚਾਟ ਹੋਇਆ ਮਨ ਦਰਅਸਲ ਆਪਣੇ ਜੀਵਨ ਤੋਂ ਨਿਰਮੋਹਾ ਹੋਇਆ, ਬੜੀ ਜਲਦੀ ਆਪਣਾ ਸਿਵਾ ਸੇਕਣ ਲਈ ਕਾਹਲਾ ਹੋ ਜਾਂਦਾ।

ਕਈ ਵਾਰ ਮੈਂ ਆਪਣੀ ਨਿੱਜੀ ਲਾਇਬਰੇਰੀ ਵਿਚ ਪਈਆਂ ਕਿਤਾਬਾਂ ਨਾਲ ਮੂਕ ਸੰਵਾਦ ਰਚਾਉਂਦਾ। ਮੈਨੂੰ ਇੰਝ ਲੱਗਣ ਲੱਗਦਾ ਕਿ ਮੇਰੀਆਂ ਕਿਤਾਬਾਂ ਕਈ ਵਾਰ ਬਹੁਤ ਹੀ ਉਦਾਸ ਹੋ ਜਾਂਦੀਆਂ, ਕਿਉਂਕਿ ਉਨ੍ਹਾਂ ਨੂੰ ਲੱਗਦਾ ਕਿ ਮੇਰੇ ਤੋਂ ਬਾਅਦ ਇਹ ਕਿਤਾਬਾਂ ਸ਼ਾਇਦ ਕਿਸੇ ਰੱਦੀ ਵਾਲੇ ਨੂੰ ਵੇਚ ਦਿੱਤੀਆਂ ਜਾਣਗੀਆਂ। ਇਨ੍ਹਾਂ ਦੇ ਲਿਫਾਫੇ ਬਣ ਜਾਣਗੇ ਅਤੇ ਕਿਤਾਬਾਂ ਦੀ ਹੋਂਦ ਹੀ ਖਤਮ ਹੋ ਜਾਵੇਗੀ। ਦਰਅਸਲ ਜੇ ਸਾਡੀ ਨਵੀਂ ਪੀੜ੍ਹੀ ਇੰਝ ਹੀ ਕਿਤਾਬਾਂ ਨੂੰ ਦੁਰਕਾਰਦੀ ਰਹੀ ਤਾਂ ਕਿਤਾਬਾਂ ਦੇ ਨੈਣਾਂ ਵਿਚ ਉੱਤਰਿਆ ਇਹ ਸੱਚ ਸਮਿਆਂ ਨੇ ਜ਼ਰੂਰ ਦੇਖਣਾ। ਮੈਂ ਹੁੱਬਕੀਂ ਰੋਂਦੀਆਂ ਕਿਤਾਬਾਂ ਨੂੰ ਵਰਾਉਂਦਾ ਅਤੇ ਧੀਰਜ ਬੰਨ੍ਹਾਉਂਦਾ ਕਿ ਕੁਝ ਵੀ ਅਜਿਹਾ ਨਹੀਂ ਹੋਵੇਗਾ, ਪਰ ਮੈਂ ਆਪਣੇ ਅੰਦਰ ਝਾਤੀ ਮਾਰ ਕੇ ਦੇਖਦਾ ਤਾਂ ਅਹਿਸਾਸ ਹੁੰਦਾ ਕਿ ਆਖਰ ਨੂੰ ਇੰਝ ਹੀ ਹੋਣਾ। ਰੋਣਹਾਕੀਆਂ ਕਿਤਾਬਾਂ ਨੂੰ ਜਦ ਘਰ ਤੋਂ ਜਲਾਵਤਨੀ ਹੋ ਗਈ ਤਾਂ ਇਨ੍ਹਾਂ ਦਾ ਟਿਕਾਣਾ ਕਬਾੜ ਦਾ ਢੇਰ ਹੋਵੇਗਾ। ਕਿਤਾਬਾਂ ਵਿਚ ਜਗਦੇ ਦੀਵਿਆਂ ਨੇ ਬੁਝ ਜਾਣਾ, ਅੱਖਰਾਂ ਨੇ ਮਿਟ ਜਾਣਾ ਅਤੇ ਲਿਖਤ ਦੇ ਖਾਰੇ ਹੰਝੂਆਂ ਵਿਚ ਬਹੁਤ ਕੁਝ ਅਜਿਹਾ ਵਹਿ ਜਾਣਾ ਜੋ ਬੀਤੇ ਨੇ ਸੰਭਾਲਿਆ ਸੀ। ਮੇਰੀਆਂ ਲਿਖਤਾਂ ਸਿਰਫ਼ ਮੇਰੀਆਂ ਹੀ ਨਹੀਂ ਸਨ। ਇਹ ਤਾਂ ਉਸ ਸਮੇਂ ਦਾ ਸੱਚ ਸੀ ਜੋ ਮੈਂ ਦੇਖਿਆ, ਹੰਢਾਇਆ ਅਤੇ ਮਾਣਿਆ, ਜਿਸ ਨੂੰ ਹਰਫਾਂ ਦੇ ਹਵਾਲੇ ਕੀਤਾ। ਹਰਫ਼ਾਂ ਦੀ ਬੁੱਕਲ ਵਿਚ ਪਿਆ ਇਸ ਅਨਮੋਲ ਖਜ਼ਾਨੇ ਦੀ ਸੋਝੀ ਬਹੁਤ ਹੀ ਵਿਰਲਿਆਂ ਨੂੰ ਹੁੰਦੀ।

ਕਈ ਵਾਰ ਮੈਂ ਆਪਣੀਆਂ ਕਿਤਾਬਾਂ ਨੂੰ ਆਪਣੇ ਕੋਲ ਬੁਲਾਉਂਦਾ, ਧੀਰਜ ਧਰਾਉਂਦਾ ਅਤੇ ਸਮਝਾਉਂਦਾ ਕਿ ਮੈਂ ਆਖਰੀ ਸਾਹ ਤੱਕ ਤੁਹਾਡਾ ਦੇਣਦਾਰ ਹਾਂ ਅਤੇ ਤੁਸੀਂ ਮੇਰੀ ਅਮਾਨਤ ਹੋ, ਪਰ ਆਉਣ ਵਾਲੀਆਂ ਨਸਲਾਂ ਨੇ ਤੁਹਾਡੇ ਨਾਲ ਕੀ ਵਰਤਾਅ ਕਰਨਾ, ਇਸ ਦੀ ਮੈਨੂੰ ਮੁਆਫ਼ੀ ਜ਼ਰੂਰ ਦੇ ਦੇਣਾ। ਜਦ ਮੈਂ ਹੀ ਨਹੀਂ ਰਹਿਣਾ ਤਾਂ ਮੈਂ ਕਿਸੇ ਨੂੰ ਕੀ ਕਹਿਣਾ ਕਿ ਮੇਰੀਆਂ ਕਿਤਾਬਾਂ ਨਾਲ ਇੰਝ ਨਾ ਕਰਿਓ? ਜਿਉਂਦੇ ਜੀਅ ਕਿਤਾਬਾਂ ਨਾਲ ਮੋਹ ਪਾਲਣ ਵਾਲੇ ਆਖਰ ਨੂੰ ਆਖਰੀ ਸਾਹ ਲੈਂਦਿਆਂ, ਜਦ ਹੰਝੂਆਂ ਭਿੱਜੀ ਅਲਵਿਦਾ ਕਿਤਾਬਾਂ ਨੂੰ ਕਹਿੰਦੇ ਤਾਂ ਕਿਤਾਬਾਂ ਵੀ ਰੋਣ ਲੱਗਦੀਆਂ।

ਵਾਸਤਾ ਈ! ਕਦੇ ਵੀ ਕਿਤਾਬਾਂ ਨੂੰ ਰੋਣ ਨਾ ਦਿਓ। ਇਨ੍ਹਾਂ ਵਿਚ ਹਿੱਚਕੀਆਂ ਨਾ ਉਪਜਾਓ। ਇਨ੍ਹਾਂ ਦੀ ਰਹਿਮਤ ਵਿੱਚੋਂ ਆਪਣੇ ਆਪ ਨੂੰ ਰੁਸ਼ਨਾਓ। ਆਪਣੇ ਸੁਪਨਿਆਂ ਦੀ ਸੰਪੂਰਨਤਾ ਦੀ ਮਾਰਗ ਦਰਸ਼ਨਾ ਕਰੋ। ਮੰਜ਼ਲਾਂ ਦਾ ਸਿਰਨਾਵਾਂ ਲੱਭੋ। ਇਹ ਕਿਤਾਬਾਂ ਹੀ ਹੁੰਦੀਆਂ, ਜੋ ਤੁਹਾਨੂੰ ਗੁਣੀ-ਗਿਆਨੀ, ਵਿਦਵਾਨ, ਪਾਰਖੂ ਜਾਂ ਗਿਆਨਵੰਤਾ ਬਣਾ ਕੇ ਤੁਹਾਨੂੰ ਮਾਰਗ ਦਰਸ਼ਕ, ਅਧਿਆਪਕ ਜਾਂ ਪ੍ਰੋਫੈਸਰ ਵਰਗੀ ਉੱਚਤਮ ਪਦਵੀ ਦੇ ਮਾਲਕ ਬਣਾਉਂਦੀਆਂ।

ਬੰਦਾ ਤਾਂ ਅਗਿਆਨੀ ਹੁੰਦਾ। ਇਹ ਕਿਤਾਬਾਂ ਵਿੱਚੋਂ ਮਿਲਿਆ ਗਿਆਨ ਹੀ ਹੁੰਦਾ, ਜਿਸ ਨਾਲ ਜੀਵਨ ਦੇ ਵੱਖ-ਵੱਖ ਖੇਤਰਾਂ ਵਿਚ ਉਪਲੱਬਧੀਆਂ ਕਰਦੇ, ਨਵੀਆਂ ਪਹਿਲਾਂ ਸਿਰਜਦੇ, ਨਵੇਂ ਦਿਸਹੱਦਿਆਂ ਦੀ ਨਿਸ਼ਾਨਦੇਹੀ ਕਰਦੇ ਲੋਕ ਆਪਣਾ, ਆਪਣੇ ਪਰਵਾਰ, ਸਮਾਜ ਜਾਂ ਦੇਸ਼ ਦਾ ਨਾਂਅ ਰੌਸ਼ਨ ਕਰਦੇ। ਕਿਤਾਬੀ ਮਾਰਗ ਤੋਂ ਭਟਕੇ ਲੋਕ ਹੀ ਮਾਨਸਿਕ ਭਟਕਣਾ ਦੇ ਰਾਹੀ ਬਣ, ਕਈ ਵਾਰ ਖੁਦਕੁਸ਼ੀਆਂ, ਕਤਲਾਂ, ਕੁਕਰਮਾਂ ਅਤੇ ਕੁਲਹਿਣੇ ਵਕਤਾਂ ਦਾ ਕੋਹਜ ਬਣ ਜਾਂਦੇ।

ਕਿਤਾਬਾਂ ਦੀ ਸੰਗਤ, ਸੁਹਬਤ ਅਤੇ ਸਿਰਜਣਕਾਰੀ ਵਿੱਚੋਂ ਤੁਸੀਂ ਆਪਣੀ ਸਿਰਜਣਾਤਮਿਕਤਾ ਅਤੇ ਸੰਵੇਦਨਾ ਨੂੰ ਨਵੀਆਂ ਦਿਸ਼ਾਵਾਂ, ਉਪਨਾਵਾਂ ਅਤੇ ਰਚਨਾਵਾਂ ਰਾਹੀਂ ਇਸ ਦੀਆਂ ਉਹ ਪਰਤਾਂ ਅਤੇ ਪਰਿਪੇਖ ਨੂੰ ਵੀ ਸਮਝਣ ਦੇ ਸਮਰੱਥ ਹੁੰਦੇ ਹੋ, ਜਿਨ੍ਹਾਂ ਤੋਂ ਅਕਸਰ ਹੀ ਅਸੀਂ ਅਵੇਸਲੇ ਹੁੰਦੇ।

ਕਿਤਾਬਾਂ ਹੁੰਦੀਆਂ ਦਰਿਆ ਦਾ ਪਾਣੀ, ਵਗਦਿਆਂ ਪਾਉਂਦਾ ਨਵੀਂ ਕਹਾਣੀ। ਕਿਤਾਬਾਂ ਹੁੰਦੀਆਂ ਪੌਣਾਂ ਦਾ ਗੀਤ, ਜਿਹੜਾ ਸਿਖਾਉਂਦਾ ਜੀਣ ਦੀ ਰੀਤ। ਕਿਤਾਬਾਂ ਹੁੰਦੀਆਂ ਫੁੱਲਾਂ ਵਰਗੀਆਂ, ਤੇ ਮਹਿਕਾਂ ਭਰੀ ਗੁਲਜ਼ਾਰ। ਕਿਤਾਬਾਂ ਮਨ ਦੀ ਵੱਤਰ ਭੌਂ, ਉੱਗਦੇ ਸ਼ੁੱਭ ਵਿਚਾਰ। ਕਿਤਾਬਾਂ ਹੁੰਦੀਆਂ ਫੁੱਟਦੀ ਲੋਅ, ਤੇ ਪੰਛੀਆਂ ਦੀ ਪਰਵਾਜ਼। ਕਿਤਾਬਾਂ ਮਨ-ਕਪਾਟੀਂ ਖੋਲ੍ਹਣ, ਕਾਇਨਾਤ ਦੇ ਰਾਜ਼। ਕਿਤਾਬਾਂ ਚੌਤਰਫ਼ੀ ਲੋਅ ਵੰਡੇਂਦਾ, ਆਲ੍ਹੇ ਵਿਚ ਚਿਰਾਗ। ਕਿਤਾਬਾਂ ਇੱਟਾਂ ਨੂੰ ਘਰ ਬਣਾਉਂਦੀਆਂ ਤੇ ਡਿਊੜੀ ਦੇ ਭਾਗ। ਕਿਤਾਬਾਂ ਚੰਦ ਸੂਰਜ ਦੀਆਂ ਬਾਤਾਂ ਅਤੇ ਤਾਰਿਆਂ ਭਰਿਆ ਥਾਲ। ਕਿਤਾਬਾਂ ਮੱਥੇ ਚਾਨਣ ਉਗਦਾ ਅਤੇ ਮਨਾਂ ਦੇ ਵਿਚ ਮਲਾਲ।

# ਚਿੰਤਾਜਨਕ : ਪੜ੍ਹਨਾ ਵਿਚਾਲੇ ਛੱਡ ਰਹੇ ਬੱਚੇ

**ਪ੍ਰਿੰ. ਹਰੀ ਕ੍ਰਿਸ਼ਨ ਮਾਇਰ**



ਹਾਲ ਵਿੱਚ ਹੀ ਸੰਸਦ ਵਿੱਚ ਕਾਂਗਰਸ ਦੇ ਐੱਮ. ਪੀ ਰੇਣੂਕਾ ਚੌਧਰੀ ਵੱਲੋਂ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਰਾਜ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸ੍ਰੀਮਤੀ ਸਵਿਤਰੀ ਠਾਕੁਰ ਵੱਲੋਂ ਇਹ ਅੰਕੜੇ ਪੇਸ਼ ਕੀਤੇ ਗਏ।

ਸੰਨ 2019 ਤੋਂ 2024 ਤੱਕ ਪੰਜ ਸਾਲਾਂ ਦੇ ਵਕਫ਼ੇ ਦੌਰਾਨ ਸਾਡੇ ਮੁਲਕ ਭਾਰਤ ਵਿੱਚ ਤਕਰੀਬਨ 65.7 ਲੱਖ ਬੱਚੇ ਜੋ 6-17 ਸਾਲ ਆਯੂ ਗੁੱਟ ਦੇ ਸਨ, ਸਕੂਲ ਨੂੰ ਸਦਾ ਲਈ ਅਲਵਿਦਾ ਆਖ ਗਏ।ਸਕੂਲ ਛੱਡਣ ਵਾਲਿਆਂ ਵਿੱਚ ਤਕਰੀਬਨ 30 ਲੱਖ ਕਿਸ਼ੋਰ ਕੁੜੀਆਂ ਵੀ ਸਨ।ਬੱਚਿਆਂ ਦੇ ਸਕੂਲ ਛੱਡਣ ਦਾ ਕਾਰਨ ਘਰ ਦੀ ਘੋਰ ਗਰੀਬੀ, ਪਰਵਾਰਕ ਪਰਵਾਸ, ਬੁਨਿਆਦੀ ਢਾਂਚੇ ਜਿਵੇਂ ਸੜਕਾਂ, ਬਿਜਲੀ, ਪਾਣੀ, ਸੰਚਾਰ ਸਾਧਨਾਂ ਦੀ ਘਾਟ, ਘਰ ਦੇ ਨੇੜੇ ਸਕੂਲਾਂ ਦੀ ਘਾਟ ਵਗੈਰਾ ਹੋਰ ਵੀ ਕਈ ਹੋ ਸਕਦੇ ਹਨ।

ਸਕੂਲ ਛੱਡ ਜਾਣ ਵਾਲਿਆਂ ਵਿੱਚ 85 ਫੀਸਦੀ ਬੱਚੇ ਗਿਆਰਾਂ ਸੂਬਿਆਂ ਵਿੱਚ ਫੈਲੇ ਹੋਏ ਹਨ।ਗੁਜਰਾਤ ਵਿੱਚ ਸਕੂਲ ਛੱਡਣ ਵਾਲੇ ਬੱਚਿਆਂ ਵਿੱਚ ਸਭ ਨਾਲੋਂ ਵੱਧ 340 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਯਾਨੀ ਕਿ ਪੰਜ ਸਾਲਾਂ ਵਿੱਚ ਸਕੂਲ ਛੱਡਣ ਵਾਲੇ 54541 ਤੋਂ ਵਧ ਕੇ 2.4 ਲੱਖ ਹੋ ਗਏ ਸਨ।ਇਹ ਅੰਕੜਾ ਬੜਾ ਚਿੰਤਾਜਨਕ ਅਤੇ ਡੂੰਘੀ ਸੋਚ-ਵਿਚਾਰ ਕਰਨ ਵਾਲਾ ਹੈ।ਦੂਜੇ ਸਥਾਨ 'ਤੇ ਉੱਤਰ ਪ੍ਰਦੇਸ਼ ਪ੍ਰਾਂਤ ਆਉਂਦਾ ਹੈ।ਇਸ ਤੋਂ ਪਿੱਛੋਂ ਆਸਾਮ, ਮੱਧ ਪ੍ਰਦੇਸ਼, ਰਾਜਸਥਾਨ ਦਾ ਨੰਬਰ ਆਉਂਦਾ ਹੈ।

ਬੱਚਿਆਂ ਦੇ ਸਕੂਲ ਛੱਡਣ ਦੇ ਮੁੱਢਲੇ ਕਾਰਨਾਂ 'ਤੇ ਆਓ ਇੱਕ ਝਾਤ ਜ਼ਰੂਰ ਮਾਰੀਏ।

### ਆਰਥਿਕ ਤਣਾਅ ਅਤੇ ਬਾਲ ਮਜ਼ਦੂਰੀ

ਘਰਾਂ ਅੰਦਰਲੀ ਤੰਗੀ-ਤੁਰਸ਼ੀ ਛੋਟੇ ਬੱਚਿਆਂ ਨੂੰ ਕਈ ਵਾਰ ਮਜਬੂਰਨ ਬਾਲ ਮਜ਼ਦੂਰੀ ਵੱਲ ਧਕੇਲ ਦਿੰਦੀ ਹੈ।ਰੋਟੀ ਖਾਤਰ ਬੱਚੇ ਖੇਤਾਂ ਵਿੱਚ ਕੰਮ ਕਰਦੇ ਹਨ। ਇੱਟਾਂ ਦੇ ਭੱਠਿਆਂ 'ਤੇ ਮਜ਼ਦੂਰੀ ਕਰਦੇ ਹਨ।ਘਰਾਂ, ਦੁਕਾਨਾਂ, ਹੋਟਲਾਂ 'ਤੇ ਨੌਕਰੀ ਕਰਦੇ ਹਨ। ਕੁਝ ਵੀ ਨਾ ਕਰਨ ਤਾਂ ਕਾਗਜ਼ ਜਾਂ ਪਲਾਸਟਿਕ ਦਾ ਕੂੜਾ ਚੁਗ ਕੇ ਪੈਸੇ ਜੋੜਦੇ ਹਨ।

### ਪਰਵਾਸ

ਖੇਤੀਬਾੜੀ ਅਤੇ ਇਮਾਰਤਗਿਰੀ ਦੇ ਕਿੱਤੇ ਵਾਲੇ ਲੋਕ ਕੰਮ ਦੀ ਭਾਲ ਵਿੱਚ ਆਮ ਤੌਰ 'ਤੇ ਇਕ ਥਾਂ ਤੋਂ ਦੂਜੀ ਥਾਂ ਪਰਵਾਸ ਕਰਦੇ ਰਹਿੰਦੇ ਹਨ।ਇਸ ਸਥਾਨ ਪਰਿਵਰਨ ਨਾਲ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਬੜਾ ਨੁਕਸਾਨ ਹੁੰਦਾ ਹੈ।ਇੱਕ ਸਕੂਲ ਤੋਂ ਦੂਜੇ ਸਕੂਲ ਵਿੱਚ ਵਾਰ-ਵਾਰ ਦਾਖਲਾ ਲੈਣਾ ਪੈ ਜਾਂਦਾ ਹੈ।ਇਸ ਦੌਰਾਨ ਕਈ ਬੱਚੇ ਪੜ੍ਹਾਈ ਵਿਚਾਲੇ ਹੀ ਛੱਡ ਦਿੰਦੇ ਹਨ।

### ਬੁਨਿਆਦੀ ਢਾਂਚੇ ਦੀ ਕਮੀ

ਕਈ ਵਾਰ ਜਵਾਨ ਕੁੜੀਆਂ ਲਈ ਸਕੂਲਾਂ ਵਿੱਚ ਢੁਕਵੇਂ ਗੁਸਲਖਾਨੇ ਨਹੀਂ ਬਣੇ ਹੁੰਦੇ।ਵਾਰ-ਵਾਰ ਦਿੱਕਤਾਂ ਸਹਿੰਦੀਆਂ ਕੁੜੀਆਂ ਆਖ਼ਰ ਘਰੇ ਹੀ ਬੈਠ ਜਾਂਦੀਆਂ ਹਨ। ਸਕੂਲਾਂ ਵਿੱਚ ਅਧਿਆਪਕਾਂ ਦੀਆਂ ਲਗਾਤਾਰ ਖ਼ਾਲੀ ਪਈਆਂ ਆਸਾਮੀਆਂ ਵੀ ਬੱਚਿਆਂ ਨੂੰ ਸਕੂਲ ਛੱਡਣ ਦਾ ਵੱਡਾ ਕਾਰਨ ਬਣਦੀਆਂ ਹਨ।ਜਦ ਸਹੀ ਵਿਸ਼ੇ ਨੂੰ ਪੜ੍ਹਾਉਣ ਵਾਲੇ ਅਧਿਆਪਕ ਹੀ ਸਕੂਲ ਵਿੱਚ ਨਹੀਂ ਹੋਣਗੇ, ਉਨ੍ਹਾਂ ਨਾਲ ਇਨਸਾਫ ਕਿਵੇਂ ਹੋਵੇਗਾ? ਬੱਚੇ ਪ੍ਰੀਖਿਆ ਪਾਸ ਕਰਨ ਲਈ ਨਕਲ ਵਰਗੇ ਹੋਛੇ ਹੱਥਕੰਡੇ ਵੀ ਵਰਤਦੇ ਹਨ।

### ਕੋਵਿਡ ਮਹਾਮਾਰੀ ਪਿੱਛੋਂ ਦਾ ਪ੍ਰਭਾਵ

ਕੋਵਿਡ ਮਹਾਮਾਰੀ ਦੌਰਾਨ ਪੜ੍ਹਨ ਪੜ੍ਹਾਉਣ ਦਾ ਸਿਲਸਲਾ ਇੱਕ ਵਾਰ ਠੱਪ ਹੋ ਕੇ ਰਹਿ ਗਿਆ ਸੀ। ਬੱਚਿਆਂ ਨੂੰ ਬਿਨਾਂ ਪੇਪਰ ਲਏ ਪਾਸ ਕੀਤਾ ਗਿਆ।ਬੱਚਿਆਂ ਨੂੰ ਵਿਹਲੇ ਰਹਿਣ ਦੀ ਆਦਤ ਪੈ ਗਈ। ਉਨ੍ਹਾਂ ਦੀਆਂ ਆਦਤਾਂ ਵਿੱਚ ਕਈ ਅਣਚਾਹੇ ਵਿਗਾੜ ਆ ਗਏ।ਕੋਵਿਡ ਪਿੱਛੋਂ ਜਦੋਂ ਸਕੂਲ ਖੁੱਲ੍ਹੇ ਤਾਂ ਵੱਡੀ ਗਿਣਤੀ ਵਿਚ ਬੱਚੇ ਸਕੂਲਾਂ ਵਿਚ ਮੁੜ ਕੇ ਵਾਪਸ ਹੀ ਨਹੀਂ ਆਏ।

### ਸਮਾਜਿਕ ਕਾਰਨ

ਸਾਡੇ ਸਮਾਜ ਵਿੱਚ ਇੱਕ ਬੁਰੀ ਪ੍ਰਥਾ ਹੈ ਬਾਲ ਵਿਆਹ ਦੀ।

ਕਈ ਸੂਬਿਆਂ ਵਿੱਚ ਬੱਚਿਆਂ ਦੇ ਛੋਟੀ ਉਮਰ ਵਿੱਚ ਹੀ ਵਿਆਹ ਕਰ ਦਿੰਦੇ ਹਨ।ਕਈ ਖਿੱਤਿਆਂ ਵਿੱਚ ਗੋਦੀ ਚੁੱਕ ਕੇ ਮੁੰਡੇ ਕੁੜੀ ਦੇ ਅੱਗ ਦੁਆਲੇ ਪ੍ਰਕਰਮਾ ਕਰਵਾ ਕੇ ਵਿਆਹ ਦੇ ਮੰਤਰ ਪੜ੍ਹਾ ਦਿੰਦੇ ਹਨ।ਅਜਿਹੇ ਬੱਚੇ ਸਕੂਲ ਨਹੀਂ ਆਉਂਦੇ।

ਤੁਰਦੇ-ਫਿਰਦੇ ਕਬੀਲਿਆਂ ਦੇ ਬੱਚੇ ਰੋਜ਼ੀ-ਰੋਟੀ ਕਮਾਉਣ ਵਿੱਚ ਮਾਪਿਆਂ ਦੇ ਮਦਦਗਾਰ ਬਣਦੇ ਹਨ।ਸਕੂਲ ਦੀ ਪੜ੍ਹਾਈ ਵਿਚਾਲੇ ਛੱਡ ਦਿੰਦੇ ਹਨ।ਮੁੰਡਿਆਂ ਨੂੰ ਕੰਮ ਕਰਨ ਤੋਂ ਪਹਿਲਾਂ ਮੁੱਢਲੀ ਪੜ੍ਹਾਈ (ਘੱਟੋ-ਘੱਟ ਅੱਠਵੀਂ ਤੱਕ) ਜ਼ਰੂਰ ਕਰ ਲੈਣੀ ਚਾਹੀਦੀ ਹੈ।

### ਸਕੂਲ ਬੰਦ ਕੀਤੇ ਜਾਣ ਲੱਗੇ

ਸਾਲ 2025 ਤੀਕ ਉਪਲੱਬਧ ਅੰਕੜੇ ਤੋਂ ਜ਼ਾਹਰ ਹੈ ਕਿ 18727 ਸਰਕਾਰੀ ਸਕੂਲ (ਵਿਸ਼ੇਸ਼ ਤੌਰ 'ਤੇ ਪ੍ਰਾਇਮਰੀ ਸਕੂਲ) ਰੈਸ਼ਨੇਲਾਈਜੇਸ਼ਨ ਦੇ ਨਾਂਅ ਹੇਠ ਬਹੁਤੇ ਪਿੰਡਾਂ ਵਿੱਚੋਂ ਬੰਦ ਕਰਕੇ ਦੂਰ ਦੇ ਸਕੂਲਾਂ ਵਿੱਚ ਰਲਗੱਡ ਕਰ ਦਿੱਤੇ ਗਏ।ਇਸ ਕਾਰਵਾਈ ਕਾਰਨ ਪੜ੍ਹਾਈ ਵਿਚਕਾਰ ਛੱਡਣ ਵਾਲੇ ਬੱਚਿਆਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੁੰਦਾ ਰਿਹਾ ਹੈ।ਇਸ ਨਾਲ ਮਹਿੰਗੀ ਸਿੱਖਿਆ ਪ੍ਰਦਾਨ ਕਰਨ ਵਾਲੇ ਪ੍ਰਾਈਵੇਟ ਸਕੂਲਾਂ ਦੀ ਗਿਣਤੀ ਹੋਰ ਵੱਧ ਹੋ ਗਈ।

### ਸਰਕਾਰ ਦੇ ਯਤਨ

ਸਰਕਾਰ ਵੱਲੋਂ ਸਮਗਰ ਸਿੱਖਿਆ ਵਰਗੀਆਂ ਪਹਿਲਕਦਮੀਆਂ ਕੀਤੀਆਂ ਗਈਆਂ ਸਨ।ਵਿਸ਼ੇਸ਼ ਤੌਰ 'ਤੇ ਸਕੂਲ ਛੱਡ ਕੇ ਗਏ ਬੱਚਿਆਂ ਨੂੰ ਦੁਬਾਰਾ ਸਕੂਲ ਵਿੱਚ ਦਾਖਲ ਕਰਨ ਲਈ ਮੁਹਿੰਮਾਂ ਦਾ ਆਯੋਜਨ ਕੀਤਾ ਗਿਆ ਹੈ।ਉਨ੍ਹਾਂ ਲਈ ਸਕੂਲ ਵੱਲੋਂ ਮੁਫ਼ਤ ਵਰਦੀਆਂ, ਮਿੱਡ ਡੇ ਮੀਲ ਦਾ ਪ੍ਰਬੰਧ, ਕੁੜੀਆਂ ਨੂੰ ਮੁਫ਼ਤ ਸਾਈਕਲ, ਮੁੱਢਲੀ ਸਿੱਖਿਆ ਲਈ ਫ਼ੀਸ ਮੁਆਫ਼ੀ ਦੀ ਰਿਆਇਤ ਜਿਹੇ ਯਤਨ ਕੀਤੇ ਗਏ ਹਨ।

ਸਕੂਲ ਦੇ ਮੁੱਢਲੇ ਢਾਂਚੇ ਨੂੰ ਵਧੀਆ ਬਣਾਉਣ ਲਈ ਸਰਕਾਰੀ ਗ੍ਰਾਂਟਾਂ ਨਾਲ ਘਰ ਪੂਰਾ ਨਹੀਂ ਹੋ ਰਿਹਾ। ਸਮਾਜ ਵਿੱਚੋਂ ਦਾਨੀ ਸੱਜਣਾਂ ਦੀ ਮਦਦ ਵੀ ਲਈ ਜਾਂਦੀ ਹੈ।ਇੰਜ ਕਾਫ਼ੀ ਸਕੂਲਾਂ ਦੀ ਕਾਇਆ-ਕਲਪ ਹੋਇਆ ਹੈ।ਆਲੋਚਕ ਕਹਿੰਦੇ ਹਨ ਕਿ ਇਸ ਸੰਕਟ ਦਾ ਕਾਰਨ ਬਣੇ ਰਹੇ ਡੂੰਘੀਆਂ ਜੜ੍ਹਾਂ ਜਮਾਈ ਬੈਠੇ ਸਮਾਜਿਕ, ਆਰਥਿਕ ਮੁੱਦਿਆਂ ਨਾਲ ਨਜਿੱਠਣ ਲਈ ਮਜ਼ਬੂਤ ਕਦਮ ਚੁੱਕਣ ਦੀ ਜ਼ਰੂਰਤ ਹੈ।ਸਰਕਾਰ ਸਿੱਖਿਆ ਬਜਟ ਨੂੰ ਵਧਾਉਣ ਦੀ ਥਾਂ ਹਰ ਵਾਰ ਘਟਾਉਂਦੀ ਜਾ ਰਹੀ ਹੈ। ਇਹ ਮੰਦਭਾਗਾ ਰੁਝਾਨ ਹੈ।

ਮੋਬਾ. 97806-67686

# ਹਰਿਆਣਾ ਦੇ ਕਿਲ੍ਹੇ ਤੇ ਮਹਿਲ



**ਇਕਬਾਲ ਸਿੰਘ ਹਮਜਾਪੁਰ**

ਭਾਰਤੀ ਇਤਿਹਾਸ ਵਿਚ ਰਾਜੇ-ਮਹਾਰਾਜੇ ਕਿਲ੍ਹੇ ਤੇ ਮਹਿਲ ਬਣਾਉਂਦੇ ਰਹੇ ਹਨ। ਰਾਜੇ ਕਿਲ੍ਹੇ ਸੁਰੱਖਿਆ ਲਈ ਉਸਾਰਦੇ ਸਨ ਤੇ ਮਹਿਲ ਉਨ੍ਹਾਂ ਦਾ ਆਸ਼ਿਆਨਾ ਹੁੰਦਾ ਸੀ। ਇਤਿਹਾਸ ਗਵਾਹ ਹੈ ਕਿ ਸੋਨੇ ਦੀ ਚਿੜੀ ਰੂਪੀ ਭਾਰਤ ਦੇ ਖੰਭ ਨੋਚਣ ਲਈ ਸਮੇਂ-ਸਮੇਂ 'ਤੇ ਵਿਦੇਸ਼ੀ ਆਉਂਦੇ ਰਹੇ ਹਨ। ਕਿਲ੍ਹੇ ਹਮਲਾਵਰਾਂ ਨੂੰ ਰੋਕਣ ਦਾ ਸਾਧਨ ਸਨ। ਹਮਲਾਵਰਾਂ ਦਾ ਮੁਕਾਬਲਾ ਕਰਨ ਲਈ ਰਾਸ਼ਨ ਅਤੇ ਹਥਿਆਰ ਕਿਲ੍ਹਿਆਂ ਵਿਚ ਹੀ ਇਕੱਠੇ ਕੀਤੇ ਜਾਂਦੇ ਸਨ। ਅੱਜ ਦਾ ਹਰਿਆਣਾ ਵੀ ਅਤੀਤ ਵਿਚ ਜੰਗਾਂ-ਯੁੱਧਾਂ ਦਾ ਅਖਾੜਾ ਬਣਿਆ ਰਿਹਾ ਹੈ। ਹਰਿਆਣਾ ਵਿਚ ਵੀ ਥਾਂ-ਥਾਂ ਕਿਲ੍ਹੇ ਬਣੇ ਹੋਏ ਹਨ। ਹਰਿਆਣਾ ਵਿਚ ਥਾਂ-ਥਾਂ ਸੁਸ਼ੋਭਿਤ ਕਿਲ੍ਹੇ ਤੇ ਰਾਜਿਆਂ ਦੇ ਮਹਿਲ, ਸੁਰੱਖਿਆ ਦੇ ਨਾਲ-ਨਾਲ ਸੁੱਖ-ਸੁਵਿਧਾਵਾਂ ਤੇ ਸੁੰਦਰਤਾ ਕਾਰਨ ਵੀ ਜਗ ਪ੍ਰਸਿੱਧ ਹਨ।

ਇਤਿਹਾਸ ਗਵਾਹ ਹੈ ਕਿ ਪ੍ਰਿਥਵੀ ਰਾਜ ਚੌਹਾਨ ਨੇ ਦਿੱਲੀ ਦੇ ਤਖਤ 'ਤੇ ਬਹਿਣ ਤੋਂ ਬਾਅਦ ਪੱਛਮ ਵਾਲੇ ਪਾਸਿਓਂ ਹਮਲਾਵਰਾਂ ਨੂੰ ਰੋਕਣ ਦੇ ਇਰਾਦੇ ਨਾਲ ਹਾਂਸੀ ਵਿਖੇ ਇਕ ਵਿਸ਼ਾਲ ਕਿਲ੍ਹਾ ਬਣਾਇਆ ਸੀ। ਪ੍ਰਿਥਵੀ ਰਾਜ ਚੌਹਾਨ ਦਾ ਇਹ ਕਿਲ੍ਹਾ ਏਨਾ ਸਾਧਨ-ਸੰਪੰਨ ਸੀ ਕਿ ਚੌਹਾਨ ਦੇ ਹੋਰ ਕਿਲ੍ਹਿਆਂ ਦਾ ਪ੍ਰਬੰਧ ਇੱਥੋਂ ਹੁੰਦਾ ਸੀ। ਇਸ ਕਿਲ੍ਹੇ ਵਿਚ ਚੌਹਾਨ ਨੇ ਅਸਲਾ ਬਣਾਉਣ ਦਾ ਕਾਰਖਾਨਾ ਵੀ ਸਥਾਪਤ ਕੀਤਾ ਸੀ। ਕਿਹਾ ਜਾਂਦਾ ਹੈ ਕਿ ਇਸ ਕਿਲ੍ਹੇ ਵਿਚ ਬਣਿਆ ਅਸਲਾ ਅਰਬ ਮੁਲਕਾਂ ਨੂੰ ਨਿਰਯਾਤ ਵੀ ਕੀਤਾ ਜਾਂਦਾ ਸੀ। ਅਸਲੇ ਕਾਰਨ ਇਸ ਕਿਲ੍ਹੇ ਨੂੰ 'ਅਸੀਗੜ੍ਹ' ਕਿਹਾ ਜਾਣ ਲੱਗਾ। ਸ਼ਬਦ 'ਅਸੀਗੜ੍ਹ' ਦਾ ਵਿਗੜਿਆ ਰੂਪ 'ਹਾਂਸੀ' ਹੈ। ਇਸ ਕਿਲ੍ਹੇ ਦੇ ਚੁਫੇਰੇ ਵਸੀ ਅਬਾਦੀ ਨੂੰ ਹਾਂਸੀ ਕਿਹਾ ਜਾਣ ਲੱਗਾ।

ਹਾਂਸੀ ਦੇ 'ਹਾਂਸੀ' ਨਾਮਕਰਨ ਸੰਬੰਧੀ ਇਤਿਹਾਸਕਾਰਾਂ ਦੀ ਹੋਰ ਵੀ ਰਾਇ ਹੈ। ਕੁਝ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਚੌਹਾਨ ਨੇ ਆਪਣੀ ਲੜਕੀ ਹਾਂਸਵਤੀ ਦੇ ਨਾਂਅ 'ਤੇ ਇਸ ਥਾਂ ਦਾ ਨਾਮਕਰਣ ਹਾਂਸੀ ਕੀਤਾ ਸੀ। ਇਤਿਹਾਸਕਾਰਾਂ ਦਾ ਇਹ ਵੀ ਕਹਿਣਾ ਹੈ ਕਿ ਚੌਹਾਨਵੰਸ਼ੀ ਰਾਜੇ ਅੰਨਗਪਾਲ ਦਾ ਗੁਰੂ ਹਾਂਸਕਰ ਸੀ ਤੇ 'ਹਾਂਸੀ' ਸ਼ਬਦ ਇੱਥੋਂ ਲਿਆ ਗਿਆ ਹੈ।

ਹਿਸਾਰ ਤੋਂ ਤੀਹ ਤੇ ਦਿੱਲੀ ਤੋਂ ਇਕ ਸੌ ਤੀਹ ਕਿਲੋਮੀਟਰ ਦੂਰ ਹਾਂਸੀ ਵਿਚਲੇ ਕਿਲ੍ਹੇ ਨੂੰ ਭਾਵੇਂ ਪ੍ਰਿਥਵੀ ਰਾਜ ਚੌਹਾਨ ਨੇ ਬਣਵਾਇਆ ਸੀ, ਪਰ ਤਰਾਵੜੀ ਦੀ ਦੂਸਰੀ ਲੜਾਈ ਸਮੇਂ ਚੌਹਾਨ ਦੇ ਹਾਰ ਜਾਣ ਕਾਰਨ ਕਿਲ੍ਹਾ ਸਹਾਬੁਦੀਨ ਗੌਰੀ ਦੇ ਅਧਿਕਾਰ ਵਿਚ ਆ ਗਿਆ ਸੀ। ਦਿੱਲੀ ਉਪਰ ਵਿਜੇ ਪ੍ਰਾਪਤ ਕਰਨ ਤੋਂ ਬਾਅਦ ਗੌਰੀ ਨੇ ਹਜ਼ਰਤ ਨਿਆਮਤ ਉਲਾ ਵਲੀ ਉਰਫ ਮੀਰਾ ਸਾਹਿਬ ਦੀ ਅਗਵਾਈ ਵਿਚ ਸੈਨਾ ਦੀ ਇਕ ਟੁਕੜੀ ਹਾਂਸੀ ਵਿਚਲੇ ਕਿਲ੍ਹੇ ਨੂੰ ਫ਼ਤਿਹ ਕਰਨ ਲਈ ਭੇਜੀ। ਮੀਰਾ ਸਾਹਿਬ ਨੇ ਹਾਂਸੀ ਦੇ ਕਿਲ੍ਹੇ ਨੂੰ ਤਾਂ ਫਤਿਹ ਕਰ ਲਿਆ ਸੀ, ਪਰ ਉਹ ਖੁਦ ਜ਼ਖਮੀ ਹੋ ਗਿਆ ਸੀ। ਉਹ ਇੱਥੇ ਹੀ ਪਰਲੋਕ ਸਿਧਾਰ ਗਿਆ ਸੀ। ਬਾਅਦ ਵਿਚ ਮੀਰਾ ਸਾਹਿਬ ਨੂੰ ਇੱਥੇ ਹੀ ਖਾਕ-ਏ-ਸਪੁਰਦ ਕੀਤਾ ਗਿਆ ਸੀ। ਕਿਲ੍ਹੇ ਵਿਚ ਮੀਰਾ ਸਾਹਿਬ ਦੀ ਯਾਦ ਵਿਚ ਮਜ਼ਾਰ ਤੇ ਦਰਗਾਹ ਬਣੀ ਹੋਈ ਹੈ। ਮੀਰਾ ਸਾਹਿਬ ਦੀ ਦਰਗਾਹ ਉੱਪਰ ਹਰ ਵੀਰਵਾਰ ਨੂੰ ਸੈਲਾਨੀਆਂ ਦੇ ਨਾਲ-ਨਾਲ ਸ਼ਰਧਾਲੂਆਂ ਦੀ ਵੀ ਭੀੜ ਹੁੰਦੀ ਹੈ।



ਹਾਂਸੀ ਦੇ ਕਿਲ੍ਹੇ ਨੇ ਅਨੇਕਾਂ ਰੰਗ ਵੇਖੇ ਹਨ। ਹਾਂਸੀ ਮਰ੍ਹਠਿਆਂ ਦੇ ਕਬਜ਼ੇ ਵਿਚ ਵੀ ਰਿਹਾ ਹੈ। 1761 ਵਿਚ ਪਾਣੀਪਤ ਦੀ ਤੀਸਰੀ ਲੜਾਈ ਤੋਂ ਬਾਅਦ ਅਹਿਮਦਸ਼ਾਹ ਅਬਦਾਲੀ ਕਿਲ੍ਹੇ ਦਾ ਮਾਲਕ ਬਣ ਗਿਆ ਸੀ। ਵੈਰਾਗੀ ਬੰਦਾ ਸਿੰਘ ਬਹਾਦਰ ਨੇ ਵੀ ਹਾਂਸੀ ਦੇ ਕਿਲ੍ਹੇ ਉਪਰ ਹਮਲਾ ਕੀਤਾ ਸੀ। ਸਿੱਖਾਂ ਦੀ ਰਾਮਗੜ੍ਹੀਆ ਮਿਸਲ ਨੇ ਵੀ ਇੱਥੇ ਝੰਡਾ ਝੁਲਾਇਆ ਸੀ। ਹਾਂਸੀ ਦੇ ਕਿਲ੍ਹੇ ਤੋਂ ਹੀ ਜਾਰਜ ਥਾਮਸ ਆਪਣੀ ਰਿਆਸਤ ਨੂੰ ਕੰਟਰੋਲ ਕਰਦਾ ਰਿਹਾ ਸੀ। 1857 ਦੇ ਗਦਰ ਵੇਲੇ ਹਾਂਸੀ ਅੰਗਰੇਜ਼ਾਂ ਦੀ ਸੈਨਿਕ ਛਾਉਣੀ ਸੀ।

ਰਿਵਾੜੀ-ਬਠਿੰਡਾ ਰੇਲ ਲਾਈਨ ਉੱਪਰ ਹਾਂਸੀ ਵਿਖੇ ਸਥਿਤ ਚੌਹਾਨ ਦਾ ਕਿਲ੍ਹਾ ਅੱਜ ਸੈਲਾਨੀਆਂ ਤੇ ਇਤਿਹਾਸ ਪ੍ਰੇਮੀਆਂ ਲਈ ਕਿਸੇ ਅਜੂਬੇ ਤੋਂ ਘੱਟ ਨਹੀਂ ਹੈ। ਇਹ ਕਿਲ੍ਹਾ ਭਾਵੇਂ ਅੱਜ ਥੇਹ ਵਾਂਗ ਪ੍ਰਤੀਤ ਹੁੰਦਾ ਹੈ, ਬਹੁਤ ਘੱਟ ਇਮਾਰਤਾਂ ਖੜੀਆਂ ਹਨ, ਫਿਰ ਵੀ ਇਸ ਕਿਲ੍ਹੇ ਦੀ ਵਿਸ਼ਾਲਤਾ ਤੇ ਮਜ਼ਬੂਤੀ ਦੇ ਨਾਲ-ਨਾਲ ਵਿਉਂਤ ਵੇਖ ਕੇ ਚੌਹਾਨ ਦੀ ਸਮਝ ਦੀ ਦਾਦ ਦੇਣੀ ਬਣਦੀ ਹੈ।

ਭਾਰਤੀ ਪੁਰਾਤੱਤਵ ਵਿਭਾਗ ਦੇ ਰਾਸ਼ਟਰੀ ਮਹੱਤਵ ਦੇ ਸਮਾਰਕਾਂ ਦੇ ਐਕਟ ਅਧੀਨ ਸੁਰੱਖਿਅਤ ਚੌਹਾਨ ਦਾ ਇਹ ਕਿਲ੍ਹਾ ਲੱਗਭੱਗ ਤੀਹ ਕਿੱਲਿਆਂ ਵਿਚ ਫੈਲਿਆ ਹੋਇਆ ਹੈ। ਜ਼ਮੀਨ ਤੋਂ ਵਾਹਵਾ ਉੱਚਾ ਚੁੱਕ ਕੇ ਚੌਹਾਨ ਨੇ ਕਿਲ੍ਹੇ ਨੂੰ ਇਸ ਹਿਸਾਬ ਨਾਲ ਬਣਾਇਆ ਸੀ ਕਿ ਕਹਿੰਦੇ-ਕਹਾਉਂਦੇ ਹਮਲਾਵਰ ਵੀ ਕਿਲ੍ਹੇ ਨੂੰ ਸਹਿਜੇ ਫ਼ਤਿਹ ਨਹੀਂ ਸੀ ਕਰ ਸਕਦੇ। ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਚੌਹਾਨ ਨੇ ਇਸ ਕਿਲ੍ਹੇ ਦੀਆਂ ਚਾਰਾਂ ਨੁੱਕਰਾਂ ਉਪਰ ਛਤਰੀਨੁਮਾ ਮੋਰਚੇ ਤਾਂ ਬਣਾਏ ਹੀ ਸਨ, ਉਸ ਨੇ ਕਿਲ੍ਹੇ ਦੇ ਚਾਰ-ਚੁਫੇਰੇ ਡੂੰਘੀ ਖੱਡ ਵੀ ਪੁਟਵਾਈ ਸੀ। ਇਹ ਖੱਡ ਹਰ ਵੇਲੇ ਪਾਣੀ ਨਾਲ ਭਰੀ ਰਹਿੰਦੀ ਸੀ।

ਪ੍ਰਿਥਵੀ ਰਾਜ ਚੌਹਾਨ ਦੇ ਇਸ ਕਿਲ੍ਹੇ ਨੇ ਅਨੇਕ ਉਤਰਾਅ-ਚੜ੍ਹਾਅ ਵੇਖੇ ਹਨ। ਇੱਥੇ ਆ ਕੇ ਵਿਦੇਸ਼ੀ ਹਮਲਾਵਰ ਖੂਨ ਦੀ ਹੋਲੀ ਖੇਡਦੇ ਰਹੇ ਹਨ ਤੇ ਮਨੁੱਖਤਾ ਦਾ ਨਾਸ ਕਰਦੇ ਰਹੇ ਹਨ। ਵਿਦੇਸ਼ੀ ਹਮਲਾਵਰ, ਕਿਲ੍ਹੇ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਕਿਲ੍ਹੇ ਵਿਚ ਨਵੀਂਆਂ ਇਮਾਰਤਾਂ ਉਸਾਰਦੇ ਤੇ ਪੁਰਾਣੀਆਂ ਢਾਹੁੰਦੇ ਰਹੇ ਹਨ। ਇਸ ਤਰ੍ਹਾਂ ਇਹ ਕਿਲ੍ਹਾ ਵਿਭਿੰਨ ਸੰਸਕ੍ਰਿਤੀਆਂ ਦਾ ਸੰਗਮ ਬਣ ਗਿਆ ਹੈ। ਅੱਜ ਕਿਲ੍ਹੇ ਵਿਚ ਹਿੰਦੂ ਭਵਨ ਨਿਰਮਾਣ ਕਲਾ ਦੀਆਂ ਨਮੂਨੇ ਦੀਆਂ ਇਮਾਰਤਾਂ ਦੇ ਨਾਲ-ਨਾਲ ਤੁਰਕ ਤੇ ਮੁਸਲਿਮ ਭਵਨ ਨਿਰਮਾਣ ਕਲਾ ਦੇ ਚਿੰਨ੍ਹ ਵੀ ਵਿਖਾਈ ਦਿੰਦੇ ਹਨ।

ਕਿਲ੍ਹੇ ਅੰਦਰ ਬਣੀ ਬਾਰਾਦਰੀ ਤੇ ਜਲਕੁੰਡ ਸ਼ਾਹੀ ਸ਼ਾਨ ਦੇ ਮੌਨ ਗਵਾਹ ਹਨ। ਮੀਰਾ ਸ਼ਾਹ ਦੀ ਦਰਗਾਹ ਕੋਲ ਬਣੀ ਤਿੰਨ ਭਾਗਾਂ ਵਾਲੀ ਜਾਮਾ ਮਸਜਿਦ ਤੇ ਮੋਤੀ ਮਸਜਿਦ ਵੀ ਪ੍ਰਸ਼ੰਸਾਯੋਗ ਹੈ। ਜਾਮਾ ਮਸਜਿਦ ਦੇ ਪੱਛਮ ਵਿਚ ਪਾਣੀ ਦੀ ਪੂਰਤੀ ਲਈ ਖੂਹ ਤੇ ਦੱਖਣ-ਪੂਰਬ ਵਿਚ ਇਕ ਤੰਦੂਰ ਬਣਿਆ ਹੋਇਆ ਹੈ। ਕਿਲ੍ਹੇ ਦੇ ਦੱਖਣ ਵਿਚ ਸਥਿਤ ਪ੍ਰਵੇਸ਼ ਦਵਾਰ ਵੀ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਹੈ। ਹਿੰਦੂ ਭਵਨ ਨਿਰਮਾਣ ਕਲਾ ਦੇ ਉੱਤਮ ਨਮੂਨੇ ਇਸ ਪ੍ਰਵੇਸ਼ ਦਵਾਰ ਦੇ ਦੋਵੇਂ ਪਾਸੇ ਸੁਰੱਖਿਆ ਲਈ ਚੌਕੀਆਂ ਬਣਾਈਆਂ ਗਈਆਂ ਸਨ। ਪ੍ਰਵੇਸ਼-ਦਵਾਰ ਉਪਰ ਹਿੰਦੂ ਦੇਵੀ-ਦੇਵਤਿਆਂ ਤੇ ਪੰਛੀਆਂ ਦੇ ਚਿੱਤਰ ਅੰਕਿਤ ਹਨ। ਕਿਲ੍ਹੇ ਦੇ ਪ੍ਰਵੇਸ਼-ਦਵਾਰ ਦੀ ਸੁੰਦਰਤਾ ਹੀ ਨਹੀਂ, ਵਿਸ਼ਾਲਤਾ ਵੀ ਵੇਖਣਯੋਗ ਹੈ। ਪੁਰਾਤੱਤਵ ਵਿਭਾਗ ਨੇ ਕਿਲ੍ਹੇ ਦੀ ਸਾਫ-ਸਫਾਈ ਕਰਕੇ ਤੇ ਸੈਲਾਨੀਆਂ ਲਈ ਸੜਕਾਂ ਦਾ ਨਿਰਮਾਣ ਕਰਕੇ ਸ਼ਲਾਘਾਯੋਗ ਕੰਮ ਕੀਤਾ ਹੈ।

ਅਤੀਤ ਵਿਚ ਹਿਸਾਰ ਨੂੰ 'ਹਿਸਾਰ-ਏ-ਫ਼ਿਰੋਜ਼ਾ' ਕਿਹਾ ਜਾਂਦਾ ਸੀ, ਭਾਵ ਫ਼ਿਰੋਜ਼ਸ਼ਾਹ ਦਾ ਕਿਲ੍ਹਾ। ਅਰਬੀ-ਫਾਰਸੀ ਵਿਚ ਕਿਲ੍ਹੇ ਲਈ 'ਹਿਸਾਰ' ਸ਼ਬਦ ਵਰਤਿਆ ਜਾਂਦਾ ਹੈ। ਜਿੱਥੇ ਅੱਜ ਹਿਸਾਰ ਵਸਿਆ ਹੋਇਆ ਹੈ, ਇੱਥੇ ਮੀਲਾਂ ਲੰਮੀ ਉਜਾੜ-ਬੀਆਬਾਨ ਸੀ। ਪ੍ਰਸ਼ਾਸਨ ਨੂੰ ਉਸਾਰੂ ਢੰਗ ਨਾਲ ਚਲਾਉਣ ਲਈ ਇੱਥੇ ਜੰਗਲ ਵਿਚ ਫ਼ਿਰੋਜ਼ਸ਼ਾਹ ਤੁਗ਼ਲਕ ਨੇ ਕਿਲ੍ਹਾ ਬਣਾਇਆ ਸੀ। ਭਾਰਤ ਦੀ ਸਿੰਚਾਈ ਵਿਵਸਥਾ ਵਿਚ ਫ਼ਿਰੋਜ਼ਸ਼ਾਹ ਤੁਗ਼ਲਕ ਦਾ ਪ੍ਰਮੁੱਖ ਯੋਗਦਾਨ ਹੈ। ਇਤਿਹਾਸ ਵਿਚ ਤੁਗ਼ਲਕ ਦੁਆਰਾ ਕੱਢੀਆਂ ਪੰਜ ਪ੍ਰਮੁੱਖ ਨਹਿਰਾਂ ਦਾ ਜ਼ਿਕਰ ਆਉਂਦਾ ਹੈ। ਕਿਲ੍ਹਾ ਬਣਾਉਣ ਤੋਂ ਬਾਅਦ ਫ਼ਿਰੋਜ਼ਸ਼ਾਹ ਯਮੁਨਾ ਤੋਂ ਹਿਸਾਰ ਤੱਕ ਇਕ 'ਪੱਛਮੀ ਯਮੁਨਾ' ਨਾਂਅ ਦੀ ਨਹਿਰ ਕੱਢ ਕੇ ਲਿਆਇਆ ਸੀ, ਕਿਉਂਕਿ ਉਸ ਵਕਤ ਇਸ ਇਲਾਕੇ ਵਿਚ ਪੀਣ ਲਈ ਵੀ ਪਾਣੀ ਨਹੀਂ ਮਿਲਦਾ ਸੀ। ਲੱਗਭੱਗ 650 ਸਾਲ ਪਹਿਲਾਂ ਜਦੋਂ ਫ਼ਿਰੋਜ਼ਸ਼ਾਹ ਨੇ ਹਿਸਾਰ (ਕਿਲ੍ਹੇ) ਦਾ ਨਿਰਮਾਣ ਕੀਤਾ ਸੀ, ਉਦੋਂ ਔੜ ਮਾਰੇ ਇਸ ਇਲਾਕੇ ਵਿਚ ਪੀਣ ਲਈ ਇਕ ਘੜਾ ਪਾਣੀ ਦਾ ਚਾਰ ਜੀਤਲ ਤੇ ਇਕ ਮਣ ਕਣਕ ਸੱਤ ਤੋਂ ਦਸ ਜੀਤਲ ਤੱਕ ਮਿਲਦੀ ਸੀ। ਜੀਤਲ ਉਸ ਵਕਤ ਤੁਗ਼ਲਕ ਦੀ ਕਰੰਸੀ ਦਾ ਨਾਂਅ ਸੀ। ਇਸੇ ਨਹਿਰ ਨੂੰ ਬਾਅਦ ਵਿਚ ਫ਼ਿਰੋਜ਼ਸ਼ਾਹ ਦੇ ਪਿਉ ਦੇ ਨਾਂਅ 'ਤੇ ਰਜਵਾਹਿਆ ਕਿਹਾ ਜਾਣ ਲੱਗਾ। ਅੱਜ ਵੀ ਛੋਟੀਆਂ ਨਹਿਰਾਂ ਨੂੰ ਰਜਵਾਹੇ ਕਿਹਾ ਜਾਂਦਾ ਹੈ। ਇੰਝ ਰਜਵਾਹਿਆ ਸ਼ਬਦ ਫ਼ਿਰੋਜ਼ਸ਼ਾਹ ਦੀ ਦੇਣ ਜਾਪਦਾ ਹੈ। ਫ਼ਿਰੋਜ਼ਸ਼ਾਹ ਦੇ ਯਮੁਨਾ ਤੋਂ ਹਿਸਾਰ ਤੱਕ ਕੱਢ ਕੇ ਲਿਆਂਦੇ ਰਜਵਾਹੇ ਦਾ ਅੱਜ-ਕੱਲ੍ਹ ਨਾਮੋ-ਨਿਸ਼ਾਨ ਮਿਟ ਚੁੱਕਾ ਹੈ, ਸਿਰਫ ਕਿਲ੍ਹੇ ਅੰਦਰ ਨਿਸ਼ਾਨ ਬਾਕੀ ਦਿਖਾਈ ਦਿੰਦੇ ਹਨ।

ਤੁਗ਼ਲਕ ਨੇ ਕਿਲ੍ਹੇ ਦਾ ਨਿਰਮਾਣ ਕਰਨ ਤੋਂ ਬਾਅਦ ਕਿਲ੍ਹੇ ਅੰਦਰ ਹੀ ਮਹਿਲ ਬਣਾਇਆ ਸੀ। ਇਸ ਮਹਿਲ ਨੂੰ 'ਗੁਜਰੀ ਮਹਿਲ' ਕਿਹਾ ਜਾਂਦਾ ਹੈ। 'ਗੁਜਰੀ ਮਹਿਲ' ਕਰਕੇ ਹਿਸਾਰ ਨੂੰ ਗੁਜਰੀ ਸ਼ਹਿਰ ਵੀ ਕਿਹਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਸ ਇਲਾਕੇ ਦੀ ਵਸਨੀਕ ਗੁਜਰੀ, ਫ਼ਿਰੋਜ਼ਸ਼ਾਹ ਦੀ ਪ੍ਰੇਮਿਕਾ ਸੀ। ਜਦੋਂ ਗੁਜਰੀ ਨੇ ਆਪਣੇ ਬਜ਼ੁਰਗ ਮਾਪਿਆਂ ਨੂੰ ਛੱਡ ਕੇ ਦਿੱਲੀ ਜਾਣ ਤੋਂ ਅਸਮਰੱਥਾ ਜ਼ਾਹਿਰ ਕੀਤੀ ਸੀ ਤਾਂ ਫ਼ਿਰੋਜ਼ਸ਼ਾਹ ਨੇ ਇੱਥੇ ਕਿਲ੍ਹੇ ਵਿਚ ਹੀ ਉਸ ਲਈ ਮਹਿਲ ਬਣਵਾ ਦਿੱਤਾ ਸੀ।

ਪੁਰਾਤੱਤਵ ਵਿਭਾਗ ਅਧੀਨ ਸੁਰੱਖਿਅਤ ਹਿਸਾਰ ਦੇ ਕਿਲ੍ਹੇ ਨੂੰ ਵੇਖ ਕੇ ਹਰ ਕੋਈ ਦੰਦਾਂ ਹੇਠ ਉਂਗਲੀ ਦਬਾ ਲੈਂਦਾ ਹੈ। ਕਿਲ੍ਹੇ ਨੂੰ ਬਣਾਉਣ ਲਈ ਫ਼ਿਰੋਜ਼ਸ਼ਾਹ ਭਾਵੇਂ ਬਹੁਤਾ ਕੁਝ ਹਿੰਦੂ ਮੰਦਰਾਂ ਨੂੰ ਭੰਨ-ਤੋੜ ਕੇ ਲਿਆਇਆ ਸੀ, ਫਿਰ ਵੀ ਕਿਲ੍ਹੇ ਨੂੰ ਵੇਖਦਿਆਂ ਫ਼ਿਰੋਜ਼ਸ਼ਾਹੀ ਭਵਨ ਨਿਰਮਾਣ ਕਲਾ ਦੀ ਦਾਦ ਦੇਣੀ ਬਣਦੀ ਹੈ। ਫ਼ਿਰੋਜ਼ਸ਼ਾਹ ਨੇ ਕਿਲ੍ਹੇ ਦੀ ਸੁੰਦਰਤਾ ਤੇ ਮਜ਼ਬੂਤੀ ਲਈ ਹਰ ਸੰਭਵ ਕੋਸ਼ਿਸ਼ ਕੀਤੀ ਸੀ। ਇਤਿਹਾਸਕਾਰਾਂ ਦਾ ਮੰਨਣਾ ਹੈ ਕਿ 1354 ਈਸਵੀ ਵਿਚ ਰਾਜੇ ਨੇ ਖੁਦ ਕੋਲ ਖੜ੍ਹੇ ਹੋ ਕੇ ਹਿਸਾਰ-ਏ-ਫ਼ਿਰੋਜ਼ਾ ਦਾ ਨਿਰਮਾਣ ਕਰਵਾਇਆ ਸੀ। ਕਿਲ੍ਹੇ ਦੀ ਬਾਹਰੀ ਚਾਰਦੀਵਾਰੀ ਲਈ ਫ਼ਿਰੋਜ਼ਸ਼ਾਹ ਨੇ ਨਰਸਾਇ ਦੀ ਪਹਾੜੀ ਤੋਂ ਪੱਥਰ ਮੰਗਵਾਇਆ ਸੀ। ਕਿਲ੍ਹੇ ਦੀ ਮਜ਼ਬੂਤੀ ਲਈ ਫ਼ਿਰੋਜ਼ਸ਼ਾਹ ਨੇ ਥਾਂ-ਥਾਂ ਬੁਰਜ ਬਣਵਾਏ ਤੇ ਚਾਰਦੀਵਾਰੀ ਦੇ ਬਾਹਰਵਾਰ ਡੂੰਘੀ ਖੱਡ ਪੁਟਵਾ ਦਿੱਤੀ ਸੀ।

ਹਿਸਾਰ-ਏ-ਫ਼ਿਰੋਜ਼ਾ ਵਿਚ ਗੁਜਰੀ ਮਹਿਲ ਤੋਂ ਇਲਾਵਾ ਮਸਜਿਦ, ਦੀਵਾਨ-ਏ-ਆਮ, ਬਾਰਾਂਦਰੀ, ਤਿੰਨ ਤਹਿਖਾਨੇ ਤੇ ਰਾਜਨੀਤਕ ਅਪਰਾਧੀਆਂ ਲਈ ਬੈਰਕਾਂ ਬਣੀਆਂ ਹੋਈਆਂ ਹਨ। ਕਿਲ੍ਹੇ ਦੀ ਸ਼ੋਭਾ ਲਈ ਥਾਂ-ਥਾਂ ਕਲਾਤਮਿਕ ਬੁਰਜੀਆਂ ਬਣਵਾਈਆਂ ਗਈਆਂ ਹਨ। ਕੁਝ ਬੁਰਜੀਆਂ ਉਪਰ ਮੌਰੀਆਕਾਲੀਨ ਅਭਿਲੇਖ ਵੀ ਦਰਜ ਹਨ। ਕਿਲ੍ਹੇ ਵਿਚ ਹੀ ਨਮਾਜ਼ ਅਦਾ ਕਰਨ ਲਈ ਮਸਜਿਦ ਬਣਵਾਈ ਗਈ ਸੀ। ਮਸਜਿਦ ਕੋਲ ਫ਼ਿਰੋਜ਼ਸ਼ਾਹ ਨੇ ਯਾਦਗਾਰੀ ਲਾਟ ਸਥਾਪਤ ਕੀਤੀ ਸੀ। ਪੰਜ ਹਿੱਸਿਆਂ ਵਿਚ ਵੰਡੀ ਲਾਲ-ਭੂਰੇ ਰੰਗ ਦੀ ਇਸ ਲਾਟ ਕਰਕੇ ਅੱਜਕੱਲ੍ਹ ਫ਼ਿਰੋਜ਼ਸ਼ਾਹੀ ਮਸਜਿਦ ਨੂੰ 'ਲਾਟ ਮਸਜਿਦ' ਕਿਹਾ ਜਾਂਦਾ ਹੈ। ਕਿਲ੍ਹੇ ਵਿਚ ਹੇਠੋਂ ਉਪਰ ਤੇ ਉਪਰੋਂ ਹੇਠਾਂ ਆਉਣ ਲਈ ਬਣੀਆਂ ਪੌੜੀਆਂ ਕੋਈ ਭੇਤੀ ਹੀ ਲੱਭ ਸਕਦਾ ਹੈ। ਕੰਧਾਂ ਵਿਚ ਬਣੀਆਂ ਇਹ ਪੌੜੀਆਂ ਹਰੇਕ ਦੀ ਨਜ਼ਰ ਨਹੀਂ ਚੜ੍ਹਦੀਆਂ। ਕਿਹਾ ਜਾਂਦਾ ਹੈ ਕਿ ਫ਼ਿਰੋਜ਼ਸ਼ਾਹ ਦੇ ਇਸ ਕਿਲ੍ਹੇ ਵਿਚ ਕੁਝ ਸੁਰੰਗਾਂ ਵੀ ਸਨ, ਜੋ ਅੱਜਕੱਲ੍ਹ ਬੰਦ ਹਨ।

ਤੁਗ਼ਲਕ ਕਾਲ ਵਿਦਰੋਹਾਂ ਦਾ ਕਾਲ ਰਿਹਾ ਹੈ। ਵਿਦਰੋਹਾਂ ਕਰਕੇ ਹੀ 1411 ਈਸਵੀ ਵਿਚ ਤੁਗ਼ਲਕ ਸਾਮਰਾਜ ਸੈਯਦ ਖਿਜ਼ਰ ਖਾਨ ਦੇ ਹੱਥਾਂ ਵਿਚ ਆ ਗਿਆ ਸੀ। ਖਿਜ਼ਰਖਾਨ ਨੇ ਵਧੀਆ ਸੇਵਾਵਾਂ ਬਦਲੇ ਜਗੀਰ ਹਿਸਾਰ, ਮੁਹੰਮਦ ਹੁਸੈਨ ਨੂੰ ਇਨਾਮ ਦੇ ਤੌਰ 'ਤੇ ਦੇ ਦਿੱਤੀ ਸੀ। ਦਿੱਲੀ ਦੇ ਸਮਰਾਟ ਦੌਲਤ ਖਾਂ ਨੇ ਖਿਜ਼ਰ ਖਾਂ ਅੱਗੇ ਆਤਮ-ਸਮਰਪਣ ਕਰ ਦਿੱਤਾ ਸੀ। ਖਿਜ਼ਰ ਖਾਂ ਨੇ ਦੌਲਤ ਖਾਂ ਨੂੰ ਹਿਸਾਰ ਦੇ ਕਿਲ੍ਹੇ ਵਿਚ ਹੀ ਕੈਦ ਕੀਤਾ ਸੀ ਤੇ ਇੱਥੇ ਹੀ ਉਸ ਦੀ ਮੌਤ ਹੋ ਗਈ ਸੀ।

ਹਿਸਾਰ-ਏ-ਫ਼ਿਰੋਜ਼ਾ ਸੈਯਦਾਂ ਤੋਂ ਲੋਧੀਆਂ ਦੇ ਹੱਥਾਂ ਵਿਚ ਵੀ ਰਿਹਾ ਹੈ। ਬਾਬਰ ਦੇ ਹਮਲੇ ਵੇਲੇ ਹਿਸਾਰ ਲੋਧੀ ਸਾਮਰਾਜ ਦਾ ਪ੍ਰਮੁੱਖ ਤੇ ਰਾਜਿਆਂ ਦੇ ਵਕਾਰ ਦਾ ਕੇਂਦਰ ਬਣਿਆ ਹੋਇਆ ਸੀ। ਪਾਣੀਪਤ ਦੀ ਪਹਿਲੀ ਲੜਾਈ ਵੇਲੇ ਬਾਬਰ ਨੇ ਹਿਸਾਰ-ਏ-ਫ਼ਿਰੋਜ਼ਾ ਨੂੰ ਜਿੱਤਣ ਲਈ ਹੁਮਾਊਂ ਦੀ ਅਗਵਾਈ ਵਿਚ ਵੱਖਰੀ ਫ਼ੌਜ ਭੇਜੀ ਸੀ ਤੇ ਬਾਬਰ ਨੇ ਵੀ ਹੁਮਾਊਂ ਦੀ ਕਾਰਜਕੁਸ਼ਲਤਾ ਤੋਂ ਖੁਸ਼ ਹੋ ਕੇ ਹਿਸਾਰ ਇਨਾਮ ਵਿਚ ਦੇ ਦਿੱਤਾ ਸੀ। ਬਾਅਦ ਵਿਚ ਹਿਸਾਰ ਵਿਖੇ ਹੁਮਾਊਂ ਦੇ ਰਾਜਕਾਲ ਵਿਚ ਅਮੀਰ ਮੁਹੰਮਦ ਨੇ ਜਾਮਾ ਮਸਜਿਦ ਦਾ ਨਿਰਮਾਣ ਕਰਵਾਇਆ ਸੀ।

ਪੁਰਾਣੇ ਸਮਿਆਂ ਵਿਚ ਰਾਜਿਆਂ ਦੇ ਇਨ੍ਹਾਂ ਕਿਲ੍ਹਿਆਂ ਕੋਲ ਵਸਣਾ ਆਮ ਲੋਕ ਉੱਤਮ ਸਮਝਦੇ ਸਨ, ਕਿਉਂਕਿ ਮਹਿਲਾਂ ਤੇ ਕਿਲ੍ਹਿਆਂ ਕੋਲ ਆਮ ਲੋਕ ਆਪਣੇ-ਆਪ ਨੂੰ ਸੁਰੱਖਿਅਤ ਸਮਝਦੇ ਸਨ। ਇੰਝ ਰਾਜਿਆਂ ਦੇ ਕਿਲ੍ਹਿਆਂ ਤੇ ਮਹਿਲਾਂ ਦੀ ਬਦੌਲਤ ਅਨੇਕਾਂ ਸ਼ਹਿਰਾਂ ਦਾ ਮੁੱਢ ਬੱਝਾ ਹੈ। ਹਿਸਾਰ-ਏ ਫ਼ਿਰੋਜ਼ਾ ਦੀ ਬਦੌਲਤ ਹਿਸਾਰ ਸ਼ਹਿਰ ਵਸਿਆ ਹੈ। ਵਕਤ ਬੀਤਣ ਨਾਲ ਭਾਵੇਂ ਹਿਸਾਰ-ਏ-ਫ਼ਿਰੋਜ਼ਾ ਬੇਨੂਰ ਹੋ ਗਿਆ ਹੈ, ਪਰ ਸ਼ਹਿਰ ਹਿਸਾਰ ਬੁਲੰਦੀਆਂ 'ਤੇ ਹੈ। ਅੱਜ ਹਿਸਾਰ ਨੂੰ ਜੇਕਰ ਹਰਿਆਣੇ ਦਾ ਸ਼ਿੰਗਾਰ ਕਹਿ ਦਿੱਤਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਸ਼ਿਵਾਲਿਕ ਦੀਆਂ ਪਹਾੜੀਆਂ ਦੇ ਹੇਠਾਂ ਰਿਆਸਤ ਕਲਸੀਆ ਦਾ ਮੁੱਢ ਪਿੰਡ ਕਲਸੀਆ, ਜ਼ਿਲ੍ਹਾ ਅੰਮ੍ਰਿਤਸਰ ਦੇ ਸਰਦਾਰ ਗੁਰਬਖਸ਼ ਸਿੰਘ ਨੇ ਬੰਨ੍ਹਿਆ ਸੀ। ਬਾਬਾ ਬੰਦਾ ਸਿੰਘ ਬਹਾਦਰ ਦੇ ਸਰਹਿੰਦ ਫ਼ਤਿਹ ਕਰਨ ਤੋਂ ਬਾਅਦ ਜਦੋਂ ਸਿੱਖ ਸਰਦਾਰਾਂ ਨੇ ਮੁਲਕ ਮੱਲਿਆ ਸੀ, ਉਸ ਵਕਤ ਗੁਰਬਖਸ਼ ਸਿੰਘ ਨੇ ਛਛਰੌਲੀ ਦਾ ਇਲਾਕਾ ਮੱਲ ਲਿਆ ਸੀ। ਗੁਰਬਖਸ਼ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਜੋਧ ਸਿੰਘ ਜਾਗੀਰ ਦਾ ਮਾਲਕ ਬਣਿਆ। ਜੋਧ ਸਿੰਘ ਨੇ ਮੁਲਤਾਨ ਨੂੰ ਜਿੱਤਣ ਸਮੇਂ ਮਹਾਰਾਜਾ ਰਣਜੀਤ ਸਿੰਘ ਦਾ ਸਾਥ ਦਿੱਤਾ ਸੀ। ਜੋਧ ਸਿੰਘ ਤੋਂ ਬਾਅਦ ਸ਼ੋਭਾ ਸਿੰਘ ਛਛਰੌਲੀ ਰਿਆਸਤ ਦਾ ਮਾਲਕ ਬਣਿਆ। ਸ਼ੋਭਾ ਸਿੰਘ ਅੰਗਰੇਜ਼ਾਂ ਦਾ ਬੜਾ ਵਫ਼ਾਦਾਰ ਸੀ। 1857 ਦੇ ਗ਼ਦਰ ਤੇ ਸਿੱਖਾਂ ਨਾਲ ਦੋਵਾਂ ਲੜਾਈਆਂ ਸਮੇਂ ਉਸ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ। ਸ਼ੋਭਾ ਸਿੰਘ ਤੋਂ ਬਾਅਦ ਲਹਿਣਾ ਸਿੰਘ, ਬਿਸ਼ਨ ਸਿੰਘ, ਜਗਜੀਤ ਸਿੰਘ, ਰਣਜੀਤ ਸਿੰਘ ਤੇ ਰਵੀ ਸ਼ੇਰ ਸਿੰਘ ਛਛਰੌਲੀ ਰਿਆਸਤ ਦੇ ਰਾਜੇ ਬਣੇ। ਜਗਜੀਤ ਸਿੰਘ, ਰਣਜੀਤ ਸਿੰਘ ਤੇ ਰਵੀ ਸ਼ੇਰ ਸਿੰਘ ਰਾਜਾ ਬਣਨ ਵਾਲੇ ਬਾਲਕ ਹੀ ਸਨ। ਰਾਜਾ ਬਣਨ ਵੇਲੇ ਜਗਜੀਤ ਸਿੰਘ ਦੀ ਉਮਰ ਚਾਰ ਸਾਲ ਤੇ ਰਣਜੀਤ ਸਿੰਘ ਦੀ ਪੰਜ ਸਾਲ ਸੀ।



ਕਰਨ ਸ਼ੇਰ ਸਿੰਘ, ਛਛਰੌਲੀ ਰਿਆਸਤ ਦਾ ਅੰਤਿਮ ਤੇ ਸਭ ਤੋਂ ਘੱਟ ਸਮਾਂ ਰਾਜ ਕਰਨ ਵਾਲਾ ਰਾਜਾ ਸੀ। ਰਵੀ ਸ਼ੇਰ ਸਿੰਘ ਦੇ ਪਰਲੋਕ ਸਿਧਾਰਨ ਤੋਂ ਬਾਅਦ ਕਰਨ ਸ਼ੇਰ ਸਿੰਘ 4 ਜਨਵਰੀ 1947 ਨੂੰ ਰਾਜਾ ਬਣਿਆ ਸੀ ਤੇ 1948 ਵਿੱਚ ਛਛਰੌਲੀ ਰਿਆਸਤ ਦੇ ਵਾਰਸਾਂ ਨੂੰ ਸਾਲਾਨਾ 64 ਹਜ਼ਾਰ ਪੈਨਸ਼ਨ ਦੇ ਕੇ ਆਜ਼ਾਦ ਭਾਰਤ ਵਿਚ ਸ਼ਾਮਲ ਕਰ ਲਿਆ ਗਿਆ ਸੀ। ਕਲਸੀਆ ਰਿਆਸਤ ਦੇ ਰਾਜੇ ਅੰਗਰੇਜ਼ਾਂ ਦੇ ਵਫ਼ਾਦਾਰ ਰਹੇ ਹਨ। ਸ਼ੋਭਾ ਸਿੰਘ ਤੋਂ ਬਾਅਦ ਰਵੀ ਸ਼ੇਰ ਸਿੰਘ ਨੇ ਵੀ ਪਹਿਲੇ ਵਿਸ਼ਵ ਯੁੱਧ ਵਿੱਚ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ, ਪਰ ਛਛਰੌਲੀ ਰਿਆਸਤ ਦੇ ਅੰਤਿਮ ਰਾਜੇ ਕਰਨ ਸ਼ੇਰ ਸ਼ਿੰਘ ਨੇ ਭਾਰਤੀ ਹਵਾਈ ਸੈਨਾ ਵਿੱਚ ਫਲਾਈਟ ਲੈਫਟੀਨੈਂਟ ਦੇ ਪਦ 'ਤੇ ਕੰਮ ਕਰਕੇ ਇਕ ਸੱਚੇ-ਸੁੱਚੇ ਭਾਰਤੀ ਹੋਣ ਦਾ ਸਬੂਤ ਦਿੱਤਾ ਸੀ। ਸੈਨਾ ਵਿੱਚ ਹੀ ਜਹਾਜ਼ ਦੇ ਹਾਦਸਾ ਗ੍ਰਸਤ ਹੋਣ ਕਰਕੇ 1961 ਵਿਚ ਕਰਨ ਸ਼ੇਰ ਸਿੰਘ ਦੀ ਮੌਤ ਹੋਈ ਸੀ।

ਲੱਗਭੱਗ 62000 ਜਨਸੰਖਿਆ, 181 ਪਿੰਡਾਂ ਤੇ ਸਾਲਾਨਾ ਤਿੰਨ ਲੱਖ ਆਮਦਨ ਵਾਲੀ ਛਛਰੌਲੀ ਰਿਆਸਤ ਦੀ ਰਖਵਾਲੀ ਤੇ ਪ੍ਰਸ਼ਾਸਨ ਚਲਾਉਣ ਲਈ ਕਲਸੀਆ ਰਾਜਿਆਂ ਨੇ ਇੱਥੇ ਵਿਸ਼ਾਲ ਕਿਲ੍ਹੇ ਦਾ ਨਿਰਮਾਣ ਕਰਵਾਇਆ ਸੀ। ਜਗਾਧਰੀ ਤੋਂ ਪਾਉਂਟਾ ਸਾਹਿਬ ਨੂੰ ਜਾਣ ਵਾਲੇ ਰਾਹ ਉੱਪਰ ਬਣੇ ਕਲਸੀਆ ਰਾਜਿਆਂ ਦੇ ਇਸ ਕਿਲ੍ਹੇ ਦੀ ਮਜ਼ਬੂਤੀ ਤੇ ਸੁੰਦਰਤਾ ਦਾ ਕੋਈ ਸ਼ਰੀਕ ਨਹੀਂ ਸੀ। ਕਲਸੀਆ ਰਾਜਿਆਂ ਨੇ ਕਿਲ੍ਹੇ ਨੂੰ ਇਸ ਤਰ੍ਹਾਂ ਵਿਉਂਤਿਆ ਸੀ ਕਿ ਲੰਮੇ ਸਮੇਂ ਤੱਕ ਇਸ ਕਿਲ੍ਹੇ ਨੂੰ ਕੋਈ ਫ਼ਤਿਹ ਨਾ ਕਰ ਸਕਿਆ।

ਜਗਾਧਰੀ ਤੋਂ ਲੱਗਭੱਗ 12 ਕਿਲੋਮੀਟਰ ਦੂਰ ਛਛਰੌਲੀ ਵਿਖੇ ਕਲਸੀਆ ਰਾਜਿਆਂ ਨੇ ਵਿਸ਼ਾਲ ਕਿਲ੍ਹੇ ਨੂੰ ਬਣਾਉਣ ਲਈ ਲਾਖੌਰੀ ਇੱਟਾਂ ਵਰਤੀਆਂ ਸਨ। ਲੱਕੜ ਦੀਆਂ ਛੱਤਾਂ ਵਾਲੇ ਤੇ ਆਦਮਕੱਦ ਚਾਰ-ਦੀਵਾਰੀ ਵਾਲੇ ਇਸ ਕਿਲ੍ਹੇ ਅੰਦਰ ਸ਼ਾਹੀ ਤਖ਼ਤ, ਖ਼ਜ਼ਾਨਾ ਘਰ ਤੇ ਮਹਿਮਾਨ ਘਰ ਸੁਸ਼ੋਭਿਤ ਸਨ। ਇਨ੍ਹਾਂ ਤੋਂ ਇਲਾਵਾ ਕਿਲ੍ਹੇ ਦੇ ਵਿਚਕਾਰ ਕਰਕੇ ਰਿਹਾਇਸ਼ ਵਾਸਤੇ ਇਕ ਦੋ ਮੰਜ਼ਲਾ ਮਹਿਲ ਬਣਾਇਆ ਗਿਆ ਸੀ। ਮਹਿਲ ਦੇ ਖੱਬੇ ਪਾਸੇ ਭਾਰਤੀ-ਵਲੈਤੀ ਮਿਲੇ-ਜੁਲੇ ਢੰਗ ਨਾਲ ਇਕ ਹੋਰ ਰਾਣੀ ਮਹਿਲ ਬਣਾਇਆ ਗਿਆ ਸੀ।

ਬਾਅਦ ਵਿਚ ਰਾਜਾ ਰਣਜੀਤ ਸਿੰਘ ਨੇ ਆਪਣੇ ਸਮੇਂ ਵਿੱਚ ਕਿਲ੍ਹੇ ਅੰਦਰ ਇਕ ਘੰਟਾਘਰ ਦਾ ਨਿਰਮਾਣ ਵੀ ਕਰਵਾਇਆ ਸੀ। ਤਿੰਨ ਮੰਜ਼ਲੇ ਇਸ ਘੰਟਾਘਰ ਉਪਰ ਜਾਣ ਵਾਸਤੇ ਇਸ ਦੇ ਅੰਦਰਵਾਰ ਪੌੜੀਆਂ ਬਣਾਈਆਂ ਗਈਆਂ ਸਨ। ਘੰਟਾਘਰ ਦੇ ਉਪਰਲੇ ਸਿਰੇ 'ਤੇ ਪੱਥਰ ਦੀਆਂ ਸੂਈਆਂ ਵਾਲਾ ਘੜਿਆਲ ਲਾਇਆ ਗਿਆ ਸੀ। ਕਿਹਾ ਜਾਂਦਾ ਹੈ ਕਿ ਘੰਟਾਘਰ ਉਪਰ ਚੜ੍ਹ ਕੇ ਅੱਜ ਦੀ ਸਾਰੀ ਛਛਰੌਲੀ ਤਹਿਸੀਲ ਦੇ ਦਰਸ਼ਨ ਕੀਤੇ ਜਾ ਸਕਦੇ ਸਨ। ਉਸ ਵਕਤ ਦੇ ਸ਼ੋਰ-ਸ਼ਰਾਬੇ ਤੋਂ ਮੁਕਤ ਇਸ ਇਲਾਕੇ ਵਿੱਚ ਘੜਿਆਲ ਦੀ ਆਵਾਜ਼ ਪੰਜ ਕੋਹਾਂ ਤੱਕ ਸੁਣਾਈ ਦਿੰਦੀ ਸੀ।

ਲੱਗਭੱਗ ਢਾਈ ਸੌ ਸਾਲ ਪਹਿਲਾਂ ਬਣੇ ਇਸ ਕਿਲ੍ਹੇ ਵਿਚ ਦੋ ਮਹਿਲਾਂ ਤੇ ਘੰਟਾਘਰ ਤੋਂ ਬਿਨਾਂ ਰਾਜਾ ਰਵੀ ਸ਼ੇਰ ਸਿੰਘ ਨੇ ਇਕ ਹੋਰ ਵਿਸ਼ਾਲ ਪ੍ਰਵੇਸ਼ ਦਵਾਰ ਵਾਲੀ ਇਮਾਰਤ ਦਾ ਨਿਰਮਾਣ ਕਰਵਾਇਆ ਸੀ। ਕਲਸੀਆ ਰਾਜਿਆਂ ਨੇ ਛਛਰੌਲੀ ਵਿਖੇ ਕਿਲ੍ਹਾ ਤੇ ਹੋਰ ਇਤਿਹਾਸਕ ਇਮਾਰਤਾਂ ਬਣਾਉਣ ਤੋਂ ਬਾਅਦ ਇਨ੍ਹਾਂ ਨੂੰ ਉਸ ਵਕਤ ਦਾ ਪ੍ਰਚਲਤ ਉੱਚ ਕਵਾਲਟੀ ਦਾ ਰੰਗ-ਰੋਗਨ ਕਰਵਾਇਆ ਸੀ। ਇਮਾਰਤਾਂ ਨੂੰ ਰੰਗ-ਰੋਗਨ ਕਰਵਾਉਣ ਤੋਂ ਬਾਅਦ ਖਿੜਕੀਆਂ, ਰੋਸ਼ਨਦਾਨਾਂ, ਆਲ਼ਿਆਂ ਤੇ ਹੋਰ ਝਰੋਖਿਆਂ ਨੂੰ ਵੇਲ-ਬੂਟਿਆਂ ਨਾਲ ਸਜਾਇਆ ਗਿਆ ਸੀ। ਕਿਲ੍ਹੇ ਦੀਆਂ ਕੰਧਾਂ ਉੱਪਰ ਵੀ ਭਾਰਤੀ ਵਿਰਾਸਤੀ ਚਿੱਤਰ ਬਣਾਏ ਗਏ ਸਨ। ਕਿਲ੍ਹੇ ਦੀਆਂ ਕੰਧਾਂ ਉਪਰਲੇ ਇਨ੍ਹਾਂ ਚਿੱਤਰਾਂ ਵਿੱਚ ਹੋਰ ਭਾਰਤੀ ਰਾਜਿਆਂ, ਰੇਲਾਂ ਤੇ ਰੇਲਵੇ ਸਟੇਸ਼ਨਾਂ ਦੇ ਚਿੱਤਰ ਪ੍ਰਮੁੱਖ ਸਨ। ਇਸ ਤਰ੍ਹਾਂ ਸਾਰਾ ਕਿਲ੍ਹਾ ਦਰਸ਼ਨੀ ਤੇ ਵਿਰਾਸਤੀ ਬਣ ਗਿਆ ਸੀ। 1940 ਵਿਚ ਆ ਕੇ ਕਿਲ੍ਹੇ ਨੂੰ ਆਮ ਜਨਤਾ ਦੇ ਦਰਸ਼ਨਾਂ ਲਈ ਖੋਲ੍ਹ ਦਿੱਤਾ ਗਿਆ ਸੀ, ਪਰ 1948 ਵਿਚ ਛਛਰੌਲੀ ਰਿਆਸਤ ਦੇ ਪੈਪਸੂ ਦਾ ਅੰਗ ਬਣ ਜਾਣ ਤੋਂ ਬਾਅਦ ਕਿਲ੍ਹੇ ਦੀ ਉਚਿੱਤ ਸਾਂਭ-ਸੰਭਾਲ ਨਾ ਹੋ ਸਕੀ। ਕਿਲ੍ਹੇ ਵਿਚਲੀਆਂ ਬਹੁਤੀਆਂ ਇਮਾਰਤਾਂ ਥੇਹ ਹੋ ਚੁੱਕੀਆਂ ਹਨ। ਅੱਜ ਕਿਲ੍ਹੇ ਵਿਚਲੇ ਸ਼ਾਹੀ ਤਖ਼ਤ ਤੇ ਮਹਿਮਾਨ ਘਰ ਦੀ ਨਿਸ਼ਾਨਦੇਹੀ ਕਰਨੀ ਮੁਸ਼ਕਲ ਹੋ ਗਈ ਹੈ। ਘੰਟਾਘਰ ਤੋਂ ਘੜਿਆਲ ਹੀ ਗਾਇਬ ਨਹੀਂ ਹੋਇਆ, ਇਸ ਦੀਆਂ ਛੱਤਾਂ ਵੀ ਡਿੱਗ ਚੁੱਕੀਆਂ ਹਨ।



ਅਜੇ ਵੀ ਵਕਤ ਹੈ ਕਿ ਛਛਰੌਲੀ ਦੇ ਕਿਲ੍ਹੇ ਵਿਚਲੇ ਬਚੇ ਖੰਡਰਾਂ ਨੂੰ ਸੰਭਾਲਿਆ ਜਾ ਸਕਦਾ ਹੈ। ਬਚੇ ਖੰਡਰ ਸੈਲਾਨੀਆਂ ਤੇ ਇਤਿਹਾਸ ਪ੍ਰੇਮੀਆਂ ਲਈ ਖਿੱਚ ਦਾ ਕੇਂਦਰ ਬਣ ਸਕਦੇ ਹਨ। ਛਛਰੌਲੀ ਦੇ ਕੋਲ ਹੀ ਕਪਾਲਮੋਚਨ ਤੀਰਥ, ਤਾਜੇਵਾਲਾ ਹੈੱਡ, ਹਥਨੀ ਕੁੰਡ, ਕਲੇਸਰ ਦਾ ਜੰਗਲ ਤੇ ਪਾਉਂਟਾ ਸਾਹਿਬ ਸਥਿਤ ਹਨ। ਇਨ੍ਹਾਂ ਅਸਥਾਨਾਂ ਲਈ ਆਉਣ ਵਾਲੇ ਸੈਲਾਨੀਆਂ ਤੇ ਸ਼ਰਧਾਲੂਆਂ ਨੂੰ ਛਛਰੌਲੀ ਦੇ ਇਤਿਹਾਸਕ ਕਿਲ੍ਹੇ ਵੱਲ ਮੋੜਿਆ ਜਾ ਸਕਦਾ ਹੈ।

ਰਿਆਸਤਾਂ ਵੇਲੇ ਵਰਤਮਾਨ ਪੰਚਕੂਲਾ ਕੋਲ ਵੀ ਇਕ ਰਾਏਪੁਰ ਨਾਂਅ ਦੀ ਛੋਟੀ ਰਿਆਸਤ ਹੁੰਦੀ ਸੀ। ਰਾਏਪੁਰ ਨੂੰ 1420 ਈਸਵੀ ਵਿਚ ਅਜਮੇਰ ਦੇ ਚੌਹਾਨ ਰਾਜਪੂਤ ਰਾਣਾ ਹਰ ਰਾਏ ਦੇ ਪੁੱਤਰ ਰਾਓ ਰਾਏ ਸਿੰਘ ਨੇ ਵਸਾਇਆ ਸੀ। ਰਾਓ ਹਰ ਰਾਏ ਦੀਆਂ ਅਗਲੀਆਂ ਪੀੜ੍ਹੀਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਰਾਜਾ ਰਾਓ ਪ੍ਰਿਥਵੀ ਸਿੰਘ ਹੋਇਆ ਹੈ। ਰਾਜਾ ਪ੍ਰਿਥਵੀ ਸਿੰਘ ਦੀ ਰਾਣੀ ਦਾ ਨਾਂਅ ਦੇਵ ਕੁੰਵਰ ਸੀ। ਇਤਿਹਾਸ ਗਵਾਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਭੰਗਾਣੀ ਦੇ ਯੁੱਧ ਤੋਂ ਵਿਹਲੇ ਹੋ ਕੇ ਪਾਉਂਟਾ ਸਾਹਿਬ, ਕਪਾਲਮੋਚਨ ਤੇ ਸਾਢੋਰਾ ਹੁੰਦੇ ਹੋਏ ਰਾਏਪੁਰ ਰਿਆਸਤ ਵਿਚ ਰਾਜੇ ਪ੍ਰਿਥਵੀ ਸਿੰਘ ਦੇ ਕਿਲ੍ਹੇ ਦੇ ਬਾਹਰ-ਵਾਰ ਆਣ ਪੜਾਅ ਕੀਤਾ ਸੀ। ਜਿਸ ਵਕਤ ਗੁਰੂ ਜੀ ਨੇ ਇਥੇ ਪੜਾਅ ਕੀਤਾ ਸੀ, ਉਸ ਵਕਤ ਰਾਜਾ ਆਪਣੀ ਰਾਣੀ ਦੇਵ ਕੁੰਵਰ ਨੂੰ ਨਾਲ ਲੈ ਕੇ ਸ਼ਿਕਾਰ ਖੇਡਣ ਗਿਆ ਹੋਇਆ ਸੀ। ਰਾਜੇ-ਰਾਣੀ ਦੀ ਗੈਰਹਾਜ਼ਰੀ ਵਿਚ ਗੁਰੂ ਜੀ ਨੇ ਕਿਲ੍ਹੇ ਦੀ ਰਾਖੀ ਕਰ ਰਹੇ ਸਿਪਾਹੀਆਂ ਕੋਲੋਂ ਪੀਣ ਲਈ ਪਾਣੀ ਮੰਗਿਆ, ਪਰ ਸਿਪਾਹੀਆਂ ਨੇ ਪਾਣੀ ਨਾ ਦਿੱਤਾ। ਅੰਤਾਂ ਦੀ ਗਰਮੀ ਕਾਰਨ ਗੁਰੂ ਜੀ ਦਾ ਕੰਠ ਸੁੱਕਦਾ ਜਾ ਰਿਹਾ ਸੀ। ਗੁਰੂ ਜੀ ਦੇ ਵਾਰ-ਵਾਰ ਪਾਣੀ ਮੰਗਣ 'ਤੇ ਵੀ ਸਿਪਾਹੀਆਂ ਨੇ ਪਾਣੀ ਨਾ ਦਿੱਤਾ। ਹਾਰ ਕੇ ਗੁਰੂ ਜੀ ਇੱਥੋਂ 'ਮਾਣਕਟਬਰਾ' ਪਿੰਡ ਵੱਲ ਨੂੰ ਤੁਰ ਪਏ।

ਜਦੋਂ ਸ਼ਾਮ ਨੂੰ ਰਾਜਾ-ਰਾਣੀ ਸ਼ਿਕਾਰ ਖੇਡ ਕੇ ਵਾਪਸ ਆਏ ਤਾਂ ਸੈਨਿਕਾਂ ਨੇ ਦਿਨ ਵਿਚ ਕਿਸੇ ਅਤਿ ਤੇਜ ਪ੍ਰਤਾਪ ਤੇ ਰੱਬੀ ਨੂਰ ਵਾਲੇ ਸੰਤ ਦੀ ਕਹਾਣੀ ਰਾਜੇ-ਰਾਣੀ ਨੂੰ ਦੱਸੀ। ਸਾਰੇ ਦਿਨ ਦੀ ਥਕਾਵਟ ਦੇ ਮਾਰੇ ਰਾਜੇ ਨੇ ਸੈਨਿਕਾਂ ਦੀ ਗੱਲ ਵੱਲ ਕੋਈ ਧਿਆਨ ਨਾ ਦਿੱਤਾ, ਪਰ ਅਤਿ ਸੰਵੇਦਨਸ਼ੀਲ, ਦਿਆਲੂ, ਪਰਉਪਕਾਰੀ ਤੇ ਤੇਜ਼ ਬੁੱਧੀ ਦੀ ਮਾਲਕ ਰਾਣੀ ਉਸੇ ਵਕਤ ਸਮਝ ਗਈ ਕਿ ਤੇਜ ਪ੍ਰਤਾਪ ਵਾਲਾ ਸੰਤ ਕੋਈ ਹੋਰ ਨਹੀਂ, ਗੁਰੂ ਗੋਬਿੰਦ ਸਿੰਘ ਜੀ ਹੀ ਹਨ। ਰਾਣੀ ਉਸੇ ਵਕਤ ਘੋੜਾ ਲੈ ਕੇ ਗੁਰੂ ਜੀ ਨੂੰ ਲੱਭਣ ਤੁਰ ਪਈ। ਰਾਣੀ ਨੂੰ ਪਿੰਡ ਮਾਣਕਟਬਰਾ ਕੋਲ ਗੁਰੂ ਜੀ ਮਿਲ ਪਏ ਸਨ। ਰਾਣੀ ਨੇ ਪਹਿਲਾਂ ਗੁਰੂ ਜੀ ਤੋਂ ਮਾਫ਼ੀ ਮੰਗੀ ਤੇ ਫਿਰ ਉਹ ਆਦਰ-ਸਤਿਕਾਰ ਸਹਿਤ ਗੁਰੂ ਜੀ ਨੂੰ ਆਪਣੇ ਕਿਲ੍ਹੇ ਵਿਚ ਲੈ ਕੇ ਆਈ। ਕਿਲ੍ਹੇ ਵਿਚ ਆਣ ਕੇ ਰਾਣੀ ਨੇ ਗੁਰੂ ਜੀ ਨੂੰ ਪਾਣੀ ਹੀ ਨਹੀਂ ਦਿੱਤਾ, ਸਗੋਂ ਸ਼ਾਹੀ ਭੋਜਨ ਵੀ ਛਕਾਇਆ। ਰਾਣੀ ਦੇ ਸੁਭਾਅ ਤੋਂ ਖੁਸ਼ ਹੋ ਕੇ ਗੁਰੂ ਜੀ ਨੇ ਫਰਮਾਇਆ ਸੀ ਕਿ ਭਵਿੱਖ ਵਿਚ ਰਾਏਪੁਰ ਉਸ ਦੇ ਨਾਂਅ ਨਾਲ ਪ੍ਰਸਿੱਧ ਹੋਵੇਗਾ। ਪੰਚਕੂਲਾ-ਨਰਾਇਣਗੜ੍ਹ ਸੜਕ ਉਪਰ ਨਰਾਇਣਗੜ੍ਹ ਤੋਂ 15 ਕਿਲੋਮੀਟਰ ਦੂਰ ਤੇ ਪੰਚਕੂਲਾ ਤੋਂ 30 ਕਿਲੋਮੀਟਰ ਦੂਰ ਸਥਿਤ ਰਾਏਪੁਰ ਨੂੰ ਅੱਜਕੱਲ੍ਹ 'ਰਾਏਪੁਰ ਰਾਣੀ' ਦੇ ਨਾਂਅ ਨਾਲ ਹੀ ਜਾਣਿਆ ਜਾਂਦਾ ਹੈ।

ਰਾਏਪੁਰ ਰਾਣੀ ਦਾ ਕਿਲ੍ਹਾ ਅੱਜ ਖੰਡਰ ਬਣ ਗਿਆ ਹੈ। ਫਿਰ ਵੀ ਕਿਲ੍ਹੇ ਦੇ ਬਚੇ-ਖੁਚੇ ਅਵਸ਼ੇਸ਼ ਦੱਸਦੇ ਹਨ ਕਿ ਰਾਜੇ ਦਾ ਇਹ ਕਿਲ੍ਹਾ ਆਪਣੇ ਸਮੇਂ ਦੀ ਭਵਨ ਨਿਰਮਾਣ ਕਲਾ ਦਾ ਉੱਤਮ ਨਮੂਨਾ ਸੀ। ਲੱਗਭੱਗ ਪੰਜ ਕਿੱਲਿਆਂ ਵਿਚ ਫੈਲੇ ਇਸ ਕਿਲ੍ਹੇ ਵਿਚ ਰਾਣੀ ਦੇਵ ਕੁੰਵਰ ਦਾ ਮਹਿਲ ਵੀ ਬਣਿਆ ਹੋਇਆ ਹੈ। ਕਿਲ੍ਹੇ ਦੇ ਹਰ ਮੋੜ 'ਤੇ ਚਬੂਤਰਿਆਂ ਉਪਰ ਬਣੇ ਵਿਸ਼ਾਲ ਬੁਰਜ ਅੱਜ ਵੀ ਜਿਉਂ ਦੇ ਤਿਉਂ ਖੜ੍ਹੇ ਹਨ। ਇਹ ਵਿਸ਼ਾਲ ਬੁਰਜ ਕਿਲ੍ਹੇ ਨੂੰ ਮਜ਼ਬੂਤੀ ਦੇਣ ਦੇ ਨਾਲ-ਨਾਲ ਕਿਲ੍ਹੇ ਦੀ ਸੋ ਵੀ ਵਧਾਉਂਦੇ ਹਨ। ਇਹ ਬੁਰਜ ਕਿਲ੍ਹੇ ਨੂੰ ਬਾਹਰੀ ਹਮਲਾਵਰਾਂ ਤੋਂ ਬਚਾਉਂਦੇ ਸਨ। ਇਨ੍ਹਾਂ ਬੁਰਜਾਂ ਉਪਰ ਮੋਰਚੇ ਬਣਾਏ ਗਏ ਸਨ। ਬੁਰਜਾਂ ਵਿਚਲੀਆਂ ਚੀਥਾਂ ਥਾਣੀ ਰਾਜੇ ਦੇ ਸੁਰੱਖਿਆਕਰਮੀ ਮਨੁੱਖੀ ਅੱਖ ਤੋਂ ਵੀ ਪਰੇ ਤੱਕ ਵੇਖ ਸਕਦੇ ਸਨ। ਮੋਰਚਿਆਂ ਤੱਕ ਪਹੁੰਚਣ ਲਈ ਬੁਰਜਾਂ ਅੰਦਰ ਗੋਲ ਪਾਉੜੀਆਂ ਬਣਾਈਆਂ ਗਈਆਂ ਸਨ। ਮੋਰਚਿਆਂ ਦੇ ਹੇਠਾਂ ਸੁਰੱਖਿਆ-ਕਰਮੀਆਂ ਦੇ ਨਿਵਾਸ ਅਸਥਾਨ ਸਨ। ਰਾਏਪੁਰ ਰਾਣੀ ਦੇ ਕਿਲ੍ਹੇ ਦੇ ਆਦਮਕੱਦ ਮੁੱਖ ਦਵਾਰ ਨੂੰ ਵੇਖਦਿਆਂ ਉਸ ਸਮੇਂ ਦੀ ਕਾਰੀਗਰੀ ਦੀ ਦਾਦ ਦੇਣੀ ਬਣਦੀ ਹੈ। ਮੁੱਖ ਦਵਾਰ ਦੇ ਇਕ ਪਾਸੇ ਰਾਣੀ ਦੇਵ ਕੁੰਵਰ ਦੀ ਗੋਲੀ ਸ਼ੋਭਨਾ ਦੀ ਰਿਹਾਇਸ਼ਗਾਹ ਬਣਾਈ ਗਈ ਸੀ, ਦੂਜੇ ਪਾਸੇ ਤਬੇਲਾ ਸੀ।

ਰਾਣੀ ਦੇਵ ਕੁੰਵਰ ਦੇ ਇਸ ਕਿਲ੍ਹੇ ਵਿਚ ਗੁਰੂ ਜੀ ਦੀ ਯਾਦ ਵਿਚ ਸੰਗਤ ਨੇ ਗੁਰਦਵਾਰਾ ਸਾਹਿਬ ਬਣਾਇਆ ਹੈ। ਗੁਰੂ ਜੀ ਦੀ ਯਾਦ ਵਿਚ ਬਣੇ ਇਸ ਅਸਥਾਨ ਦੇ ਦਰਸ਼ਨਾਂ ਹਿੱਤ ਵਿਰਲੇ ਹੀ ਸ਼ਰਧਾਲੂ ਤੇ ਸੈਲਾਨੀ ਆਉਂਦੇ ਹਨ। ਜਾਣਕਾਰੀ ਦੀ ਘਾਟ ਕਾਰਨ ਤੇ ਕਿਲ੍ਹੇ ਦੇ ਖੰਡਰਾਤ ਵਿਚ ਬਦਲ ਜਾਣ ਕਾਰਨ ਸ਼ਰਧਾਲੂਆਂ ਤੇ ਸੈਲਾਨੀਆਂ ਦਾ ਇਸ ਅਸਥਾਨ ਵੱਲ ਘੱਟ ਹੀ ਰੁਝਾਨ ਹੈ।

ਰਾਏਪੁਰ ਰਾਣੀ ਦਾ ਇਹ ਕਿਲ੍ਹਾ ਵਕਤ ਦੇ ਥਪੇੜਾਂ ਦੀ ਹੋਰ ਮਾਰ ਸਹਿਣ ਤੋਂ ਅਸਮਰੱਥ ਹੈ। ਅਣਚਾਹੇ ਰੁੱਖ ਤੇ ਅਣਚਾਹਿਆ ਘਾਹ ਕਿਲ੍ਹੇ ਦੀ ਹੋਂਦ ਨੂੰ ਮਿਟਾਉਣ 'ਤੇ ਤੁਲਿਆ ਹੋਇਆ ਹੈ। ਜੇਕਰ ਹੁਣ ਵੀ ਧਿਆਨ ਨਾ ਦਿੱਤਾ ਗਿਆ ਤਾਂ ਉਹ ਦਿਨ ਦੂਰ ਨਹੀਂ ਹਨ, ਜਦੋਂ ਸਾਡੀ ਇਹ ਅਨਮੋਲ ਵਿਰਾਸਤ ਥੇਹ ਹੋ ਜਾਵੇਗੀ।

ਹਰਿਆਣਾ ਦੇ ਕਿਲ੍ਹਿਆਂ ਵਿਚ 'ਤਰਾਵੜੀ ਦੇ ਕਿਲ੍ਹੇ' ਦਾ ਵੀ ਸ਼ੁਮਾਰ ਹੈ। 1191 ਤੇ 1192 ਵਿਚ ਪ੍ਰਿਥਵੀ ਰਾਜ ਅਤੇ ਸਹਾਬੁਦੀਨ ਗੌਰੀ ਵਿਚਾਲੇ ਹੋਈਆਂ ਲੜਾਈਆਂ ਇਸੇ ਕਿਲ੍ਹੇ ਨਾਲ ਜੁੜੀਆਂ ਹੋਈਆਂ ਹਨ। 'ਤਰਾਈਨ ਦੀਆਂ ਲੜਾਈਆਂ' ਦੇ ਨਾਂਅ ਨਾਲ ਜਾਣੀਆਂ ਜਾਂਦੀਆਂ ਇਨ੍ਹਾਂ ਲੜਾਈਆਂ ਦਾ ਭਾਰਤੀ ਇਤਿਹਾਸ ਵਿਚ ਵਿਸ਼ੇਸ਼ ਜ਼ਿਕਰ ਹੁੰਦਾ ਹੈ। ਹਰਿਆਣਾ ਦੇ ਕਰਨਾਲ ਜ਼ਿਲ੍ਹੇ ਵਿਚ ਸਥਿਤ ਕਸਬੇ ਤਰਾਵੜੀ ਦਾ ਹੀ ਪ੍ਰਾਚੀਨ ਨਾਂਅ ਤਰਾਈਨ ਸੀ। ਤਰਾਵੜੀ ਵਿਖੇ ਸਥਿਤ ਕਿਲ੍ਹਾ, ਪ੍ਰਿਥਵੀ ਰਾਜ ਚੌਹਾਨ ਤੇ ਗੌਰੀ ਵਿਚਲੀਆਂ ਲੜਾਈਆਂ ਦਾ ਮੌਨ ਗਵਾਹ ਹੈ। ਤਰਾਈਨ ਵਿਖੇ ਚੌਹਾਨ ਰਾਜੇ ਪ੍ਰਿਥਵੀ ਰਾਜ ਨੇ ਹਮਲਾਵਰਾਂ ਨੂੰ ਰੋਕਣ ਲਈ ਇਹ ਕਿਲ੍ਹਾ ਬਣਵਾਇਆ ਸੀ।

ਗਜਨੀ ਦੇ ਸਹਾਬੁਦੀਨ ਗੌਰੀ ਨੇ ਪੰਜਾਬ ਨੂੰ ਜਿੱਤਣ ਤੋਂ ਬਾਅਦ ਦਿੱਲੀ ਵੱਲ ਕੂਚ ਕੀਤਾ ਸੀ। ਸਰਹਿੰਦ ਅਤੇ ਬਠਿੰਡਾ ਦੇ ਕਿਲ੍ਹੇ ਉੱਪਰ ਕਬਜ਼ਾ ਕਰਨ ਤੋਂ ਬਾਅਦ ਗੌਰੀ 1191 ਵਿੱਚ ਦਿੱਲੀ ਵੱਲ ਵਧਣ ਲੱਗਾ ਸੀ, ਪਰ ਪ੍ਰਿਥਵੀ ਰਾਜ ਨੇ ਗੌਰੀ ਨੂੰ ਅੱਗੇ ਵਧਣ ਤੋਂ ਰੋਕਣ ਲਈ ਤਰਾਵੜੀ ਦੇ ਕਿਲ੍ਹੇ ਵਿਚ ਤਿਆਰੀ ਕੀਤੀ ਹੋਈ ਸੀ। ਪ੍ਰਿਥਵੀ ਰਾਜ ਚੌਹਾਨ ਦੀ ਵਿਸ਼ਾਲ ਫੌਜ ਨੇ ਗੌਰੀ ਨੂੰ ਹਰਾ ਦਿੱਤਾ ਸੀ। ਚੌਹਾਨ ਤੋਂ ਹਾਰਨ ਤੋਂ ਬਾਅਦ ਗੌਰੀ ਵਾਪਸ ਨਹੀਂ ਗਿਆ ਸੀ। ਉਹ ਸਰਹਿੰਦ ਵਿਚ ਅਟਕ ਗਿਆ ਸੀ ਤੇ ਦੁਬਾਰਾ ਲੜਾਈ ਦੀ ਤਿਆਰੀ ਕਰਨ ਲੱਗ ਪਿਆ ਸੀ। ਹਾਰ ਦਾ ਬਦਲਾ ਲੈਣ ਦੇ ਇਰਾਦੇ ਨਾਲ ਉਸ ਨੇ ਚੌਹਾਨ ਉਪਰ ਫਿਰ 1192 ਵਿਚ ਇਕ ਲੱਖ ਵੀਹ ਹਜ਼ਾਰ ਸੈਨਿਕਾਂ ਨਾਲ ਹਮਲਾ ਕੀਤਾ ਸੀ। ਭਾਵੇਂ ਇਸ ਸਮੇਂ ਚੌਹਾਨ ਦਾ ਸਾਥ 150 ਦੇ ਕਰੀਬ ਹੋਰ ਭਾਰਤੀ ਰਾਜਪੂਤ ਰਾਜਿਆਂ ਨੇ ਦਿੱਤਾ ਸੀ, ਫਿਰ ਵੀ ਚੌਹਾਨ ਤਰਾਵੜੀ ਦੀ ਇਸ ਦੂਸਰੀ ਲੜਾਈ ਵਿਚ ਗੌਰੀ ਤੋਂ ਹਾਰ ਗਿਆ ਸੀ। ਚੌਹਾਨ ਦੇ ਹਾਰਨ ਦਾ ਇਕ ਕਾਰਨ ਇਹ ਵੀ ਸੀ ਕਿ ਉਸ ਦੀ ਫ਼ੌਜ ਸਿਰਫ਼ ਦਿਨ ਵਿਚ ਹੀ ਲੜਦੀ ਸੀ, ਪਰ ਗੌਰੀ ਨੇ ਉਸ ਦੀ ਫ਼ੌਜ ਦੀ ਇਸ ਕਮਜ਼ੋਰੀ ਦਾ ਫਾਇਦਾ ਉਠਾਉਂਦੇ ਹੋਏ ਰਾਤ ਨੂੰ ਹਮਲਾ ਕੀਤਾ ਸੀ। ਮਿਨਹਾਜ-ਉਸ-ਸਿਰਾਜ ਲਿਖਦਾ ਹੈ ਕਿ ਚੌਹਾਨ ਨੂੰ ਸਿਰਸੇ ਕੋਲ ਫੜ ਲਿਆ ਗਿਆ ਸੀ, ਉਸ ਦੀਆਂ ਅੱਖਾਂ ਕੱਢ ਦਿੱਤੀਆਂ ਗਈਆਂ ਸਨ ਤੇ ਤਸੀਹੇ ਦੇ ਕੇ ਹੱਤਿਆ ਕਰ ਦਿੱਤੀ ਗਈ ਸੀ। ਤਰਾਵੜੀ ਵਿਖੇ ਸ਼ਹਿਰ ਦੇ ਦੱਖਣ ਵਾਲੇ ਪਾਸੇ ਦਿਖਾਈ ਦਿੰਦਾ ਕਿਲ੍ਹਾ ਪ੍ਰਿਥਵੀ ਰਾਜ ਚੌਹਾਨ, ਸੈਲਾਨੀਆਂ ਤੇ ਇਤਿਹਾਸ ਪ੍ਰੇਮੀਆਂ ਨੂੰ ਅੱਜ ਵੀ ਆਕਰਸ਼ਿਤ ਕਰਦਾ ਹੈ। ਉੱਤਰ ਤੇ ਦੱਖਣ ਵਿਚ ਸਥਿਤ ਦੋ ਵੱਡੇ ਦਰਵਾਜ਼ਿਆਂ ਵਾਲੇ ਇਸ ਕਿਲ੍ਹੇ ਦੀਆਂ ਨੁੱਕਰਾਂ 'ਚ ਅਸ਼ਟਭੁਜਾਕਾਰ ਬੁਰਜ ਬਣੇ ਹੋਏ ਹਨ। ਇਨ੍ਹਾਂ ਬੁਰਜਾਂ ਉੱਪਰ ਦੁਸ਼ਮਣ ਉੱਪਰ ਨਿਗਰਾਨੀ ਰੱਖਣ ਲਈ ਮੋਰਚੇ ਬਣੇ ਹੋਏ ਹਨ। ਮੋਰਚਿਆਂ ਉੱਪਰ ਬਣੀਆਂ ਛਤਰੀਆਂ ਕਿਲ੍ਹੇ ਦੀ ਸ਼ੋਭਾ ਨੂੰ ਚਾਰ ਚੰਦ ਲਾਉਂਦੀਆਂ ਜਾਪਦੀਆਂ ਹਨ। ਆਮ ਕਿਲ੍ਹਿਆਂ ਨਾਲੋਂ ਇਸ ਕਿਲ੍ਹੇ ਦੀ ਖਾਸੀਅਤ ਇਹ ਹੈ ਕਿ ਨੁੱਕਰਾਂ ਵਾਲੇ ਬੁਰਜ ਤੇ ਦੋਵੇਂ ਦਰਵਾਜ਼ੇ ਇਸ ਦੀ ਵਲਗਣ ਨਾਲੋਂ ਬਾਹਰ ਕੱਢ ਕੇ ਬਣਾਏ ਗਏ ਹਨ। ਇਹ ਖਾਸੀਅਤ ਕਿਲ੍ਹੇ ਦੀ ਸੁੰਦਰਤਾ ਅਤੇ ਸੁਰੱਖਿਆ ਦੋਵਾਂ ਵਿਚ ਵਾਧਾ ਕਰਦੀ ਜਾਪਦੀ ਹੈ। ਕਿਲ੍ਹੇ ਦੇ ਦੋਵੇਂ ਦਰਵਾਜ਼ਿਆਂ ਉੱਪਰ ਬਣੀਆਂ ਡਿਓਢੀਆਂ ਵਿੱਚੋਂ ਹੀ ਨੁੱਕਰਾਂ ਵਾਲੇ ਮੋਰਚਿਆਂ ਤੱਕ ਜਾਣ ਲਈ ਪੌੜੀਆਂ ਬਣੀਆਂ ਹੋਈਆਂ ਹਨ। ਤਰਾਵੜੀ ਦੇ ਇਸ ਕਿਲ੍ਹੇ ਦੀ ਅਸਮਾਨ ਛੂੰਹਦੀ ਚਾਰਦੀਵਾਰੀ ਵੇਖ ਕੇ ਕਿਹਾ ਜਾ ਸਕਦਾ ਹੈ ਕਿ ਇਹ ਕਿਲ੍ਹਾ ਅਤੀਤ ਵਿਚ ਪੱਛਮ ਵਾਲੇ ਪਾਸਿਓਂ ਦਿੱਲੀ ਉੱਪਰ ਹਮਲਾ ਕਰਨ ਵਾਲਿਆਂ ਨੂੰ ਰੋਕਣ ਦੇ ਸਮਰੱਥ ਸੀ। ਚੌਹਾਨ ਦਾ ਇਹ ਕਿਲ੍ਹਾ ਬਾਅਦ ਵਿਚ ਮੁਗ਼ਲਾਂ, ਸਿੱਖਾਂ ਤੇ ਅੰਗਰੇਜ਼ਾਂ ਦੇ ਹੱਥਾਂ ਵਿਚ ਵੀ ਰਿਹਾ ਹੈ। ਔਰੰਗਜ਼ੇਬ ਨੇ ਤਾਂ ਤਰਾਵੜੀ ਦਾ ਤੇ ਕਿਲ੍ਹੇ ਦਾ ਨਾਂਅ ਵੀ ਬਦਲ ਕੇ 'ਅਜ਼ੀਮਾਬਾਦ' ਰੱਖ ਦਿੱਤਾ ਸੀ। ਅੱਜ ਵੱਖ-ਵੱਖ ਰਾਜਿਆਂ ਅਤੇ ਰਾਜ ਘਰਾਣਿਆਂ ਦੀ ਇਹ ਵਿਰਾਸਤ ਨਸ਼ਟ ਹੋ ਚੱਲੀ ਹੈ।

ਸੈਲਾਨੀ ਤੇ ਇਤਿਹਾਸ ਪ੍ਰੇਮੀ ਜਦੋਂ ਬਾਹਰੋਂ ਬੇਹੱਦ ਸੁੰਦਰ ਦਿਸਦੇ ਇਸ ਕਿਲ੍ਹੇ ਅੰਦਰ ਪ੍ਰਵੇਸ਼ ਕਰਦੇ ਹਨ ਤੇ ਨਿਰਾਸ਼ ਹੋ ਜਾਂਦੇ ਹਾਂ। ਕਿਲ੍ਹੇ ਅੰਦਰਲੀਆਂ ਸਭ ਇਮਾਰਤਾਂ ਨਸ਼ਟ ਹੋ ਚੁੱਕੀਆਂ ਹਨ। 1947 ਦੇ ਵੇਲੇ ਇਸ ਕਿਲ੍ਹੇ ਨੂੰ ਰੀਫਿਊਜੀ ਕੈਂਪ ਬਣਾਇਆ ਗਿਆ ਸੀ। ਉਸ ਵੇਲੇ ਕਿਲ੍ਹੇ ਵਿਚ ਸ਼ਰਨ ਲੈਣ ਵਾਲੇ ਪਰਵਾਰ ਬਾਅਦ ਵਿਚ ਸਥਾਈ ਤੌਰ 'ਤੇ ਇੱਥੇ ਹੀ ਵਸ ਗਏ ਸਨ। ਅੱਜ ਕਿਲ੍ਹੇ ਅੰਦਰਲੀ ਬੇਹੱਦ ਸੰਘਣੀ ਆਬਾਦੀ ਨੇ ਆਪੋ-ਆਪਣੀਆਂ ਲੋੜਾਂ ਅਨੁਸਾਰ ਹੋਰ ਇਮਾਰਤਾਂ ਖੜੀਆਂ ਕਰ ਲਈਆਂ ਹਨ। ਕਿਲ੍ਹੇ ਦੇ ਸਿਰਫ਼ ਦੋ ਦਰਵਾਜ਼ੇ, ਨੁੱਕਰਾਂ ਵਾਲੇ ਬੁਰਜ ਤੇ ਆਦਮਕੱਦ ਚਾਰਦੀਵਾਰੀ ਬਚੀ ਹੋਈ ਹੈ। ਕੰਧਾਂ ਵਿਚ ਆਪੇ ਉੱਗਣ ਵਾਲੇ ਬੋਹੜ, ਪਿੱਪਲ ਤੇ ਹੋਰ ਰੁੱਖ ਇਸ ਕਿਲ੍ਹੇ ਦੀ ਤਿੰਨ ਫੁੱਟ ਤੋਂ ਵੀ ਵਧੇਰੇ ਚੌੜੀ ਚਾਰਦੀਵਾਰੀ ਨੂੰ ਵੀ ਨਸ਼ਟ ਕਰਨ 'ਤੇ ਤੁਲੇ ਹੋਏ ਹਨ। ਇਨ੍ਹਾਂ ਅਣਚਾਹੇ ਰੁੱਖਾਂ ਨੇ ਕਿਲ੍ਹੇ ਦੀਆਂ ਬਚੀਆਂ ਨਿਸ਼ਾਨੀਆਂ ਤੱਕ ਪਹੁੰਚਣਾ ਵੀ ਮੁਸ਼ਕਲ ਕਰ ਦਿੱਤਾ ਹੈ। ਉਹ ਦਿਨ ਦੂਰ ਨਹੀਂ ਹਨ, ਜਦੋਂ ਕਿਲ੍ਹੇ ਦੀਆਂ ਬਚੀਆਂ ਨਿਸ਼ਾਨੀਆਂ ਵੀ ਥੇਹ ਹੋ ਜਾਣਗੀਆਂ।

ਪਾਣੀਪਤ ਅਤੇ ਜੀਂਦ ਤੋਂ ਬਰਾਬਰ ਵਿੱਥ 'ਤੇ ਵਸਿਆ ਸਫ਼ੀਦੋਂ ਸਿੱਖ ਰਾਜਿਆਂ ਦੀ ਕਰਮਸਥਲੀ ਵੀ ਰਿਹਾ ਹੈ। ਜੀਂਦ ਰਿਆਸਤ ਦਾ ਪਹਿਲਾ ਕਿਲ੍ਹਾ ਸਫੀਦੋਂ ਵਿਖੇ ਬਣਾਇਆ ਗਿਆ ਸੀ। ਜੀਂਦ ਜ਼ਿਲ੍ਹਾ ਗਜ਼ਟੀਅਰ ਵਿੱਚ ਇਹ ਵੇਰਵਾ ਦਰਜ ਹੈ ਕਿ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ